# ਵਿਸ਼ਾ : ਪੰਜਾਬੀ

## ਪ੍ਰਸ਼ਨ-ਬੈਂਕ

## ਵਿਸ਼ਾ : ਪੰਜਾਬੀ

ਪਿਆਰੇ ਵਿਦਿਆਰਥੀਓ! ਇਸ ਪ੍ਰਸ਼ਨ ਬੈਂਕ ਵਿੱਚ ਜਮਾਤ ਅਠਵੀਂ, ਨੌਵੀਂ ਅਤੇ ਦਸਵੀਂ ਦੀ ਪੰਜਾਬੀ ਲਈ ਪੰਜ ਅੰਕਾਂ, ਚਾਰ ਅੰਕਾਂ ਵਾਲੇ, ਤਿੰਨ ਅੰਕਾਂ ਵਾਲੇ ਅਤੇ ਵਸਤੂਨਿਸ਼ਠ ਅਤੇ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ ਲਿਖੇ ਗਏ ਹਨ। ਇਹ ਪ੍ਰਸ਼ਨ ਜਿੱਥੇ ਤੁਹਾਡੇ ਗਿਆਨ ਵਿੱਚ ਵਾਧਾ ਕਰਨਗੇ ਉੱਥੇ ਤੁਹਾਨੂੰ ਮੁਕਾਬਲਾ ਪਰੀਖਿਆਵਾਂ ਲਈ ਵੀ ਉਪਯੋਗੀ ਹੋਣਗੇ। ਵੈਸੇ ਤਾਂ ਤੁਹਾਡੀਆਂ ਕਿਤਾਬਾਂ ਦੇ ਪਿੱਛੇ ਅਭਿਆਸ ਲਈ ਪ੍ਰਸ਼ਨ ਦਿੱਤੇ ਗਏ ਹਨ। ਇਸ ਤੋਂ ਇਲਾਵਾ ਇਹ ਪ੍ਰਸ਼ਨ ਉਹ ਹਨ ਜੋ ਤੁਹਾਡੇ ਅਭਿਆਸ ਪ੍ਰਸ਼ਨਾਂ ਵਿੱਚ ਨਹੀਂ ਦਿੱਤੇ ਗਏ। ਸਾਨੂੰ ਪੂਰੀ ਉਮੀਦ ਹੈ ਕਿ ਤੁਸੀਂ ਇਸਦਾ ਪੂਰਾ ਲਾਭ ਪ੍ਰਾਪਤ ਕਰੋਗੇ। ਤੇ ਆਪਣੇ ਆਪ ਨੂੰ ਤਰੱਕੀ ਦੇ ਰਾਹ ਤੇ ਲੈ ਜਾਓੁੱਗੇ।

**ਸ਼੍ਰੀਮਤੀ ਮਨਦੀਪ ਕੌਰ**
ਲੈਕਚਰਾਰ ਪੰਜਾਬੀ,
ਸ.ਸ.ਸ.ਸ. ਮਨੌਲੀ,
ਜਿਲ੍ਹਾ ਅਜੀਤਗੜ੍ਹ
ਮੋ: 9417556●71

**ਸ਼੍ਰੀਮਤੀ ਗੁਰਮੀਤ ਕੌਰ**
ਲੈਕਚਰਾਰ ਪੰਜਾਬੀ,
ਸ.ਸ.ਸ.ਸ. ਨਾਭਾ,
ਜਿਲ੍ਹਾ ਅਜੀਤਗੜ੍ਹ
ਮੋ: 99142●2●9●

**ਸ਼੍ਰੀਮਤੀ ਹਰਮਿੰਦਰ ਕੌਰ**
ਪੰਜਾਬੀ ਮਿਸਟ੍ਰੈਸ,
ਸ.ਸ.ਸ.ਸ. ਖਿਜ਼ਰਾਬਾਦ,
ਜਿਲ੍ਹਾ ਅਜੀਤਗੜ੍ਹ
ਮੋ: 9876●1125●

**ਸ਼੍ਰੀਮਤੀ ਸੰਜੀਲਾ ਅਗਰਵਾਲ**
ਪੰਜਾਬੀ ਮਿਸਟ੍ਰੈਸ,
ਸ.ਮਿ.ਸ. ਕੰਸਾਲਾ,
ਜਿਲ੍ਹਾ ਅਜੀਤਗੜ੍ਹ
ਮੋ: 9464●88●84

**ਨੋਟ:-**

ਪ੍ਰਸ਼ਨ 1:- ਪਾਠ ਪੁਸਤਕ 'ਪੰਜਾਬੀ ਪੁਸਤਕ-8 (ਪਹਿਲੀ ਭਾਸ਼ਾ)'
ਤੇ ਆਧਾਰਿਤ ਇੱਕ ਵੱਡਾ ਪ੍ਰਸ਼ਨ = 5 ਅੰਕ

# ਜਮਾਤ - ਅੱਠਵੀਂ

## ਪੰਜ ਅੰਕਾਂ ਵਾਲੇ ਪ੍ਰਸ਼ਨ:-

**ਪਾਠ :- 1 ਜੈ ਭਾਰਤ ਮਾਤਾ**

1. ਜੈ ਭਾਰਤ ਮਾਤਾ ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ?

**ਪਾਠ :- 2 ਪੇਮੀ ਦੇ ਨਿਆਣੇ**

2. ਪੇਮੀ ਦੇ ਨਿਆਣਿਆਂ ਨੂੰ ਸੜਕ ਤੈਅ ਕਰਨ ਵਿੱਚ ਕੀ-ਕੀ ਮੁਸ਼ਕਿਲਾਂ ਦਾ ਸਾਹਮਣਾ ਕੀਤਾ ਤੇ ਕਿਵੇਂ ਸਫ਼ਲ ਹੋਏ?

**ਪਾਠ :- 3 ਛਿੰਝ ਛਰਾਹਾਂ ਦੀ**

3. 'ਛਿੰਝ ਛਰਾਹਾਂ ਦੀ' ਲੇਖ ਵਿੱਚ ਪਿੰਡਾਂ ਦੀਆਂ ਆਮ ਛਿੰਝਾਂ ਦਾ ਵਰਣਨ ਕਰੋ?

**ਪਾਠ :- 4 ਸ਼੍ਰੀ ਗੁਰੂ ਅਰਜਨ ਦੇਵ ਜੀ**

4. 'ਸ਼੍ਰੀ ਗੁਰੂ ਅਰਜਨ ਦੇਵ ਜੀ' ਦੀ ਜੀਵਨੀ ਆਪਣੇ ਸ਼ਬਦਾਂ ਵਿੱਚ ਲਿਖੋ।

**ਪਾਠ :- 5 ਉੱਦਮ ਕਰੀਂ ਜਰੂਰ**

5. 'ਉੱਦਮ ਕਰੀਂ ਜ਼ਰੂਰ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

**ਪਾਠ :- 6 ਦਲੇਰੀ**

6. 'ਦਲੇਰੀ' ਕਹਾਣੀ ਵਿੱਚ ਬਲਜੀਤ ਅਤੇ ਏਕਮ ਦੇ ਵਿਦਿਅਕ ਟੂਰ ਬਾਰੇ ਆਪਣੇ ਵਿਚਾਰ ਦਿਉ?

**ਪਾਠ :- 7 ਰੂਪਨਗਰ**

7. 'ਰੂਪਨਗਰ' ਲੇਖ ਵਿੱਚ ਰੂਪਨਗਰ ਸ਼ਹਿਰ ਬਾਰੇ ਕੀ-ਕੀ ਦੱਸਿਆ ਗਿਆ ਹੈ?

**ਪਾਠ :- 8 ਬਾਬਾ ਫਰੀਦ**

8. ਬਾਬਾ ਫ਼ਰੀਦ ਦੀ ਜੀਵਨੀ ਵਿੱਚ ਬਾਬਾ ਫ਼ਰੀਦ ਦੁਆਰਾ ਦਿੱਤੇ ਗਏ ਉਪਦੇਸ਼ਾਂ ਤੇ ਚਾਨਣਾ ਪਾਉ।

**ਪਾਠ :- 9 ਪੰਜਾਬ**

9. 'ਪੰਜਾਬ' ਕਵਿਤਾ ਵਿੱਚ ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

**ਪਾਠ :- 1● ਹਰਿਆਵਲ ਦੇ ਬੀਜ**

1●. 'ਹਰਿਆਵਲ ਦੇ ਬੀਜ' ਕਹਾਣੀ ਵਿੱਚ ਮਨੁੱਖਾਂ ਦਾ ਰੁੱਖਾਂ ਪ੍ਰਤੀ ਰਵੱਈਏ ਦਾ ਵਿਸਥਾਰ ਨਾਲ ਵਰਣਨ ਕਰੋ।

**ਪਾਠ :- 11 ਪੰਜਾਬੀ ਲੋਕ ਨਾਚ- ਗਿੱਧਾ**

11. 'ਪੰਜਾਬੀ ਲੋਕ-ਨਾਚ: ਗਿੱਧਾ' ਲੇਖ ਵਿੱਚ ਪੰਜਾਬੀ ਲੋਕ-ਨਾਚਾਂ ਬਾਰੇ ਲੇਖਕ ਦੇ ਵਿਚਾਰ ਲਿਖੋ।

**ਪਾਠ :- 12 ਪੰਜਾਬ ਦਾ ਸੁਪਨ ਸਾਜ - ਡਾ. ਮਹਿੰਦਰ ਸਿੰਘ ਰੰਧਾਵਾ**

12. ਡਾ. ਮਹਿੰਦਰ ਸਿੰਘ ਰੰਧਾਵਾ ਦੀ ਜੀਵਨੀ ਬਾਰੇ ਆਪਣੇ ਵਿਚਾਰ ਪੇਸ਼ ਕਰੋ।

**ਪਾਠ :- 13 ਪਰ ਬੋਲ ਨਾਂ ਸਕਦੇ**

13. 'ਪਰ ਬੋਲ ਨਾ ਸਕਦੇ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

**ਪਾਠ :- 14 ਸਾਂਝੀ ਮਾਂ**

14. 'ਸਾਂਝੀ ਮਾਂ' ਕਹਾਣੀ ਵਿੱਚ ਸਾਂਝੀ ਮਾਂ ਦਾ ਆਪਣੀ ਸੰਭਾਲ ਅਤੇ ਦੇਸ਼ ਦੀ ਰੱਖਿਆ ਕਰਨ ਆਏ ਜਵਾਨਾਂ ਨਾਲ ਕੀ ਆਪਣਾਪਨ ਸੀ?

**ਪਾਠ :- 15 ਵਹਿਮ ਭਰਮ**

15. ਵਹਿਮ-ਭਰਮਾਂ ਵਿੱਚੋਂ ਕਿਹੜੇ-ਕਿਹੜੇ ਵਹਿਮ-ਭਰਮ ਚੰਗੇ ਅਤੇ ਕਿਹੜੇ-ਕਿਹੜੇ ਮਾੜੇ ਮੰਨੇ ਜਾਂਦੇ ਹਨ?

**ਪਾਠ :- 16 ਰਬਿੰਦਰ ਨਾਥ ਟੈਗੋਰ**

16. ਰਬਿੰਦਰ ਨਾਥ ਟੈਗੋਰ ਦੀ ਜੀਵਨੀ ਆਪਣੇ ਸ਼ਬਦਾਂ ਵਿੱਚ ਲਿਖੋ।

**ਪਾਠ :- 17 ਗੁਲਾਬ ਦੀ ਫ਼ਸਲ**

17. 'ਗੁਲਾਬ ਦੀ ਫ਼ਸਲ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

**ਪਾਠ :- 18 ਉਹ ਸੋਚਦੀ**

18. 'ਉਹ ਸੋਚਦੀ' ਕਹਾਣੀ ਵਿੱਚ ਜੀਤੀ ਅਤੇ ਦਾਦੀ ਦਾ ਆਪਸ ਵਿੱਚ ਕਿਹੋ ਜਿਹਾ ਸੰਬੰਧ ਸੀ? ਵਿਸਥਾਰ ਨਾਲ ਲਿਖੋ?

**ਪਾਠ :- 19 ਲੋਹੜੀ**

19. ਲੋਹੜੀ ਦੇ ਤਿਉਹਾਰ ਬਾਰੇ ਆਪਣੇ ਵਿਚਾਰ ਵਿਸਥਾਰ ਨਾਲ ਸਾਂਝੇ ਕਰੋ?

**ਪਾਠ :- 20 ਹਾਕੀ ਦਾ ਜਾਦੂਗਰ: ਧਿਆਨ ਚੰਦ**

20. ਧਿਆਨ ਚੰਦ ਦੀ ਜੀਵਨੀ ਆਪਣੇ ਸ਼ਬਦਾਂ ਵਿੱਚ ਲਿਖੋ।

**ਪਾਠ :- 21 ਅੰਮੜੀ ਦਾ ਵਿਹੜਾ**

21. 'ਅੰਮੜੀ ਦਾ ਵਿਹੜਾ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

**ਪਾਠ :- 22 ਛੱਲੀਆਂ ਦੇ ਰਾਖੇ**

22. 'ਛੱਲੀਆਂ ਦੇ ਰਾਖੇ' ਕਹਾਣੀ ਵਿੱਚ ਛੱਲੀਆਂ ਦੇ ਰਾਖੇ ਕੌਣ ਸਨ? ਉਨ੍ਹਾਂ ਨੇ ਛੱਲੀਆਂ ਦੀ ਰਾਖੀ ਕਿਵੇਂ ਕੀਤੀ?

**ਪਾਠ :- 23 ਗਿਆਨ, ਵਿਗਿਆਨ ਤੇ ਮੰਨੋਰੰਜਨ ਦਾ ਅਨੋਖਾ ਸੰਗਮ-ਸਾਇੰਸ ਸਿਟੀ**

23. ਸਾਇੰਸ ਸਿਟੀ ਪਾਠ ਵਿੱਚ ਸਇੰਸ ਸਿਟੀ ਕਿਸ ਤਰ੍ਹਾਂ ਦੀ ਸੀ?

**ਪਾਠ :- 24 ਸ਼ਿਵ ਸਿੰਘ ਬੁੱਤ-ਘਾੜਾ**

24. ਸ਼ਿਵ ਸਿੰਘ ਦੀ ਜੀਵਨੀ ਆਪਣੇ ਸ਼ਬਦਾਂ ਵਿੱਚ ਲਿਖੋ।

**ਪਾਠ :-25 ਬਲਿਹਾਰੀ ਕੁਦਰਤ**

25. 'ਬਲਿਹਾਰੀ ਕੁਦਰਤ' ਕਵਿਤਾ ਦਾ ਸਾਰ ਲਿਖੋ

**ਪਾਠ :- 26 ਭੂਆ**

26. 'ਭੂਆ' ਕਹਾਣੀ ਵਿੱਚ ਭੂਆ ਲੇਖਕ ਦੀ ਖਾਤਿਰਦਾਰੀ ਕਿਵੇਂ ਕਰਦੀ ਹੈ?

**ਪਾਠ :- 27 ਰੱਬ ਦੀ ਪੌੜੀ**

27. 'ਰੱਬ ਦੀ ਪੌੜੀ' ਸਫ਼ਰਨਾਮੇ ਵਿੱਚ ਕਿਹੋ ਜਿਹੀਆਂ ਬਿਲਡਿੰਗਾਂ ਦਾ ਵਰਣਨ ਕੀਤਾ ਗਿਆ ਹੈ?

**ਪਾਠ :- 28 ਵੱਡੇ ਭੈਣ ਜੀ**

28. 'ਵੱਡੇ ਭੈਣ ਜੀ' ਇਕਾਂਗੀ ਅਨੁਸਾਰ ਇੱਕ ਚੰਗੇ ਅਧਿਆਪਕ ਦੇ ਗੁਣ ਦੱਸੋ?

**ਨੋਟ:-**

ਪ੍ਰਸ਼ਨ 2:- ਪਾਠ ਪੁਸਤਕ 'ਪੰਜਾਬੀ ਪੁਸਤਕ-8 (ਪਹਿਲੀ ਭਾਸ਼ਾ)

ਤੇ ਆਧਾਰਿਤ ਦੋ ਪ੍ਰਸ਼ਨ = (4×2) = ਅੰਕ

- ਇਹ ਪ੍ਰਸ਼ਨ ਪਾਠ-ਪੁਸਤਕ ਦੇ ਅਭਿਆਸ ਵਾਲੇ ਪ੍ਰਸ਼ਨਾਂ ਦੀ ਦੁਹਰਾਈ ਕਰਨ ਨਾਲ ਅਭਿਆਸ ਹੋ ਜਾਵੇਗਾ ਅਤੇ ਕੁਝ ਹੋਰ ਚਾਰ **ਅੰਕਾਂ ਵਾਲੇ ਪ੍ਰਸ਼ਨ** ਅੱਗੇ ਦਿੱਤੇ ਗਏ ਹਨ:-

**ਚਾਰ ਅੰਕਾਂ ਵਾਲੇ ਪ੍ਰਸ਼ਨ:-**

## ਪਾਠ-1 ਜੈ ਭਾਰਤ ਮਾਤਾ (ਕਵਿਤਾ)

ਪ੍ਰ:-1 ਇਸ ਕਵਿਤਾ ਵਿੱਚ ਕਿਹੜੇ-ਕਿਹੜੇ ਦੇਸ਼ ਭਗਤਾਂ ਦਾ ਜ਼ਿਕਰ ਹੈ?

ਪ੍ਰ:-2 ਜੈ-ਭਾਰਤ ਮਾਤਾ ਕਵਿਤਾ ਦਾ ਕਵੀ ਕੌਣ ਹੈ?

ਪ੍ਰ:-3 ਇਸ ਕਵਿਤਾ ਵਿੱਚ ਦੇਸ਼ ਦੀ ਅਜ਼ਾਦੀ ਦੇ ਇਤਿਹਾਸ ਨਾਲ ਸੰਬੰਧਿਤ ਕਿਹੜੀਆਂ-2 ਥਾਂਵਾਂ ਦਾ ਵਰਣਨ ਹੈ?

ਪ੍ਰ:-4 ਚੰਡੀ ਬਣ ਕੇ ਰਣ ਵਿੱਚ ਕਿਹੜੀ ਰਾਣੀ ਜੂਝੀ ਸੀ?

ਪ੍ਰ:-5 'ਜੈ-ਭਾਰਤ ਮਾਤਾ' ਕਵਿਤਾ ਅਨੁਸਾਰ ਹਿੰਦੁਸਤਾਨੀ ਖ਼ੂਨ ਦਾ ਬਦਲਾ ਕਿਹੜੇ ਦੇਸ਼ ਭਗਤਾਂ ਨੇ ਲਿਆ?

## ਪਾਠ-2 ਪੇਮੀ ਦੇ ਨਿਆਣੇ (ਕਹਾਣੀ)

ਪ੍ਰ:-1 'ਪੇਮੀ ਦੇ ਨਿਆਣੇ' ਪਾਠ ਵਿੱਚ ਸੜਕ ਦਾ ਕੀ ਨਾਂ ਸੀ?

ਪ੍ਰ:-2 ਪੇਮੀ ਦੇ ਨਿਆਣੇ ਵਿੱਚ ਕਹਾਣੀਕਾਰ ਦਾ ਕੀ ਨਾਂ ਹੈ?

ਪ੍ਰ:-3 ਲੇਖਕ ਕਿਹੜੀਆਂ ਗੱਲਾਂ ਨੂੰ ਨਰਕ ਆਖਦਾ ਹੈ?

ਪ੍ਰ:-4 ਲੇਖਕ ਕਿਹੜੀਆਂ ਗੱਲਾਂ ਨੂੰ ਸਵਰਗ ਆਖਦਾ ਹੈ?

ਪ੍ਰ:-5 ਬੱਚਿਆਂ ਨੇ ਡਰ ਨੂੰ ਦਬਾਉਣ ਦਾ ਕੀ ਤਰੀਕਾ ਵਰਤਿਆ?

ਪ੍ਰ:-6 ਸੜਕ ਦੇ ਇੱਕ ਪਾਸੇ ਉਹਨਾਂ ਨੇ ਕੀ ਵੇਖਿਆ ਜੋ ਬੱਚਿਆਂ ਦਾ ਡਰ ਵੱਧ ਗਿਆ?

ਪ੍ਰ:-7 ਬੱਚੇ ਕਿਸਦਾ ਨਾਂ ਲੈ ਕੇ ਸੜਕ ਪਾਰ ਕਰਨ 'ਚ ਕਾਮਯਾਬ ਹੋ ਗਏ?

ਪ੍ਰ:-8 'ਪੇਮੀ ਦੇ ਨਿਆਣੇ' ਕਹਾਣੀ ਵਿੱਚ ਕਿੰਨੇ ਪਾਤਰ ਹਨ?

ਪ੍ਰ:-9 'ਪ੍ਰਿੰਸੀਪਲ ਸੰਤ ਸਿੰਘ ਸੇਖੋਂ' ਦੀ ਕਹਾਣੀ ਦਾ ਨਾਂ ਲਿਖੋ?

## ਪਾਠ-3 ਛਿੰਝ ਛਰਾਹਾਂ ਦੀ (ਲੇਖ)

ਪ੍ਰ:-1 'ਛਿੰਝ ਛਰਾਹਾਂ ਦੀ' ਲੇਖ ਦਾ ਲੇਖਕ ਕੌਣ ਹੈ?

ਪ੍ਰ:-2 'ਅਮਰੀਕ ਸਿੰਘ ਦਿਆਲ' ਦੇ ਲੇਖ ਦਾ ਨਾਂ ਲਿਖੋ?

ਪ੍ਰ:-3 'ਛਿੰਝ ਛਰਾਹਾਂ' ਦਾ ਮੇਲਾ ਕਦੋਂ ਲੱਗਦਾ ਹੈ?

ਪ੍ਰ:-4 'ਛਿੰਝ ਛਰਾਹਾਂ' ਦਾ ਮੇਲਾ ਕਿਸ ਸਥਾਨ ਤੇ ਲੱਗਦਾ ਹੈ?

ਪ੍ਰ:-5 ਪੁਰਾਣੇ ਵੇਲਿਆਂ ਵਿੱਚ ਵੱਡੇ-ਵੱਡੇ ਸ਼ਾਹ ਲੋਕ ਛਿੰਝ ਛਰਾਹਾਂ ਦੀ ਮੇਲੇ ਵਿੱਚ ਕੀ ਕਰਨ ਲਈ ਆਉਂਦੇ ਸਨ?

ਪ੍ਰ:-6 'ਛਿੰਝ ਛਰਾਹਾਂ' ਦਾ ਮੇਲਾ ਕਿੰਨੇ ਦਿਨ ਲਈ ਲੱਗਦਾ ਹੈ?

ਪ੍ਰ:-7 ਮੇਲੇ ਵਿੱਚ ਪਹੁੰਚਣ ਵਾਲੀਆਂ ਸੰਗਤਾਂ ਸਭ ਤੋਂ ਪਹਿਲਾਂ ਕਿੱਥੇ ਨਤਮਸਤਕ ਹੁੰਦੀਆਂ ਹਨ?

ਪ੍ਰ:-8 ਪੰਜਾਬੀ ਘਰਾਂ ਵਿੱਚ ਅਲੋਪ ਹੋ ਰਹੇ ਮਿੱਟੀ ਦੇ ਕਿਹੜੇ ਭਾਂਡੇ ਹਨ?

ਪ੍ਰ:-9 ਕਿਸਾਨ ਇਹਨਾਂ ਦਿਨਾਂ ਵਿੱਚ ਕੀ ਕਰਦੇ ਹਨ?

ਪ੍ਰ:-10 ਕਿਹੜੀ ਮੰਡੀ ਪਿਛਲੇ ਕਈ ਸਾਲਾਂ ਤੋਂ ਗਾਇਬ ਹੈ?

ਪ੍ਰ:-11 ਲੋਕ ਕਿਹੜੇ ਮਹੀਨੇ ਨੂੰ 'ਛਿੰਝ ਵਾਲਾ ਮਹੀਨਾ' ਕਹਿ ਕੇ ਯਾਦ ਰੱਖਦੇ ਹਨ?

ਪ੍ਰ:-12 ਇਲਾਕੇ ਦੀ 'ਸ੍ਵੈ-ਸੇਵੀ ਜੱਥੇਬੰਦੀ' ਦਾ ਨਾਂ ਲਿਖੋ?

ਪ੍ਰ:-13 ਮੇਲੇ ਵਿੱਚ ਦੁਕਾਨਾਂ ਲਾਉਣ ਲਈ ਕਿੰਨੀ ਪਹਿਲਾਂ ਥਾਂਵਾਂ ਮੱਲ ਲਈਆਂ ਜਾਂਦੀਆਂ ਹਨ?

## ਪਾਠ-4 ਸ੍ਰੀ ਗੁਰੂ ਅਰਜਨ ਦੇਵ ਜੀ (ਜੀਵਨੀ)

ਪ੍ਰ:-1 ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਕਿੰਨਵੇਂ ਗੁਰੂ ਹਨ?

ਪ੍ਰ:-2 ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ?

ਪ੍ਰ:-3 ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਿਤਾ ਸਿੱਖਾਂ ਦੇ ਕਿੰਨਵੇਂ ਗੁਰੂ ਹਨ?

ਪ੍ਰ:-4 ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਾਤਾ-ਪਿਤਾ ਦਾ ਨਾਂ ਦੱਸੋ?

ਪ੍ਰ:-5 ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਿਹੜੇ ਸੰਨ ਵਿੱਚ ਗੁਰਿਆਈ ਗੱਦੀ ਸੌਂਪੀ?

ਪ੍ਰ:-6 ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਕਿਹੜਾ ਵਰ ਦਿੱਤਾ?

ਪ੍ਰ:-7 ਸ੍ਰੀ ਗੁਰੂ ਅਰਜਨ ਦੇਵ ਜੀ ਦੇ ਕਿੰਨੇ 'ਸ਼ਬਦ' ਸ੍ਰੀ ਗੁਰੂ ਗ੍ਰੰਥ ਸਹਿਬ ਵਿੱਚ ਦਰਜ ਹਨ?

ਪ੍ਰ:-8 'ਸੁਖਮਨੀ ਸਾਹਿਬ' ਕਿਸ ਦੀ ਰਚਨਾ ਹੈ?

ਪ੍ਰ:-9 ਸ੍ਰੀ ਗੁਰੂ ਗ੍ਰੰਥ ਸਾਹਿਬ ਦੀ 'ਸੰਪਾਦਨਾ' ਕਿਸਨੇ ਕੀਤੀ?

ਪ੍ਰ:-1● ਸ੍ਰੀ ਗੁਰੂ ਗ੍ਰੰਥ ਸਾਹਿਬ ਦੀ 'ਸੰਪਾਦਨਾ' ਦਾ ਕਾਰਜ ਕਿਹੜੀ ਈਸਵੀ ਨੂੰ ਸੰਪੂਰਨ ਹੋਇਆ?

ਪ੍ਰ:-11 ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਵਿੱਚ ਕਿਹੜੇ ਤਲਾਅ ਬਣਾਏ?

ਪ੍ਰ:-12 ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਿਸਦਾ ਪੁੰਜ ਕਿਹਾ ਜਾਂਦਾ ਹੈ?

ਪ੍ਰ:-13 ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਿਸ ਤਰ੍ਹਾਂ ਦੇ ਤਸੀਹੇ ਦਿੱਤੇ ਗਏ?

ਪ੍ਰ:-14 ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਕਿਸ ਤੋਂ ਅਤੇ ਕਦੋਂ ਰਖਵਾਈ ਗਈ?

ਪ੍ਰ:-15 ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਹੜੇ-ਕਿਹੜੇ ਭਗਤਾਂ ਦੀ ਬਾਣੀ ਦਰਜ ਹੈ?

## ਪਾਠ-5 ਉੱਦਮ ਕਰੀਂ ਜਰੂਰ (ਕਵਿਤਾ)

ਪ੍ਰ:-1 'ਉੱਦਮ ਕਰੀਂ ਜ਼ਰੂਰ' ਕਵਿਤਾ ਦਾ ਕਵੀ ਕੌਣ ਹੈ?

ਪ੍ਰ:-2 ਉੱਦਮ ਕਰਨ ਨਾਲ ਕੀ ਮਿਲਦਾ ਹੈ?

ਪ੍ਰ:-3 ਉੱਦਮ ਤੋਂ ਬਿਨਾਂ ਕੀ ਨਹੀਂ ਮਿਲਦਾ?

## ਪਾਠ-6 ਦਲੇਰੀ (ਕਹਾਣੀ)

ਪ੍ਰ:-1 'ਦਲੇਰੀ' ਕਹਾਣੀ ਦਾ ਕਹਾਣੀਕਾਰ ਕੌਣ ਹੈ?

ਪ੍ਰ:-2 ਬਲਜੀਤ ਤੇ ਏਕਮ ਨੂੰ ਕਿਹੜੀ-ਕਿਹੜੀ ਖੇਡ ਦਾ ਸ਼ੌਕ ਸੀ?

ਪ੍ਰ:-3 ਵਿਦਿਆਰਥੀਆਂ ਦਾ ਟੂਰ ਕਿਹੜੀ ਜਗ੍ਹਾ ਜਾਣਾ ਸੀ?

ਪ੍ਰ:-4 ਸਭ ਤੋਂ ਪਹਿਲਾਂ ਕਿਹੜੀ ਚੀਜ਼ ਦੇਖਣ ਦਾ ਪ੍ਰੋਗਰਾਮ ਬਣਾਇਆ ਗਿਆ?

ਪ੍ਰ:-5 ਵਿਦਿਆਰਥੀਆਂ ਨੇ ਚੰਡੀਗੜ੍ਹ ਪੁੱਜ ਕੇ ਕਿਹੜੀਆਂ-ਕਿਹੜੀਆਂ ਥਾਵਾਂ ਵੇਖੀਆਂ?

ਪ੍ਰ:-6 ਚੰਡੀਗੜ੍ਹ ਦਾ ਨਕਸ਼ਾ ਕਿਸਨੇ ਬਣਾਇਆ ਸੀ?

ਪ੍ਰ:-7 ਝੀਲ ਵਿੱਚ ਡੁੱਬਦੇ ਬੱਚੇ ਨੂੰ ਕਿਸਨੇ ਬਚਾਇਆ ਸੀ?

ਪ੍ਰ:-8 ਬੱਚੇ ਦੀ ਮੰਮੀ ਨੇ ਬਲਜੀਤ ਦਾ ਧੰਨਵਾਦ ਕਿਵੇਂ ਕਰਨਾ ਚਾਹਿਆ?

ਪ੍ਰ:-9 ਏਕਮ ਨੇ ਬਲਜੀਤ ਨੂੰ ਆਖ਼ਰ ਵਿੱਚ ਕੀ ਕਿਹਾ?

## ਪਾਠ-7 ਰੂਪਨਗਰ (ਲੇਖ)

ਪ੍ਰ:-1 ਰੂਪਨਗਰ ਦਾ ਪਹਿਲਾ ਨਾਂ ਕੀ ਸੀ?

ਪ੍ਰ:-2 ਰੂਪਨਗਰ ਸ਼ਹਿਰ ਕਿਸ ਦਰਿਆ ਉੱਤੇ ਸਥਿਤ ਹੈ?

ਪ੍ਰ:-3 ਅਜੋਕੇ ਪੰਜਾਬ ਦੇ ਕਿੰਨੇ ਜ਼ਿਲ੍ਹੇ ਹਨ?

ਪ੍ਰ:-4 ਰੂਪਨਗਰ ਸ਼ਹਿਰ ਨੂੰ ਰਾਜਾ ਰੋਕੇਸ਼ਰ ਨੇ ਕਿਸ ਸਦੀ ਵਿੱਚ ਵਸਾਇਆ ਸੀ?

ਪ੍ਰ:-5 ਕਿਹੜੇ ਗੁਰੂ ਜੀ ਦੀ ਚਰਨ-ਛੂਹ ਵਿਸ਼ੇਸ਼ ਤੌਰ ਤੇ ਰੂਪਨਗਰ ਦੀ ਧਰਤੀ ਨੂੰ ਪ੍ਰਾਪਤ ਹੋਈ?

ਪ੍ਰ:-6 ਰੂਪਨਗਰ ਲੇਖ ਦਾ ਲੇਖਕ ਕੌਣ ਹੈ?

ਪ੍ਰ:-7 ਪੰਜਾਬ ਦੀ ਰਾਜਧਾਨੀ ਕਿਹੜੀ ਹੈ?

ਪ੍ਰ:-8 ਰੂਪਨਗਰ ਸ਼ਹਿਰ ਦਾ ਵਰਤਮਾਨ ਨਾਂ ਕਦੋਂ ਰੱਖਿਆ ਗਿਆ?

ਪ੍ਰ:-9 ਕਿਸ ਪ੍ਰਸਿੱਧ ਸਾਹਿਤਕਾਰ ਨੇ ਆਪਣੀ ਉਮਰ ਦੇ ਅੰਤਲੇ ਵਰ੍ਹੇ ਰੂਪਨਗਰ ਵਿੱਚ ਬਿਤਾਏ?

## ਪਾਠ-8 ਬਾਬਾ ਫਰੀਦ (ਜੀਵਨੀ)

ਪ੍ਰ:-1 ਬਾਬਾ ਫਰੀਦ ਜੀਵਨੀ ਦਾ ਲੇਖਕ ਕੌਣ ਹੈ?

ਪ੍ਰ:-2 ਬਾਬਾ ਫਰੀਦ ਜੀ ਦਾ ਜਨਮ ਕਦੋਂ ਹੋਇਆ?

ਪ੍ਰ:-3 ਬਾਬਾ ਫਰੀਦ ਜੀ ਦਾ ਜਨਮ ਕਿੱਥੇ ਹੋਇਆ?

ਪ੍ਰ:-4 ਬਾਬਾ ਫਰੀਦ ਜੀ ਕਿਸ ਤਰ੍ਹਾਂ ਦੇ ਸੁਭਾਅ ਦੇ ਮਾਲਕ ਸਨ?

ਪ੍ਰ:-5 ਬਾਬਾ ਫਰੀਦ ਜੀ ਨੇ ਆਪਣੀ ਗੱਦੀ ਦੀ ਜਿੰਮੇਵਾਰੀ ਨੂੰ ਕਿੰਨੇ ਵਰ੍ਹੇ ਨਿਭਾਇਆ?

ਪ੍ਰ:-6 ਬਾਬਾ ਫਰੀਦ ਜੀ ਦੀ ਸਾਰੀ ਦੌਲਤ ਕੀ ਸੀ?

ਪ੍ਰ:-7 ਬਾਬਾ ਫਰੀਦ ਜੀ ਦੇ ਸਾਰੇ ਧਰਮਾਂ ਬਾਰੇ ਕੀ ਵਿਚਾਰ ਸਨ?

ਪ੍ਰ:-8 ਬਾਬਾ ਫਰੀਦ ਜੀ ਨੇ ਇੱਕ ਸੱਜਣ ਦੀ ਕੈਂਚੀ ਬਾਰੇ ਕੀ ਵਿਚਾਰ ਦਿੱਤੇ?

ਪ੍ਰ:-9 ਬਾਬਾ ਫਰੀਦ ਜੀ ਦੇ ਮਾਤਾ ਅਤੇ ਪਿਤਾ ਦਾ ਕੀ ਨਾਂ ਸੀ?

## ਪਾਠ-9 ਪੰਜਾਬ (ਕਵਿਤਾ)

ਪ੍ਰ:-1 ਪੰਜਾਬ ਕਵਿਤਾ ਕਿਸ ਕਵੀ ਦੀ ਲਿਖੀ ਹੋਈ ਹੈ?

ਪ੍ਰ:-2 ਪੰਜਾਬ ਦੇ ਸਿਰ ਤੇ ਕਿਸ ਦਾ ਛਤਰ ਹੈ ਅਤੇ ਭਾਰਤ ਦੇ ਸਿਰ ਤੇ ਕਿਸਦਾ ਛਤਰ ਹੈ?

ਪ੍ਰ:-3 ਘਰੇਲੂ ਕੰਮ ਕਾਜ ਕਰਦੀਆਂ ਪੰਜਾਬਣਾਂ ਦਾ ਦ੍ਰਿਸ਼ ਵਰਣਨ ਕਰੋ।

ਪ੍ਰ:-4 ਵਿਹਲੇ ਸਮੇਂ ਵਿੱਚ ਪੰਜਾਬੀ ਆਪਣਾ ਮਨੋਰੰਜਨ ਕਿਵੇਂ ਕਰਦੇ ਹਨ?

ਪ੍ਰ:-5 ਪੰਜਾਬ ਦੀ ਭੂਗੋਲਿਕ ਸਥਿਤੀ ਦਾ ਵਰਨਣ ਕਰੋ।

ਪ੍ਰ:-6 ਕਵੀ ਨੇ ਖੇਤਾਂ ਦਾ ਵਰਣਨ ਕਿਵੇਂ ਕੀਤਾ ਹੈ?

ਪ੍ਰ:-7 ਪੰਜਾਬ ਦੇ ਮੋਢੇ ਤੇ ਕਿਸਦੀ ਚਾਦਰ ਵਿਛੀ ਹੋਈ ਹੈ?

ਪ੍ਰ:-8 ਕਵੀ ਪੰਜਾਬ ਦੇ ਜੋਬਨ ਦਾ ਵਰਣਨ ਕਿਵੇਂ ਕਰਦਾ ਹੈ?

## ਪਾਠ- 10 ਹਰਿਆਵਲ ਦੇ ਬੀਜ (ਕਹਾਣੀ)

ਪ੍ਰ:-1 ਹਰਿਆਵਲ ਦੇ ਬੀਜ ਕਹਾਣੀ ਦਾ ਕਹਾਣੀਕਾਰ ਕੌਣ ਹੈ?

ਪ੍ਰ:-2 ਕਹਾਣੀ ਵਿੱਚ ਮਾਰੂਥਲ ਤੋਂ ਪਹਿਲਾਂ ਜ਼ਮੀਨ ਕਿਹੋ ਜਿਹੀ ਸੀ?

ਪ੍ਰ:-3 ਅਚਾਨਕ ਭੀਖੂ ਨੂੰ ਕੀ ਜਾਪਿਆ ਕਿ ਉਹ ਕਿਸ ਵਿੱਚ ਅਟਕ ਗਿਆ?

ਪ੍ਰ:-4 ਭੀਖੂ ਨੇ ਡੰਗੋਰੀ ਨਾਲ ਜ਼ਮੀਨ ਨੂੰ ਕਿਉਂ ਠਕੋਰਿਆ?

ਪ੍ਰ:-5 ਫਕੀਰ ਨੇ ਭੀਖੂ ਨੂੰ ਕੀ ਕਿਹਾ?

ਪ੍ਰ:-6 ਭੀਖੂ ਕਿਸ ਗੱਲ ਲਈ ਸ਼ਰਮਸਾਰ ਹੋਇਆ?

ਪ੍ਰ:-7 ਆਲਮ ਕੀ ਲੱਭਣ ਲਈ ਤੁਰ ਪਿਆ?

ਪ੍ਰ:-8 ਭੀਖੂ ਦੀ ਪਤਨੀ ਨੇ ਉਸਨੂੰ ਕੀ ਸੁਝਾਅ ਦਿੱਤਾ?

ਪ੍ਰ:-9 ਭੀਖੂ ਨੇ ਸਾਰੇ ਰੁੱਖ ਕਿਉਂ ਤੋੜ ਦਿੱਤੇ?

## ਪਾਠ-11 ਪੰਜਾਬੀ ਲੋਕ-ਨਾਚ - ਗਿੱਧਾ (ਲੇਖ)

ਪ੍ਰ:-1 ਗਿੱਧਾ-ਨਾਚ ਕਿਸਨੂੰ ਕਹਿੰਦੇ ਹਨ?

ਪ੍ਰ:-2 ਪੰਜਾਬੀਆਂ ਦੇ ਹਰਮਨ-ਪਿਆਰੇ ਲੋਕ-ਨਾਚ ਕਿਹੜੇ ਹਨ?

ਪ੍ਰ:-3 ਪੰਜਾਬ ਦੀਆਂ ਮੁਟਿਆਰਾਂ ਦਾ ਮਨਮੋਹਕ ਲੋਕ-ਨਾਚ ਕਿਹੜਾ ਹੈ?

ਪ੍ਰ:-4 ਲੋਕ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਨ ਲਈ ਕੀ ਕਰਦੇ ਹਨ?

ਪ੍ਰ:-5 ਗਿੱਧੇ ਵਿੱਚ ਕਿਹੜੇ-ਕਿਹੜੇ ਪਰਿਵਾਰਕ ਰਿਸ਼ਤਿਆਂ ਦਾ ਵਰਣਨ ਆਉਂਦਾ ਹੈ?

ਪ੍ਰ:-6 ਲੋਹੜੀ ਦੇ ਅਵਸਰ ਤੇ ਕਿਸ ਤਰ੍ਹਾਂ ਦੀਆਂ ਬੋਲੀਆਂ ਪਾਈਆਂ ਜਾਂਦੀਆਂ ਹਨ?

ਪ੍ਰ:-7 ਗਿੱਧਾ ਕਦੋਂ ਪਾਇਆ ਜਾਂਦਾ ਹੈ?

ਪ੍ਰ:-8 ਕੁੜੀਆਂ ਤੀਆਂ ਦਾ ਗਿੱਧਾ ਪਾਉਂਦੀਆਂ ਕੀ ਝੂਟਦੀਆਂ ਹਨ?

## ਪਾਠ- 12 ਪੰਜਾਬ ਦੇ ਸੁਪਨਸਾਜ਼: ਡਾ: ਮਹਿੰਦਰ ਸਿੰਘ ਰੰਧਾਵਾ (ਜੀਵਨੀ)

ਪ੍ਰ:-1 ਡਾ. ਰੰਧਾਵਾ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਲਿਖੋ?

ਪ੍ਰ:-2 ਡਾ. ਰੰਧਾਵਾ ਨੇ ਕਿਸ ਤਰ੍ਹਾਂ ਦੀਆਂ ਕਿਤਾਬਾਂ ਲਿਖੀਆਂ ਹਨ?

ਪ੍ਰ:-3 ਡਾ. ਰੰਧਾਵਾ ਦਾ ਪੇਸ਼ਾ ਕੀ ਸੀ?

ਪ੍ਰ:-4 ਉਨ੍ਹਾਂ ਨੇ ਲੋਕ ਗੀਤਾਂ ਨੂੰ ਇਕੱਠੇ ਕਰਨ ਲਈ ਕਿਸ ਸੋਝੀ ਨੂੰ ਅਪਣਾਇਆ?

ਪ੍ਰ:-5 ਡਾ. ਮਹਿੰਦਰ ਸਿੰਘ ਰੰਧਾਵਾ ਜੀਵਨੀ ਕਿਸਦੀ ਲਿਖੀ ਹੋਈ ਹੈ?

ਪ੍ਰ:-6 ਡਾ. ਰੰਧਾਵਾ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?

ਪ੍ਰ:-7 ਡਾ. ਰੰਧਾਵਾ ਦੇ ਪਿਤਾ ਦਾ ਨਾਂ ਕੀ ਸੀ?

ਪ੍ਰ:-8 ਡਾ. ਰੰਧਾਵਾ ਨੇ ਅੰਤਿਮ ਸਮੇਂ ਕਿਹੜੀ ਕਿਤਾਬ ਚਾਰ ਜਿਲਦਾਂ ਵਿੱਚ ਲਿਖੀ?

ਪ੍ਰ:-9 ਡਾ. ਰੰਧਾਵਾ ਨੇ ਵੱਡੇ-ਵੱਡੇ ਪਿੰਡਾਂ ਵਿੱਚ ਕੀ ਬਣਵਾਏ?

ਪ੍ਰ:-1● ਡਾ. ਰੰਧਾਵਾ ਨੇ ਰੋਜ਼ਾਨਾ ਕਿਹੜੀ ਅਖ਼ਬਾਰ ਸ਼ੁਰੂ ਕਰਵਾਈ?

ਪ੍ਰ:-11 ਡਾ. ਰੰਧਾਵਾ ਨੇ ਕਲਾਕਾਰਾਂ ਦੀਆਂ ਸ਼ਖ਼ਸੀਅਤਾਂ ਨੂੰ ਉੱਚਾ ਚੁੱਕਣ ਲਈ ਕਿਹੜੀ ਸੰਸਥਾ ਬਣਾਈ?

ਪ੍ਰ:-12 ਡਾ. ਰੰਧਾਵਾ ਦਾ ਨਿਧਨ ਕਦੋਂ ਹੋਇਆ?

## ਪਾਠ-13 ਪਰ ਬੋਲ ਨਾ ਸਕਦੇ (ਕਵਿਤਾ)

ਪ੍ਰ:-1 ਪਰ ਬੋਲ ਨਾ ਸਕਦੇ ਕਵਿਤਾ ਦਾ ਕਵੀ ਕੌਣ ਹੈ?

ਪ੍ਰ:-2 ਮਨੁੱਖ ਦਾ ਰੁੱਖਾਂ ਪ੍ਰਤੀ ਵਿਵਹਾਰ ਕਿਹੋ ਜਿਹਾ ਹੈ?

ਪ੍ਰ:-3 ਪੰਛੀ ਤੇ ਰੁੱਖਾਂ ਦੀ ਕੀ ਸਾਂਝ ਹੈ?

ਪ੍ਰ:-4 'ਰੁੱਖਾਂ ਨੇ ਫਕੀਰੀ ਪਾਈ ਹੈ' ਦਾ ਕੀ ਅਰਥ ਹੈ?

ਪ੍ਰ:-5 ਰੁੱਖਾਂ ਦੀਆਂ ਟਾਹਣੀਆਂ ਬਾਰੇ ਕੀ ਕਿਹਾ ਗਿਆ ਹੈ?

ਪ੍ਰ:-6 ਰੁੱਖ ਸਾਡੇ ਕੀ-ਕੀ ਕੰਮ ਸੁਆਰਦੇ ਹਨ?

ਪ੍ਰ:-7 ਰੁੱਖ ਬੰਦੇ ਦੀ ਨਬਜ਼ ਕਿਵੇਂ ਪਛਾਣਦੇ ਹਨ?

## ਪਾਠ-14 ਸਾਂਝੀ ਮਾਂ (ਕਹਾਣੀ)

ਪ੍ਰ:-1 'ਸਾਂਝੀ ਮਾਂ' ਕਹਾਣੀ ਦਾ ਕਹਾਣੀਕਾਰ ਕੌਣ ਹੈ?

ਪ੍ਰ:-2 'ਸਾਂਝੀ ਮਾਂ' ਕਹਾਣੀ ਕਿਸ ਬਾਰੇ ਲਿਖੀ ਗਈ ਹੈ?

ਪ੍ਰ:-3 ਪੰਜਾਬ ਕੌਰ ਕਿਸਦਾ ਚਿੱਤਰ ਆਪਣੇ ਨੈਣਾਂ ਅੱਗੇ ਚਿਤਰਿਤ ਕਰਦੀ ਹੈ?

ਪ੍ਰ:-4 ਸ਼ਹਿਰ ਦੇ ਨੇੜੇ ਖੇਤਾਂ ਵਿੱਚ ਕੀ ਡਿੱਗਣੇ ਸ਼ੁਰੂ ਹੋ ਗਏ?

ਪ੍ਰ:-5 ਪੰਜਾਬ ਕੌਰ ਦਾ ਗੁਆਂਢ ਖਾਲੀ ਹੋਣ ਤੋਂ ਬਾਦ ਉਸਦੇ ਸਾਥੀ ਕੌਣ ਸਨ?

ਪ੍ਰ:-6 ਪੰਜਾਬ ਕੌਰ ਨੇ ਘਰ ਛੱਡਣ ਦਾ ਫੈਸਲਾ ਕਰਨ ਤੇ ਕੀ ਕਿਹਾ?

ਪ੍ਰ:-7 ਪੰਜਾਬ ਕੌਰ ਨੇ ਤੋਪਚੀਆਂ ਦੇ ਮੂੰਹਾਂ ਵੱਲ ਵੇਖਦਿਆਂ ਆਪਣੀ ਵੱਡੀ ਧੀ ਨੂੰ ਕੀ ਕਿਹਾ?

ਪ੍ਰ:-8 ਤੋਪਚੀ ਪੰਜਾਬ ਕੌਰ ਨੂੰ ਕੀ ਸਮਝਦੇ ਸਨ?

ਪ੍ਰ:-9 "ਅੱਧਾ ਪਰਿਵਾਰ ਛੱਡ ਕੇ ਤੁਰ ਜਾਣਾ ਕਾਇਰਤਾ ਹੈ।" ਇਸ ਵਾਕ ਵਿੱਚ ਅੱਧਾ ਪਰਿਵਾਰ ਕੌਣ ਹੈ?

## ਪਾਠ-15 ਵਹਿਮ ਭਰਮ (ਲੇਖ)

ਪ੍ਰ:-1 ਵਹਿਮ ਭਰਮ ਲੇਖ ਦਾ ਲੇਖਕ ਕੌਣ ਹੈ?

ਪ੍ਰ:-2 ਵਹਿਮ ਭਰਮ ਕੀ ਹੈ?

ਪ੍ਰ:-3 ਸੱਪ ਅਤੇ ਨਿਉਲੇ ਦੇ ਲੜਨ ਬਾਰੇ ਕੀ ਕਿਹਾ ਜਾਂਦਾ ਹੈ?

ਪ੍ਰ:-4 ਸਾਹਾ ਸੁਧਾਉਣ ਲਈ ਕੀ ਕੀਤਾ ਜਾਂਦਾ ਹੈ?

ਪ੍ਰ:-5 ਨਵਾਂ ਘਰ ਬਣਨ ਸਾਰ ਕੀ ਕੀਤਾ ਜਾਂਦਾਹੈ?

ਪ੍ਰ:-6 ਪੰਜ ਕਲਿਆਣੀ ਮਹਿੰ ਕੀ ਹੁੰਦੀ ਹੈ?

ਪ੍ਰ:-7 ਅਸਮਾਨ ਵਿੱਚ ਬਿਜਲੀ ਕੜਕੇ ਤਾਂ ਮਾਮਾ-ਭਾਣਜਾ ਕੀ ਕਰਦੇ ਹਨ?

ਪ੍ਰ:-8 ਰਾਤ ਨੂੰ ਦੀਵਾ ਬੁਝਾਉਣ ਵੇਲੇ ਸਿਆਣੀਆਂ ਬੁੜ੍ਹੀਆਂ ਕਿਹੜਾ ਟੱਪਾ ਆਖਦੀਆਂ ਹਨ?

ਪ੍ਰ:-9 ਵਿਗਿਆਨਿਕ ਸੋਚ ਵਾਲੀ ਨਵੀਂ ਪੀੜ੍ਹੀ ਇੰਨ੍ਹਾਂ ਵਹਿਮਾਂ ਭਰਮਾਂ ਬਾਰੇ ਕੀ ਸੋਚਦੀ ਹੈ?

## ਪਾਠ-16 ਰਾਬਿੰਦਰ ਨਾਥ ਟੈਗੋਰ (ਜੀਵਨੀ)

ਪ੍ਰ:-1 'ਰਾਬਿੰਦਰ ਨਾਥ ਟੈਗੋਰ' ਜੀਵਨੀ ਕਿਸ ਦੁਆਰਾ ਲਿਖੀ ਗਈ ਹੈ?

ਪ੍ਰ:-2 ਰਾਸ਼ਟਰੀ ਗੀਤ 'ਜਨ-ਗਣ-ਮਨ' ਦਾ ਲੇਖਕ ਕੌਣ ਹੈ?

ਪ੍ਰ:-3 ਰਾਬਿੰਦਰ ਨਾਥ ਟੈਗੋਰ ਦਾ ਜਨਮ ਕਦੋਂ ਹੋਇਆ?

ਪ੍ਰ:-4 ਰਾਬਿੰਦਰ ਨਾਥ ਟੈਗੋਰ ਦਾ ਜਨਮ ਕਿੱਥੇ ਹੋਇਆ ਤੇ ਉਨ੍ਹਾਂ ਦੇ ਪਿਤਾ ਜੀ ਦਾ ਕੀ ਨਾਂ ਸੀ?

ਪ੍ਰ:-5 ਟੈਗੋਰ ਦਾ ਪਾਲਣ-ਪੋਸ਼ਣ ਕਿਸ ਤਰ੍ਹਾਂ ਹੋਇਆ?

ਪ੍ਰ:-6 ਟੈਗੋਰ ਦਾ ਵਿਆਹ ਕਦੋਂ ਅਤੇ ਕਿਸ ਨਾਲ ਹੋਇਆ?

ਪ੍ਰ:-7 ਟੈਗੋਰ ਨੂੰ ਨੋਬਲ ਪੁਰਸਕਾਰ ਕਿਸ ਕਿਤਾਬ ਕਾਰਨ ਮਿਲਿਆ?

ਪ੍ਰ:-8 ਟੈਗੋਰ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਲਿਖੋ?

ਪ੍ਰ:-9 ਟੈਗੋਰ ਦਾ ਨਿਧਨ ਕਦੋਂ ਹੋਇਆ?

## ਪਾਠ- 17 ਗੁਲਾਬ ਦੀ ਫਸਲ (ਕਵਿਤਾ)

ਪ੍ਰ:-1 ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜਾਦਿਆਂ ਨੂੰ ਕਿਵੇਂ ਸ਼ਹੀਦ ਕਰ ਦਿੱਤਾ ਗਿਆ?

ਪ੍ਰ:-2 ਤੱਤੀ ਤਵੀ ਤੇ ਬੈਠ ਕੇ ਕਿਹੜੇ ਗੁਰੂ ਜੀ ਸ਼ਹੀਦ ਹੋਏ?

ਪ੍ਰ:-3 ਗੁਲਾਬ ਦੀ ਫ਼ਸਲ ਕਵਿਤਾ ਕਿਹੜੇ ਕਵੀ ਦੁਆਰਾ ਲਿਖੀ ਹੋਈ ਹੈ?

ਪ੍ਰ:-4 ਕਵਿਤਾ ਵਿੱਚ ਕਿਹੜੇ-ਕਿਹੜੇ ਜਾਲਮਾਂ ਦਾ ਜਿਕਰ ਆਇਆ ਹੈ?

ਪ੍ਰ:-5 ਜਦੋਂ ਅੰਬਾਂ ਦੀ ਫਸਲ ਨੂੰ ਬੂਰ ਲੱਗਿਆ ਹੋਏ, ਉੱਥੇ ਕਿਹੜਾ ਪੰਛੀ ਆ ਕੇ ਚਹਿਕਦਾ ਹੈ?

ਪ੍ਰ:-6 ਕਿਸ ਦੇ ਖ਼ੂਨ ਡੁੱਲੇ ਤੇ ਗੁਲਾਬ ਦੀ ਫਸਲ ਉੱਗ ਪੈਂਦੀ ਹੈ?

## ਪਾਠ- 18 ਉਹ ਸੋਚਦੀ (ਕਹਾਣੀ)

ਪ੍ਰ:-1 'ਉਹ ਸੋਚਦੀ' ਕਹਾਣੀ ਕਿਸ ਕਹਾਣੀਕਾਰ ਦੁਆਰਾ ਲਿਖੀ ਗਈ ਹੈ?

ਪ੍ਰ:-2 ਦਾਦੀ ਦੇ ਮਰਨ ਤੋਂ ਬਾਦ ਜੀਤੀ ਨੂੰ ਕਿਸ ਗੱਲ ਦਾ ਬੁਰਾ ਲੱਗ ਰਿਹਾ ਸੀ?

ਪ੍ਰ:-3 ਦਾਦੀ ਜੀਤੀ ਨੂੰ ਤੀਆਂ ਦੇ ਮੇਲੇ ਜਾਣ ਤੋਂ ਕਿਉਂ ਰੋਕਦੀ ਸੀ?

ਪ੍ਰ:-4 ਦਾਦੀ ਦੀ ਅੰਤਿਮ ਸਮੇਂ ਕੀ ਇੱਛਾ ਸੀ?

ਪ੍ਰ:-5 ਜੀਤੀ ਨੇ ਪਿਤਾ ਜੀ ਨੂੰ ਖਤ ਕਿਉਂ ਨਹੀਂ ਪਾਇਆ?

ਪ੍ਰ:-6 ਕੀ ਜੀਤੀ ਆਪਣੇ ਪਿਤਾ ਜੀ ਨੂੰ ਸੱਚਾਈ ਦੱਸ ਦਿੰਦੀ ਹੈ?

ਪ੍ਰ:-7 ਇਸ ਕਹਾਣੀ ਦਾ ਨਾਂ ਉਹ ਸੋਚਦੀ ਕਿਉਂ ਪਿਆ?

## ਪਾਠ- 19 ਲੋਹੜੀ (ਲੇਖ)

ਪ੍ਰ:-1 ਮੇਲੇ ਤੇ ਤਿਉਹਾਰਾਂ ਦੀ ਧਰਤੀ ਕਿਸਨੂੰ ਕਿਹਾ ਜਾਂਦਾ ਹੈ?

ਪ੍ਰ:-2 ਲੋਹੜੀ ਦਾ ਤਿਉਹਾਰ ਕਦੋਂ ਮਨਾਇਆ ਜਾਂਦਾ ਹੇ?

ਪ੍ਰ:-3 ਲੋਹੜੀ ਦੇ ਤਿਉਹਾਰ ਦਾ ਕਿਸ ਨਾਲ ਗੂੜਾ ਸੰਬੰਧ ਹੈ?

ਪ੍ਰ:-4 ਲੋਹੜੀ ਲੇਖ ਦਾ ਲੇਖਕ ਕੌਣ ਹੈ?

ਪ੍ਰ:-5 ਲੋਹੜੀ ਦਾ ਤਿਉਹਾਰ ਕਿਸ ਦੇ ਜਨਮ ਦੀ ਖੁਸ਼ੀ ਦਾ ਪ੍ਰਗਟਾਵਾ ਕਰਦਾ ਹੈ?

ਪ੍ਰ:-6 ਲੋਹੜੀ ਵਾਲੀ ਰਾਤ ਨੂੰ ਮੌਸਮ ਕਿਹੋ ਜਿਹਾ ਹੁੰਦਾ ਹੈ?

ਪ੍ਰ:-7 ਬਦਲ ਰਹੇ ਸਮਾਜ ਵਿੱਚ ਪੁੱਤਰਾਂ ਦੇ ਨਾਲ-ਨਾਲ ਕਿਸਦੀ ਲੋਹੜੀ ਵੀ ਮਨਾਈ ਜਾਣੀ ਸ਼ੁਰੂ ਹੋ ਗਈ ਹੈ?

ਪ੍ਰ:-8 'ਈਸ਼ਰ ਆਏ ਦਲਿੱਦਰ ਜਾਏ' ਤੁੱਕ ਤੋਂ ਕੀ ਭਾਵ ਹੈ?

ਪ੍ਰ:-9 ਲੋਹੜੀ ਦਾ ਤਿਉਹਾਰ ਕਦੋਂ ਮਨਾਇਆ ਜਾਂਦਾ ਹੈ?

## ਪਾਠ-20 ਹਾਕੀ ਦਾ ਜਾਦੂਗਰ - ਧਿਆਨ ਚੰਦ (ਜੀਵਨੀ)

ਪ੍ਰ:-1 ਖੇਡ ਦੇਵਤਾ ਕਿਸਨੂੰ ਕਿਹਾ ਗਿਆ ਹੈ?

ਪ੍ਰ:-2 ਕਿਸ ਸ਼ਹਿਰ ਵਿੱਚ ਧਿਆਨ ਚੰਦ ਦਾ ਬੁੱਤ ਲੱਗਿਆ ਹੋਇਆ ਹੈ?

ਪ੍ਰ:-3 ਧਿਆਨ ਚੰਦ ਦਾ ਜਨਮ ਕਦੋਂ ਹੋਇਆ?

ਪ੍ਰ:-4 ਖੇਡ ਦਿਵਸ ਕਦੋਂ ਮਨਾਇਆ ਜਾਂਦਾਹੈ?

ਪ੍ਰ:-5 ਧਿਆਨ ਚੰਦ ਕਿਥੋਂ ਦਾ ਜੰਮਪਲ ਸੀ?

ਪ੍ਰ:-6 ਧਿਆਨ ਚੰਦ ਦੇ ਪਿਤਾ ਦਾ ਕਿੱਤਾ ਕੀ ਸੀ?

ਪ੍ਰ:-7 ਭਾਰਤੀ ਹਾਕੀ ਫੈਡਰੇਸ਼ਨ ਕਦੋਂ ਹੋਂਦ ਵਿੱਚ ਆਈ?

ਪ੍ਰ:-8 ਧਿਆਨ ਚੰਦ ਐਨ.ਆਈ.ਐੱਸ. ਪਟਿਆਲਾ ਵਿਖੇ ਮੁੱਖ ਕੋਚ ਕਦੋਂ ਬਣਿਆ?

ਪ੍ਰ:-9 ਖਿਡਾਰੀ ਪਿਆਰ ਨਾਲ ਧਿਆਨ ਚੰਦ ਨੂੰ ਕੀ ਆਖਦੇ ਸਨ?

ਪ੍ਰ:-10 ਭਾਰਤ ਸਰਕਾਰ ਨੇ ਧਿਆਨ ਚੰਦ ਨੂੰ 1956 ਵਿੱਚ ਕਿਸ ਪੁਰਸਕਾਰ ਨਾਲ ਸਨਮਾਨਿਤ ਕੀਤਾ?

ਪ੍ਰ:-11 ਧਿਆਨ ਚੰਦ ਦੀ ਮੌਤ ਤੋਂ ਬਾਦ ਉਸਦੀ ਯਾਦ ਵਿੱਚ ਇੱਕ ਡਾਕ-ਟਿਕਟ ਕਦੋਂ ਜਾਰੀ ਕੀਤੀ ਗਈ?

ਪ੍ਰ:-12 ਧਿਆਨ ਚੰਦ ਦੇ ਬੁੱਤ ਦੀ ਕੀ ਵਿਸ਼ੇਸ਼ਤਾ ਹੈ?

## ਪਾਠ- 21 ਅੰਮੜੀ ਦਾ ਵਿਹੜਾ (ਕਵਿਤਾ)

ਪ੍ਰ:-1 ਅੰਮੜੀ ਦਾ ਵਿਹੜਾ ਕਵਿਤਾ ਦਾ ਕਵੀ ਕੌਣ ਹੈ?

ਪ੍ਰ:-2 ਕਵਿੱਤਰੀ ਇਸ ਕਵਿਤਾ ਵਿੱਚ ਕਿਹੜੇ ਸੁਪਨਿਆਂ ਦੀ ਗੱਲ ਕਰਦੀ ਹੈ?

ਪ੍ਰ:-3 ਕਵਿੱਤਰੀ ਕਿਸ ਕੋਲੋਂ ਕਹਾਣੀਆਂ ਸੁਣਨ ਬਾਰੇ ਸੋਚ ਰਹੀ ਹੈ?

ਪ੍ਰ:-4 ਕਵਿੱਤਰੀ ਨੇ ਬਚਪਨ ਵਿੱਚ ਕਿਹੜੀਆਂ ਮੌਜਾਂ ਦਾ ਵਰਣਨ ਕੀਤਾ ਹੈ?

ਪ੍ਰ:-5 ਕਵਿਤਾ ਵਿੱਚ ਪੀਂਘਾਂ ਝੂਟਣ ਦਾ ਦ੍ਰਿਸ਼ ਵਰਣਨ ਕਰੋ?

ਪ੍ਰ:-6 ਇਸ ਕਵਿਤਾ ਵਿੱਚ ਆਈਆਂ ਬਚਪਨ ਦੀਆਂ ਖੁਸ਼ੀਆਂ ਦਾ ਵਰਣਨ ਕਰੋ?

ਪ੍ਰ:-7 ਕਵਿਤਾ ਵਿੱਚ ਚਰਖਾ ਕੱਤਣ ਦਾ ਦ੍ਰਿਸ਼ ਵਰਣਨ ਕਰੋ?

ਪ੍ਰ:-8 "ਬੇਫਿਕਰੀ ਦੀ ਚਾਦਰ ਤਾਣੀ ਸੀ" ਇਸ ਸਤਰ ਦਾ ਕੀ ਅਰਥ ਹੈ?

ਪ੍ਰ:-9 ਇਸ ਕਵਿਤਾ ਵਿੱਚ ਕਵਿਤਰੀ ਆਪਣੀ ਅੰਮੜੀ ਦੇ ਵਿਹੜੇ ਨੂੰ ਕਿਉਂ ਯਾਦ ਕਰਦੀ ਹੈ?

ਪ੍ਰ:-10 "ਅੱਜ ਮੇਰੇ ਸੀਨੇ ਵੱਸਦਾ ਨੀ, ਅੰਮੜੀ ਦਾ ਵਿਹੜਾ" ਇਨ੍ਹਾਂ ਸਤਰਾਂ ਦਾ ਭਾਵ ਸਪੱਸ਼ਟ ਕਰੋ।

## ਪਾਠ- 22 ਛੱਲੀਆਂ ਦੇ ਰਾਖੇ (ਕਹਾਣੀ)

ਪ੍ਰ:-1 ਛੱਲੀਆਂ ਦੇ ਰਾਖੇ ਕਹਾਣੀ ਦਾ ਕਹਾਣੀਕਾਰ ਕੌਣ ਹੈ?

ਪ੍ਰ:-2 ਝੜੀ ਕਿਹੜੇ ਮਹੀਨੇ ਲੱਗੀ ਸੀ?

ਪ੍ਰ:-3 ਮਣ੍ਹਾ ਕਿਸਨੂੰ ਕਹਿੰਦੇ ਹਨ?

ਪ੍ਰ:-4 ਕਾਂ ਛੱਲੀ ਕਿਉਂ ਨਹੀਂ ਸੀ ਠੂੰਗ ਸਕਿਆ?

ਪ੍ਰ:-5 ਲੇਖਕ ਦੇ ਨਾਲ ਕੌਣ ਛੱਲੀਆਂ ਦੀ ਰਾਖੀ ਬੈਠਦਾ ਸੀ?

ਪ੍ਰ:-6 ਹਵਾ ਦੇ ਬੁੱਲਿਆਂ ਨਾਲ ਰੁੱਖ ਆਪਣੇ ਪੱਤਿਆਂ ਤੋਂ ਪਾਣੀ ਕਿਵੇਂ ਝਾੜ ਰਹੇ ਸਨ?

ਪ੍ਰ:-7 ਫਿਰਨੀ ਤੋਂ ਖੇਤ ਵੱਲ ਮੁੜਦਿਆਂ ਲੇਖਕ ਦਾ ਪੈਰ ਕਿਸ ਤੇ ਜਾ ਟਿਕਿਆ?

ਪ੍ਰ:-8 ਸੱਪ ਕਿਸ ਵੱਲ ਵੇਖ ਰਿਹਾ ਸੀ?

ਪ੍ਰ:-9 ਤਾਇਆ ਪੰਛੀਆਂ ਨੂੰ ਡਰਾਉਣ ਲਈ ਕੀ ਕਰ ਰਿਹਾ ਸੀ?

ਪ੍ਰ:-10 ਛੱਲੀਆਂ ਦੇ ਰਾਖੇ ਕੌਣ ਸਨ?

## ਪਾਠ-23 ਗਿਆਨ, ਵਿਗਿਆਨ ਤੇ ਮੰਨੋਰੰਜਨ ਦਾ ਅਨੋਖਾ ਸੰਗਮ: ਸਾਇੰਸ ਸਿਟੀ (ਲੇਖ)

ਪ੍ਰ:-1 ਦੇਸ਼ ਆਜ਼ਾਦ ਹੋਣ ਤੋਂ ਬਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਕੌਣ ਸਨ?

ਪ੍ਰ:-2 ਜਲੰਧਰ-ਕਪੂਰਥਲਾ ਸੜਕ 'ਤੇ ਕਿਹੜਾ ਸਾਇੰਸ-ਸਿਟੀ ਬਣਾਇਆ ਗਿਆ ਹੈ?

ਪ੍ਰ:-3 ਸਾਇੰਸ ਸਿਟੀ ਦਾ ਨੀਂਹ ਪੱਥਰ ਕਿਸਨੇ ਰੱਖਿਆ?

ਪ੍ਰ:-4 ਇਸ ਸਾਇੰਸ ਸਿਟੀ ਨੂੰ ਆਮ ਲੋਕਾਂ ਲਈ ਕਦੋਂ ਖੋਲ ਦਿੱਤਾ ਗਿਆ?

ਪ੍ਰ:-5 ਸਾਇੰਸ ਸਿਟੀ ਦਾ ਨਾਂ ਕਿਸਦੇ ਨਾਂ ਤੇ ਰੱਖਿਆ ਗਿਆ?

ਪ੍ਰ:-6 ਪੁਸ਼ਪਾ ਗੁਜਰਾਲ ਸਾਇੰਸ ਸਿਟੀ ਪਹੁੰਚਦਿਆਂ ਹੀ ਸਭ ਤੋਂ ਪਹਿਲਾਂ ਸਾਡੀ ਨਜ਼ਰ ਕਿਸ ਤੇ ਪੈਂਦੀ ਹੈ?

ਪ੍ਰ:-7 ਡਿਜ਼ੀਟਲ ਪਲੈਨੀਟੋਰੀਅਮ ਕੀ ਹੈ?

ਪ੍ਰ:-8 ਫਲਾਈਟ ਸਿਮੂਲੇਟਰ ਕੀ ਹੈ?

ਪ੍ਰ:-9 ਅਰਥ ਕੁਏਕ ਸਿਮੂਲੇਟਰ ਕੀ ਹੈ?

ਪ੍ਰ:-10 3-ਡੀ ਸ਼ੋਅ ਅਤੇ ਲੇਜ਼ਰ ਸ਼ੋਅ ਕਿਹੜੇ ਹੁੰਦੇ ਹਨ?

ਪ੍ਰ:-11 ਪਣ ਸ਼ਕਤੀ ਕੇਂਦਰ ਊਰਜਾ ਪਾਰਕ ਵਿੱਚ ਕਿਸ ਡੈਮ ਦਾ ਮਾਡਲ ਵਿਸ਼ੇਸ਼ ਖਿੱਚ ਦਾ ਕੇਂਦਰ ਹੈ?

ਪ੍ਰ:-12 ਧਰਤੀ ਉੱਪਰ ਜੀਵਨ ਦੀ ਸ਼ੁਰੂਆਤ ਨੂੰ ਦਰਸਾਉਂਦੇ ਪੈਨੋਰਮੇ ਦਾ ਕੀ ਨਾਂ ਹੈ?

ਪ੍ਰ:-13 ਸਾਇੰਸ ਸਿਟੀ ਦਾ ਨੀਂਹ ਪੱਥਰ ਕਦੋਂ ਰੱਖਿਆ ਗਿਆ?

## ਪਾਠ- 24 ਸ਼ਿਵ ਸਿੰਘ: ਬੁੱਤ-ਘਾੜਾ (ਜੀਵਨੀ)

ਪ੍ਰ:-1 ਸ਼ਿਵ ਸਿੰਘ ਕਿਥੋਂ ਦੇ ਜੰਮ ਪਲ ਹਨ?

ਪ੍ਰ:-2 ਸ਼ਿਵ ਸਿੰਘ ਦਾ ਜਨਮ ਕਦੋਂ ਹੋਇਆ?

ਪ੍ਰ:-3 ਸ਼ਿਵ ਸਿੰਘ ਦਾ ਜਨਮ ਕਿੱਥੇ ਹੋਇਆ?

ਪ੍ਰ:-4 ਸ਼ਿਵ ਸਿੰਘ ਪਿੰਡ ਦੇ ਕੋਲੋਂ ਲੰਘਦੇ ਕਿਸ ਵਿੱਚ ਖੇਡਣ ਚਲਾ ਜਾਂਦਾ?

ਪ੍ਰ:-5 ਸ਼ਿਵ ਸਿੰਘ ਰੇਤ ਨਾਲ ਕੀ ਬਣਾਉਂਦਾ?

ਪ੍ਰ:-6 ਸ਼ਿਵ ਸਿੰਘ ਬੁੱਤ-ਘਾੜਾ ਜੀਵਨੀ ਕਿਸ ਲੇਖਕ ਦੁਆਰਾ ਲਿਖੀ ਗਈ ਹੈ?

ਪ੍ਰ:-7 ਸ਼ਿਵ ਸਿੰਘ ਨੂੰ ਜਰਮਨ ਸਰਕਾਰ ਵੱਲੋਂ ਕਲਾ ਦੀ ਖੋਜ ਲਈ ਵਜੀਫ਼ੇ ਦੀ ਪੇਸ਼ਕਸ਼ ਕਦੋਂ ਹੋਈ?

ਪ੍ਰ:-8 ਸ਼ਿਵ ਸਿੰਘ ਦੀਆਂ ਕਲਾ ਕਿਰਤਾਂ ਕਿਸ ਕਿਸ ਦੇਸ਼ ਵਿੱਚ ਪਸੰਦ ਕੀਤੀਆਂ ਗਈਆਂ?

ਪ੍ਰ:-9 ਸ਼ਿਵ ਸਿੰਘ ਦੀ ਅਦਭੁਤ ਕਲਾ ਦਾ ਨਮੂਨਾ ਕਿੱਥੇ ਦੇਖਿਆ ਜਾ ਸਕਦਾ ਹੈ?

ਪ੍ਰ:-10 ਉਸਨੂੰ ਪ੍ਰਕਿਰਤੀ 'ਚੋਂ ਹੀ ਕਿਹੜੀ ਕਲਾ ਉਪਜਦੀ ਜਾਪਦੀ ਹੈ?

## ਪਾਠ-25 ਬਲਿਹਾਰੀ ਕੁਦਰਤ (ਕਵਿਤਾ)

ਪ੍ਰ:-1 ਚਾਰ ਦਿਸ਼ਾਵਾਂ ਦੇ ਨਾਂ ਲਿਖੋ।

ਪ੍ਰ:-2 ਸੂਰਜ ਕਿਹੜੀ ਦਿਸ਼ਾ ਵਿੱਚ ਚੜ੍ਹਦਾ ਤੇ ਕਿਹੜੀ ਦਿਸ਼ਾ ਵਿੱਚ ਛੁਪਦਾ ਹੈ?

ਪ੍ਰ:-3 ਇਸ ਕਵਿਤਾ ਵਿੱਚ ਪਰਬਤਾਂ ਬਾਰੇ ਕੀ ਕਿਹਾ ਗਿਆ ਹੈ?

ਪ੍ਰ:-4 ਇਸ ਕਵਿਤਾ ਅਨੁਸਾਰ ਧਰਤੀ ਦੇ ਭਾਗ ਕਿਹੋ ਜਿਹੇ ਹਨ?

ਪ੍ਰ:-5 ਜੀਵਾਂ ਅਤੇ ਪੰਛੀਆਂ ਦੀ ਸੁੰਦਰਤਾ ਕਿਵੇਂ ਬਿਆਨ ਕੀਤੀ ਹੈ?

ਪ੍ਰ:-6 ਦਰਿਆ, ਝਰਨੇ ਅਤੇ ਝੀਲਾਂ ਬਾਰੇ ਕਵੀ ਕੀ ਕਹਿੰਦਾ ਹੈ?

ਪ੍ਰ:-7 ਕਵੀ ਘਾਹ ਅਤੇ ਫੁੱਲਾਂ ਬਾਰੇ ਕੀ ਵਿਚਾਰ ਦਿੰਦਾ ਹੈ?

## ਪਾਠ-26 ਭੂਆ (ਕਹਾਣੀ)

ਪ੍ਰ:-1 'ਭੂਆ' ਕਹਾਣੀ ਕਿਸ ਕਹਾਣੀਕਾਰ ਦੁਆਰਾ ਲਿਖੀ ਗਈ ਹੈ?

ਪ੍ਰ:-2 ਲੇਖਕ ਨੂੰ ਕਿੰਨੇ ਸਾਲ ਪਹਿਲਾਂ ਦੀਆਂ ਭੂਆ ਦੀਆਂ ਗੱਲਾਂ ਯਾਦ ਸਨ?

ਪ੍ਰ:-3 ਲੇਖਕ ਭੂਆ ਦੇ ਘਰ ਕਿਵੇਂ ਪਹੁੰਚਿਆ?

ਪ੍ਰ:-4 ਭੂਆ ਕੋਲ ਜਾਂਦਿਆਂ ਹੀ ਲੇਖਕ ਨੇ ਕੀ ਕੀਤਾ?

ਪ੍ਰ:-5 ਭੂਆ ਲੇਖਕ ਨੂੰ ਕਿਵੇਂ ਮਿਲੀ?

ਪ੍ਰ:-6 ਕੀ ਲੇਖਕ ਨੂੰ ਭੁੱਖ ਲੱਗੀ ਹੋਈ ਸੀ ਅਤੇ ਕਿਉਂ?

ਪ੍ਰ:-7 ਲੇਖਕ ਆਪਣੇ ਆਪ ਨੂੰ ਕੀ ਮਹਿਸੂਸ ਕਰ ਰਿਹਾ ਸੀ?

ਪ੍ਰ:-8 ਖਾਣੇ ਦੀ ਥਾਲ ਵਿੱਚ ਕੀ-ਕੀ ਸੀ?

ਪ੍ਰ:-9 ਲੇਖਕ ਦੁੱਧ ਪੀਣ ਤੋਂ ਕਿਵੇਂ ਬਚਿਆ?

## ਪਾਠ-27 ਰੱਬ ਦੀ ਪੌੜੀ (ਸਫ਼ਰਨਾਮਾ)

ਪ੍ਰ:-1 ਦੁਨੀਆਂ ਦੀ ਸਭ ਤੋਂ ਉੱਚੀ ਇਮਾਰਤ ਦਾ ਨਾਂ ਕੀ ਹੈ?

ਪ੍ਰ:-2 ਐਮਪਾਇਰ ਸਟੇਟ ਬਿਲਡਿੰਗ ਕਿੱਥੇ ਸਥਿਤ ਹੈ?

ਪ੍ਰ:-3 ਰੱਬ ਦੀ ਪੌੜੀ ਸਫ਼ਰਨਾਮਾ ਕਿਸ ਦੁਆਰਾ ਲਿਖਿਆ ਹੋਇਆ ਹੈ?

ਪ੍ਰ:-4 ਲੇਖਕ ਦੁਨੀਆਂ ਦੀ ਸਭ ਤੋਂ ਵੱਡੀ ਦੁਕਾਨ ਵਿੱਚ ਕੀ ਖਰੀਦਣ ਗਿਆ ਸੀ?

ਪ੍ਰ:-5 ਲੇਖਕ ਦੇ ਬਿਲਡਿੰਗ ਪਹੁੰਚਣ ਸਮੇਂ ਮੌਸਮ ਕਿਹੋ ਜਿਹਾ ਸੀ?

ਪ੍ਰ:-6 ਲੇਖਕ ਨੇ ਲਿਫ਼ਟ ਵਿੱਚ ਬੈਠ ਕੇ ਕੀ ਮਹਿਸੂਸ ਕੀਤਾ?

ਪ੍ਰ:-7 ਕਿਸ ਇਮਾਰਤ ਨੂੰ ਦੁਨੀਆਂ ਦਾ ਅਠਵਾਂ ਅਜੂਬਾ ਆਖਿਆ ਜਾਂਦਾ ਹੈ?

ਪ੍ਰ:-8 ਰੱਬ ਦੀ ਪੌੜੀ ਕਿਸਨੂੰ ਕਿਹਾ ਗਿਆ ਹੈ?

ਪ੍ਰ:-9 ਰੱਬ ਦੀ ਪੌੜੀ ਕਿੱਥੇ ਸਥਿਤ ਹੈ?

## ਪਾਠ-28 ਵੱਡੇ ਭੈਣ ਜੀ (ਇਕਾਂਗੀ)

ਪ੍ਰ:-1 ਵਿੱਦਿਆ ਕਿਹੋ ਜਿਹੀ ਇਸਤਰੀ ਸੀ?

ਪ੍ਰ:-2 ਵਿੱਦਿਆ ਸੋਨੂੰ ਤੋਂ ਕਿਹੜਾ ਪਹਾੜਾ ਸੁਣਦੀ ਹੈ?

ਪ੍ਰ:-3 ਲਤਾ ਗਵਾਂਢੀਆਂ ਦੇ ਘਰ ਕੀ ਕਰ ਰਹੀ ਸੀ?

ਪ੍ਰ:-4 ਵਿੱਦਿਆ ਲਤਾ ਨੂੰ ਕੀ ਬਣਾਉਣਾ ਚਾਹੁੰਦੀ ਸੀ?

ਪ੍ਰ:-5 ਵਿੱਦਿਆ ਨੂੰ ਆਪਣੇ ਕਿਹੜੇ ਭੈਣਜੀ ਯਾਦ ਆਉਂਦੇ ਹਨ?

ਪ੍ਰ:-6 ਵਿੱਦਿਆ ਅਨੁਸਾਰ ਚੰਗੇ ਆਚਰਨ ਨਾਲ ਕੀ ਹੁੰਦਾ ਹੈ?

ਪ੍ਰ:-7 ਵਿੱਦਿਆ ਬੱਚਿਆਂ ਨੂੰ ਕੀ ਸਿੱਖਿਆ ਦਿੰਦੀ ਹੈ?

ਪ੍ਰ:-8 ਸੋਨੂੰ ਡੈਡੀ ਨੂੰ ਕਿਹੜਾ ਪਹਾੜਾ ਸੁਣਾਉਂਦਾ ਹੈ?

ਪ੍ਰ:-9 ਸੋਨੂੰ ਨੂੰ ਪਹਾੜੇ ਕੌਣ ਯਾਦ ਕਰਵਾਉਂਦਾ ਹੈ?

ਪ੍ਰ:-10 ਦੀਨ ਦਿਆਲ ਲੇਟ ਕਿਉਂ ਹੋ ਜਾਂਦਾ ਹੈ?

**ਨੋਟ:-**

**ਪ੍ਰਸ਼ਨ** 3:- ਪਾਠ ਪੁਸਤਕ 'ਪੰਜਾਬੀ ਪੁਸਤਕ-8 (ਪਹਿਲੀ ਭਾਸ਼ਾ)

ਤੇ ਆਧਾਰਿਤ 5 ਛੋਟੇ ਪ੍ਰਸ਼ਨ = (3×5) = 15 ਅੰਕ

- ਇਹ ਪ੍ਰਸ਼ਨ ਪਾਠ-ਪੁਸਤਕ ਦੇ ਅਭਿਆਸ ਵਾਲੇ ਪ੍ਰਸ਼ਨਾਂ ਦੀ ਦੁਹਰਾਈ ਕਰਨ ਨਾਲ ਅਭਿਆਸ ਹੋ ਜਾਵੇਗਾ ਅਤੇ ਕੁਝ ਹੋਰ **ਤਿੰਨ ਅੰਕਾਂ ਵਾਲੇ ਪ੍ਰਸ਼ਨ** ਅੱਗੇ ਦਿੱਤੇ ਗਏ ਹਨ:-

**ਤਿੰਨ ਅੰਕਾਂ ਵਾਲੇ ਪ੍ਰਸ਼ਨ:**

## ਪਾਠ-1 ਜੈ ਭਾਰਤ ਮਾਤਾ (ਸ਼ਿਵ ਕੁਮਾਰ ਬਟਾਲਵੀ)

ਪ੍ਰ:-1 ਇਸ ਕਵਿਤਾ ਵਿੱਚ ਕਿਹੜੇ-ਕਿਹੜੇ ਦੇਸ਼ ਭਗਤਾਂ ਦਾ ਜਿਕਰ ਆਇਆ ਹੈ?

ਪ੍ਰ:-2 ਇਸ ਕਵਿਤਾ ਵਿੱਚ ਅਜ਼ਾਦੀ ਦੇ ਇਤਿਹਾਸ ਨਾਲ ਸੰਬੰਧਿਤ ਕਿਹੜੀਆਂ ਥਾਵਾਂ ਦਾ ਵਰਣਨ ਆਇਆ ਹੈ?

ਪ੍ਰ:-3 ਭਾਰਤ ਮਾਤਾ ਬਾਰੇ ਆਪਣੇ ਵਿਚਾਰ ਆਪਣੇ ਸ਼ਬਦਾਂ ਵਿੱਚ ਲਿਖੋ।

ਪ੍ਰ:-4 ਇਸ ਕਵਿਤਾ ਅਨੁਸਾਰ ਭਾਰਤ ਮਾਤਾ ਦੀ ਗਾਥਾ ਕਿਸ ਨਾਲ ਲਿਖੀ ਗਈ ਹੈ?

ਪ੍ਰ:-5 ਇਸ ਕਵਿਤਾ ਦੀਆਂ ਕੋਈ ਵੀ ਚਾਰ ਸਤਰਾਂ ਸਰਲ ਅਰਥ ਕਰਨ ਲਈ ਦਿੱਤੀਆਂ ਜਾ ਸਕਦੀਆਂ ਹਨ।

## ਪਾਠ- 2 ਪ੍ਰੇਮੀ ਦੇ ਨਿਆਣੇ (ਪ੍ਰਿ: ਸੰਤ ਸਿੰਘ ਸੇਖੋਂ)

ਪ੍ਰ:-1 ਲੇਖਕ ਅਨੁਸਾਰ ਕਿਹੜੀਆਂ ਗੱਲਾਂ ਨਰਕ ਅਤੇ ਕਿਹੜੀਆਂ ਗੱਲਾਂ ਸਵਰਗ ਸਨ?

ਪ੍ਰ:-2 ਬੱਚਿਆਂ ਨੂੰ ਕਿਹੜੀ ਗੱਲ ਭੈ-ਸਾਗਰ ਲੱਗਦੀ ਸੀ ਅਤੇ ਕਿਉਂ?

ਪ੍ਰ:-3 ਲੇਖਕ ਤੇ ਉਸਦੀ ਭੈਣ ਨੇ ਸੜਕ ਪਾਰ ਕਰਨ ਦੇ ਡਰ ਨੂੰ ਦਬਾਉਣ ਲਈ ਕੀ ਤਰੀਕਾ ਸੋਚਿਆ?

ਪ੍ਰ:-4 ਭੈਣ ਅਤੇ ਭਰਾ ਸੜਕ ਪਾਰ ਕਰਨ ਵਿੱਚ ਸਫਲ ਕਿਵੇਂ ਹੋਏ?

ਪ੍ਰ:-5 ਲੇਖਕ ਤੇ ਉਸਦੀ ਭੈਣ ਨੂੰ ਹਰ ਰੋਜ਼ ਕਿੱਥੇ ਜਾਣਾ ਪੈਂਦਾ ਸੀ ਅਤੇ ਕਿਉਂ?

ਪ੍ਰ:-6 ਬੱਚੇ ਕੀ ਦੇਖ ਕੇ ਇੰਨਾ ਡਰ ਗਏ ਸਨ?

ਪ੍ਰ:-7 ਭੈਣ ਨੇ ਡਰ ਨੂੰ ਕਿਵੇਂ ਕਾਬੂ ਕੀਤਾ?

ਪ੍ਰ:-8 ਬੱਚਿਆਂ ਨੂੰ ਦੂਰੋਂ ਕੌਣ ਆਉਂਦਿਆਂ ਦਿਖਿਆ?

## ਪਾਠ- 3 ਛਿੰਝ ਛਰਾਹਾਂ ਦੀ (ਅਮਰੀਕ ਸਿੰਘ ਦਿਆਲ)

ਪ੍ਰ:-1 ਪੰਜਾਬੀਆਂ ਦਾ ਸੁਭਾਅ ਕਿਹੋ ਜਿਹਾ ਹੁੰਦਾ ਹੈ?

ਪ੍ਰ:-2 ਛਿੰਝ ਛਰਾਹਾਂ ਦੀ ਮੇਲੇ ਦਾ ਇਹ ਨਾਂ ਕਿਵੇਂ ਪਿਆ?

ਪ੍ਰ:-3 ਇਸ ਮੇਲੇ ਤੇ ਕਿਹੜੀਆਂ-ਕਿਹੜੀਆਂ ਰਸਮਾਂ ਨਿਭਾਈਆਂ ਜਾਂਦੀਆਂ ਹਨ?

ਪ੍ਰ:-4 ਆਮ ਲੋਕਾਂ ਅਤੇ ਕਿਰਸਾਣੀ ਜੀਵਨ ਦਾ ਆਪਸ ਵਿੱਚ ਕੀ ਸੰਬੰਧ ਹੈ?

ਪ੍ਰ:-5 ਇਸ ਮੇਲੇ ਦੀ ਤਿਆਰੀ ਕਿਵੇਂ ਕੀਤੀ ਜਾਂਦੀ ਹੈ?

ਪ੍ਰ:-6 ਛਿੰਝ ਛਰਾਹਾਂ ਦੀ ਮੇਲੇ ਦਾ ਦ੍ਰਿਸ਼ ਵਰਣਨ ਕਰੋ?

ਪ੍ਰ:-7 ਸਮੇਂ ਦੇ ਬੀਤਣ ਨਾਲ ਇਸ ਮੇਲੇ ਵਿੱਚ ਕਿਹੜਾ ਅੰਤਰ ਦੇਖਣ ਨੂੰ ਮਿਲਦਾ ਹੈ?

ਪ੍ਰ:-8 ਇਸ ਮੇਲੇ ਵਿੱਚ ਬੀਤ ਭਲਾਈ ਕਮੇਟੀ ਵਿੱਚ ਕੀ ਯੋਗਦਾਨ ਪਾਇਆ ਹੈ?

## ਪਾਠ- 4 ਸ਼੍ਰੀ ਗੁਰੂ ਅਰਜਨ ਦੇਵ ਜੀ (ਡਾ. ਹਰਿੰਦਰ ਕੌਰ)

ਪ੍ਰ:-1 ਗੁਰੂ ਅਰਜਨ ਦੇਵ ਜੀ ਦੇ ਜਨਮ ਅਤੇ ਮਾਤਾ-ਪਿਤਾ ਬਾਰੇ ਜਾਣਕਾਰੀ ਦਿਉ।

ਪ੍ਰ:-2 ਗੁਰੂ ਅਰਜਨ ਦੇਵ ਜੀ ਦੀ ਪਹਿਲੀ ਰਚਨਾ ਬਾਰੇ ਦੱਸੋ?

ਪ੍ਰ:-3 ਗੁਰੂ ਅਰਜਨ ਦੇਵ ਜੀ ਨੇ ਮੁੱਢਲੀ ਸਿੱਖਿਆ ਕਿੱਥੋਂ ਪ੍ਰਾਪਤ ਕੀਤੀ?

ਪ੍ਰ:-4 ਗੁਰੂ ਜੀ ਦੀ ਪਿਤਾ ਜੀ ਤੋਂ ਵਿਛੋੜੇ ਦੀ ਘਟਨਾ ਬਿਆਨ ਕਰੋ।

ਪ੍ਰ:-5 ਗੁਰੂ ਜੀ ਨੂੰ 'ਦੋਹਿਤਾ ਬਾਣੀ ਦਾ ਬੋਹਿਥਾ' ਦਾ ਵਰ ਕਿਸਨੇ ਦਿੱਤਾ ਅਤੇ ਆਪ ਇਸ ਉੱਤੇ ਕਿਵੇਂ ਖਰੇ ਉੱਤਰੇ?

ਪ੍ਰ:-6 ਗੁਰੂ ਦੀ ਦੀ ਸ਼ਾਹਕਾਰ ਰਚਨਾ ਕਿਹੜੀ ਹੈ, ਉਸ ਬਾਰੇ ਜਾਣਕਾਰੀ ਦਿਉ।

ਪ੍ਰ:-7 ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਕੰਮ ਕਿਸਨੇ ਕੀਤਾ ਅਤੇ ਇਹ ਕੰਮ ਕਦੋਂ ਸੰਪੂਰਨ ਹੋਇਆ?

ਪ੍ਰ:-8 ਸ਼੍ਰੀ ਹਰਿਮੰਦਰ ਸਾਹਿਬ ਦੀ ਨੀਂਹ ਕਿਸ ਤੋਂ ਅਤੇ ਕਦੋਂ ਰਖਵਾਈ ਗਈ?

ਪ੍ਰ:-9 ਸ਼੍ਰੀ ਗੁਰੂ ਗ੍ਰੰਥ ਸਹਿਬ ਜੀ ਵਿੱਚ ਕਿਹੜੇ-ਕਿਹੜੇ ਭਗਤਾਂ ਦੀ ਬਾਣੀ ਦਰਜ ਹੈ, ਕੋਈ ਤਿੰਨ ਨਾਂ ਲਿਖੋ।

ਪ੍ਰ:-1● ਗੁਰੂ ਜੀ ਨੇ ਜਨਤਕ ਭਲਾਈ ਲਈ ਕਿਹੜੇ-ਕਿਹੜੇ ਕੰਮ ਕੀਤੇ?

## ਪਾਠ- 5ਉੱਦਮ ਕਰੀਂ ਜ਼ਰੂਰ (ਬਲਦੇਵ ਧਾਲੀਵਾਲ)

ਪ੍ਰ:-1 'ਉੱਦਮ ਕਰੀਂ ਜ਼ਰੂਰ' ਕਵਿਤਾ ਕਿਸ ਦੁਆਰਾ ਲਿਖੀ ਗਈ ਹੈ ਅਤੇ ਇਸ ਕਵਿਤਾ ਅਨੁਸਾਰ ਉੱਦਮ ਕਿਉਂ ਕਰਨਾ ਚਾਹੀਦਾ ਹੈ?

ਪ੍ਰ:-2 ਇਸ ਕਵਿਤਾ ਦੀਆਂ ਕੋਈ ਵੀ ਚਾਰ ਸਤਰਾਂ ਦੇ ਸਰਲ-ਅਰਥ ਲਿਖੋ?

ਪ੍ਰ:-3 ਉੱਦਮ ਕਰਨ ਨਾਲ ਸਾਨੂੰ ਕੀ ਕੁਝ ਪ੍ਰਾਪਤ ਹੁੰਦਾ ਹੈ?

ਪ੍ਰ:-4 ਉੱਦਮ ਕਰਨ ਲਈ ਸਾਨੂੰ ਕਿਸ-ਕਿਸ ਚੀਜ਼ ਦੀ ਲੋੜ ਹੁੰਦੀ ਹੈ?

ਪ੍ਰ:-5 ਇਸ ਕਵਿਤਾ ਅਨੁਸਾਰ ਮਨ ਦਾ ਮਾਲਿਕ ਨੂੰ ਕੀ ਬਣਾ ਕੇ ਰੱਖਣਾ ਚਾਹੀਦਾ ਹੈ?

## ਪਾਠ- 6 ਦਲੇਰੀ (ਦਰਸ਼ਨ ਸਿੰਘ ਆਸ਼ਕ)

ਪ੍ਰ:-1 ਬਲਜੀਤ ਦਾ ਸੁਭਾਅ ਕਿਹੋ ਜਿਹਾ ਸੀ?

ਪ੍ਰ:-2 ਬਲਜੀਤ ਤੇ ਏਕਮ ਨੂੰ ਕਿਹੜੀ-ਕਿਹੜੀ ਖੇਡ ਦਾ ਸ਼ੌਕ ਸੀ?

ਪ੍ਰ:-3 ਬਲਜੀਤ ਤੇ ਏਕਮ ਟੂਰ ਤੇ ਕਿੱਥੇ ਜਾ ਰਹੇ ਸਨ ਅਤੇ ਕਿਵੇਂ?

ਪ੍ਰ:-4 ਬੱਚਿਆਂ ਨੇ ਚੰਡੀਗੜ੍ਹ ਵਿੱਚ ਕੀ-ਕੀ ਵੇਖਿਆ?

ਪ੍ਰ:-5 ਬਲਜੀਤ ਨੇ ਝੀਲ ਵਿੱਚੋਂ ਬੱਚੇ ਨੂੰ ਕਿਵੇਂ ਬਚਾਇਆ?

ਪ੍ਰ:-6 ਚੰਡੀਗੜ੍ਹ ਜਾਣ ਤੋਂ ਪਹਿਲਾਂ ਬੱਚਿਆਂ ਨਾਲ ਕੀ ਵਾਪਰਿਆ?

ਪ੍ਰ:-7 ਚੰਡੀਗੜ੍ਹ ਸ਼ਹਿਰ ਦਾ ਨਕਸ਼ਾ ਕਿਸਨੇ ਬਣਾਇਆ ਸੀ?

ਪ੍ਰ:-8 ਬੱਚੇ ਦੀ ਮੰਮੀ ਨੇ ਬਲਜੀਤ ਦਾ ਧੰਨਵਾਦ ਕਿਵੇਂ ਕਰਨਾ ਚਾਹਿਆ?

ਪ੍ਰ:-9 ਆਖਰ ਵਿੱਚ ਏਕਮ ਨੇ ਬਲਜੀਤ ਨੂੰ ਕੀ ਕਿਹਾ?

## ਪਾਠ- 7 ਰੂਪਨਗਰ (ਕਰਨੈਲ ਸਿੰਘ ਸੋਮਲ)

ਪ੍ਰ:-1 ਪੰਜਾਬ ਦੇ ਚਾਰੇ ਇਲਾਕੇ ਮਾਝਾ, ਮਾਲਵਾ, ਦੁਆਬਾ ਅਤੇ ਪੁਆਧ ਦੀ ਉਪ ਭਾਸ਼ਾ ਕਿਹੜੀ ਹੈ?

ਪ੍ਰ:-2 ਸਤਲੁਜ ਦਰਿਆ ਵਿੱਚੋਂ ਕਿਹੜੀਆਂ-ਕਿਹੜੀਆਂ ਨਦੀਆਂ ਕੱਢੀਆਂ ਗਈਆਂ ਹਨ?

ਪ੍ਰ:-3 ਰੂਪਨਗਰ ਹੈੱਡ ਵਰਕਸ ਦਾ ਦ੍ਰਿਸ਼ ਕਿਹੋ ਜਿਹਾ ਹੈ?

ਪ੍ਰ:-4 ਰੂਪਨਗਰ ਸ਼ਹਿਰ ਦਾ ਸੰਬੰਧ ਭਾਰਤ ਦੀ ਪੁਰਾਤਨ ਸਭਿਅਤਾ ਨਾਲ ਕਿਵੇਂ ਜੁੜਿਆ ਹੈ?

ਪ੍ਰ:-5 ਅੰਗਰੇਜ਼ਾਂ ਦੀ ਮਹਾਰਾਜਾ ਰਣਜੀਤ ਸਿੰਘ ਨਾਲ ਹੋਈ ਸੰਧੀ ਦਾ ਵਰਣਨ ਕਰੋ?

ਪ੍ਰ:-6 ਰੂਪਨਗਰ ਸ਼ਹਿਰ ਸੜਕਾਂ ਅਤੇ ਰੇਲ ਮਾਰਗਾਂ ਨਾਲ ਕਿਹੜੀਆਂ-ਕਿਹੜੀਆਂ ਥਾਵਾਂ ਨਾਲ ਜੁੜਿਆ ਹੋਇਆ ਹੈ?

ਪ੍ਰ:-7 ਵਿੱਦਿਅਕ ਪੱਖੋਂ ਰੂਪਨਗਰ ਸ਼ਹਿਰ ਨੇ ਕੀ-ਕੀ ਉੱਨਤੀ ਕੀਤੀ ਹੈ?

ਪ੍ਰ:-8 ਰੂਪਨਗਰ ਸ਼ਹਿਰ ਬਾਰੇ ਆਮ ਜਾਣਕਾਰੀ ਦਿਉ।

## ਪਾਠ-8 ਬਾਬਾ ਫਰੀਦ(ਪ੍ਰੋ: ਪਿਆਰਾ ਸਿੰਘ ਪਦਮ)

ਪ੍ਰ:-1 ਬਾਬਾ ਫਰੀਦ ਜੀ ਨੇ ਕਰਾਮਾਤ ਅਤੇ ਮੁਲਾਕਾਤ ਬਾਰੇ ਕੀ ਵਿਚਾਰ ਦਿੱਤੇ ਅਤੇ ਇਹ ਗੱਲ ਕਿਵੇਂ ਸਿੱਧ ਕਰਕੇ ਦਿਖਾਈ?

ਪ੍ਰ:-2 ਫ਼ਰੀਦਾ ਬੁਰੇ ਦਾ ਭਲਾ ਕਰਿ, ਗੁਸਾ ਮਨਿ ਨ ਹੰਢਾਇ।
ਦੇਹੀ ਰੋਗੁ ਨਾ ਲਗਈ, ਪਲੇ ਸਭੁ ਕਿਛੁ ਪਾਇ।।
ਇਨ੍ਹਾਂ ਸਤਰਾਂ ਦੇ ਭਾਵ ਸਪਸ਼ਟ ਕਰੋ।

ਪ੍ਰ:-3 ਇਕੁ ਫਿਕਾ ਨਾ ਗਾਲਾਇ ਸਭਨਾ ਮੈਂ ਸਚਾ ਧਣੀ।।
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ।।
ਇਨ੍ਹਾਂ ਸਤਰਾਂ ਦਾ ਭਾਵ ਸਪੱਸ਼ਟ ਕਰੋ।

ਪ੍ਰ:-4 ਬਾਬਾ ਫਰੀਦ ਜੀ ਦੇ ਵਿਚਾਰਾਂ ਉੱਤੇ ਚਾਨਣਾ ਪਾਉ।

ਪ੍ਰ:-5 ਬਾਬਾ ਫਰੀਦ ਜੀ ਕਿਸ ਤਰ੍ਹਾਂ ਦਾ ਜੀਵਨ ਬਸਰ ਕਰਦੇ ਸਨ।

## ਪਾਠ- 9 ਪੰਜਾਬ(ਧਨੀ ਰਾਮ ਚਾਤ੍ਰਿਕ)

ਪ੍ਰ:-1 ਕਵੀ ਪੰਜਾਬ ਦੀਆਂ ਮੁਟਿਆਰਾਂ ਦੀ ਸਿਫ਼ਤ ਕਿਵੇਂ ਕਰਦਾ ਹੈ?

ਪ੍ਰ:-2 ਕਵਿਤਾ ਦੀਆਂ ਕੋਈ ਵੀ ਚਾਰ ਸਤਰਾਂ ਦੇ ਭਾਵ ਸਪੱਸ਼ਟ ਕਰੋ।

ਪ੍ਰ:-3 ਕਵੀ ਪੰਜਾਬ ਦਾ ਵਰਣਨ ਕਿਵੇਂ ਕਰਦਾ ਹੈ?

ਪ੍ਰ:-4 ਕਵੀ ਪੰਜਾਬ ਵਿੱਚ ਵੱਖ-ਵੱਖ ਧਰਮਾਂ ਬਾਰੇ ਕੀ ਲਿਖਦਾ ਹੈ?

## ਪਾਠ- 10 ਹਰਿਆਵਲ ਦੇ ਬੀਜ (ਕਰਨਲ ਜਸਵੀਰ ਭੁਲਰ)

ਪ੍ਰ:-1 ਫਕੀਰ ਨੇ ਲੋਕਾਂ ਨੂੰ ਕੀ ਸਿੱਖਿਆ ਦਿੱਤੀ ਅਤੇ ਕਿਉਂ?

ਪ੍ਰ:-2 ਲੋਕਾਂ ਵਲੋਂ ਰੁੱਖਾਂ ਦੀ ਅੰਨ੍ਹੇਵਾਹ ਕੀਤੀ ਕਟਾਈ ਦਾ ਕੀ ਨਤੀਜਾ ਹੋਇਆ?

ਪ੍ਰ:-3 ਭੀਖੂ ਨੂੰ ਫ਼ਕੀਰ ਨੇ ਨਵੇਂ ਰੁਖ ਲਾਉਣ ਲਈ ਕਿਵੇਂ ਪ੍ਰੇਰਿਆ?

ਪ੍ਰ:-4 ਤੂਫ਼ਾਨ ਆਉਣ ਨਾਲ ਭੀਖੂ ਤੇ ਉਸਦੇ ਪਰਿਵਾਰ ਨੇ ਕੀ ਵਾਪਰਿਆ?

ਪ੍ਰ:-5 ਰੁੱਖ ਨੇ ਭੀਖੂ ਦਾ ਤੂਫਾਨ ਸਮੇਂ ਕਿਵੇਂ ਸਾਥ ਦਿੱਤਾ?

ਪ੍ਰ:-6 ਆਲਮ ਤੇ ਫਕੀਰ ਅਤੇ ਭੀਖੂ ਵਿਚਕਾਰ ਹੋਈ ਗੱਲਬਾਤ ਦਾ ਕੀ ਅਸਰ ਹੋਇਆ?

## ਪਾਠ- 11 ਪੰਜਾਬੀ ਲੋਕ ਨਾਚ - ਗਿੱਧਾ (ਸੁਖਦੇਵ ਮਾਦਪੁਰੀ)

ਪ੍ਰ:-1 ਗਿੱਧਾ ਕਿਵੇਂ ਪਾਇਆ ਜਾਂਦਾ ਹੈ?

ਪ੍ਰ:-2 ਮੁਟਿਆਰਾਂ ਅਤੇ ਗੱਭਰੂਆਂ ਦੇ ਗਿੱਧੇ ਵਿੱਚ ਕੀ ਅੰਤਰ ਹੈ?

ਪ੍ਰ:-3 ਖੁਸ਼ੀ ਦੇ ਅਵਸਰ ਦਾ ਪ੍ਰਗਟਾਵਾ ਕਿਵੇਂ ਕੀਤਾ ਜਾਂਦਾ ਹੈ?

ਪ੍ਰ:-4 ਕੋਈ ਦੋ-ਤਿੰਨ ਬੋਲੀਆਂ ਲਿਖੋ?

ਪ੍ਰ:-5 ਪੰਜਾਬੀਆਂ ਦੇ ਮੰਨੋਰੰਜਨ ਦੇ ਸਾਧਨਾਂ ਤੇ ਚਾਨਣਾ ਪਾਉ।

## ਪਾਠ- 12 ਪੰਜਾਬ ਦੇ ਸੁਪਨਸਾਜ਼- ਡਾ: ਮਹਿੰਦਰ ਸਿੰਘ ਰੰਧਾਵਾ (ਜਨਕ ਰਾਜ ਸਿੰਘ)

ਪ੍ਰ:-1 ਡਾ. ਰੰਧਾਵਾ ਨੇ ਗੀਤ ਇਕੱਠੇ ਕਰਨ ਲਈ ਆਪਣੀ ਵਿਗਿਆਨਿਕ ਸੋਝੀ ਦੀ ਵਰਤੋਂ ਕਿਵੇਂ ਕੀਤੀ?

ਪ੍ਰ:-2 ਡਾ. ਰੰਧਾਵਾ ਨੇ ਕਿਹੜੀਆਂ-ਕਿਹੜੀਆਂ ਵਿਦਿਅਕ ਯੋਗਤਾਵਾਂ ਹਾਸਿਲ ਕੀਤੀਆਂ?

ਪ੍ਰ:-3 ਡਾ. ਰੰਧਾਵਾ ਨੇ ਖੇਤੀਬਾੜੀ ਦੀ ਉੱਨਤੀ ਲਈ ਕੀ ਯੋਗਦਾਨ ਪਾਇਆ?

ਪ੍ਰ:-4 ਡਾ. ਰੰਧਾਵਾ ਦਾ ਸਭਿਆਚਾਰ ਅਤੇ ਸਾਹਿਤ ਦੇ ਖੇਤਰ ਵਿੱਚ ਕੀ ਯੋਗਦਾਨ ਪਾਇਆ?

ਪ੍ਰ:-5 ਚੰਡੀਗੜ੍ਹ ਦੀ ਸੁੰਦਰਤਾ ਵਿੱਚ ਡਾ: ਰੰਧਾਵਾ ਦਾ ਕੀ ਯੋਗਦਾਨ ਹੈ?

ਪ੍ਰ:-6 ਡਾ. ਰੰਧਾਵਾ ਦਾ ਸੁਭਾਅ ਕਿਹੋ ਜਿਹਾ ਸੀ?

ਪ੍ਰ:-7 ਡਾ. ਰੰਧਾਵਾ ਨੇ ਪੇਂਡੂ ਅਜਾਇਬ ਘਰ ਕਿਉਂ ਬਣਵਾਇਆ?

## ਪਾਠ- 13 ਪਰ ਬੋਲ ਨਾਂ ਸਕਦੇ (ਜੋਗਾ ਸਿੰਘ)

ਪ੍ਰ:-1 ਰੁੱਖਾਂ ਦੇ ਸਾਨੂੰ ਕੀ ਲਾਭ ਹਨ?

ਪ੍ਰ:-2 ਕਵਿਤਾ ਦੀਆਂ ਕੋਈ ਵੀ ਚਾਰ ਸਤਰਾਂ ਦਾ ਭਾਵ ਸਪੱਸ਼ਟ ਕਰੋ।

ਪ੍ਰ:-3 ਰੁੱਖ ਕਿਸੇ ਵਿਅਕਤੀ ਬਾਰੇ ਕਿਵੇਂ ਜਾਣਦੇ ਹਨ?

## ਪਾਠ- 14 ਸਾਂਝੀ ਮਾਂ (ਗੁਲਜ਼ਾਰ ਸਿੰਘ ਸੰਧੂ)

ਪ੍ਰ:-1 ਪੰਜਾਬ ਕੌਰ ਸਵੇਰੇ ਉੱਠਕੇ ਕੀ-ਕੀ ਕਰਦੀ ਹੈ?

ਪ੍ਰ:-2 ਪੰਜਾਬ ਕੌਰ ਰੇਡਿਓ ਤੇ ਕੀ-ਕੀ ਖ਼ਬਰਾਂ ਸੁਣਦੀ ਹੈ?

ਪ੍ਰ:-3 ਸ਼ਹਿਰ ਵਿੱਚ ਬਲੈਕ ਆਉਟ ਬਾਰੇ ਕੀ-ਕੀ ਜਾਣਕਾਰੀ ਦਿੱਤੀ ਜਾਂਦੀ ਹੈ?

ਪ੍ਰ:-4 ਤੋਪਚੀ ਪੰਜਾਬ ਕੌਰ ਨੂੰ ਜੰਗ ਦੀਆਂ ਕੀ ਖ਼ਬਰਾਂ ਦਿੰਦੇ?

ਪ੍ਰ:-5 ਦਰਵਾਜੇ ਅੱਗੇ ਬੰਬ ਫਟਣ ਨਾਲ ਕੀ ਹੋ ਸਕਦਾ ਸੀ?

ਪ੍ਰ:-6 ਖਤਰੇ ਦਾ ਘੁੱਗੂ ਵੱਜਣ 'ਤੇ ਕੀ ਹੋਇਆ?

## ਪਾਠ- 15 ਵਹਿਮ ਭਰਮ (ਗਿ: ਗੁਰਦਿੱਤ ਸਿੰਘ)

ਪ੍ਰ:-1 ਹਫ਼ਤੇ ਦੇ ਸੱਤ ਦਿਨਾਂ ਬਾਰੇ ਕੀ ਕਿਹਾ ਜਾਂਦਾ ਹੈ?

ਪ੍ਰ:-2 ਪਸ਼ੂ ਖਰੀਦਣ ਸਮੇਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?

ਪ੍ਰ:-3 ਬੱਚਿਆਂ ਨੂੰ ਨਜ਼ਰ ਤੋਂ ਬਚਾਉਣ ਲਈ ਕੀ ਕਰਨਾ ਚਾਹੀਦਾ ਹੈ?

ਪ੍ਰ:-4 ਇਸ ਪਾਠ ਵਿੱਚ ਆਏ ਕੋਈ ਤਿੰਨ ਵਹਿਮਾਂ ਬਾਰੇ ਲਿਖੋ?

ਪ੍ਰ:-5 ਪਿੰਡ ਦੇ ਲੋਕਾਂ ਵਿੱਚ ਵਹਿਮਾਂ ਭਰਮਾਂ ਦੀ ਸਮੱਸਿਆ ਕਿਉਂ ਬਣੀ ਰਹਿੰਦੀ ਹੈ?

ਪ੍ਰ:-6 ਸੱਪ ਅਤੇ ਨਿਉਲੇ ਦੀ ਲੜਾਈ ਨੂੰ ਚੰਗਾ ਸ਼ਗਨ ਕਿਉਂ ਮੰਨਿਆ ਜਾਂਦਾ ਹੈ?

ਪ੍ਰ:-7 ਸਾਹਾ ਸੁਧਾਉਣ ਤੋਂ ਪਹਿਲਾਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਿਆ ਜਾਂਦਾ ਹੈ?

## ਪਾਠ- 16 ਰਾਬਿੰਦਰ ਨਾਥ ਟੈਗੋਰ (ਰਵਿੰਦਰ ਕੌਰ)

ਪ੍ਰ:-1 ਰਾਬਿੰਦਰ ਨਾਥ ਟੈਗੋਰ ਦੀਆਂ ਮਸ਼ਹੂਰ ਰਚਨਾਵਾਂ ਦੇ ਨਾਂ ਲਿਖੋ?

ਪ੍ਰ:-2 ਸਾਡਾ ਰਾਸ਼ਟਰੀ ਗੀਤ ਕਿਹੜਾ ਹੈ ਅਤੇ ਇਸਦਾ ਲੇਖਕ ਕੌਣ ਹੈ?

ਪ੍ਰ:-3 ਟੈਗੋਰ ਨੇ ਵਿੱਦਿਆ ਕਦੋਂ ਅਤੇ ਕਿੱਥੋਂ ਪ੍ਰਾਪਤ ਕੀਤੀ?

ਪ੍ਰ:-4 ਟੈਗੋਰ ਆਪਣੇ ਪਿਤਾ ਨਾਲ ਕਿੱਥੇ-ਕਿੱਥੇ ਘੁੰਮਣ ਗਏ ਅਤੇ ਇਸ ਦਾ ਉਨ੍ਹਾਂ ਦੇ ਮਨ ਤੇ ਕੀ ਪ੍ਰਭਾਵ ਪਿਆ?

ਪ੍ਰ:-5 ਜਲਿਆਂ ਵਾਲੇ ਬਾਗ ਦੀ ਘਟਨਾ ਦਾ ਟੈਗੋਰ ਤੇ ਕੀ ਅਸਰ ਹੋਇਆ?

ਪ੍ਰ:-6 ਟੈਗੋਰ ਨੇ ਆਪਣੀਆਂ ਰਚਨਾਵਾਂ ਕਿਸ ਭਾਸ਼ਾ ਵਿੱਚ ਲਿਖੀਆਂ? ਉਨ੍ਹਾਂ ਦੀ ਸਭ ਤੋਂ ਮੁੱਖ ਰਚਨਾ ਕਿਹੜੀ ਹੈ ਅਤੇ ਉਸਨੂੰ ਕਿਹੜਾ ਪੁਰਸਕਾਰ ਮਿਲਿਆ?

ਪ੍ਰ:-7 ਰਾਬਿੰਦਰ ਨਾਥ ਟੈਗੋਰ ਦੀ ਜੀਵਨੀ ਤੇ ਚਾਨਣਾ ਪਾਉ।

## ਪਾਠ- 17 ਗੁਲਾਬ ਦੀ ਫਸਲ (ਹਰਭਜਨ ਸਿੰਘ ਹੁੰਦਲ)

ਪ੍ਰ:-1 ਇਸ ਕਵਿਤਾ ਵਿੱਚ ਆਈਆਂ ਕੋਈ ਵੀ ਚਾਰ ਸਤਰਾਂ ਦਾ ਭਾਵ ਸਪੱਸ਼ਟ ਕਰੋ?

ਪ੍ਰ:-2 ਇਸ ਕਵਿਤਾ ਵਿੱਚ ਆਏ ਸਿੱਖਾਂ ਦੇ ਇਤਿਹਾਸ ਬਾਰੇ ਆਪਣੇ ਵਿਚਾਰ ਵਿਅਕਤ ਕਰੋ?

## ਪਾਠ- 18 ਉਹ ਸੋਚਦੀ (ਡਾ: ਦਲੀਪ ਕੌਰ ਟਿਵਾਣਾ)

ਪ੍ਰ:-1 ਜੀਤੀ ਦੀ ਮਾਂ, ਉਸਦੀ ਦਾਦੀ ਨਾਲ ਕਿਹੋ ਜਿਹਾ ਵਰਤਾਅ ਕਰਦੀ ਸੀ?

ਪ੍ਰ:-2 ਉਹ ਕਿਹੜੀਆਂ ਗੱਲਾਂ ਸਨ, ਜਿਨ੍ਹਾਂ ਕਰਕੇ ਜੀਤੀ ਦਾਦੀ ਨੂੰ ਚੰਗੀ ਲੱਗਦੀ ਸੀ?

ਪ੍ਰ:-3 ਜੀਤੀ ਨੂੰ ਆਪਣੀ ਮਾਂ ਤੇ ਗੁੱਸਾ ਕਿਉਂ ਆਉਂਦਾ ਸੀ?

ਪ੍ਰ:-4 ਜੀਤੀ ਨੇ ਆਪਣੀ ਦਾਦੀ ਦੇ ਕਹਿਣ ਤੇ ਵੀ ਆਪਣੇ ਪਿਤਾ ਜੀ ਨੂੰ ਚਿੱਠੀ ਕਿਉਂ ਨਹੀਂ ਸੀ ਲਿਖੀ?

ਪ੍ਰ:-5 ਜੀਤੀ ਆਪਣੇ ਪਿਤਾ ਜੀ ਨੂੰ ਕੀ ਦੱਸਣਾ ਚਾਹੁੰਦੀ ਸੀ ਅਤੇ ਕਿਉਂ ਨਹੀਂ ਸੀ ਦੱਸ ਸਕੀ?

ਪ੍ਰ:-6 ਜੀਤੀ ਨੂੰ ਆਪਣੀ ਦਾਦੀ ਦੀਆਂ ਕਿਹੜੀਆਂ ਗੱਲਾਂ ਚੰਗੀਆਂ ਨਾ ਲੱਗਦੀਆਂ?

ਪ੍ਰ:-7 ਦਾਦੀ ਦੀ ਮੌਤ ਤੇ ਜੀਤੀ ਕੀ ਸੋਚ ਕੇ ਪਰੇਸ਼ਾਨ ਸੀ?

ਪ੍ਰ:-8 ਕੀ ਤੁਹਾਨੂੰ ਲੱਗਦਾ ਹੈ ਕਿ ਜੀਤੀ ਨੇ ਗਲਤੀ ਕੀਤੀ ਸੀ? ਅਤੇ ਕਿਉਂ?

## ਪਾਠ- 19 ਲੋਹੜੀ (ਡਾ: ਹਰਨੇਕ ਕਲੇਰ)

ਪ੍ਰ:-1 ਲੋਹੜੀ ਕਿਵੇਂ ਮਨਾਈ ਜਾਂਦੀ ਹੈ?

ਪ੍ਰ:-2 ਲੋਹੜੀ ਸਮੇਂ ਕਿਹੜਾ ਗੀਤ ਗਾਇਆ ਜਾਂਦਾ ਹੈ?

ਪ੍ਰ:-3 ਲੋਹੜੀ ਵਾਲੇ ਦਿਨ ਕੀ-ਕੀ ਖਾਣ ਨੂੰ ਬਣਾਇਆ ਜਾਂਦਾ ਹੈ?

ਪ੍ਰ:-4 ਲੋਹੜੀ ਦਾ ਤਿਉਹਾਰ ਕਿਉਂ ਮਨਾਇਆ ਜਾਂਦਾ ਹੈ?

ਪ੍ਰ:-5 ਲੋਹੜੀ ਦੇ ਤਿਉਹਾਰ ਦਾ ਸੰਬੰਧ ਕਿਸਾਨਾਂ ਨਾਲ ਕਿਵੇਂ ਜੁੜਿਆ ਹੋਇਆ ਹੈ?

ਪ੍ਰ:-6 ਪਿੰਡਾਂ ਵਿੱਚ ਲੋਹੜੀ ਕਿਵੇਂ ਮਨਾਈ ਜਾਂਦੀ ਹੈ?

ਪ੍ਰ:-7 ਸ਼ਹਿਰਾਂ ਦੀ ਲੋਹੜੀ, ਪਿੰਡਾਂ ਦੀ ਲੋਹੜੀ ਤੋਂ ਕਿਵੇਂ ਵੱਖ ਹੈ?

ਪ੍ਰ:-8 ਲੋਹੜੀ ਨਾਲ ਸੰਬੰਧਿਤ ਦੁੱਲੇ-ਭੱਟੀ ਦੀ ਕਿਹੜੀ ਕਹਾਣੀ ਹੈ?

ਪ੍ਰ:-9 "ਪੋਹ ਰਿੱਧੀ, ਮਾਘ ਖਾਧੀ" ਤੋਂ ਤੁਹਾਡਾ ਕੀ ਭਾਵ ਹੈ?

ਪ੍ਰ:-10 ਲੋਹੜੀ ਸ਼ਬਦ ਦਾ ਸ਼ਾਬਦਿਕ ਅਰਥ ਕੀ ਹੈ?

## ਪਾਠ- 2● ਹਾਕੀ ਦਾ ਜਾਦੂਗਰ: ਧਿਆਨ ਚੰਦ (ਪ੍ਰੋ: ਸੁਖਜੀਤ ਮਾਨ)

ਪ੍ਰ:-1 ਧਿਆਨ ਚੰਦ ਦੀਆਂ ਪ੍ਰਾਪਤੀਆਂ ਦਾ ਵਰਣਨ ਕਰੋ?

ਪ੍ਰ:-2 ਧਿਆਨ ਚੰਦ ਦੀ ਯਾਦ ਹਰ ਸਾਲ ਕਿਵੇਂ ਮਨਾਈ ਜਾਂਦੀ ਹੈ?

ਪ੍ਰ:-3 ਧਿਆਨ ਚੰਦ ਨੂੰ ਹਾਕੀ ਖੇਡਣ ਦਾ ਸ਼ੌਂਕ ਕਿਵੇਂ ਪੈਦਾ ਹੋਇਆ?

ਪ੍ਰ:-4 ਧਿਆਨ ਚੰਦ ਦੀ ਖੇਡ ਨਾਲ ਕਿਹੜੀ ਕਹਾਣੀ ਜੁੜੀ ਹੋਈ ਹੈ?

ਪ੍ਰ:-5 ਧਿਆਨ ਚੰਦ ਦੀ ਹਾਕੀ ਖੇਡਣ ਦੀ ਤਕਨੀਕ ਦਾ ਵਰਣਨ ਕਰੋ?

ਪ੍ਰ:-6 ਹਾਕੀ ਦੇ ਮੁੱਖ ਕੋਚ ਵਜੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਉਸਨੇ ਕਿਵੇਂ ਨਿਭਾਇਆ?

ਪ੍ਰ:-7 ਧਿਆਨ ਚੰਦ ਦਾ ਬੁੱਤ ਕਿੱਥੇ ਲੱਗਾ ਹੋਇਆ ਹੈ? ਇਸ ਬੁੱਤ ਦੀ ਕੀ ਵਿਸ਼ੇਸ਼ਤਾ ਹੈ?

## ਪਾਠ- 21 ਅੰਮੜੀ ਦਾ ਵਿਹੜਾ (ਅੰਮ੍ਰਿਤਾ ਪ੍ਰੀਤਮ)

ਪ੍ਰ:-1 ਇਸ ਕਵਿਤਾ ਵਿੱਚ ਆਈਆਂ ਕੋਈ ਵੀ ਚਾਰ ਸਤਰਾਂ ਦਾ ਸਰਲ ਅਰਥ ਕਰੋ।

ਪ੍ਰ:-2 ਇਸ ਕਵਿਤਾ ਵਿੱਚ ਬਚਪਨ ਦੀਆਂ ਕਿਹੜੀਆਂ-ਕਿਹੜੀਆਂ ਖੁਸ਼ੀਆਂ ਅਤੇ ਮੌਜਾਂ ਦਾ ਵਰਣਨ ਹੈ?

ਪ੍ਰ:-3 ਇਸ ਕਵਿਤਾ ਵਿੱਚ ਕੁੜੀਆਂ ਦੇ ਪੀਂਘਾਂ ਝੂਟਣ ਅਤੇ ਚਰਖਾ ਕੱਤਣ ਦਾ ਦ੍ਰਿਸ਼ ਵਰਣਨ ਕਰੋ।

ਪ੍ਰ:-4 ਇਸ ਕਵਿਤਾ ਵਿੱਚ ਦਾਦੀ ਦੀਆਂ ਕਹਾਣੀਆਂ ਬਾਰੇ ਆਪਣੇ ਵਿਚਾਰ ਸਾਂਝੇ ਕਰੋ।

ਪ੍ਰ:-5 ਇਸ ਕਵਿਤਾ ਵਿੱਚ ਕਵਿਤਰੀ ਆਪਣੇ ਘਰ ਵਿੱਚ ਮਨਾਈ ਗਈ ਬਾਦਸ਼ਾਹਤ ਬਾਰੇ ਕੀ ਵਿਚਾਰ ਦਿੰਦੀ ਹੈ?

## ਪਾਠ- 22 ਛੱਲੀਆਂ ਦੇ ਰਾਖੇ (ਡਾ: ਗੁਰਮੀਤ ਬੈਦਵਾਨ)

ਪ੍ਰ:-1 ਮਣ੍ਹਾ ਕਿਵੇਂ ਬਣਾਇਆ ਗਿਆ?

ਪ੍ਰ:-2 ਚਾਹ ਪੀਂਦਿਆਂ ਲੇਖਕ ਦੇ ਮਨ ਵਿੱਚ ਕੀ ਖਿਆਲ ਆਇਆ?

ਪ੍ਰ:-3 ਭੁੱਖ ਨਾਲ ਲਾਚਾਰ ਹੋਏ ਕਾਂ ਨਾਲ ਕੀ ਵਾਪਰਿਆ?

ਪ੍ਰ:-4 ਲੇਖਕ ਨੇ ਕਾਂ ਦੀ ਭੁੱਖ ਕਿਵੇਂ ਸ਼ਾਂਤ ਕੀਤੀ?

ਪ੍ਰ:-5 ਝੜੀ ਨੇ ਆਮ ਜਨ-ਜੀਵਨ ਤੇ ਕੀ ਪ੍ਰਭਾਵ ਪਾਇਆ?

ਪ੍ਰ:-6 ਪੰਛੀਆਂ ਨੂੰ ਚੋਗਾ ਕਿਉਂ ਨਹੀਂ ਸੀ ਮਿਲ ਰਿਹਾ?

ਪ੍ਰ:-7 ਛੱਲੀਆਂ ਦੇ ਰਾਖੇ ਕੌਣ ਸਨ? ਉਹ ਫਸਲਾਂ ਦੀ ਰਾਖੀ ਕਿਵੇਂ ਕਰਦੇ ਸਨ?

## ਪਾਠ- 23 ਗਿਆਨ, ਵਿਗਿਆਨ ਤੇ ਮੰਨੋਰੰਜਨ ਦਾ ਅਨੋਖਾ ਸੰਗਮ: ਸਾਇੰਸ-ਸਿਟੀ (ਅਸ਼ਵਨੀ ਕੁਮਾਰ)

ਪ੍ਰ:-1 ਵਰਚੁਅਲ ਰਿਆਲਿਟੀ ਗੈਲਰੀ ਅਤੇ ਵਰਚੁਅਲ ਸੈਂਡ ਪ੍ਰਦਰਸ਼ਨੀ ਤੋਂ ਤੁਹਾਡਾ ਕੀ ਭਾਵ ਹੈ?

ਪ੍ਰ:-2 ਸਾਇੰਸ ਸਿਟੀ ਕਿੱਥੇ ਹੈ ਅਤੇ ਇਸਦਾ ਖੇਤਰਫਲ ਕਿੰਨਾ ਹੈ?

ਪ੍ਰ:-3 ਸਪੇਸ-ਥਿਏਟਰ ਅਤੇ ਆਮ ਸਿਨਮੇਂ ਦੀ ਫਿਲਮ ਵਿੱਚ ਅੰਤਰ ਦੱਸੋ?

ਪ੍ਰ:-4 ਸਿਹਤ ਗੈਲਰੀ ਵਿੱਚ ਕੀ-ਕੀ ਦੇਖਣਯੋਗ ਹੈ?

ਪ੍ਰ:-5 ਊਰਜਾ ਪਾਰਕ ਕੀ ਹੈ?

ਪ੍ਰ:-6 ਡਾਇਨਾਸੋਰ ਪਾਰਕ ਦਾ ਹਾਲ ਵਿਸਥਾਰ ਨਾਲ ਲਿਖੋ?

ਪ੍ਰ:-7 ਜੰਗੀ ਹਥਿਆਰਾਂ ਨਾਲ ਸੰਬੰਧਿਤ ਗੈਲਰੀ ਵਿੱਚ ਕੀ ਰੱਖਿਆ ਗਿਆ ਹੈ?

ਪ੍ਰ:-8 ਸਪੋਰਟਸ ਗੈਲਰੀ ਅਤੇ ਰੇਲਵੇ-ਗੈਲਰੀ ਵਿੱਚ ਕੀ ਅੰਤਰ ਹੈ?

ਪ੍ਰ:-9 ਸੰਗੀਤਕ ਕੁਰਸੀ ਬਾਰੇ ਆਪਣੇ ਵਿਚਾਰ ਦੱਸੋ?

ਪ੍ਰ:-10 ਧਰਤੀ ਦੀ ਸ਼ੁਰੂਆਤ ਨੂੰ ਦਰਸਾਉਂਦਾ 'ਲਾਈਫ਼ ਥਰੂ ਦਾ ਏਜ਼ਿਜ' ਬਾਰੇ ਆਪਣੇ ਵਿਚਾਰ ਸਾਂਝੇ ਕਰੋ।

## ਪਾਠ- 24 ਸ਼ਿਵ ਸਿੰਘ - ਬੁੱਤ ਘਾੜਾ (ਮਲਕੀਤ ਸਿੰਘ 'ਆਰਟੀਸਟ')

ਪ੍ਰ:-1 ਸ਼ਿਵ ਸਿੰਘ ਨੇ ਸਿੱਖਿਆ ਕਿਥੋਂ ਤੇ ਕਦੋਂ ਪ੍ਰਾਪਤ ਕੀਤੀ?

ਪ੍ਰ:-2 ਸ਼ਿਵ ਸਿੰਘ ਦਾ ਬਚਪਨ ਕਿਵੇਂ ਬੀਤਿਆ?

ਪ੍ਰ:-3 ਬੁੱਤ ਤਰਾਸ਼ੀ ਕਰਨ ਵੇਲੇ ਸ਼ਿਵ ਸਿੰਘ ਕੀ ਮਹਿਸੂਸ ਕਰਦਾ ਸੀ?

ਪ੍ਰ:-4 ਸ਼ਿਵ ਸਿੰਘ ਨੂੰ ਕੀ-ਕੀ ਸਨਮਾਨ ਪ੍ਰਾਪਤ ਹੋਏ?

ਪ੍ਰ:-5 ਕਲਾ ਦੀ ਖੋਜ ਸੰਬੰਧੀ ਸ਼ਿਵ ਸਿੰਘ ਨੂੰ ਕਿਹੜੇ ਦੇਸ਼ ਦੀ ਸਰਕਾਰ ਵਲੋਂ ਬੁਲਾਇਆ ਗਿਆ ਅਤੇ ਉੱਥੇ ਆਪ ਨੂੰ ਕਿਹੋ-ਜਿਹਾ ਤਜ਼ਰਬਾ ਹਾਸਲ ਹੋਇਆ?

ਪ੍ਰ:-6 ਸ਼ਿਵ ਸਿੰਘ ਦੀਆਂ ਕਲਾ ਪ੍ਰਦਰਸ਼ਨੀਆਂ ਕਿਹੜੇ-ਕਿਹੜੇ ਦੇਸ਼ਾਂ ਵਿੱਚ ਲੱਗ ਚੁੱਕੀਆਂ ਹਨ?

ਪ੍ਰ:-7 ਪੰਜਾਬ ਅਤੇ ਚੰਡੀਗੜ੍ਹ ਵਿੱਚ ਸ਼ਿਵ ਸਿੰਘ ਦੀ ਕਲਾ ਕਿੱਥੇ ਅਤੇ ਕਿਸ ਰੂਪ ਵਿੱਚ ਦੇਖੀ ਜਾ ਸਕਦੀ ਹੈ?

## ਪਾਠ- 25 ਬਲਿਹਾਰੀ ਕੁਦਰਤ (ਮਨਮੋਹਨ ਸਿੰਘ ਦਾਊਂ)

ਪ੍ਰ:-1 ਇਸ ਕਵਿਤਾ ਦੀਆਂ ਕੋਈ ਚਾਰ ਸਤਰਾਂ ਦਾ ਸਰਲ ਅਰਥ ਲਿਖੋ।

ਪ੍ਰ:-2 ਇਸ ਕਵਿਤਾ ਵਿੱਚ ਕੁਦਰਤ ਦੀਆਂ ਸਿਰਜੀਆਂ ਕਿਹੜੀਆਂ ਕਿਹੜੀਆਂ ਚੀਜ਼ਾਂ ਦਾ ਜ਼ਿਕਰ ਆਇਆ ਹੈ?

ਪ੍ਰ:-3 ਕਵੀ ਨੇ ਕਵਿਤਾ ਵਿੱਚ ਕੁਦਰਤ ਦੀ ਸੁੰਦਰਤਾ ਦਾ ਬਿਆਨ ਕਿਵੇਂ ਕੀਤਾ ਹੈ?

ਪ੍ਰ:-4 ਕਵੀ ਸੂਰਜ ਅਤੇ ਧਰਤੀ ਦੀ ਖ਼ੂਬਸੂਰਤੀ ਦਾ ਵਰਣਨ ਕਿਵੇਂ ਕਰਦਾ ਹੈ?

ਪ੍ਰ:-5 ਸਤਰਾਂ ਪੂਰੀਆਂ ਕਰੋ:

(i) ਕਿਤੇ ਦਰਿਆ ਕਲ-ਕਲ ਵਗਦੇ ਨੇ,

......................................

(ii) ਕਿਤੇ ਨਿਰਮਲ ਝੀਲਾਂ ਪਿਆਰੀਆਂ ਨੇ,

.........................................

## ਪਾਠ- 26 ਭੂਆ(ਨਾਨਕ ਸਿੰਘ)

ਪ੍ਰ:-1 ਲੇਖਕ ਭੂਆ ਦੇ ਪਿੰਡ ਕਿਉਂ ਗਿਆ?

ਪ੍ਰ:-2 ਲੇਖਕ ਨੂੰ ਤੀਹ ਪੈਂਤੀ ਵਰ੍ਹੇ ਪਹਿਲਾਂ ਭੂਆ ਦੀਆਂ ਕਿਹੜੀਆਂ ਗੱਲਾਂ ਯਾਦ ਸਨ?

ਪ੍ਰ:-3 ਭੂਆ ਨੇ ਆਪਣੇ ਭਤੀਜੇ ਲਈ ਮੋਹ ਕਿਵੇਂ ਪ੍ਰਗਟ ਕੀਤਾ?

ਪ੍ਰ:-4 ਇਸ ਕਹਾਣੀ ਵਿੱਚ ਲੇਖਕ ਨੂੰ ਖਾਣ ਪੀਣ ਦੀਆਂ ਚੀਜ਼ਾਂ ਤੋਂ ਇੰਨਾ ਡਰ ਕਿਉਂ ਲਗਦਾ ਹੈ?

ਪ੍ਰ:-5 "ਭਲਾ ਹੋਇਆ ਮੇਰਾ ਚਰਖਾ ਟੁੱਟ ਜਿੰਦ ਅਜਾਬੋਂ ਛੁੱਟੀ" ਕਹਾਵਤ ਦਾ ਕੀ ਅਰਥ ਹੈ?

ਪ੍ਰ:-6 "ਅੱਗੇ ਜਿਠਾਣੀ ਤੇ ਫੁੱਲ ਲੈ ਕੇ ਗਈ ਸੈਂ, ਹੁਣ ਭਾਵੇਂ ਭਤੀਜੇ ਦੇ ਫੁੱਲਾਂ ਦੀ ਵਾਰੀ ਹੈ।" ਇਹ ਗੱਲ ਭਤੀਜੇ ਨੇ ਕਿਉਂ ਸੋਚੀ?

## ਪਾਠ- 27 ਰੱਬ ਦੀ ਪੌੜੀ (ਬਲਵੰਤ ਗਾਰਗੀ)

ਪ੍ਰ:-1 ਲੇਖਕ ਨੇ ਬਿਲਡਿੰਗ ਬਾਰੇ ਕੀ ਆਮ ਜਾਣਕਾਰੀ ਦਿੱਤੀ?

ਪ੍ਰ:-2 ਲੇਖਕ ਨੇ ਨਿਊਯਾਰਕ ਦੇ ਕਰਮਚਾਰੀਆਂ ਦਾ ਵਤੀਰਾ ਕਿਹੋ ਕਿਹਾ ਪਾਇਆ?

ਪ੍ਰ:-3 ਲੇਖਕ ਨੇ ਟੋਕਿਓ ਦੇ ਸਟੋਰ ਕਰਮਚਾਰੀਆਂ ਦੇ ਵਤੀਰੇ ਬਾਰੇ ਕੀ ਲਿਖਿਆ?

ਪ੍ਰ:-4 ਐਮਪਾਇਰ ਸਟੇਟ ਬਿਲਡਿੰਗ ਕਦੋਂ, ਕਿਵੇਂ ਅਤੇ ਕਿੰਨੇ ਸਮੇਂ ਵਿੱਚ ਬਣੀ?

ਪ੍ਰ:-5 ਇਸ ਬਿਲਡਿੰਗ ਦੀ ਵਰਤੋਂ ਕਿਹੜੇ-ਕਿਹੜੇ ਕੰਮਾਂ ਲਈ ਕੀਤੀ ਜਾਂਦੀ ਹੈ?

ਪ੍ਰ:-6 ਲੇਖਕ ਨੇ ਬਿਲਡਿੰਗ ਉੱਤੇ ਚੜ੍ਹ ਕੇ ਕੀ-ਕੀ ਖਾਸ ਦੇਖਿਆ?

ਪ੍ਰ:-7 ਜੁਰਾਬਾਂ ਖਰੀਦਣ ਸਮੇਂ ਲੇਖਕ ਨਾਲ ਕੀ ਵਾਪਰਿਆ?

## ਪਾਠ- 28 ਵੱਡੇ ਭੈਣ ਜੀ (ਗੁਰਚਰਨ ਕੌਰ ਚੱਪੜ ਚਿੜੀ)

ਪ੍ਰ:-1 ਵਿੱਦਿਆ ਆਪਣੀ ਧੀ ਦੇ ਭਵਿੱਖ ਬਾਰੇ ਕੀ ਸੋਚਦੀ ਹੈ ਅਤੇ ਕਿਉਂ?

ਪ੍ਰ:-2 ਵਿੱਦਿਆ ਆਪਣੇ ਵੱਡੇ ਭੈਣ ਜੀ ਨੂੰ ਇਕ ਆਦਰਸ਼ ਅਧਿਆਪਕਾ ਕਿਉਂ ਸਮਝਦੀ ਹੈ?

ਪ੍ਰ:-3 ਵਿੱਦਿਆ ਬੱਚਿਆਂ ਨੂੰ ਕੀ-ਕੀ ਸਿੱਖਿਆ ਦਿੰਦੀ ਹੈ?

ਪ੍ਰ:-4 ਸੋਨੂੰ ਅਨੁਸਾਰ ਲਤਾ ਗੁਆਂਢੀਆਂ ਦੇ ਘਰ ਕੀ ਕਰ ਰਹੀ ਸੀ?

ਪ੍ਰ:-5 ਲਤਾ ਕਿੱਥੇ ਗਈ ਸੀ ਅਤੇ ਕਿਉਂ?

ਪ੍ਰ:-6 ਦੀਨ ਦਿਆਲ ਲੇਟ ਕਿਉਂ ਹੋ ਗਿਆ ਸੀ?

ਪ੍ਰ:-7 ਸੋਨੂੰ ਮੰਮੀ ਨੂੰ ਕਿਹੜਾ ਪਹਾੜਾ ਸੁਣਾਉਂਦਾ ਹੈ ਅਤੇ ਕਿਵੇਂ?

## ਤਿੰਨ ਅੰਕਾਂ ਵਾਲੇ ਹੋਰ ਪ੍ਰਸ਼ਨ

### ਪਾਠ-1 ਜੈ ਭਾਰਤ ਮਾਤਾ

1. ਜੈ ਭਾਰਤ ਮਾਤਾ ਕਵਿਤਾ ਵਿੱਚ ਕਿਹੜੇ ਦੇਸ਼ ਭਗਤਾਂ ਦਾ ਜ਼ਿਕਰ ਆਇਆ ਹੈ?
2. ਜੈ ਭਾਰਤ ਮਾਤਾ ਕਵਿਤਾ ਦਾ ਸਾਰ ਲਿਖੋ।

### ਪਾਠ-2 ਪੇਮੀ ਦੇ ਨਿਆਣੇ

1. ਪੇਮੀ ਦੇ ਨਿਆਣੇ ਕਿਸ ਤੋਂ ਡਰ ਰਹੇ ਸਨ?
2. ਪੇਮੀ ਦੇ ਨਿਆਣੇ ਕਿਵੇਂ ਸਫ਼ਲ ਹੋਏ?

### ਪਾਠ-3 ਛਿੰਝ ਛਰਾਹਾਂ ਦੀ

1. ਛਿੰਝਾਂ ਵਿੱਚ ਪਹਿਲਵਾਨਾਂ ਦੇ ਘੋਲ ਬਾਰੇ ਲਿਖੋ?
2. ਛਿੰਝ ਛਰਾਹਾਂ ਦੀ ਦਾ ਮੇਲਾ ਕਿਹੋ ਜਿਹਾ ਹੁੰਦਾ ਹੈ?

### ਪਾਠ-4 ਸ਼੍ਰੀ ਗੁਰੂ ਅਰਜਨ ਦੇਵ ਜੀ

1. ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਵਿਚਾਰਾਂ ਬਾਰੇ ਦੱਸੋ?
2. ਗੁਰੂ ਜੀ ਨੂੰ ਕੀ-ਕੀ ਤਸੀਹੇ ਦਿੱਤੇ ਗਏ?

### ਪਾਠ-5 ਉੱਦਮ ਕਰੀਂ ਜਰੂਰ

1. ਮਨੁੱਖ ਨੂੰ ਉੱਦਮ ਕਿਉਂ ਕਰਨਾ ਚਾਹੀਦਾ ਹੈ?
2. 'ਉੱਦਮ ਕਰੀਂ ਜਰੂਰ' ਕਵਿਤਾ ਦਾ ਸਾਰ ਲਿਖੋ?

## ਪਾਠ-6 ਦਲੇਰੀ

1. ਬਲਜੀਤ ਦੀ ਬੱਚੇ ਨੂੰ ਬਚਾਉਣ ਵਾਲੀ ਘਟਨਾ ਬਾਰੇ ਲਿਖੋ?
2. ਬਲਜੀਤ ਦਾ ਬੱਚੇ ਦੀ ਮਾਂ ਨੇ ਧੰਨਵਾਦ ਕਿਵੇਂ ਕੀਤਾ?

## ਪਾਠ-7 ਰੂਪਨਗਰ

1. ਰੂਪਨਗਰ ਸ਼ਹਿਰ ਦੀ ਸੁੰਦਰਤਾ ਦਾ ਬਿਆਨ ਲੇਖਕ ਨੇ ਕਿਵੇਂ ਕੀਤਾ ਹੈ?
2. ਰੂਪਨਗਰ ਸ਼ਹਿਰ ਵਿੱਚ ਕੀ-ਕੀ ਦੇਖਣਯੋਗ ਹੈ?

## ਪਾਠ-8 ਬਾਬਾ ਫ਼ਰੀਦ

1. ਬਾਬਾ ਫ਼ਰੀਦ ਦੇ ਉਪਦੇਸ਼ ਕੀ ਸਨ?
2. ਬਾਬਾ ਫ਼ਰੀਦ ਕਰਾਮਾਤ ਤੇ ਮੁਲਾਕਾਤ ਬਾਰੇ ਕੀ ਕਹਿੰਦੇ ਸਨ?

## ਪਾਠ-9 ਪੰਜਾਬ

1. ਪੰਜਾਬ ਕਵਿਤਾ ਵਿੱਚ ਪੰਜਾਬ ਬਾਰੇ ਕੀ ਕਿਹਾ ਗਿਆ ਹੈ?
2. ਪੰਜਾਬ ਕਵਿਤਾ ਦਾ ਸਾਰ ਲਿਖੋ।

## ਪਾਠ-10 ਹਰਿਆਵਲ ਦੇ ਬੀਜ

1. 'ਹਰਿਆਵਲ ਦੇ ਬੀਜ ਮੁੱਕ ਗਏ ਹਨ' ਤੋਂ ਕਹਾਣੀਕਾਰ ਦਾ ਕੀ ਭਾਵ ਹੈ?
2. 'ਰੁੱਖ ਲਗਾਉਣੇ ਚਾਹੀਦੇ ਹਨ' ਇਹ ਫ਼ਕੀਰ ਨੇ ਕਿਵੇਂ ਸਮਝਾਇਆ?

## ਪਾਠ-11 ਪੰਜਾਬੀ ਲੋਕ ਨਾਚ- ਗਿੱਧਾ

1. ਮਰਦਾਂ ਅਤੇ ਔਰਤਾਂ ਦਾ ਗਿੱਧਾ ਕਿਵੇਂ ਅਲਗ ਹੈ?
2. ਪੰਜਾਬੀ ਲੋਕ-ਨਾਚਾਂ ਬਾਰੇ ਜਾਣਕਾਰੀ ਦਿਉ?

## ਪਾਠ–12 ਪੰਜਾਬੀ ਸੁਪਨ ਸਾਜ਼ – ਡਾ: ਮਹਿੰਦਰ ਸਿੰਘ ਰੰਧਾਵਾ

1. ਚੰਡੀਗੜ੍ਹ ਨੂੰ ਡਾ: ਰੰਧਾਵਾ ਨੇ ਕਿਵੇਂ ਸੁੰਦਰ ਬਣਾਇਆ?
2. ਡਾ: ਰੰਧਾਵਾ ਦਾ ਖੇਤੀਬਾੜੀ ਲਈ ਕੀ ਯੋਗਦਾਨ ਹੈ?

## ਪਾਠ–13 ਪਰ ਬੋਲ ਨਾਂ ਸਕਦੇ

1. ਪਰ ਬੋਲ ਨਾਂ ਸਕਦੇ ਕਵਿਤਾ ਵਿੱਚ ਕਵੀ ਰੁੱਖਾਂ ਦੀ ਵਿਚਾਰਧਾਰਾ ਕਿਵੇਂ ਦੱਸਦਾ ਹੈ?
2. 'ਪਰ ਬੋਲ ਨਾਂ ਸਕਦੇ' ਕਵਿਤਾ ਦਾ ਸਾਰ ਲਿਖੋ।

## ਪਾਠ–14 ਸਾਂਝੀ ਮਾਂ

1. ਪੰਜਾਬ ਕੌਰ ਜਵਾਨਾਂ ਨਾਲ ਕਿਹੋ ਜਿਹਾ ਵਿਵਹਾਰ ਕਰਦੀ ਸੀ?
2. ਅੰਤ ਵਿੱਚ ਪੰਜਾਬ ਕੌਰ ਆਪਣੀ ਧੀ ਨੂੰ ਕੀ ਕਹਿੰਦੀ ਹੈ?

## ਪਾਠ–15 ਵਹਿਮ ਭਰਮ

1. ਲੋਕ ਆਮ ਤੌਰ ਤੇ ਕਿਸ ਤਰ੍ਹਾਂ ਦੇ ਵਹਿਮ ਕਰਦੇ ਹਨ?
2. ਅੱਜਕੱਲ ਦੀ ਪੀੜ੍ਹੀ ਦੀ ਵਹਿਮਾਂ ਬਾਰੇ ਕੀ ਸੋਚ ਹੈ?

## ਪਾਠ–16 ਰਬਿੰਦਰ ਨਾਥ ਟੈਗੋਰ

1. ਰਾਸ਼ਟਰੀ ਗੀਤ ਕਿਹੜਾ ਹੈ? ਇਹ ਗੀਤ ਕਿਸਨੇ ਲਿਖਿਆ?
2. ਟੈਗੋਰ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?

## ਪਾਠ–17 ਗੁਲਾਬ ਦੀ ਫ਼ਸਲ

1. ਕਵਿਤਾ ਅਨੁਸਾਰ ਗੁਲਾਬ ਦੀ ਫਸਲ ਕਿੱਥੇ ਮਹਿਕਦੀ ਹੈ?
2. 'ਗੁਲਾਬ ਦੀ ਫਸਲ' ਕਵਿਤਾ ਦਾ ਸਾਰ ਲਿਖੋ।

## ਪਾਠ-18 ਉਹ ਸੋਚਦੀ

1. ਉਹ ਸੋਚਦੀ ਕਹਾਣੀ ਵਿੱਚ ਜੀਤੀ ਕਿਸ ਬਾਰੇ ਸੋਚਦੀ ਹੈ?
2. ਜੀਤੀ ਦਾ ਦਾਦੀ ਨਾਲ ਕਿਹੋ ਜਿਹਾ ਵਰਤਾਉ ਸੀ?

## ਪਾਠ-19 ਲੋਹੜੀ

1. ਲੋਹੜੀ ਦਾ ਤਿਉਹਾਰ ਕਿਵੇਂ ਮਨਾਇਆ ਜਾਂਦਾ ਹੈ?
2. ਲੋਹੜੀ ਦੇ ਤਿਉਹਾਰ ਸਮੇਂ ਕੀ-ਕੀ ਰਸਮਾਂ ਕੀਤੀਆਂ ਜਾਂਦੀਆਂ ਹਨ?

## ਪਾਠ-20 ਹਾਕੀ ਦਾ ਜਾਦੂਗਰ: ਧਿਆਨ ਚੰਦ

1. ਧਿਆਨ ਚੰਦ ਦੇ ਹਾਕੀ ਖੇਡਣ ਦੇ ਆਪਣੇ ਹੀ ਕੀ ਨਿਯਮ ਸਨ?
2. ਧਿਆਨ ਚੰਦ ਹਾਕੀ ਖੇਡਣ ਸਮੇਂ ਕੀ ਧਿਆਨ ਰੱਖਦਾ ਸੀ?

## ਪਾਠ-21 ਅੰਮੜੀ ਦਾ ਵਿਹੜਾ

1. ਕੁੜੀਆਂ ਅੰਮੜੀ ਦਾ ਵਿਹੜਾ ਕਵਿਤਾ ਵਿੱਚ ਕੀ ਯਾਦ ਕਰਦੀਆਂ ਹਨ?
2. 'ਅੰਮੜੀ ਦਾ ਵਿਹੜਾ' ਕਵਿਤਾ ਦਾ ਸਾਰ ਲਿਖੋ।

## ਪਾਠ-22 ਛੱਲੀਆਂ ਦੇ ਰਾਖੇ

1. ਛੱਲੀਆਂ ਦੇ ਰਾਖੇ ਕਹਾਣੀ ਵਿੱਚ ਛੱਲੀਆਂ ਦੇ ਰਾਖੇ ਕੌਣ ਸਨ?
2. ਲੇਖਕ ਨੇ ਕਾਂ ਦੀ ਜਾਨ ਕਿਵੇਂ ਬਚਾਈ?

## ਪਾਠ-23 ਗਿਆਨ, ਵਿਗਿਆਨ ਤੇ ਮੰਨੋਰੰਜਨ ਦਾ ਅਨੋਖਾ ਸੰਗਮ-ਸਾਇੰਸ ਸਿਟੀ

1. ਸਾਇੰਸ ਸਿਟੀ ਵਿੱਚ ਕੀ-ਕੀ ਵੇਖਣਯੋਗ ਹੈ?
2. ਪਣ ਸ਼ਕਤੀ ਕੇਂਦਰ ਊਰਜਾ ਪਾਰਕ ਕੀ ਹੈ?

## ਪਾਠ-24 ਸ਼ਿਵ ਸਿੰਘ ਬੁੱਤ-ਘਾੜਾ

1. ਸ਼ਿਵ ਸਿੰਘ ਨੇ ਟਾਹਲੀ ਦੀ ਲੱਕੜ ਘੜ ਕੇ ਕੀ-ਕੀ ਬਣਾਇਆ?
2. ਸ਼ਿਵ ਸਿੰਘ ਦਾ ਸੁਭਾਅ ਕਿਹੋ ਜਿਹਾ ਸੀ?

## ਪਾਠ-25 ਬਲਿਹਾਰੀ ਕੁਦਰਤ

1. ਕਵੀ ਨੇ ਕੁਦਰਤ ਦੀ ਸੁੰਦਰਤਾ ਦਾ ਵਰਣਨ ਕਿਵੇਂ ਕੀਤਾ ਹੈ?
2. ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ?

## ਪਾਠ-26 ਭੂਆ

1. ਭੂਆ ਦਾ ਸੁਭਾਅ ਕਿਹੋ ਜਿਹਾ ਸੀ?
2. ਭੂਆ ਨੇ ਲੇਖਕ ਦਾ ਸਵਾਗਤ ਕਿਵੇਂ ਕੀਤਾ?

## ਪਾਠ-27 ਰੱਬ ਦੀ ਪੌੜੀ

1. ਨਿਊਯਾਰਕ ਦੀਆਂ ਬਿਲਡਿੰਗਾਂ ਬਾਰੇ ਲੇਖਕ ਕੀ ਕਹਿੰਦਾ ਹੈ?
2. ਜੁਰਾਬਾਂ ਦਾ ਜੋੜਾ ਖਰੀਦਣ ਸਮੇਂ ਲੇਖਕ ਨਾਲ ਕੀ ਵਾਪਰਿਆ?

## ਪਾਠ-28 ਵੱਡੇ ਭੈਣ ਜੀ

1. ਵੱਡੇ ਭੈਣ ਜੀ ਇਕਾਂਗੀ ਵਿੱਚ ਵਿੱਦਿਆ ਦਾ ਸੁਭਾਅ ਕਿਹੋ ਜਿਹਾ ਸੀ?
2. ਵਿੱਦਿਆ ਲਤਾ ਅਤੇ ਸੋਨੂੰ ਨੂੰ ਕੀ ਸਮਝਾਉਂਦੀ ਹੈ?

## ਪ੍ਰਸ਼ਨः-5 ਕਵਿਤਾ ਦੀਆਂ ਹੇਠ ਲਿਖੀਆਂ ਸਤਰਾਂ ਪੜ੍ਹ ਕੇ ਥੱਲੇ ਦਿੱਤੇ ਪ੍ਰਸ਼ਨ ਦਾ ਉੱਤਰ ਦਿਓ:-

## ਪਾਠ-1 ਜੈ ਭਾਰਤ ਮਾਤਾ

1. ਚੰਡੀ ਬਣ ਕੇ ਰਣ ਵਿੱਚ ਜੂਝੀ,

   ਤੇਰੀ ਝਾਂਸੀ ਰਾਣੀ

   ਪ੍ਰਸ਼ਨः- ਚੰਡੀ ਬਣ ਕੇ ਯੁੱਧ ਦੇ ਮੈਦਾਨ ਵਿੱਚ ਕੌਣ ਲੜੀ?

2. ਲਹੂਆਂ ਦੇ ਸੰਗ ਲਿਖੀ ਗਈ ਹੈ,

   ਅਣਖ ਤੇਰੀ ਦੀ ਲੰਮੀ ਗਾਥਾ

   ਪ੍ਰਸ਼ਨः- ਲਹੂਆਂ ਨਾਲ ਕਿਸਦੀ ਗਾਥਾ ਲਿਖੀ ਗਈ ਹੈ?

3. ਡੁੱਲ੍ਹੇ ਖ਼ੂਨ ਦਾ ਬਦਲਾ ਉਸਨੇ,

   ਤੋਲ ਲਿਆ ਵਿੱਚ ਛਾਬੇ

   ਪ੍ਰਸ਼ਨः- ਡੁੱਲੇ ਖ਼ੂਨ ਦਾ ਬਦਲਾ ਕਿਸਨੇ ਲਿਆ?

4. ਤੇਰੇ ਦੁੱਖਾਂ ਦੀ ਬਾਤ ਸੁਣਾਂਦੇ,

   ਰਾਜਪੂਤਾਨੀ ਖੰਡਰ

   ਪ੍ਰਸ਼ਨः- ਭਾਰਤ ਮਾਤਾ ਦੇ ਦੁੱਖਾਂ ਦੀ ਕਹਾਣੀ ਕੌਣ ਦੱਸਦੇ ਹਨ?

5. ਜਲ੍ਹਿਆਂ ਵਾਲੇ ਬਾਗ ਤੇਰੇ ਦੀ,

   ਅੱਜ ਵੀ ਅਮਰ ਕਹਾਣੀ

   ਪ੍ਰਸ਼ਨः- ਕਿਸ ਇਤਿਹਾਸਿਕ ਥਾਂ ਦੀ ਅੱਜ ਵੀ ਕਹਾਣੀ ਅਮਰ ਹੈ?

## ਪਾਠ- 5 ਉੱਦਮ ਕਰੀਂ ਜਰੂਰ

1. ਬਿਨ ਉੱਦਮ ਹੱਕ ਸੱਖਣੇ ਰਹਿਸਣ

   ਉੱਦਮ ਥੀਂ ਭਰਪੂਰ

   ਪ੍ਰਸ਼ਨ:- ਮਿਹਨਤ ਕੀਤੇ ਬਿਨ੍ਹਾਂ ਹੱਥ ਕੀ ਰਹਿ ਜਾਂਦੇ ਹਨ?

2. ਜੇ ਚਾਹੇਂ ਪੁੱਜਣਾ ਮੰਜ਼ਲ ’ਤੇ,

   ਵਗੀਂ ਜਿਵੇਂ ਦਰਿਆ।

   ਪ੍ਰਸ਼ਨ:- ਮੰਜ਼ਿਲ ਤੇ ਪਹੁੰਚਣ ਲਈ ਕੀ ਕਰਨਾ ਚਾਹੀਦਾ ਹੈ?

3. ਜ਼ਿੰਦਗੀ ਜਾਣੀਂ ਘੋਲ ਲੰਮੇਰਾ,

   ਜਿੱਤ ਵਿੱਚ ਰੱਖ ਵਿਸ਼ਵਾਸ

   ਪ੍ਰਸ਼ਨ:- ਮਨੁੱਖ ਨੂੰ ਜਿੱਤ ਵਿੱਚ ਕੀ ਰੱਖਣਾ ਚਾਹੀਦਾ ਹੈ?

4. ਤੇਰੇ ਖਿੜਨ ਤੋਂ ਜਗ ਨੇ ਖਿੜਨਾ,

   ਮੁਰਝਾਇਆ, ਮੁਰਝਾਵੇ।

   ਪ੍ਰਸ਼ਨ:- ਮਨੁੱਖ ਦੇ ਖੁਸ਼ ਹੋਣ ਨਾਲ ਕੌਣ ਖੁਸ਼ੀ ਮਹਿਸੂਸ ਕਰਦਾ ਹੈ?

5. ਸਿਦਕ, ਲਗਨ ਦੇ ਤਕੜੇ ਖੰਭੀਂ,

   ਉੱਡਣਾ ਉੱਚ-ਅਸਮਾਨੀਂ।

   ਪ੍ਰਸ਼ਨ:- ਮਨੁੱਖ ਨੂੰ ਕਿਸਦੇ ਖੰਭ ਲਗਾ ਕੇ ਉੱਚੇ ਅਸਮਾਨਾਂ ਤੇ ਉੱਡਣਾ ਚਾਹੀਦਾਹੈ?

6. ਥਲ, ਸਾਗਰ ਵੀ ਰੋਕ ਸਕਣ ਨਾਂ,

   ਤੇਰੀ ਸਹਿਜ ਰਵਾਨੀ।

   ਪ੍ਰਸ਼ਨ:- ਤੇਰੀ ਸੁਭਾਵਿਕ ਚਾਲ ਨੂੰ ਕੌਣ ਨਾਂ ਰੋਕ ਸਕੇ?

## ਪਾਠ- 9 ਪੰਜਾਬ

1. ਭਾਰਤ ਦੇ ਸਿਰ ਤੇ ਛਤ੍ਰ ਤੇਰਾ,

   ਤੇਰੇ ਸਿਰ ਛਤ੍ਰ ਹਿਮਾਲਾ ਦਾ।

   ਪ੍ਰਸ਼ਨ:- ਭਾਰਤ ਦੇ ਸਿਰ ਤੇ ਕਿਸ ਦਾ ਛਤ੍ਰ ਹੈ?

2. ਕੋਈ ਤੁੰਬਦੀ ਹੈ, ਕੋਈ ਕੱਤਦੀ ਹੈ,

   ਕੋਈ ਪੀਂਹਦੀ ਹੈ, ਕੋਈ ਛੜਦੀ ਹੈ

ਪ੍ਰਸ਼ਨਃ- ਮੁਟਿਆਰਾਂ ਕੀ-ਕੀ ਕਰਦੀਆਂ ਹਨ?

3. ਤੇਰੀ ਮਾਖਿਉਂ ਮਿੱਠੀ ਬੋਲੀ ਦੀ,

ਜੀ ਕਰਦਿਆਂ ਸਿਫਤ ਨਾਂ ਰੱਜਦਾ ਹੈ।

ਪ੍ਰਸ਼ਨਃ- ਕਵੀ ਕਿਸ ਦੀ ਸਿਫ਼ਤ ਕਰਦਾ ਹੋਇਆ ਰੱਜਦਾ ਨਹੀਂ ਹੈ?

4. ਦੁਨੀਆਂ ਸਾਰੀ ਭੀ ਸੋਹਣੀ ਹੈ,

ਪਰ ਤੇਰਾ ਰੰਗ ਨਿਆਰਾ ਹੈ।

ਪ੍ਰਸ਼ਨਃ- ਕਵੀ ਇਨ੍ਹਾਂ ਸਤਰਾਂ ਵਿੱਚ ਕਿਸਦੀ ਪ੍ਰਸ਼ੰਸਾ ਕਰ ਰਿਹਾ ਹੈ?

5. ਤੇਰੀ ਗੋਦੀ ਵਿੱਚ ਬਹਿੰਦਿਆਂ ਹੀ,

ਦੁਨੀਆਂ ਦੀ ਚਿੰਤਾ ਨੱਸਦੀ ਹੈ।

ਪ੍ਰਸ਼ਨਃ- ਕਿਸਦੀ ਗੋਦ ਵਿੱਚ ਬੈਠਦਿਆਂ ਚਿੰਤਾ ਖਤਮ ਹੁੰਦੀ ਹੈ?

## ਪਾਠ- 13 ਪਰ ਬੋਲ ਨਾ ਸਕਦੇ

1. ਇਹ ਭਲੀ ਭਾਂਤ ਪਹਿਚਾਣਦੇ,

ਪਰ ਬੋਲ ਨਾ ਸਕਦੇ।

ਪ੍ਰਸ਼ਨਃ- ਇਸ ਕਵਿਤਾ ਵਿੱਚ ਕੌਣ ਬੋਲ ਨਹੀਂ ਸਕਦਾ?

2. ਬੰਦਾ ਛਾਂਵੇ ਬੈਠਣ ਆਵੇ,

ਇਹਨਾਂ ਨੂੰ ਹੀ ਛਾਂਗੀ ਜਾਵੇ।

ਪ੍ਰਸ਼ਨਃ- ਵਿਅਕਤੀ ਕਿਸਦੀ ਛਾਵੇਂ ਆ ਕੇ ਬੈਠਦੇ ਹਨ?

3. ਇਨ੍ਹਾਂ ਧੁਰੋਂ ਫਕੀਰੀ ਪਾਈ,

ਅੰਤਾਂ ਦੀ ਦਿਲਗੀਰੀ ਪਾਈ।

ਪ੍ਰਸ਼ਨਃ- ਰੁੱਖਾਂ ਨੇ ਧੁਰੋਂ ਕੀ ਪਾਇਆ ਹੋਇਆ ਹੈ?

4. ਬੰਦੇ ਦੀ ਹੋਣੀ ਨੂੰ ਜਾਣਨ,

ਉਸਦੀ ਹਰ ਇੱਕ ਨਬਜ਼ ਪਛਾਣਨ

ਪ੍ਰਸ਼ਨਃ- ਰੁੱਖ ਕਿਸਦੀ ਹੋਣੀ ਨੂੰ ਜਾਣਦੇ ਹਨ?

5. ਇਹ ਉਹਨਾਂ ਨੂੰ ਮੇਵੇ ਦੇਵਣ,

ਬਿਨਾਂ 'ਹਸਾਨ ਜਤਾਣ ਦੇ।

ਪ੍ਰਸ਼ਨ:- ਰੁੱਖ ਬਿਨਾਂ ਅਹਿਸਾਨ ਦੇ ਕਿਸਨੂੰ ਮੇਵੇ ਦਿੰਦੇ ਹਨ?

## ਪਾਠ- 17 ਗੁਲਾਬ ਦੀ ਫਸਲ

1. ਜਾ ਕੇ ਪੁੱਛ ਲਓ ਕੰਧ ਸਰਹਿੰਦ ਦੀ ਨੂੰ

ਬਾਲ ਚਿਣੇ ਹੋਏ ਕਿੱਦਾਂ ਹੱਸਦੇ ਨੇ

ਪ੍ਰਸ਼ਨ:- ਇਨ੍ਹਾਂ ਸਤਰਾਂ ਵਿੱਚ ਕਿਹੜੇ ਬੱਚਿਆਂ ਦੀ ਗੱਲ ਕੀਤੀ ਗਈ ਹੈ?

2. ਬੰਦ ਬੰਦ ਵੀ ਕੱਟ ਕੇ ਵੇਖ ਚੁੱਕੇ,

ਫੁੱਲ ਮਹਿਕਣੋ ਜ਼ਰਾ ਨਾ ਬੰਦ ਹੋਏ।

ਪ੍ਰਸ਼ਨ:- ਮੁਗਲਾਂ ਨੇ ਕਿਸਦੇ ਬੰਦ ਬੰਦ ਕੱਟ ਦਿੱਤੇ?

3. ਜਿੱਥੇ-ਜਿੱਥੇ ਸ਼ਹੀਦਾਂ ਦੀ ਰੱਤ ਡੁੱਲ੍ਹੇ,

ਓਥੇ ਫਸਲ ਗੁਲਾਬ ਦੀ ਮਹਿਕਦੀ ਹੈ।

ਪ੍ਰਸ਼ਨ:- ਗੁਲਾਬ ਦੀ ਫਸਲ ਕਿੱਥੇ ਮਹਿਕਦੀ ਹੈ?

4. ਮੀਰ ਮਨੂੰ ਨੇ ਵਾਢੀਆਂ ਲੱਖ ਪਾਈਆਂ,

ਅਸੀਂ ਫੇਰ ਵੀ ਖਿੜੇ ਗੁਲਜ਼ਾਰ ਵਾਂਗੂੰ।

ਪ੍ਰਸ਼ਨ:- ਕਿਸਨੇ ਲੋਕਾਂ ਨੂੰ ਫਸਲਾਂ ਵਾਂਗ ਵੱਢ ਦਿੱਤਾ?

5. ਜਦੋਂ ਅੰਬਾਂ ਨੂੰ ਲੱਗਿਆ ਬੂਰ ਹੋਵੇ,

ਕੋਇਲ ਆਣ ਕੇ ਓਸ ਥਾਂ ਚਹਿਕਦੀ ਹੈ।

ਪ੍ਰਸ਼ਨ:- ਜਦੋਂ ਅੰਬਾਂ ਤੇ ਬੂਰ ਲੱਗਿਆ ਹੋਵੇ ਤਾਂ ਉੱਥੇ ਕੌਣ ਆ ਕੇ ਚਹਿਕਦੀ ਹੈ?

## ਪਾਠ- 21 ਅੰਮੜੀ ਦਾ ਵਿਹੜਾ

1. ਜਿੱਥੇ ਸੁਪਨੇ ਕਈ ਬਣਾਏ ਸੀ,

ਅੱਜ ਆਪੂੰ ਸੁਪਨਾ ਬਣ ਗਿਆ।

ਪ੍ਰਸ਼ਨ:- ਇਨਾਂ ਸਤਰਾਂ ਵਿੱਚ ਕਿਸ ਬਾਰੇ ਗੱਲ ਕੀਤੀ ਗਈ ਹੈ?

2. ਜਿੱਥੇ ਖੇਹਨੂੰ ਗੀਟੇ ਖੇਡ-ਖੇਡ,

ਬੇ-ਫ਼ਿਕਰੀ ਚਾਦਰ ਤਾਣੀ ਸੀ।

ਪ੍ਰਸ਼ਨ:- ਇਨਾਂ ਸਤਰਾਂ ਵਿੱਚ ਕੀ ਖੇਡ ਹੋਏ ਲੇਖਿਕਾ ਬੇਫਿਕਰ ਹੁੰਦੀ ਸੀ?

3. ਥੋੜਾ ਜਿਹਾ ਰੁੱਸ ਕੇ ਤੇ, ਥੋੜ੍ਹਾ ਜਿਹਾ ਹੱਸ ਕੇ ਤੇ,

ਉਸ ਬਾਤ ਸੁਣਾਉਣੀ ਨੀ, ਕੋਈ ਕਹਾਣੀ ਪਾਉਣੀ ਨੀ।

ਪ੍ਰਸ਼ਨ:- ਲੇਖਿਕਾ ਕਿਸ ਤੋਂ ਰੁੱਸਣ ਦੀ ਗੱਲ ਕਰਦੀ ਹੈ?

4. ਅਸਾਂ ਸਾਉਣ ਹੁਲਾਰਿਓਂ ਝੂਮ ਝੂਮ,

ਮੋਰਾਂ ਨਾਲ ਸ਼ਰਤ ਲਗਾਣੀ ਨੀ,

ਪ੍ਰਸ਼ਨ:- ਲੇਖਿਕਾ ਸਾਉਣ ਦੇ ਹੁਲਾਰਿਆਂ ਨਾਲ ਝੂਮ ਕੇ ਕਿਸ ਨਾਲ ਸ਼ਰਤ ਲਗਾਉਂਦੀ ਹੈ?

5. ਤੇ ਪੀਂਘ ਹੁਲਾਰੇ ਚਾੜ੍ਹ-ਚਾੜ੍ਹ,

ਅਸਮਾਨਾਂ ਨਾਲ ਛੁਹਾਣੀ ਨੀ।

ਪ੍ਰਸ਼ਨ:- ਲੇਖਿਕਾ ਕਿਸ ਤੇ ਚੜ੍ਹ ਕੇ ਅਸਮਾਨ ਨੂੰ ਛੂੰਹਦੀ ਹੈ?

## ਪਾਠ- 25 ਬਲਿਹਾਰੀ ਕੁਦਰਤ

1. ਪੂਰਬ ਹੈ ਜਾਂ ਪੱਛਮ ਹੈ,

ਉੱਤਰ ਹੈ ਜਾਂ ਦੱਖਣ ਹੈ

ਪ੍ਰਸ਼ਨ:- ਇਨਾਂ ਸਤਰਾਂ ਵਿੱਚ ਕਿਹੜੀਆਂ-ਕਿਹੜੀਆਂ ਦਿਸ਼ਾਵਾਂ ਦਾ ਵਰਣਨ ਹੈ?

2. ਕਿਤੇ ਚੜ੍ਹਦਾ ਹੈ, ਕਿਤੇ ਛੁਪਦਾ ਹੈ,

ਧਰਤੀ ਦਾ ਖ਼ੰਡ ਕੋਈ ਲੁਕਦਾ ਹੈ।

ਪ੍ਰਸ਼ਨ:- ਇਨਾਂ ਸਤਰਾਂ ਵਿੱਚ ਕੌਣ ਚੜ੍ਹਦਾ ਅਤੇ ਛਿਪਦਾ ਹੈ?

3. ਕਿਤੇ ਹਰਾ ਹਰਾ ਘਾਹ ਹੱਸਦਾ ਹੈ,

ਲੱਗੇ ਸਵਰਗ ਧਰਤ 'ਤੇ ਵੱਸਦਾ ਹੈ।

ਪ੍ਰਸ਼ਨ:- ਧਰਤੀ ਤੇ ਸਵਰਗ ਵੱਸਦਾ ਕਿਉਂ ਲੱਗਦਾ ਹੈ?

4. ਕਿਤੇ ਪਰਬਤ ਅੰਬਰ ਚੁੰਮਦੇ ਨੇ,

ਕਿਤੇ ਜੀਵ ਸਾਗਰੀਂ ਘੁੰਮਦੇ ਨੇ

ਪ੍ਰਸ਼ਨ:- ਇਨਾਂ ਸਤਰਾਂ ਵਿੱਚ ਪਰਬਤ ਅਤੇ ਜੀਵ ਕੀ ਕਰਦੇ ਹਨ?

5. ਕਿਤੇ ਨਿਰਮਲ ਝੀਲਾਂ ਪਿਆਰੀਆਂ ਨੇ,

ਕਿਤੇ ਫੁੱਲਾਂ ਸਜੀਆਂ ਕਿਆਰੀਆਂ ਨੇ।

ਪ੍ਰਸ਼ਨ:- ਕਵੀ ਇਨ੍ਹਾਂ ਸਤਰਾਂ ਵਿੱਚ ਕਿਸਦੀ ਸਿਫ਼ਤ ਕਰਦਾ ਹੈ?

## ਜਮਾਤ - ਅੱਠਵੀਂ

**ਨੋਟ:-**

- ਵਿਦਿਆਰਥੀ ਪੰਜਾਬੀ ਦੀ ਪਾਠ-ਪੁਸਤਕ ਵਿੱਚ ਆਏ **ਵਾਕ ਅਤੇ ਮੁਹਾਵਰੇ** ਚੰਗੀ ਤਰ੍ਹਾਂ ਯਾਦ ਕਰਨਗੇ
- ਵਿਦਿਆਰਥੀ ਸਿਲੇਬਸ ਵਿੱਚ ਆਏ ਸਾਰੇ **ਲੇਖ ਪੱਤਰ/ ਬਿਨੈ-ਪੱਤਰ** ਦਾ ਚੰਗੀ ਤਰ੍ਹਾਂ ਅਧਿਐਨ ਕਰਨਗੇ।
- ਵਿਦਿਆਰਥੀ **ਵਿਰੋਧੀ ਸ਼ਬਦ, ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ, ਕਿਰਿਆ-ਵਿਸ਼ੇਸ਼ਣ, ਸਬੰਧੰਕ, ਯੋਜਕ, ਵਿਸਮਿਕ** ਆਦਿ ਦਾ ਵਿਆਕਰਨ ਦੀ ਕਿਤਾਬ ਵਿੱਚੋਂ ਚੰਗੀ ਤਰ੍ਹਾਂ ਦੁਹਰਾਈ ਕਰਨਗੇ।
- ਵਿਦਿਆਰਥੀ **ਲਿੰਗ ਬਦਲੋ** ਅਤੇ **ਵਚਨ ਬਦਲੋ** ਦੀ ਚੰਗੀ ਤਰ੍ਹਾਂ ਦੁਹਰਾਈ ਕਰਨਗੇ। ਕੁਝ ਲਿੰਗ ਬਦਲੋ ਅਤੇ ਵਚਨ ਬਦਲੋ ਅੱਗੇ ਦਿੱਤੇ ਗਏ ਹਨ:-

**ਪ੍ਰਸ਼ਨ:- 9 ਲਿੰਗ ਬਦਲੋ:-**

1. ਮੇਰੀ ਭੈਣ ਪਿੰਡ ਵੱਲ ਵੇਖ ਰਹੀ ਸੀ।
2. ਗਭਰੂ ਟੋਲੀਆਂ ਬਣਾ ਕੇ ਘੁੰਮਦੇ ਆਮ ਦਿਖਾਈ ਦਿੰਦੇ ਹਨ।
3. ਸ਼ੇਰ ਜੰਗਲ ਵਿੱਚ ਘੁੰਮ ਰਿਹਾ ਹੈ।
4. ਬਕਰਾ ਅਤੇ ਹਿਰਨ ਘਾਹ ਖਾ ਰਹੇ ਹਨ।
5. ਬੱਚਾ ਗੇਂਦ ਨਾਲ ਖੇਡ ਰਿਹਾ ਹੈ।
6. ਮਾਲੀ ਕਿਆਰੀ ਪੁੱਟਦਾ ਹੈ।
7. ਉਹ ਪੰਜਾਬੀ ਦਾ ਪ੍ਰਸਿੱਧ ਲੇਖਕ ਹੈ।

8. ਬੱਦਲ ਵਰ੍ਹ ਕੇ ਚਲਾ ਗਿਆ।
9. ਕਾਲੀ ਘੋੜੀ ਦੌੜਦੀ ਹੈ।
10. ਅਧਿਆਪਕਾ ਪਾਠ ਪੜ੍ਹਾਉਂਦੀ ਹੈ।
11. ਮੇਰਾ ਦਿਉਰ ਅੱਜ ਸ਼ਹਿਰ ਗਿਆ ਹੈ।
12. ਝੀਉਰੀ ਦਾਣੇ ਭੁੰਨ ਰਹੀ ਹੈ।
13. ਬਿੱਲਾ ਦੁੱਧ ਪੀ ਰਿਹਾ ਹੈ।
14. ਮੁੰਡੇ ਖੇਡ ਰਹੇ ਹਨ।
15. ਰਾਜੇ ਕੋਲ ਦੋ ਨੌਕਰ, ਚਾਰ ਹਾਥੀ ਤੇ ਤਿੰਨ ਘੋੜੇ ਸਨ।
16. ਰੁੱਖ ਉੱਤੇ ਉੱਲੂ ਤੇ ਕਾਂ ਬੈਠੇ ਸੀ।
17. ਕੁੜੀ ਘੋੜੇ ਨੂੰ ਭਜਾਈ ਲੈ ਜਾ ਰਹੀ ਹੈ।
18. ਸ਼ੇਰ ਲੂੰਬੜੀ ਦਾ ਮਾਮਾ ਬਣ ਗਿਆ।
19. ਬੱਕਰੀ ਨੇ ਚੂਹੇ ਨੂੰ ਪੈਰ ਹੇਠ ਲੈ ਲਿਆ।
20. ਮੋਰ ਨੇ ਕਿਰਲੀ ਖਾ ਲਈ।
21. ਦਰਜੀ ਨੇ ਇੱਕ ਕੁੜਤਾ ਬਣਾਇਆ।
22. ਰਾਜੇ ਨੇ ਸੇਵਕ ਨੂੰ ਵਰਦੀ ਦਿੱਤੀ।
23. ਭਿਖਾਰੀ ਨੇ ਅਸ਼ੀਰਵਾਦ ਦਿੱਤਾ।
24. ਮੈਂ ਆਪਣੀ ਸੱਸ ਨਾਲ ਬਜ਼ਾਰ ਗਈ।
25. ਨੂੰਹ ਨੇ ਸੱਸ ਕੁੱਟੀ।
26. ਕਾਲਾ ਘੋੜਾ ਦੌੜਦਾ ਹੈ।
27. ਮਦਾਰੀ ਨੇ ਡੁਗਡੁਗੀ ਵਜਾਈ।

**ਪ੍ਰਸ਼ਨ:- 10 ਵਚਨ ਬਦਲੋ:**

1. ਮੈਂ ਉਸਦੀ ਕਿਤਾਬ ਲੈ ਕੇ ਪੜ੍ਹੀ।
2. ਉਸਨੇ ਮੈਨੂੰ ਧੋਖਾ ਦਿੱਤਾ।
3. ਮੱਝ ਤੇ ਗਾਂ ਖੇਤ ਵਿੱਚ ਘਾਹ ਚਰ ਰਹੀ ਸੀ।
4. ਕਾਲਾ ਘੋੜਾ ਦੌੜਦਾ ਹੈ।
5. ਘੋੜਾ ਭੱਜਿਆ ਜਾ ਰਿਹਾ ਹੈ।
6. ਕੁੜੀਆਂ ਪੀਂਘਾਂ ਝੂਟ ਰਹੀਆਂ ਹਨ।
7. ਇਹ ਕਹਾਣੀ ਬੜੀ ਲੰਬੀ ਹੈ।
8. ਮੁੰਡਾ ਪਤੰਗ ਉਡਾ ਰਿਹਾ ਹੈ।
9. ਕੁੜੀ ਕਵਿਤਾ ਪੜ੍ਹ ਰਹੀ ਹੈ।

10. ਮਦਾਰੀ ਨੇ ਡੁਗਡੁਗੀ ਵਜਾਈ।
11. ਚਿੜੀਆਂ ਚੀਂ-ਚੀਂ ਕਰਦੀਆਂ ਹਨ।
12. ਉਹ ਆਪਣੇ ਪਿਤਾ ਜੀ ਦੀ ਆਗਿਆ ਦਾ ਪਾਲਣ ਕਰਦਾ ਹੈ।
13. ਮਦਾਰੀ ਬਾਂਦਰ ਨੂੰ ਨਚਾ ਰਿਹਾ ਸੀ।
14. ਚਿੱਟਾ ਕੁੱਤਾ ਤੇਜ਼ ਦੌੜੇਗਾ।
15. ਗਭਰੂ ਭੰਗੜਾ ਪਾ ਰਿਹਾ ਹੈ।
16. ਗਵਾਲਾ ਮੱਝ ਚਾਰ ਰਿਹਾ ਹੈ।
17. ਮੇਲੇ ਵਿੱਚ ਮਦਾਰੀ ਤਮਾਸ਼ਾ ਦਿਖਾ ਰਿਹਾ ਹੈ।
18. ਛੋਟੀਆਂ ਕੁੜੀਆਂ ਖੇਡਦੀਆਂ ਹਨ।
19. ਮਾਲਣ ਬੂਟੇ ਨੂੰ ਪਾਣੀ ਦੇ ਰਹੀ ਹੈ।
20. ਬੱਦਲ ਵਰ੍ਹ ਕੇ ਚਲਾ ਗਿਆ।
21. ਨੂੰਹ ਨੇ ਸੱਸ ਕੁੱਟੀ।
22. ਮੋਰ ਨੇ ਕਿਰਲੀ ਖਾ ਲਈ।
23. ਮੁੰਡੇ ਖੇਡ ਰਹੇ ਹਨ।
24. ਬਿੱਲਾ ਦੁੱਧ ਪੀ ਰਿਹਾ ਹੈ।
25. ਮਾਲੀ ਕਿਆਰੀ ਪੁੱਟਦਾ ਹੈ।

# ਜਮਾਤ – ਨੌਵੀਂ ਪੇਪਰ: –ਏ

## ਪੇਪਰ – ਪੈਟਰਨ

**ਸਮਾਂ– 3 ਘੰਟੇ** **ਕੁੱਲ ਅੰਕ– 75**

ਪ੍ਰਸ਼ਨ:–1 ਛੋਟੇ ਉੱਤਰਾਂ ਵਾਲੇ 10 ਪ੍ਰਸ਼ਨ (ਪਾਠ–ਪੁਸਤਕ ਤੇ ਅਧਾਰਿਤ) = 10 ਅੰਕ

ਪ੍ਰਸ਼ਨ:–2 ਪ੍ਰਸੰਗ ਸਾਹਿਤ ਵਿਆਖਿਆ (ਦੋ ਪੈਰ੍ਹੇ) (ਕਵਿਤਾ ਭਾਗ ਵਿੱਚੋਂ) = 5+5 = 10 ਅੰਕ

ਪ੍ਰਸ਼ਨ:–3 ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ = 4 ਅੰਕ

ਪ੍ਰਸ਼ਨ:–4 ਕਵਿਤਾ ਵਿੱਚੋਂ ਕਿਸੇ ਇੱਕ ਤੁਕ ਦੀ ਵਿਆਖਿਆ = 2 ਅੰਕ

ਪ੍ਰਸ਼ਨ:–5 ਵਾਰਤਕ ਭਾਗ ਵਿੱਚੋਂ ਕਿਸੇ ਇੱਕ ਲੇਖ ਦਾ ਸਾਰ = 7 ਅੰਕ

ਪ੍ਰਸ਼ਨ:–6 ਵਾਰਤਕ ਭਾਗ ਦੇ ਲੇਖਾਂ ਵਿੱਚੋਂ ਅਭਿਆਸੀ ਪ੍ਰਸ਼ਨਾਂ ਦੇ ਉੱਤਰ (ਕੋਈ ਦੋ) = 4+4 = 8 ਅੰਕ

ਪ੍ਰਸ਼ਨ:–7 ਇਕਾਂਗੀ ਭਾਗ ਵਿੱਚੋਂ ਕਿਸੇ ਇੱਕ ਪਾਤਰ ਦੀ ਪਾਤਰ–ਉਸਾਰੀ = 6 ਅੰਕ

ਪ੍ਰਸ਼ਨ:–8 ਇਕਾਂਗੀ ਵਿੱਚੋਂ ਕਿਸੇ ਇੱਕ ਵਾਰਤਾਲਾਪ ਦੀ ਪ੍ਰਸੰਗ ਸਾਹਿਤ ਵਿਆਖਿਆ = 4 ਅੰਕ

ਪ੍ਰਸ਼ਨ:–9 ਕਹਾਣੀ ਭਾਗ ਵਿੱਚੋਂ ਕਿਸੇ ਇੱਕ ਕਹਾਣੀ ਦਾ ਸਾਰ = 6 ਅੰਕ

ਪ੍ਰਸ਼ਨ:–10 ਕਹਾਣੀ ਭਾਗ ਵਿੱਚੋਂ ਦੋ ਪ੍ਰਸ਼ਨਾਂ ਦੇ ਉੱਤਰ = 4+4 = 8 ਅੰਕ

ਪ੍ਰਸ਼ਨ:–11 ਨਾਵਲ ਦੇ ਇੱਕ ਪ੍ਰਸ਼ਨ ਦਾ ਉੱਤਰ = 6 ਅੰਕ

ਪ੍ਰਸ਼ਨ:–12 ਨਾਵਲ ਵਿੱਚੋਂ ਵਾਰਤਾਲਾਪ ਦੀ ਪ੍ਰਸੰਗ ਸਾਹਿਤ ਵਿਆਖਿਆ = 4 ਅੰਕ

## ਜਮਾਤ – ਨੌਵੀਂ

**ਨੋਟ:–**

**1. ਪ੍ਰਸ਼ਨ:– ਛੋਟੇ ਉਤਰ ਵਾਲੇ 10 ਪ੍ਰਸ਼ਨ (ਪਾਠ–ਪੁਸਤਕ = ਸਾਹਿਤ ਮਾਲ, ਵੰਨਗੀ, ਨਾਵਲ) ਤੇ ਆਧਾਰਿਤ = 10 ਅੰਕ**

## ਜਮਾਤ – ਨੌਵੀਂ (ਪੇਪਰ– ਏ)

## ਆਧੁਨਿਕ ਕਾਵਿ

## (ੳ) ਭਾਈ ਵੀਰ ਸਿੰਘ

**ਵਸਤੂਨਿਸ਼ਠ ਉੱਤਰਾਂ ਵਾਲੇ ਪ੍ਰਸ਼ਨ**

**ਕਵਿਤਾ:- 1. ਸਮਾਂ**

1. ਆਧੁਨਿਕ ਕਾਵਿ ਦਾ ਮੋਢੀ ਕੌਣ ਹੈ?
2. ਭਾਈ ਵੀਰ ਸਿੰਘ ਦੀ ਲਿਖੀ ਹੋਈ ਕੋਈ ਕਵਿਤਾ ਦਾ ਨਾਂ ਲਿਖੋ?
3. ਸਮਾਂ ਕਵਿਤਾ ਕਿਸਦੀ ਲਿਖੀ ਹੋਈ ਹੈ?
4. ਕੌਣ ਪੱਲਾ ਛੁਡਾ ਕੇ ਖਿਸਕ ਗਿਆ?
5. ਸਮੇਂ ਨੂੰ ਕੌਣ ਕਾਬੂ ਕਰਕੇ ਨਹੀਂ ਰੱਖ ਸਕਦਾ?
6. ਕਿਹੜੇ ਸਮੇਂ ਨੂੰ ਸ਼ੁਭ ਕੰਮਾਂ ਵਿੱਚ ਲਾ ਕੇ ਸਫ਼ਲ ਕਰਨਾ ਚਾਹੀਦਾ ਹੈ?
7. ਵਰਤਮਾਨ ਸਮੇਂ ਨੂੰ ਕਿਵੇਂ ਸਫ਼ਲ ਕੀਤਾ ਜਾ ਸਕਦਾ ਹੈ?
8. ਕੀ ਸਮਾਂ ਮੁੜ ਕੇ ਵਾਪਿਸ ਆਉਂਦਾ ਹੈ?
9. "ਹੋ ਅਜੇ ਸੰਭਾਲ ਇਸ ਸਮੇਂ ਨੂੰ,
   ਕਰ ਸਫ਼ਲ ਉੱਡਦਾ ਜਾਂਵਦਾ।।"

   ਪ੍ਰਸ਼ਨ: ਇਹ ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ?

**ਕਵਿਤਾ:- 2. ਬਿਨਫਸ਼ਾਂ ਦਾ ਫੁੱਲ**

1. 'ਬਿਨਫਸ਼ਾਂ ਦਾ ਫੁੱਲ' ਕਵਿਤਾ ਦਾ ਕਵੀ ਕੌਣ ਹੈ?
2. ਭਾਈ ਵੀਰ ਸਿੰਘ ਨੇ ਪ੍ਰਭੂ ਪ੍ਰੇਮ ਵਿੱਚ ਰੰਗੇ ਹੋਏ ਕਿਸ ਦੀ ਅਵਸਥਾ ਨੂੰ ਬਿਆਨ ਕੀਤਾ ਹੈ?
3. 'ਬਿਨਫਸ਼ਾਂ ਦਾ ਫੁੱਲ' ਕਿਹੜੇ ਚਿੰਨ੍ਹ ਦੇ ਰੂਪ ਵਿੱਚ ਪੇਸ਼ ਕੀਤਾ ਹੈ?
4. 'ਬਿਨਫਸ਼ਾਂ ਦੇ ਫੁੱਲ' ਨੇ ਰੰਗ ਕਿੱਥੋਂ ਲਿਆ ਹੈ?
5. 'ਬਿਨਫਸ਼ਾਂ ਦਾ ਫੁੱਲ' ਕਿਸ ਤਰ੍ਹਾਂ ਦਾ ਬਣ ਕੇ ਰਹਿਣਾ ਚਾਹੁੰਦਾ ਹੈ?
6. 'ਬਿਨਫ਼ਸ਼ਾਂ ਦਾ ਫੁੱਲ' ਕੀ ਪੀ ਕੇ ਅਤੇ ਕੀ ਖਾ ਕੇ ਪਲਦਾ ਹੈ?
7. 'ਬਿਨਫਸ਼ਾਂ ਦਾ ਫੁੱਲ' ਕਿਸ ਨਾਲ ਖੇਡਦਾ ਹੈ?
8. ਕਿਸਦੀ ਆਪਣੀ ਹੋਂਦ ਨੂੰ ਜਾਹਿਰ ਕਰਨ ਦੀ ਇੱਛਾ ਪੂਰੀ ਨਹੀਂ ਹੁੰਦੀ?
9. 'ਬਿਨਫਸ਼ਾਂ ਦਾ ਫੁੱਲ' ਆਪਣਾ ਜੀਵਨ ਕਿਵੇਂ ਗੁਜਾਰਨਾ ਚਾਹੁੰਦਾ ਹੈ?

**ਕਵਿਤਾ:-3. ਟੁਕੜੀ ਜਗ ਤੋਂ ਨਿਆਰੀ**

1. ਟੁਕੜੀ ਜਗ ਤੋਂ ਨਿਆਰੀ ਕਵਿਤਾ ਦਾ ਕਵੀ ਕੌਣ ਹੈ?
2. ਕਵੀ ਨੂੰ ਅਸਮਾਨ ਵਿੱਚ ਕੀ ਦਿਖਾਈ ਦਿੰਦਾ ਹੈ?
3. ਕੁਦਰਤ ਦੀ ਦੇਵੀ ਅਕਾਸ਼ ਦੇ ਕਿਸ ਮੰਡਲ ਵਿੱਚ ਖੇਡ ਰਹੀ ਸੀ?
4. ਕੁਦਰਤ ਦੀ ਦੇਵੀ ਦੀ ਮੁੱਠੀ ਵਿੱਚ ਕਿਹੜੇ ਨਜ਼ਾਰੇ ਆ ਗਏ ਸਨ?
5. ਕੁਦਰਤ ਦੀ ਦੇਵੀ ਦੀ ਮੁੱਠੀ ਜਿੱਥੇ ਡਿੱਗੀ ਉੱਥੇ ਕੀ ਬਣ ਗਿਆ?

6. ਕਸ਼ਮੀਰ ਦੇ ਆਪਣੇ ਅਦੁੱਤੀ ਹੁਸਨ ਕਰਕੇ ਉਸਨੂੰ ਕਿਸਦੀ ਛੋਹ ਲਗੀ ਮਹਿਸੂਸ ਹੁੰਦੀ ਹੈ?
7. ਹੈ ਧਰਤੀ ਪਰ ਛੋਹ ਅਸਮਾਨੀ,

   ਸੁੰਦਰਤਾ ਵਿੱਚ ਲਿਸ਼ਕੇ

   ਪ੍ਰਸ਼ਨਃ- ਇਹ ਕਾਵਿ ਟੁਕੜਾ ਕਿਸ ਕਵਿਤਾ ਵਿੱਚੋਂ ਲਿਆ ਗਿਆ ਹੈ?

**ਕਵਿਤਾਃ- 4. ਬ੍ਰਿਛ**

1. ਬ੍ਰਿਛ ਕਵਿਤਾ ਦਾ ਕਵੀ ਕੌਣ ਹੈ?
2. ਬ੍ਰਿਛ ਦੁਨੀਆਂ ਦੇ ਲੋਕਾਂ ਨੂੰ ਕੀ ਕਹਿ ਕੇ ਸੰਬੋਧਨ ਕਰਦਾ ਹੈ?
3. ਕਿੰਨ੍ਹਾਂ ਦਾ ਘੇਰਾ ਅਤੇ ਫਲਾਓ ਧਰਤੀ ਉੱਤੇ ਨਹੀਂ ਪਸਰਦਾ?
4. ਬ੍ਰਿਛ ਦੇ ਚਿੰਨ੍ਹ ਨੂੰ ਕਿਸ ਅਵਸਥਾ ਵਿੱਚ ਪੇਸ਼ ਕੀਤਾ ਹੈ?
5. ਗਿੱਠ ਥਾਂਉ ਧਰਤੀ ਤੇ ਮੱਲੀ,

   ਅਜੇ ਤੁਸੀਂ ਹੋ ਲੜਦੇ?

   ਪ੍ਰਸ਼ਨਃ- ਇਸ ਕਾਵਿ-ਟੋਟੇ ਦਾ ਕਵੀ ਕੌਣ ਹੈ?

## (ਅ) ਧਨੀ ਰਾਮ ਚਾਤ੍ਰਿਕ

**ਕਵਿਤਾਃ-1. ਵਹਿੰਦਾ ਜਾਏ**

1. ਵਹਿੰਦਾ ਜਾਏ ਕਵਿਤਾ ਦਾ ਕਵੀ ਕੌਣ ਹੈ?
2. ਧਨੀ ਰਾਮ ਚਾਤ੍ਰਿਕ ਦੀ ਕੋਈ ਵੀ ਕਵਿਤਾ ਦਾ ਨਾਂ ਲਿਖੋ?
3. ਕਵੀ ਨੇ ਇਸ ਕਵਿਤਾ ਵਿੱਚ ਮਨੁੱਖ ਦਾ ਕਿਸਤੋਂ ਵਿਛੜਨ ਫਿਰ ਮਿਲਣ ਰਹੱਸ ਨੂੰ ਪੇਸ਼ ਕੀਤਾ ਹੈ?
4. ਕੌਣ ਆਪਣੇ ਰਸਤੇ ਤੇ ਤੁਰਦਾ ਹੋਇਆ ਨਦੀ ਦੀਆਂ ਲਹਿਰਾਂ ਵਿੱਚ ਝਲਕਾਰੇ ਮਾਰਦਾ ਹੈ?
5. ਚਾਤ੍ਰਿਕ ਅਨੁਸਾਰ ਨਦੀ ਦੇ ਪਾਣੀ ਦੀ ਕਿਸ ਨਾਲ ਸਾਂਝ ਹੈ?
6. ਪਾਣੀ ਸੂਰਜ ਦੀ ਗਰਮੀ ਨਾਲ ਕੀ ਬਣ ਕੇ ਅਸਮਾਨ 'ਤੇ ਜਾ ਚੜ੍ਹਦਾ ਹੈ?
7. ਆਉਣ ਜਾਣ ਦੇ ਗੇੜ ਵਿੱਚ ਕੌਣ ਪਿਆ ਰਹਿੰਦਾ ਹੈ?

**ਕਵਿਤਾਃ- 2 ਵਿਸਾਖੀ ਦਾ ਮੇਲਾ**

1. ਵਿਸਾਖੀ ਦਾ ਮੇਲਾ ਕਵਿਤਾ ਦਾ ਕਵੀ ਕੌਣ ਹੈ?
2. ਕਵੀ ਨੇ ਕਿਹੜੇ ਮਹੀਨੇ ਦੇ ਮੇਲੇ ਦੀ (ਇਸ ਕਵਿਤਾ ਵਿੱਚ) ਗੱਲ ਕੀਤੀ ਹੈ?

3. ਵਿਸਾਖੀ ਦਾ ਮੇਲਾ ਕਿਹੜੀ ਫਸਲ ਨਾਲ ਸੰਬੰਧਿਤ ਹੈ?
4. ਬਾਗਾਂ ਉਪਰ ਕਿਸਨੇ ਸੋਹਣਾ ਰੰਗ ਫੇਰ ਦਿੱਤਾ ਹੈ?
5. ਮੇਲੇ ਵਿੱਚ ਕਿਸਦੀ ਮੰਡੀ ਲੱਗੀ ਹੋਈ ਹੈ?
6. ਸੂਰਮੇ ਪਹਿਲਵਾਨ ਕਿੱਥੇ ਗੱਜਦੇ ਹਨ?
7. ਕਵੀ ਕਿਸਨੂੰ ਵਿਸਾਖੀ ਦਾ ਆਨੰਦ ਲੈਣ ਲਈ ਕਹਿੰਦਾ ਹੈ?

**ਕਵਿਤਾ:- 3. ਜੀਵਨ ਜੋਤ**

1. ਜੀਵਨ ਜੋਤ ਕਵਿਤਾ ਦਾ ਕਵੀ ਕੌਣ ਹੈ?
2. ਜੀਵਨ ਜੋਤ ਕਵਿਤਾ ਵਿੱਚ ਕਵੀ ਮਨੁੱਖ ਨੂੰ ਆਪਣੀ ਹੋਂਦ ਕਿਸ ਅੰਦਾਜ਼ ਵਿੱਚ ਉਭਾਰਨ ਦੀ ਹੱਲਾ-ਸ਼ੇਰੀ ਦਿੱਤੀ ਹੈ?
3. ਮਨੁੱਖ ਨੂੰ ਕੀ ਬਣ ਕੇ ਨਹੀਂ ਬੈਠਣਾ ਚਾਹੀਦਾ?
4. ਧਰਤੀ ਤੇ ਕਿਸਦਾ ਗੁਜ਼ਾਰਾ ਮੁਸ਼ਕਿਲ ਹੈ?
5. ਮਨੁੱਖ ਨੂੰ ਧਰਤੀ ਉੱਤੇ ਦੁਨੀਆਂ ਦਾ ਨਕਸ਼ਾ ਬਦਲਨ ਲਈ ਕੀ ਕਰਨ ਲਈ ਕਿਹਾ ਗਿਆ ਹੈ?
6. ਮਨੁੱਖ ਨੂੰ ਕੀ ਬਣ ਕੇ ਮਹਿਫਲ ਭਖਾਉਣੀ ਚਾਹੀਦੀ ਹੈ?
7. ਮਨੁੱਖ ਦੇ ਅੰਦਰ ਕੀ ਹੈ? ਜੋ ਕਿਆਮਤ ਪੈਦਾ ਕਰ ਸਕਦੀ ਹੈ?
8. ਮਨੁੱਖ ਦੀ ਜੀਵਨ ਰੂਪੀ ਬੰਸਰੀ ਵਿੱਚ ਕੌਣ ਫੂਕ ਭਰਦਾ ਹੈ?
9. ਉਹ ਕਿਹੜੀ ਸ਼ਕਤੀ ਹੈ, ਜਿਨ੍ਹਾਂ ਨੇ ਨਿੱਕੇ-ਨਿੱਕੇ ਤਿਣਕੇ ਜੋੜ ਕੇ ਦੁਨੀਆਂ ਵਸਾਈ ਹੈ?

## (ੲ) ਪ੍ਰੋ: ਪੂਰਨ ਸਿੰਘ

**ਕਵਿਤਾ:- 1. ਜਵਾਨ ਪੰਜਾਬ ਦੇ**

1. 'ਜਵਾਨ ਪੰਜਾਬ ਦੇ' ਕਵਿਤਾ ਕਿਸ ਦੁਆਰਾ ਲਿਖੀ ਗਈ ਹੈ?
2. ਪ੍ਰੋ: ਪੂਰਨ ਸਿੰਘ ਦੀ ਲਿਖੀ ਹੋਈ ਕੋਈ ਇਕ ਕਵਿਤਾ ਦਾ ਨਾਂ ਲਿਖੋ?
3. ਪ੍ਰ: ਪੂਰਨ ਸਿੰਘ ਦੀ ਕਵਿਤਾ ਵਿੱਚ ਕਿਸ ਦੇ ਖੁੱਲੇ-ਡੁੱਲੇ, ਪਿਆਰ ਦੀ ਗੁਲਾਮੀ ਕਰਨ ਵਾਲੇ ਅਤੇ ਅਲਬੇਲੇ ਸੁਭਾਅ ਨੂੰ ਉਭਾਰਿਆ ਹੈ?
4. ਪੰਜਾਬੀ ਜਵਾਨ ਪਿਆਰ ਦੀ ਖਾਤਰ ਕੀ ਬਣਨ ਨੂੰ ਤਿਆਰ ਹੋ ਜਾਂਦੇ ਹਨ?
5. ਪੰਜਾਬੀ ਜਵਾਨ ਜਾਨ ਕੁਰਬਾਨ ਕਰਦੇ ਹੋਏ ਵੀ ਕੀ ਨਹੀਂ ਝਲਦੇ?
6. ਪੰਜਾਬੀ ਜਵਾਨ ਕੀ ਕਾਇਮ ਰੱਖਣ ਲਈ ਮਰ ਮਿੱਟਦੇ ਹਨ?
7. ਕਿਸ ਨੇ ਪੰਜਾਬੀ ਜਵਾਨਾਂ ਨੂੰ ਧੁਰੋਂ ਆਜ਼ਾਦ ਕੀਤਾ ਹੈ?
8. ਬਾਲ ਨਾਥ ਨੇ ਰਾਂਝੇ ਨੂੰ ਕਿਹੜੇ ਬੰਧਨਾਂ ਭਰੇ ਨਿਯਮ ਸਮਝਾਏ?

9. ਪੰਜਾਬ ਦੇ ਰਹਿਣ ਵਾਲੇ ਪੰਜਾਬੀ ਮਾਵਾਂ ਦੇ ਪੁੱਤਰ ਕੀ ਹਨ?
10. ਗੁਰੂ ਜੀ ਦੇ ਕੀ ਗਾਉਣ ਨਾਲ ਝਨਾਂ, ਰਾਵੀ, ਸਤਲੁਜ, ਬਿਆਸ, ਜੇਹਲਮ ਤੇ ਅਟਕ ਦਰਿਆ ਬੋਲ ਉੱਠੇ?
11. ਪੰਜਾਬ ਦੀ ਧਰਤੀ ਉੱਤੇ ਕਿਸ ਨਾਲ ਰੱਬੀ ਗਿਆਨ ਆਇਆ ਹੈ?
12. ਪੰਜਾਬ ਦੀ ਧਰਤੀ ਉੱਤੇ ਕਿਹੜੇ ਗੁਰੂਆਂ ਦੇ ਘੋੜੇ ਦੇ ਸੁੰਮਾਂ ਦੀ ਟਾਪ ਲੱਗੀ ਹੈ?

**ਕਵਿਤਾ:- 2. ਪੰਜਾਬ ਦੇ ਮਜ਼ਦੂਰ**

1. 'ਪੰਜਾਬ ਦੇ ਮਜ਼ਦੂਰ' ਕਵਿਤਾ ਕਿਸ ਕਵੀ ਦੁਆਰਾ ਲਿਖੀ ਗਈ ਹੈ?
2. ਕਵੀ ਨੇ ਪੰਜਾਬ ਦੇ ਮਜ਼ਦੂਰਾਂ ਦੇ ਸੁਭਾਅ ਨੂੰ ਚਿਤਰਦੇ ਹੋਏ ਕੀ ਪ੍ਰਾਪਤ ਕੀਤਾ?
3. ਕਵੀ ਨੇ ਪੰਜਾਬ ਦੇ ਮਜ਼ਦੂਰਾਂ ਦੇ ਚਿਹਰੇ ਕਿਹੋ ਜਿਹੇ ਪੇਸ਼ ਕੀਤੇ ਹਨ?
4. ਪੰਜਾਬ ਦੇ ਮਜ਼ਦੂਰਾਂ ਦੇ ਸੁਭਾਅ ਕਿਹੋ ਜਿਹੇ ਹਨ?

**ਕਵਿਤਾ:- 3. ਖੂਹ ਉੱਤੇ**

1. 'ਖੂਹ ਉੱਤੇ' ਕਵਿਤਾ ਕਿਸ ਦੁਆਰਾ ਲਿਖੀ ਗਈ ਹੈ?
2. ਕੁੜੀਆਂ ਆਪਣੇ ਹੱਥਾਂ ਨਾਲ ਕੀ ਡੋਲ-ਡੋਲ ਕੇ ਪੈਰ ਧੋ ਰਹੀਆਂ ਹਨ?
3. ਕੁੜੀਆਂ ਦਾ ਕਿਸ ਉੱਤੇ ਇਕੱਠੀਆਂ ਹੋਣਾ ਵੀ ਇੱਕ ਰੰਗ-ਬਿਰੰਗਾ ਜੀਵਨ ਹੈ?
4. ਖੂਹ ਉੱਤੇ ਪਾਣੀ ਭਰਦੀਆਂ ਕੁੜੀਆਂ ਦਾ ਦ੍ਰਿਸ਼ ਕੀ ਹੁੰਦਾ ਹੈ?
5. "ਪਾਣੀ ਖੂਹ ਵਿੱਚੋਂ ਕਢਦੀਆਂ,
   ਕੁੱਝ ਡੋਲਦੀਆਂ ਕੁਝ ਭਰਦੀਆਂ"
   ਪ੍ਰਸ਼ਨ:- ਇਹ ਕਾਵਿ-ਟੋਟਾ ਕਿਸ ਕਵਿਤਾ ਵਿੱਚੋਂ ਲਿਆ ਗਿਆ ਹੈ?
6. ਕੁੜੀਆਂ ਪਾਣੀ ਚੁੱਕਦੀਆਂ ਹੋਈਆਂ ਕੀ ਲਾ ਕੇ ਗਾਉਂਦੀਆਂ ਹਨ?

## (ਸ) ਸ.ਸ. ਚਰਨ ਸਿੰਘ ਸ਼ਹੀਦ

**ਕਵਿਤਾ:-1. ਇੱਕ ਪਿਆਲਾ ਪਾਣੀ**

1. 'ਇੱਕ ਪਿਆਲਾ ਪਾਣੀ' ਕਵਿਤਾ ਕਿਸ ਕਵੀ ਦੁਆਰਾ ਲਿਖੀ ਗਈ ਹੈ?
2. ਅਕਬਰ ਬਾਦਸ਼ਾਹ ਨੂੰ ਕਿਸਨੇ ਤੰਗ ਕੀਤਾ?
3. ਬੀਰਬਲ ਨੇ ਪਾਣੀ ਤੋਂ ਬਿਨਾਂ ਕਿਸਦੀ ਤੜਫ਼ ਦੀ ਉਦਾਹਰਣ ਦਿੱਤੀ?
4. ਰਾਜੇ ਨੇ ਪਿਆਲੇ ਦੀ ਕੀਮਤ ਕੀ ਦੱਸੋ?

5. ਦੱਸੋ ਭਲਾ ਕਿ ਇਹ ਪਾਣੀ ਹੁਣ,

   ਦੇਹ ਅੰਦਰ ਰੁਕ ਜਾਵੇ।

   ਪ੍ਰਸ਼ਨਃ- ਇਹ ਕਾਵਿ ਟੋਟਾ ਕਿਸ ਕਵਿਤਾ ਵਿੱਚੋਂ ਲਿਆ ਗਿਆ ਹੈ?
6. ਇਹ ਕਵਿਤਾ ਕਿਸ ਪੁਸਤਕ ਵਿੱਚ ਦਰਜ ਹੈ?
7. ਬੰਦਾ ਕਿਸਦਾ ਮੁੱਲ ਪਾਉਣ ਦੀ ਰੱਤਾ ਭਰ ਵੀ ਸਮਰੱਥਾ ਨਹੀਂ ਰੱਖਦਾ?

**ਕਵਿਤਾਃ-2. ਗਲਤ ਫਹਿਮੀਆਂ**

1. 'ਗਲਤ ਫਹਿਮੀਆਂ' ਕਵਿਤਾ ਕਿਸ ਕਵੀ ਦੁਆਰਾ ਲਿਖੀ ਗਈ ਹੈ?
2. ਕਵੀ ਦੁਨੀਆਂ ਦੀ ਕੀ ਵੇਖ ਦੇ ਹੱਸਦਾ ਹੈ?
3. ਕਵੀ ਅਨੁਸਾਰ ਲੋਕ ਕਿਸ ਵਿੱਚ ਫੱਸ ਕੇ ਦੁੱਖ ਸਹਿੰਦੇ ਹਨ?
4. ਕਵੀ ਅਨੁਸਾਰ ਲੋਕ ਆਪਣੇ ਆਪ ਨੂੰ ਕਿਸ ਨਾਲੋਂ ਵੱਧ ਅਕਲਮੰਦ ਸਮਝਦੇ ਹਨ?
5. ਕਮਜ਼ੋਰ ਆਦਮੀ ਬਲਵਾਨ ਵਾਂਗ ਆਕੜ ਕੇ ਕਿਸ ਨਾਲ ਟੱਕਰ ਲੈਂਦਾ ਹੈ?
6. ਅਨਪੜ੍ਹ ਕਿਸਦੀ ਨਿੰਦਿਆ ਕਰਦਾ ਹੈ?
7. ਮਨੁੱਖ ਕਿਸ ਤੋਂ ਬਣਿਆ ਹੈ?
8. "ਦਿਲ ਗੰਦ ਮੰਦ ਤੋਂ ਸਾਫ਼ ਹੋਣ,

   ਹਰ ਬੰਦਾ 'ਸੁਥਰਾ' ਬਣ ਜਾਵੇ।"

   ਪ੍ਰਸ਼ਨਃ- ਇਹ ਕਾਵਿ-ਟੋਟਾ ਕਿਸ ਕਵਿਤਾ ਵਿੱਚੋਂ ਲਿਆ ਗਿਆ ਹੈ?

## (ਹ) ਡਾਃ ਦੀਵਾਨ ਸਿੰਘ ਕਾਲੇਪਾਣੀ

**ਕਵਿਤਾਃ-1. ਵਗਦੇ ਪਾਣੀ**

1. 'ਵਗਦੇ ਪਾਣੀ' ਕਵਿਤਾ ਕਿਸ ਕਵੀ ਦੁਆਰਾ ਲਿਖੀ ਗਈ ਹੈ?
2. ਜੇ ਜ਼ਿੰਦਗੀ ਦਾ ਪਾਣੀ ਖੜ੍ਹਾ ਹੋ ਜਾਵੇ ਤਾਂ ਕੀ ਹੁੰਦਾ ਹੈ?
3. ਡਾਃ ਦੀਵਾਨ ਸਿੰਘ ਕਾਲੇਪਾਣੀ ਦੁਆਰਾ ਲਿਖੀ ਹੋਈ ਕੋਈ ਇੱਕ ਕਵਿਤਾ ਦਾ ਨਾਂ ਲਿਖੋ?
4. ਮਨੁੱਖੀ ਜ਼ਿੰਦਗੀ ਵਿੱਚ ਦੁੱਖ-ਸੁੱਖ, ਜਿੱਤ-ਹਾਰ, ਸੰਘਰਸ਼ ਤੇ ਉਥਲ-ਪੁਥਲ ਮਚੀ ਰਹਿਣੀ ਕਿਸ ਦੀ ਨਿਸ਼ਾਨੀ ਹੈ?
5. ਮਨੁੱਖੀ ਜ਼ਿੰਦਗੀਆਂ ਆਪਸ ਵਿੱਚ ਕਿਵੇਂ ਜਿਉਂਦੀਆਂ ਰਹਿ ਸਕਦੀਆਂ ਹਨ?
6. ਡਾਃ ਕਾਲੇਪਾਣੀ ਅਨੁਸਾਰ ਮਨੁੱਖੀ ਰੂਹਾਂ ਸਦਾ ਕਿਸ ਯਤਨ ਵਿੱਚ ਲੱਗੀਆਂ ਰਹਿੰਦੀਆਂ ਹਨ?
7. ਮਨੁੱਖ ਨੂੰ ਕੀ ਪ੍ਰਾਪਤ ਕਰਨ ਲਈ ਹਮੇਸ਼ਾ ਤੁਰਦੇ ਰਹਿਣਾ ਚਾਹੀਦਾ ਹੈ?

8. ਜੇ ਮਨੁੱਖ ਨੂੰ ਤੁਰਨ ਨਾਲ ਵਿਕਾਸ ਪੈਂਦਾ ਹੁੰਦਾ ਹੈ ਤਾਂ ਖੜੇ ਹੋ ਜਾਣ ਨਾਲ ਕੀ ਹੁੰਦਾ ਹੈ?

**ਕਵਿਤਾ:-2. ਫ਼ਕੀਰ ਦੀ ਸਦਾ**

1. 'ਫ਼ਕੀਰ ਦੀ ਸਦਾ' ਕਵਿਤਾ ਦਾ ਕਵੀ ਕੌਣ ਹੈ?
2. ਕਵੀ ਅਨੁਸਾਰ ਲੋਕਾਂ ਨੂੰ ਕੁਝ ਵੀ ਦੂਜਿਆਂ ਨੂੰ ਦੇਣ ਨਾਲ ਕਿਸ ਵਿੱਚ ਵਾਧਾ ਹੋਵੇਗਾ?
3. ਦੂਜਿਆਂ ਨੂੰ ਖਾਣ ਨੂੰ ਦੇਣ ਨਾਲ ਕੀ ਮਿਲੇਗਾ?
4. ਗੁਆਂਢੀਆਂ, ਮਿੱਤਰਾਂ, ਪਰਾਇਆਂ ਤੇ ਓਪਰਿਆਂ ਨੂੰ ਪਿਆਰ ਦੇ ਬਦਲੇ ਕੀ ਪ੍ਰਾਪਤ ਹੋਵੇਗਾ?
5. ਵੱਧ ਤੋਂ ਵੱਧ ਦਾਨ ਕਰਨ ਨਾਲ ਕੀ ਪ੍ਰਾਪਤ ਹੋਵੇਗਾ?
6. "ਦਿਓ-ਕਿ ਵਧੋਗੇ, ਵੰਡੋ- ਨਾਂ ਮੁੱਕੋਗੇ।"
   ਪ੍ਰਸ਼ਨ:- ਕਾਵਿ-ਟੋਟੇ ਦੀ ਕਵਿਤਾ ਦਾ ਕੀ ਨਾਂ ਹੈ?

**ਕਵਿਤਾ:-3. ਭਗਤ ਨੂੰ**

1. 'ਭਗਤ ਨੂੰ' ਕਵਿਤਾ ਕਿਸ ਦੁਆਰਾ ਲਿਖੀ ਗਈ ਹੈ?
2. ਮਨੁੱਖ ਭਗਤ ਨੂੰ ਰੱਬ ਦੀ ਥਾਂ ਕਿਸਨੂੰ ਢੂੰਡਣ ਲਈ ਕਹਿੰਦਾ ਹੈ?
3. ਕਵੀ ਰੱਬ ਦੀ ਪੂਜਾ ਛੱਡ ਕੇ ਕਿਸਦੀ ਪੂਜਾ ਚਾਹੁੰਦਾ ਹੈ?
4. ਮਨੁੱਖ ਆਪਣੇ ਆਪ ਨੂੰ ਜਾਣੇ ਬਿਨਾਂ ਕਿਸਨੂੰ ਨਹੀਂ ਜਾਣ ਸਕੇਗਾ?
5. ਮਨੁੱਖ ਕਿਸ ਵਿੱਚ ਰਹੇ ਕਿ ਉਸਦਾ ਰੱਬ ਵਿੱਚ ਨਿਵਾਸ ਹੋਵੇ?

## (ਕ) ਫਿਰੋਜ਼ਦੀਨ ਸ਼ਰਫ਼

**ਕਵਿਤਾ:- 1. ਮੈਂ ਪੰਜਾਬੀ**

1. 'ਮੈਂ ਪੰਜਾਬੀ' ਕਵਿਤਾ ਦਾ ਕਵੀ ਕੌਣ ਹੈ?
2. ਫਿਰੋਜ਼ਦੀਨ ਸ਼ਰਫ਼ ਦੁਆਰਾ ਲਿਖੀ ਹੋਈ ਕੋਈ ਇੱਕ ਕਵਿਤਾ ਦਾ ਨਾਂ ਲਿਖੋ?
3. ਕਵੀ ਦਾ ਪੇਂਡੂ ਹੁੰਦਿਆਂ ਹੋਇਆਂ ਰਹਿਣ ਸਹਿਣ ਕਿਹੋ ਜਿਹਾ ਹੈ?
4. ਕਵੀ ਉਰਦੂ, ਫਾਰਸੀ, ਅੰਗ੍ਰੇਜੀ ਜਾਣਦੇ ਹੋਏ ਵੀ ਉਸਦੀ ਪਸੰਦੀਦਾ ਬੋਲੀ ਕਿਹੜੀ ਹੈ?

5. ਕਵੀ ਆਪਣੇ ਆਪ ਨੂੰ ਕਿਸਦੇ ਨੱਥ ਦਾ ਮੋਤੀ ਅਤੇ ਵੰਗ ਦਾ ਟੁਕੜਾ ਸਮਝਦਾ ਹੈ?
6. ਕਵੀ ਦੀ ਇੱਛਾ ਹੈ ਕਿ ਆਪਣੇ ਦੇਸ਼ ਵਿੱਚ ਬੋਲੀ ਨੂੰ ਕੀ ਮਿਲੇ?
7. ਕਵੀ ਕਿੱਥੋਂ ਦਾ ਸੇਵਕ ਹੈ?

**ਕਵਿਤਾਃ-2. ਮਾਂ ਦਾ ਦਿਲ**

1. 'ਮਾਂ ਦਾ ਦਿਲ' ਕਵਿਤਾ ਦਾ ਕਵੀ ਕੌਣ ਹੈ?
2. ਮਾਂ ਪੁੱਤਰ ਨੂੰ ਕਿਸਦੀ ਛਾਂ ਦੇਣ ਵਾਲੀ ਹੁੰਦੀ ਹੈ?
3. ਮਾਂ ਦੇ ਦਿਲ ਵਿੱਚ ਰੱਬ ਨੇ ਕੀ ਪਸਾਰਿਆ ਹੋਇਆ ਹੈ?
4. ਕਵੀ ਅਨੁਸਾਰ ਮਾਂ ਨੂੰ ਪੁੱਤਰ ਮਿਲਣ ਤੇ ਉਸਨੇ ਕਿਸਦਾ ਸ਼ੁਕਰ ਕੀਤਾ?
5. ਮਾਂ ਨੇ ਪੁੱਤਰ ਨੂੰ ਕਦੋਂ ਤੱਕ ਤੱਤੀ 'ਵਾ ਨਾ ਲੱਗਣ ਦਿੱਤੀ?
6. "ਫੁੱਟ ਪਈ ਅੰਗੂਰੀ ਕੱਕੀ ਗੋਰੇ ਗੋਰੇ ਮੁੱਖੜੇ ਤੇ,
   ਫੁੱਲ ਵਾਂਗੂੰ ਆਣ ਕੇ ਜਵਾਨੀ ਨੇ ਸ਼ਿੰਗਾਰਿਆ।"
   ਪ੍ਰਸ਼ਨਃ- ਇਹ ਕਾਵਿ-ਟੋਟਾ ਕਿਸ ਕਵਿਤਾ ਵਿੱਚੋਂ ਲਿਆ ਗਿਆ ਹੈ?
7. ਨੌਜਵਾਨ ਤੇ ਸੁੰਦਰੀ ਨੇ ਕਿਸ ਨਾਲ ਵਾਰ ਕੀਤਾ?
8. ਕੁੜੀ ਨੇ ਕਿਸਦਾ ਦਿਲ ਕੱਢ ਕੇ ਲਿਆਉਣ ਲਈ ਕਿਹਾ?
9. ਮਾਂ ਨੇ ਮਰ ਕੇ ਵੀ ਕੀ ਨਾ ਛੱਡਿਆ?

## (ਖ) ਗੁਰਮੁੱਖ ਸਿੰਘ ਮੁਸਾਫ਼ਿਰ

**ਕਵਿਤਾਃ-1. ਕੀੜੀ**

1. 'ਕੀੜੀ' ਕਵਿਤਾ ਕਿਸ ਦੁਆਰਾ ਲਿਖੀ ਗਈ ਹੈ?
2. ਗੁਰਮੁਖ ਸਿੰਘ ਮੁਸਾਫ਼ਿਰ ਦੁਆਰਾ ਲਿਖੀ ਗਈ ਕੋਈ ਇੱਕ ਕਵਿਤਾ ਲਿਖੋ?
3. ਕੀੜੀ ਕਿਸਦੀ ਤਾਂਘ ਵਿੱਚ ਅੱਗੇ ਹੀ ਅੱਗੇ ਵਧਦੀ ਜਾਂਦੀ ਹੈ?
4. ਕੀੜੀ ਔਖੀ ਹੋ ਕੇ ਵੀ ਕੀ ਕਰਦੀ ਹੈ?
5. ਕੀੜੀ ਗਰਮੀ ਵਿੱਚ ਕੀ ਕਰਦੀ ਹੈ?
6. ਕੀੜੀ ਸਿਆਲ ਵਿੱਚ ਕੀ ਕਰਦੀ ਹੈ?
7. ਕਵੀ ਅਨੁਸਾਰ ਜੋ ਸੱਚੀ ਲਗਨ ਵਾਲੇ ਹੁੰਦੇ ਹਨ, ਉਹ ਕਿਹੋ ਜਿਹੇ ਹੁੰਦੇ ਹਨ?
8. ਕਵਿਤਾ ਅਨੁਸਾਰ ਖੜ੍ਹਾ ਪਾਣੀ ਕੀ ਛੱਡਦਾ ਹੈ?

9. ਜੇ ਕੋਈ ਭਾਰਾ ਦਾਣਾ ਹੱਥ ਲੱਗੇ ਤਾਂ ਕੀੜੀ ਕੀ ਕਰਦੀ ਹੈ?
10. ਕੀੜੀ ਇੱਕ ਦੂਜੀ ਦੀ ਸਹਾਇਤਾ ਕਿਵੇਂ ਕਰਦੀ ਹੈ?

**ਕਵਿਤਾ:-2. ਅਰਦਾਸ**

1. 'ਅਰਦਾਸ' ਕਵਿਤਾ ਕਿਸ ਕਵੀ ਦੁਆਰਾ ਲਿਖੀ ਗਈ ਹੈ?
2. ਕਵੀ ਪ੍ਰਭੂ ਨੂੰ ਸਾਰਾ ਕੁੱਝ ਕੀ ਕਰਨ ਲਈ ਕਹਿੰਦਾਹੈ?
3. ਕਵੀ ਸਵਰਗ ਬਾਰੇ ਕਿਸਨੂੰ ਸੋਚਦਾ ਹੈ?
4. ਕਵੀ ਕਿਸ ਜਨਮ ਨੂੰ ਸਭ ਤੋਂ ਉੱਤਮ ਸਮਝਦਾ ਹੈ?
5. ਕਵੀ ਅਨੁਸਾਰ ਮਨੁੱਖੀ ਜਨਮ ਕਿੰਨੀਆਂ ਜੂਨਾਂ ਤੋਂ ਬਾਦ ਮਿਲਿਆ ਹੈ?
6. ਕਵੀ ਨੂੰ ਆਪਣੀ ਜਾਦੂ ਵਰਗਾ ਅਸਰ ਕਰਨ ਵਾਲੀ ਕਿਸਤੇ ਮਾਣ ਹੈ?
7. ਕਵੀ ਦੇ ਦਿਮਾਗ ਨੂੰ ਕੀ ਬਿਮਾਰੀਆਂ ਹਨ?
8. ਕਵੀ ਪ੍ਰਭੂ ਪਾਸੋਂ ਕਿਸ ਦੌਲਤ ਨੂੰ ਚਾਹੁੰਦਾ ਹੈ?

## (ਗ) ਵਿਧਾਤਾ ਸਿੰਘ ਤੀਰ

**ਕਵਿਤਾ:-1. ਨਵੀਂ ਪੁਰਾਣੀ ਤਹਿਜ਼ੀਬ**

1. 'ਨਵੀਂ ਪੁਰਾਣੀ ਤਹਿਜ਼ੀਬ' ਕਵਿਤਾ ਕਿਸ ਕਵੀ ਦੁਆਰਾ ਲਿਖੀ ਗਈ ਹੈ?
2. ਵਿਧਾਤਾ ਸਿੰਘ ਤੀਰ ਦੀ ਲਿਖੀ ਹੋਈ ਕੋਈ ਇਕ ਕਵਿਤਾ ਦਾ ਨਾਂ ਲਿਖੋ?
3. ਕਿਹੜਾ ਵੇਲਾ ਮੁੜ ਕੇ ਵਾਪਿਸ ਨਹੀਂ ਆਉਂਦਾ?
4. ਕਿਹੜੇ ਪਾਣੀ ਪੱਤਣਾਂ ਉੱਤੋਂ ਲੰਘ ਕੇ ਜਾਂਦਾ ਹੈ ਉਸ ਦਾ ਕੀ ਹੁੰਦਾ ਹੈ?
5. ਕਵੀ ਅਨੁਸਾਰ ਪੁਰਾਣੀ ਸੱਭਿਅਤਾ ਕਿਸਦੇ ਬਰਾਬਰ ਸੀ?
6. ਕਵੀ ਅਨੁਸਾਰ ਨਵੀਂ ਸੱਭਿਅਤਾ ਨੇ ਪੁਰਾਣੀ ਸੱਭਿਅਤਾ ਨਾਲ ਕੀ ਕੀਤਾ ਹੈ?
7. ਕਵੀ ਅਨੁਸਾਰ ਨਵੀਂ ਸੱਭਿਅਤਾ ਕਿਹੋ ਜਿਹੀ ਹੈ?
8. ਪੱਛਮੀ ਸੱਭਿਅਤਾ ਵਿੱਚ ਸਰਮਾਏਦਾਰ ਕਿਸਦੀ ਖ਼ੂਬ ਖੱਲ ਲਾਹੁੰਦਾ ਹੈ?
9. ਸਰਮਾਏਦਾਰ ਆਪਣੀਆਂ ਔਰਤਾਂ ਲਈ ਪਾਊਡਰ ਕਿੱਥੋਂ ਤਿਆਰ ਕਰਦਾ ਹੈ?

**ਕਵਿਤਾ:-2. ਨੌਜਵਾਨ ਹਿੰਦੀ ਨੂੰ**

1. 'ਨੌਜਵਾਨ ਹਿੰਦੀ ਨੂੰ' ਕਵਿਤਾ ਕਿਸ ਕਵੀ ਦੁਆਰਾ ਲਿਖੀ ਗਈ ਹੈ?
2. ਭਾਰਤੀ ਨੌਜਵਾਨ ਨੂੰ ਕਵੀ ਅਨੁਸਾਰ ਕੀ ਬਣ ਕੇ ਭਾਰਤ ਦੀ ਸ਼ਾਨ ਸਾਰੀ ਦੁਨੀਆਂ ਵਿੱਚ ਪ੍ਰਸਿੱਧ ਕਰ ਦੇਣੀ ਚਾਹੀਦੀ ਹੈ?
3. ਸ਼ਹੀਦ ਹੋ ਕੇ ਨੌਜਵਾਨ ਕਿਵੇਂ ਚਮਕੇਗਾ?
4. ਇਹ ਕਵਿਤਾ ਕਿਸ ਪੁਸਤਕ ਵਿੱਚੋਂ ਲਈ ਗਈ ਹੈ?
5. ਨੌਜਵਾਨ ਨੇ ਕਿਸਦੇ ਸੀਨੇ ਵਿੱਚ ਛੇਕ ਕਰਨਾ ਹੈ?
6. ਕੌਣ ਦੇਸ਼ ਅਤੇ ਕੌਮੀ ਨਿਸ਼ਾਨ ਦਾ ਰਖਵਾਲਾ ਹੈ?
7. ਕਵੀ ਅਨੁਸਾਰ ਨੌਜਵਾਨ ਨੇ ਦੇਸ਼ ਨੂੰ ਕੀ ਬਣਾ ਦੇਣਾ ਹੈ?
8. ਕਵੀ ਅਨੁਸਾਰ ਸਾਰੀ ਦੁਨੀਆਂ ਨੌਜਵਾਨ ਦੀ ਕਿਸ ਤਾਕਤ ਨੂੰ ਜਾਣਦੀ ਹੈ?

## (ਘ) ਪ੍ਰੋ: ਮੋਹਨ ਸਿੰਘ

**ਕਵਿਤਾ:-1. ਅੱਗਿਓਂ ਅੱਗੇ ਚੱਲਣਾ**

1. ਪ੍ਰੋ: ਮੋਹਨ ਸਿੰਘ ਦੀ ਲਿਖੀ ਹੋਈ ਕੋਈ ਇੱਕ ਕਵਿਤਾ ਦਾ ਨਾਂ ਲਿਖੋ?
2. 'ਅੱਗਿਓਂ ਅੱਗੇ ਚੱਲਣਾ' ਕਵਿਤਾ ਕਿਸ ਕਵੀ ਦੁਆਰਾ ਲਿਖੀ ਗਈ ਹੈ?
3. ਕਵਿਤਾ ਅਨੁਸਾਰ ਕਵੀ ਨੇ ਆਪਣੇ ਕਦਮਾਂ ਨਾਲ ਕੀ ਪਾਰ ਕਰ ਜਾਣਾ ਹੈ?
4. ਕਵੀ ਨੂੰ ਹੁਣ ਕੌਣ ਰਸਤੇ ਤੋਂ ਨਹੀਂ ਭਟਕਾ ਸਕਦੇ?
5. ਕਵੀ ਨੇ ਅਜੇ ਅੱਗੇ ਵੱਧਣ ਲਈ ਕੀ ਭਰ-ਭਰ ਕੇ ਪੀਣੇ ਹਨ?
6. ਇਹ ਕਵਿਤਾ ਕਿਸ ਪੁਸਤਕ ਵਿੱਚੋਂ ਲਈ ਗਈ ਹੈ?

**ਕਵਿਤਾ:-2. ਗੁਰੂ ਨਾਨਕ ਨੂੰ**

1. ਗੁਰੂ ਨਾਨਕ ਨੂੰ ਕਵਿਤਾ ਕਿਸ ਕਵੀ ਦੁਆਰਾ ਲਿਖੀ ਗਈ ਹੈ?
2. ਕਵੀ ਗੁਰੂ ਨਾਨਕ ਨੂੰ ਕਿਸਦੇ ਵੀਰਾਨ ਹੋਣ ਬਾਰੇ ਕਹਿੰਦਾ ਹੈ?
3. ਕਵੀ ਅਨੁਸਾਰ ਰੱਬ ਦਾ ਘਰ ਅਰਥਾਤ ਮੰਦਿਰਾਂ-ਮਸੀਤਾਂ ਦਾ ਰਾਖਾ ਕੌਣ ਬਣ ਗਿਆ ਹੈ?
4. ਵਰਤਮਾਨ ਯੁਗ ਵਿੱਚ ਕੀ ਪ੍ਰਧਾਨ ਹੋ ਗਿਆ ਹੈ?
5. ਕਿਸ ਦੇ ਦੌਰ ਵਿੱਚ ਜੁਗਾਂ ਦੀ ਹਿੰਦੂਆਂ ਤੇ ਮੁਸਲਮਾਨਾਂ ਦੀ ਸਾਂਝੀ ਸਭਿਅਤਾ ਪੈਰਾਂ ਹੇਠ ਲਿਤਾੜੀ ਗਈ ਹੈ?
6. ਕਵੀ ਅਨੁਸਾਰ ਹੁਣ ਕਿਹੜੀ ਸੁਧਾਰ ਲਹਿਰ ਦੀ ਲੋੜ ਹੈ?
7. ਕਵੀ ਅਨੁਸਾਰ ਗੁਰੂ ਨਾਨਕ ਜੀ ਨੇ ਕਿਸ ਦੀ ਲੁੱਟ-ਖਸੁੱਟ ਵਿਰੁੱਧ ਆਵਾਜ਼ ਉਠਾਈ?

**ਕਵਿਤਾ:-3. ਜੱਟੀਆਂ ਦਾ ਗੀਤ**

1. 'ਜੱਟੀਆਂ ਦਾ ਗੀਤ' ਕਵਿਤਾ ਕਿਸ ਕਵੀ ਦੁਆਰਾ ਲਿਖੀ ਗਈ ਹੈ?
2. ਜਾਗੀਰਦਾਰ ਦੀ ਘੋੜੀ ਦੇ ਗਲ ਵਿੱਚ ਕੀ ਹਨ?
3. ਜਾਗੀਰਦਾਰ ਦੀ ਪਤਨੀ ਘਰ ਵਿੱਚ ਕਿਹੜੀਆਂ ਰੱਸੀਆਂ ਦੀ ਪੀਂਘ ਝੂਟ ਰਹੀ ਹੈ?
4. ਜਾਗੀਰਦਾਰ ਦੀ ਪਤਨੀ ਕਿੱਥੇ ਬੈਠੀ ਰਾਹ ਦੇਖ ਰਹੀ ਹੈ?
5. ਮੁਜ਼ਾਰਾ ਇਸਤਰੀਆਂ ਦਾ ਕੋਠਾ ਕਿਹੋ ਜਿਹਾ ਹੈ?
6. ਜਾਗੀਰਦਾਰ ਮੁੱਢ ਤੋਂ ਹੀ ਮੁਜ਼ਾਰਾ ਇਸਤਰੀਆਂ ਨਾਲ ਕੀ ਕਰ ਰਿਹਾ ਹੈ?
7. ਇਸ ਕਵਿਤਾ ਵਿੱਚ ਕਿਸ ਵਰਗ ਦਾ ਹੱਕਾਂ ਖਾਤਰ ਜੂਝਣਾ ਬਿਆਨ ਕੀਤਾ ਗਿਆ ਹੈ?

## (ਙ) ਨੰਦ ਲਾਲ ਨੂਰਪੁਰੀ

**ਕਵਿਤਾ:1. ਮਾਤਾ ਗੁਜਰੀ ਜੀ**

1. 'ਮਾਤਾ ਗੁਜਰੀ ਜੀ' ਕਵਿਤਾ ਕਿਸ ਕਵੀ ਦੁਆਰਾ ਲਿਖੀ ਗਈ ਹੈ?
2. ਨੰਦ ਲਾਲ ਨੂਰਪੁਰੀ ਦੁਆਰਾ ਲਿਖੀ ਗਈ ਕੋਈ ਇੱਕ ਕਵਿਤਾ ਦਾ ਨਾਂ ਲਿਖੋ?
3. ਮਾਤਾ ਗੁਜਰੀ ਕਿਸ ਦੇ ਸ਼ਹੀਦ ਹੋਣ ਤੇ ਉਦਾਸ ਹੈ?
4. ਮਾਤਾ ਲਈ ਕੀ ਸਹਿਣਾ ਬਹੁਤ ਔਖਾ ਹੈ?
5. ਬੱਚਿਆਂ ਨੇ ਸ਼ਹੀਦ ਹੋ ਕੇ ਕਿਸ ਕੋਲ ਜਾਣਾ ਹੈ?
6. ਇਹ ਕਵਿਤਾ ਕਿਸ ਕਿਤਾਬ ਵਿੱਚੋਂ ਲਈ ਗਈ ਹੈ?

**ਕਵਿਤਾ:-2. ਜੀਉਂਦੇ ਭਗਵਾਨ**

1. 'ਜੀਉਂਦੇ ਭਗਵਾਨ' ਕਵਿਤਾ ਕਿਸ ਕਵੀ ਦੁਆਰਾ ਲਿਖੀ ਗਈ ਹੈ?
2. ਗਭਰੂ ਪੁੱਤਰਾਂ ਨੂੰ ਕੌਣ ਉਡੀਕ ਰਿਹਾ ਹੈ?
3. ਗਭਰੂਆਂ ਦੇ ਹੱਥਾਂ ਵਿੱਚ ਕੀ ਬੱਧੇ ਹੋਏ ਹਨ?
4. ਬੰਦੇ ਕਿਸ ਲਈ ਤਰ੍ਹਾਂ-ਤਰ੍ਹਾਂ ਦੇ ਪਾਪੜ ਵੇਲਦੇ ਹਨ?
5. ਨੌਜਵਾਨਾਂ ਨੇ ਕਿਸਦੀ ਛਾਤੀ ਤੇ ਬੈਠ ਕੇ ਆਪ ਹੀ ਮੌਤ ਮੰਗ ਲਈ?
6. ਦੇਸ਼ ਤੇ ਕੌਮ ਤੋਂ ਬਿਨਾਂ ਸਾਰੇ ਕੰਮ ਕੀ ਅਖਵਾ ਸਕਦੇ ਹਨ?
7. ਦੇਸ਼ ਦੁਨੀਆਂ ਦੇ ਲੋਕਾਂ ਨੂੰ ਕਿਸ ਦੀ ਪੂਜਾ ਕਰਨੀ ਚਾਹੀਦੀ ਹੈ?

**ਕਵਿਤਾ:-3. ਰਾਵੀ ਤੇ ਝਨਾਂ**

1. 'ਰਾਵੀ ਤੇ ਝਨਾਂ' ਕਵਿਤਾ ਕਿਸ ਕਵੀ ਦੁਆਰਾ ਲਿਖੀ ਗਈ ਹੈ?
2. ਰਾਵੀ ਤੇ ਝਨਾਂ ਨਦੀ ਦੀ ਸੱਸ ਦੇ ਭਾਗ ਕਿਸ ਨਾਲ ਭਰ ਗਏ?
3. ਲੋਕ ਨਦੀ ਦੀ ਖ਼ੂਬਸੂਰਤੀ ਤੇ ਪਿਆਰ ਦੀ ਧੁੱਪ ਨੂੰ ਕੀ ਮਾਣਨ ਲੱਗੇ?
4. ਮੁਟਿਆਰ ਦੇ ਹੁਸਨ ਤੇ ਅਦਾਵਾਂ ਨੇ ਕਿਸ ਦੇ ਦਿਲਾਂ ਨੂੰ ਠੱਗ ਲਿਆ?
5. ਠੱਗੇ ਗਏ ਨੌਜਵਾਨਾਂ ਨੇ ਨਿਆਂ ਦੀ ਆਸ ਵੀ ਕਿਸ ਤੋਂ ਕੀਤੀ?
6. ਮੁਟਿਆਰਾਂ ਨੇ ਸਹੁਰਿਆਂ ਦਾ ਸਾਰਾ ਪਿੰਡ ਕਿਸ ਤੇ ਨਚਾਇਆ?
7. ਮੁਟਿਆਰਾਂ ਦੀ ਆਰਸੀ ਦੇ ਸ਼ੀਸ਼ੇ ਵਿੱਚ ਕੀ ਵੱਸਦਾ ਦਿਖਾਈ ਦਿੰਦਾ ਹੈ?

## (ਚ) ਬਾਵਾ ਬਲਵੰਤ

**ਕਵਿਤਾ:-1. ਕੋਸ਼ਿਸ਼ 'ਚ ਹਾਂ**

1. 'ਕੋਸ਼ਿਸ਼ 'ਚ ਹਾਂ' ਕਵਿਤਾ ਕਿਸ ਕਵੀ ਦੁਆਰਾ ਲਿਖੀ ਗਈ ਹੈ?
2. 'ਬਾਵਾ ਬਲਵੰਤ' ਦੁਆਰਾ ਲਿਖੀ ਗਈ ਕੋਈ ਇਕ ਕਵਿਤਾ ਦਾ ਨਾਂ ਲਿਖੋ?
3. ਜ਼ਿੰਦਗੀ ਦੇ ਹਰ ਪੱਖ ਉੱਤੇ ਕਵੀ ਅਨੁਸਾਰ ਕਿਸ ਦੀ ਰੌਸ਼ਨੀ ਪਾਈ ਜਾਵੇ?
4. ਕਵੀ ਦੇ ਦਰਬਾਰ ਵਿੱਚ ਕਿਸ ਦੀ ਭਲਾਈ ਤੇ ਉਸਾਰੀ ਲਈ ਇਨਸਾਫ਼ ਦੀਆਂ ਗੱਲਾਂ ਹੋਣ?
5. ਜ਼ਿੰਦਗੀ ਆਪਣੇ ਸੁੱਖ ਲਈ ਕਿਸਦੀ ਖੋਜ ਵਿੱਚ ਜੁਟੀ ਹੈ?

**ਕਵਿਤਾ:-2. ਦੇਸ਼**

1. 'ਦੇਸ਼' ਕਵਿਤਾ ਕਿਸ ਕਵੀ ਦੁਆਰਾ ਲਿਖੀ ਹੋਈ ਹੈ?
2. ਦੇਸ਼ ਦੇ ਲੋਕ ਕਿਸ ਨਾਲ ਆਪਣੀ ਤਕਦੀਰ ਬਦਲ ਸਕਦੇ ਹਨ?
3. ਮਿਹਨਤੀ ਲੋਕਾਂ ਦੇ ਹਰੇ ਖੇਤਾਂ ਵਿੱਚ ਪਾਣੀ ਦਾ ਧਾਰਾ ਕਿਸਦੇ ਵਾਂਗ ਫਿਰਦੀ ਹੈ?
4. ਲੋਕਾਂ ਦੇ ਘਰ ਅੰਦਰੋਂ ਬਾਹਰੋਂ ਕਿਸਦੇ ਵਰਗੇ ਦਿਖਾਈ ਦਿੰਦੇ ਹੋਣ?
5. ਇਹ ਕਵਿਤਾ ਕਿਸ ਕਿਤਾਬ ਵਿੱਚੋਂ ਲਈ ਗਈ ਹੈ?

## (ਛ) ਪ੍ਰੀਤਮ ਸਿੰਘ ਸਫ਼ੀਰ

### ਕਵਿਤਾ:-1. ਦੋ ਪਿੱਪਲ ਦੇ ਪੱਤੇ

1. 'ਦੋ ਪਿੱਪਲ ਦੇ ਪੱਤੇ' ਕਵਿਤਾ ਕਿਸ ਕਵੀ ਦੁਆਰਾ ਲਿਖੀ ਗਈ ਹੈ?
2. ਪ੍ਰੀਤਮ ਸਿੰਘ ਸਫ਼ੀਰ ਦੀ ਲਿਖੀ ਹੋਈ ਕੋਈ ਇੱਕ ਕਵਿਤਾ ਦਾ ਨਾਂ ਲਿਖੋ?
3. ਰਿਸ਼ੀ ਵਿਆਸ ਨੇ ਪਿੱਪਲ ਦੇ ਕਿੰਨੇ ਪੱਤੇ ਤੋੜੇ?
4. ਰਿਸ਼ੀ ਨੂੰ ਦਿਲ ਵਿੱਚ ਕਿਸਦੇ ਮਿਲਨ ਦੀ ਆਸ ਸੀ?
5. ਦੋ ਪਿੱਪਲ ਦੇ ਪੱਤੇ ਕਿਸਦੇ ਰੂਪ ਹਨ?

### ਕਵਿਤਾ:-2. ਇੱਕ ਮਿੱਟੀ ਦੀ ਮੁੱਠੀ

1. 'ਇੱਕ ਮਿੱਟੀ ਦੀ ਮੁੱਠੀ' ਕਵਿਤਾ ਕਿਸ ਕਵੀ ਦੁਆਰਾ ਲਿਖੀ ਗਈ ਹੈ?
2. ਕਵੀ ਨੇ ਅੱਖਾਂ ਨਾਲ ਨੀਝ ਲਾ ਕੇ ਕੀ ਦੇਖਿਆ?
3. ਮਿੱਟੀ ਦੇ ਇੱਕ-ਇੱਕ ਕਿਣਕੇ ਵਿੱਚ ਕਿਸ ਪ੍ਰਕਾਰ ਦੇ ਹੁਸਨਾਂ ਦੇ ਸੁਪਨੇ ਸਾਂਭੇ ਹੋਏ ਹਨ?
4. ਮਨੁੱਖ ਦਾ ਸਰੀਰ ਵੀ ਕੀ ਹੈ?
5. ਜਦੋਂ ਮਨੁੱਖੀ ਸਰੀਰ ਵਿੱਚ ਜਿੰਦ ਆ ਕੇ ਵੱਸਦੀ ਹੈ ਤਾਂ ਕੀ ਹੁੰਦਾ ਹੈ?

## (ਜ) ਅਮ੍ਰਿਤਾ ਪ੍ਰੀਤਮ

### ਕਵਿਤਾ:-1. ਤ੍ਰਿੰਞਣ

1. 'ਤ੍ਰਿੰਞਣ' ਕਵਿਤਾ ਕਿਸ ਕਵੀ ਦੁਆਰਾ ਲਿਖੀ ਗਈ ਹੈ?
2. ਅਮ੍ਰਿਤਾ ਪ੍ਰੀਤਮ ਦੁਆਰਾ ਲਿਖੀ ਗਈ ਕੋਈ ਇੱਕ ਕਵਿਤਾ ਦਾ ਨਾਂ ਲਿਖੋ?
3. ਸਾਰੀਆਂ ਸਹੇਲੀਆਂ ਸੱਜਰੇ ਸਿਰ ਗੁੰਦਵਾ ਕੇ ਤੇ ਬਣ-ਸੰਵਰ ਕੇ ਕਿਸ ਲਈ ਆਈਆਂ ਸਨ?
4. ਤ੍ਰਿੰਞਣ ਦੇ ਕਾਰਨ ਹਰ ਇੱਕ ਦੇ ਹੱਥ ਵਿੱਚ ਕੀ ਹੁੰਦਾ ਹੈ?
5. ਦੂਜੇ ਹੱਥ ਵਿੱਚ ਕੀ ਹੁੰਦਾ ਹੈ?
6. ਤ੍ਰਿੰਞਣ ਵਾਲੀਆਂ ਕੁੜੀਆਂ ਦੀ ਸਰਦਾਰ ਕਿੱਥੇ ਬੈਠੀ ਹੁੰਦੀ ਹੈ?

**ਕਵਿਤਾ:-2. ਅਹਿਦਨਾਮਾ**

1. 'ਅਹਿਦਨਾਮਾ' ਕਵਿਤਾ ਦਾ ਕਵੀ ਕੌਣ ਹੈ?
2. ਸੰਸਾਰ ਦੇ ਸਿਆਸੀ ਰਲ ਕੇ ਕਿਸਦੇ ਪ੍ਰਤਿੱਗਿਆ ਪੱਤਰ ਤੇ ਦਸਤਖਤ ਕਰਨ?
3. ਉਨ੍ਹਾਂ ਦੇ ਸਾਹਮਣੇ ਕਿਸਦੀ ਕਿਸਮਤ ਦਾ ਕਾਗਜ ਪਿਆ ਹੈ?
4. ਮਨੁੱਖੀ ਜਿੰਦੜੀਆਂ ਬੜੀਆਂ ਕੀ ਹਨ?
5. ਕਵਿਤਰੀ ਅਨੁਸਾਰ ਸਭ ਦੀ ਆਵਾਜ਼ ਦੀ ਬੂੰਦ-ਬੂੰਦ ਨਾਲ ਕਿਸ ਵਰਗੀ ਸ਼ਕਤੀ ਇਕੱਠੀ ਕਰ ਲੈਣੀ ਚਾਹੀਦੀ ਹੈ?
6. ਆਪਣੇ ਫਰਜ਼ ਦੀ ਪਾਲਣਾ ਕਰਦਿਆਂ ਹੋਇਆਂ ਕਿਸਦਾ ਭਲਾ ਕਰਨਾ ਚਾਹੀਦਾ ਹੈ?

## (ੲ) ਸ਼ਿਵ ਕੁਮਾਰ ਬਟਾਲਵੀ

**ਕਵਿਤਾ:-1. ਧਰਮੀ ਬਾਬਲਾ**

1. 'ਧਰਮੀ ਬਾਬਲਾ' ਕਵਿਤਾ ਦਾ ਕਵੀ ਕੌਣ ਹੈ?
2. ਸ਼ਿਵ ਕੁਮਾਰ ਬਟਾਲਵੀ ਕਵੀ ਦੁਆਰਾ ਲਿਖੀ ਗਈ ਕੋਈ ਇੱਕ ਕਵਿਤਾ ਦਾ ਨਾਂ ਲਿਖੋ?
3. ਗੀਤ ਰੂਪੀ ਪ੍ਰੇਮੀ ਦੇ ਗਲ ਕੀ ਪਾਈ ਹੋਈ ਸੀ?
4. ਗੀਤ ਰੂਪੀ ਪ੍ਰੇਮੀ ਦੇ ਮੂੰਹ ਤੇ ਕੀ ਸੀ?
5. ਗੀਤ ਰੂਪੀ ਪ੍ਰੇਮੀ ਦੀਆਂ ਅੱਖਾਂ ਵਿੱਚ ਕੀ ਸੀ?
6. ਗੀਤ ਗਾਉਂਦਿਆਂ ਹੀ ਹਵਾ ਵਿੱਚ ਕਿਸਦੀ ਖੁਸ਼ਬੋ ਫੈਲ ਜਾਂਦੀ ਸੀ?
7. ਪ੍ਰੇਮੀ ਨੇ ਟੂਣੇਹਾਰੀ ਰੁੱਤ ਵਿੱਚ ਕਿਸਨੂੰ ਵਾਹਿਆ ਤੇ ਗੋਡਿਆ?

**ਕਵਿਤਾ:-2. ਆਰਤੀ**

1. 'ਆਰਤੀ' ਕਵਿਤਾ ਕਿਸ ਕਵੀ ਦੁਆਰਾ ਲਿਖੀ ਗਈ ਹੈ?
2. ਕਵੀ ਕਿਸ ਨੂੰ ਇਸ ਕਵਿਤਾ ਵਿੱਚ ਸੰਬੋਧਨ ਕਰਦਾ ਹੈ?
3. ਕਵੀ ਕਿਸ ਦਾ ਦੀਵਾ ਬਾਲਣਾ ਚਾਹੁੰਦਾ ਹੈ?
4. ਕੋਈ ਵੀ ਗੀਤ ਗੁਰੂ ਜੀ ਦੀ ਕੀ ਨਹੀਂ ਗਾ ਸਕਦਾ?
5. ਗੁਰੂ ਜੀ ਸਭ ਕੁਝ ਲੁਟਾ ਕੇ ਕਿਥੋਂ ਦੇ ਜੰਗਲਾਂ ਵਿੱਚ ਭਟਕੇ?
6. ਕਵੀ ਅਨੁਸਾਰ ਉਸਦੇ ਹੱਥ ਵਿੱਚ ਕਿਸਦੀ ਤਲਵਾਰ ਹੋਵੇ?

**ਕਵਿਤਾਃ-3. ਢੋਲ ਵਜਾਓ**

1. 'ਢੋਲ ਵਜਾਓ' ਕਵਿਤਾ ਦਾ ਕਵੀ ਕੌਣ ਹੈ?
2. ਕਵੀ ਢੋਲ ਵਜਾ ਕੇ ਲੋਕਾਂ ਨੂੰ ਕਿਸ ਬਾਰੇ ਦੱਸਣਾ ਚਾਹੁੰਦਾ ਹੈ?
3. ਸਾਡੇ ਦੇਸ਼ ਦੀ ਤਰੱਕੀ ਲਈ ਪਰਬਤਾਂ ਨੂੰ ਚੀਰਕੇ ਕੀ ਕੱਢੀਆਂ ਗਈਆਂ?
4. ਲੋਕਾਂ ਨੂੰ ਆਪਣੇ ਦਿਮਾਗਾਂ ਨੂੰ ਕੀ ਕਰਕੇ ਨਹੀਂ ਰੱਖਣਾ ਚਾਹੀਦਾ?

## (ਝ) ਸੁਰਜੀਤ ਪਾਤਰ

**ਕਵਿਤਾਃ-1. ਆਇਆ ਨੰਦ ਕਿਸ਼ੋਰ**

1. 'ਆਇਆ ਨੰਦ ਕਿਸ਼ੋਰ' ਕਵਿਤਾ ਕਿਸ ਕਵੀ ਦੁਆਰਾ ਲਿਖੀ ਹੋਈ ਹੈ?
2. ਸੁਰਜੀਤ ਪਾਤਰ ਦੁਆਰਾ ਲਿਖੀ ਹੋਈ ਕੋਈ ਇੱਕ ਕਵਿਤਾ ਦਾ ਨਾਂ ਲਿਖੋ?
3. ਨੰਦ ਕਿਸ਼ੋਰ ਬਿਹਾਰ ਤੋਂ ਕਿਸ ਗੱਡੀ ਵਿੱਚ ਬੈਠ ਕੇ ਪੰਜਾਬ ਆ ਗਿਆ?
4. ਉਸਦੀ ਪਤਨੀ ਦਾ ਕੀ ਨਾਂ ਸੀ?
5. ਨੰਦ ਕਿਸ਼ੋਰ ਨੇ ਪੁੱਤਰੀ ਦਾ ਕੀ ਨਾਂ ਰੱਖਿਆ?
6. ਮਾਧੁਰੀ ਫੱਟੀ ਪੋਚ ਕੇ ਕੀ ਲਿਖ ਰਹੀ ਸੀ?
7. ਅੱਛਰ ਸਿੰਘ ਦੇ ਪੋਤੇ ਕੀ ਸਿੱਖ ਰਹੇ ਸਨ?

**ਕਵਿਤਾਃ-2. ਕੱਚ ਦਾ ਗਿਲਾਸ**

1. 'ਕੱਚ ਦਾ ਗਿਲਾਸ' ਕਵਿਤਾ ਕਿਸ ਕਵੀ ਦੁਆਰਾ ਲਿਖੀ ਗਈ ਹੈ?
2. ਮੁਟਿਆਰ ਧੀ ਦੇ ਹੱਥੋਂ ਕੀ ਟੁੱਟ ਗਿਆ ਸੀ?
3. ਧੀ ਨੂੰ ਕਿਸਨੇ ਝਿੜਕਾਂ ਦਿੱਤੀਆਂ?
4. ਧੀ ਦੀਆਂ ਅੱਖਾਂ ਵਿੱਚੋਂ ਕੀ ਵਹਿਣ ਲੱਗ ਪਏ?
5. ਸਾਡੇ ਆਲੇ-ਦੁਆਲੇ ਕੀ ਸਸਤਾ ਵਿਕਦਾ ਹੈ?
6. ਸਾਡੇ ਆਲੇ-ਦੁਆਲੇ ਕੀ ਮਹਿੰਗਾ ਮਿਲਦਾ ਹੈ?
7. ਧੀ ਮਾਂ ਤੋਂ ਕੀ ਮੰਗਦੀ ਹੈ?
8. ਧੀ ਮਾਂ ਕੋਲੋਂ ਕੀ ਚਾਹੁੰਦੀ ਹੈ?

## ਜਮਾਤ- ਨੌਵੀਂ (ਪੰਜਾਬੀ)
## ਕਿਤਾਬ- ਸਾਹਿਤ ਮਾਲਾ
## ਭਾਗ- ਵਾਰਤਕ ਭਾਗ
## (ਪੁਰਾਤਨ ਜਨਮ-ਸਾਖੀ)

### (ੳ) ਲੇਖ- ਸੁਲਤਾਨਪੁਰ ਨੂੰ ਤਿਆਰੀ

**ਵਸਤੂਨਿਸ਼ਠ ਪ੍ਰਸ਼ਨः-**

1. ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਕਿੰਨਵੇਂ ਗੁਰੂ ਹਨ?
2. ਗੁਰੂ ਨਾਨਕ ਦੇਵ ਜੀ ਦੇ ਮਾਤਾ-ਪਿਤਾ ਦਾ ਨਾਂ ਕੀ ਹੈ?
3. ਗੁਰੂ ਨਾਨਕ ਦੇਵ ਜੀ ਦੀ ਭੈਣ ਦਾ ਕੀ ਨਾਂ ਹੈ?
4. ਬੇਬੇ ਨਾਨਕੀ ਦੇ ਪਤੀ ਦਾ ਕੀ ਨਾਂ ਹੈ?
5. ਗੁਰੂ ਨਾਨਕ ਦੇਵ ਜੀ ਦਾ ਜੈ ਰਾਮ ਨਾਲ ਕੀ ਰਿਸ਼ਤਾ ਹੈ?
6. ਜਦੋਂ ਜੈ ਰਾਮ ਨੂੰ ਪਤਾ ਲੱਗਾ ਕਿ ਨਾਨਕ ਕੋਈ ਕੰਮ ਕਾਰ ਨਹੀਂ ਕਰਦਾ ਤਾਂ ਉਹਨਾਂ ਨੇ ਨਾਨਕ ਨੂੰ ਕੀ ਲਿਖੀ?
7. ਗੁਰੂ ਨਾਨਕ ਦੇਵ ਜੀ ਨੇ ਚਿੱਠੀ ਪੜ੍ਹ ਕੇ ਕਿੱਥੇ ਜਾਣ ਲਈ ਤਿਆਰੀ ਕਰ ਲਈ?
8. ਸੁਲਤਾਨਪੁਰ ਕੌਣ ਰਹਿੰਦੇ ਸੀ?
9. ਜਦੋਂ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਜਾਣ ਲੱਗੇ ਤਾਂਉਹਨਾਂ ਦੇ ਸੁਲਤਾਨਪੁਰ ਜਾਣ ਤੇ ਵੈਰਾਗ ਕੌਣ ਕਰ ਰਿਹਾ ਸੀ?
10. ਗੁਰੂ ਨਾਨਕ ਦੇਵ ਜੀ ਕਿਸ ਤੋਂ ਵਿਦਾ ਲੈ ਕੇ ਸੁਲਤਾਨਪੁਰ ਚਲ ਪਏ?

### (ਅ) ਲੇਖ- ਮੋਦੀ ਖ਼ਾਨਾ ਸੰਭਾਲਿਆ

1. ਗੁਰੂ ਨਾਨਕ ਦੇਵ ਜੀ ਦੇ ਸੁਲਤਾਨਪੁਰ ਪਹੁੰਚਣ ਤੇ ਕੌਣ ਖੁਸ਼ ਹੋਇਆ?
2. ਗੁਰੂ ਨਾਨਕ ਦੇਵ ਜੀ ਨੂੰ ਜੈ ਰਾਮ ਨੇ ਕਿਸ ਨਾਲ ਮਿਲਾਇਆ?
3. ਗੁਰੂ ਨਾਨਕ ਦੇਵ ਜੀ ਨਵਾਬ ਨੂੰ ਕੀ ਦੇ ਕੇ ਮਿਲੇ?
4. ਗੁਰੂ ਨਾਨਕ ਦੇਵ ਜੀ ਖ਼ਾਨ ਨੂੰ ਕੀ ਨਜ਼ਰ ਆਉਂਦੇ ਸਨ?
5. ਤਲਵੰਡੀ ਤੋਂ ਗੁਰੂ ਨਾਨਕ ਦੇਵ ਜੀ ਕੋਲ ਕੌਣ ਆ ਟਿਕਿਆ?
6. ਸੁਲਤਾਨਪੁਰ ਰਹਿੰਦੇ ਹੋਏ ਗੁਰੂ ਨਾਨਕ ਦੇਵ ਜੀ ਰਾਤ ਨੂੰ ਕੀ ਕਰਦੇ ਸਨ?
7. ਪਹਿਰ ਰਾਤ ਗੁਰੂ ਨਾਨਕ ਦੇਵ ਜੀ ਦਰਿਆ ਜਾ ਕੇ ਕੀ ਕਰਦੇ ਸਨ?
8. ਸਵੇਰ ਹੁੰਦਿਆਂ ਸਾਰ ਗੁਰੂ ਜੀ ਕੱਪੜੇ ਪਾ ਕੇ ਤੇ ਤਿਲਕ ਲਾ ਕੇ ਦਰਬਾਰ ਵਿਖੇ ਕਿੱਥੇ ਲਿਖਣ ਬੈਠ ਜਾਂਦੇ?

## (2) **ਲੇਖ- ਗਲੀ ਵਿੱਚ**

1. 'ਗਲੀ ਵਿੱਚ' ਲੇਖ ਦਾ ਲੇਖਕ ਕੌਣ ਹੈ?
2. 'ਪੰਡਤ ਸ਼ਰਧਾ ਰਾਮ ਫਿਲੌਰੀ' ਦਾ ਲਿਖਿਆ ਲੇਖ ਕਿਹੜਾ ਹੈ?
3. ਗਲੀ ਵਿੱਚ ਸਭ ਤੋਂ ਪਹਿਲਾਂ ਆ ਕੇ ਕਿਸਨੇ ਹੋਕਾ ਦਿੱਤਾ?
4. ਵਾਰਤਕ ਲੇਖ ਗਲੀ ਵਿੱਚ ਕਿਸ ਸ਼ਹਿਰ ਦੀ ਇਕ ਗਲੀ ਬਾਰੇ ਜਿਕਰ ਕੀਤਾ ਹੈ?
5. ਤੀਵੀਆਂ ਛਾਬੜੀ ਵਾਲੇ ਕੋਲ ਆ ਕੇ ਕੀ ਖਰੀਦ ਕੇ ਖਾਣ ਲੱਗ ਪਈਆਂ?
6. ਔਰਤਾਂ ਨੇ ਛਾਬੜੀ ਵਾਲੇ ਨੂੰ ਅਗਲੇ ਦਿਨ ਕੀ ਲੈ ਕੇ ਆਉਣ ਲਈ ਕਿਹਾ?
7. ਦੂਜੇ ਦਿਨ ਅੰਮ੍ਰਿਤ ਵੇਲੇ ਇਸਤਰੀਆਂ ਇੱਕਠੀਆਂ ਹੋ ਕੇ ਕਿੱਥੇ ਗਈਆਂ?
8. ਦਰਬਾਰ ਸਾਹਿਬ ਪਹੁੰਚ ਕੇ ਔਰਤਾਂ ਨੇ ਕਿੱਥੇ ਇਸ਼ਨਾਨ ਕੀਤਾ?
9. ਔਰਤਾਂ ਨੇ ਐਤਵਾਰ ਦੀ ਕਥਾ ਕਿਸ ਕੋਲੋਂ ਸੁਣੀ?
10. ਜਦੋਂ ਇਸਤਰੀਆਂ ਰੋਟੀ-ਟੁੱਕ ਦੇ ਕੰਮ ਤੋਂ ਵਿਹਲੀਆਂ ਹੋਈਆਂ ਤਾਂ ਗਲੀ ਵਿੱਚ ਕੌਣ ਆ ਗਿਆ?
11. ਵਣਜਾਰੇ ਦੇ ਜਾਣ ਤੋਂ ਬਾਅਦ ਕੌਣ ਆਇਆ?
12. ਪਾਂਡੇ ਨੇ ਹੱਥ ਵਿੱਚ ਕੀ ਫੜ੍ਹਿਆ ਹੋਇਆ ਸੀ?
13. ਪਾਂਡੇ ਨੇ ਕਿਸ ਦੇ ਜਲਦੀ ਵਿਆਹੇ ਜਾਣ ਦੀ ਗੱਲ ਕੀਤੀ?
14. ਮੂਲੋ ਦੀ ਮਾਂ ਦੀ ਦਰਾਣੀ ਦਾ ਨਾਂ ਕੀ ਸੀ?
15. ਥੋੜਾ ਜਿਹਾ ਤੇਲ, ਤਨ ਦਾ ਕੱਪੜਾ ਅਤੇ ਚਾਂਦੀ ਸਿਰ ਨਾਲ ਛੁਹਾ ਕੇ ਪਾਂਡੇ ਨੂੰ ਦੇਣ ਨਾਲ ਕੀ ਹੋ ਜਾਣਾ ਸੀ?
16. ਕਿਸੇ ਦਾ ਛੱਲਾ, ਛਾਪ, ਕੰਨ ਦੀ ਵਾਲੀ ਅਤੇ ਚਾਦਰ ਆਦਿ ਲੁਹਾ ਕੇ ਕਿਸ ਨੇ ਆਪਣਾ ਰਸਤਾ ਫੜਿਆ?

## (3) **ਲੇਖ- ਸਮਯ ਦਾ ਅਰਘ**

1. 'ਸਮਯ ਦਾ ਅਰਘ' ਦਾ ਲੇਖ ਕਿਸ ਕਿਤਾਬ ਚੋਂ ਲਿਆ ਗਿਆ ਹੈ?
2. 'ਸਮਯ ਦਾ ਅਰਘ' ਤੋਂ ਕੀ ਭਾਵ ਹੈ?
3. 'ਸਮਯ ਦਾ ਅਰਘ' ਦੇ ਲੇਖ ਅਨੁਸਾਰ ਸਾਧੂ ਨੇ ਨਗਰ ਵਿੱਚ ਕੀ ਦੇਖਿਆ?
4. ਮੜ੍ਹੀਆਂ ਦੇ ਉਪਰ ਪ੍ਰਾਣੀਆਂ ਦੀ ਉਮਰ ਕਿੰਨੀ ਲਿਖੀ ਹੋਈ ਸੀ?
5. ਨਗਰ ਵਿੱਚ ਬੰਦੇ ਦੀ ਅਸਲ ਉਮਰ ਓਨੀ ਹੀ ਮੰਨੀ ਜਾਂਦੀ ਹੈ ਜਿੰਨਾ ਸਮਾਂ ਉਹਨਾਂ ਨੇ ਕਿਸੇ ਕੰਮ ਲਈ ਲਾਇਆ ਹੋਵੇ?
6. ਲੇਖਕ ਅਨੁਸਾਰ ਸਮੇਂ ਨੂੰ ਕੀ ਸਮਝਣਾ ਚਾਹੀਦਾ ਹੈ?
7. ਮਨੁੱਖ ਦਾ ਸਮਾਂ ਲੋਕ-ਪ੍ਰਲੋਕ ਸੰਵਾਰਨ ਵਾਲੀ ਈਸ਼ਵਰ ਦੀ ਅਰਾਧਨਾ ਦੀ ਬਜਾਏ ਹੋਰ ਕਿਥੇ ਲੱਗਣਾ ਚਾਹੀਦਾ ਹੈ?
8. 'ਸਮਯ ਦਾ ਅਰਘ' ਦੇ ਲੇਖਕ ਕੌਣ ਹੈ?

## (ਅ) ਲੇਖ ਵੱਡਿਆਂ ਦਾ ਆਦਰ

1. ਮਿੱਠਾ ਬੋਲਣਾ ਅਤੇ ਸਨੇਹ ਤੇ ਹਿੱਤ ਨਾਲ ਵਰਤਣ ਨੂੰ ਕੀ ਕਹਿੰਦੇ ਹਨ?
2. ਜਦੋਂ ਆਪ ਤੋਂ ਕੋਈ ਵੱਡਾ ਮਿਲ ਜਾਵੇ ਤਾਂ ਖੜ੍ਹੇ ਹੋ ਕੇ ਸਿਰ ਝੁਕਾ ਕੇ ਤੇ ਹੱਥ ਜੋੜਨ ਤੋਂ ਇਲਾਵਾ ਕੀ ਕਰਨਾ ਚਾਹੀਦਾ ਹੈ?
3. ਆਪਣੇ ਤੋਂ ਵੱਡੇ ਦੇ ਅੱਗੇ ਲੰਘਣਾ ਹੋਵੇ ਤਾਂ ਕੀ ਲੈਣੀ ਚਾਹੀਦੀ ਹੈ?
4. ਵੱਡੇ ਕਿੰਨੇ ਪ੍ਰਕਾਰ ਦੇ ਹਨ?
5. ਕਿਸਦੇ ਅਨੁਸਾਰ ਗੁਰੂ,ਮਾਤਾ-ਪਿਤਾ ਤੇ ਵੱਡੇ ਭਰਾ ਦਾ ਸਦਾ ਆਦਰ ਕਰਦੇ ਰਹਿਣਾ ਚਾਹੀਦਾ ਹੈ?
6. ਉਹ ਕੀ ਹੈ ਜੋ ਗੁਰੂ ਤੋਂ ਮਗਰੋਂ ਸਹਾਇਕ ਅਤੇ ਵੱਡੇ ਭਰਾ ਦਾ ਅਧਿਕਾਰ ਦਿੰਦੀ ਹੈ?
7. 'ਵੱਡਿਆਂ ਦਾ ਆਦਰ' ਦਾ ਲੇਖਕ ਕੌਣ ਹੈ?

## (4) ਲੇਖ- ਢੋਲ-ਢਮੱਕਾ

1. 'ਢੋਲ-ਢਮੱਕਾ' ਲੇਖ ਦਾ ਲੇਖਕ ਕੌਣ ਹੈ?
2. 'ਲਾਲ ਸਿੰਘ ਕਮਲਾ ਅਕਾਲੀ' ਦੁਆਰਾ ਲਿਖਿਆ ਕਿਹੜਾ ਲੇਖ ਹੈ?
3. ਦੁਨੀਆਂ ਵਿੱਚ ਅਜਿਹੇ ਲੋਕ ਹਨ, ਜਿਹੜੇ ਆਲੇ-ਦੁਆਲੇ ਤੇ ਸੁੱਖ ਤੇ ਸ਼ਾਂਤੀ ਦੀ ਪਰਵਾਹ ਕੀ ਕਰਦੇ ਹਨ?
4. ਜਰਮਨਾਂ ਨੇ ਕਿਹੜੇ ਜ਼ਹਾਜੀ ਬੇੜੇ ਨੂੰ ਰੋਕਣ ਦੀ ਕੋਸ਼ਿਸ਼ ਕੀਤੀ?
5. ਜਰਮਨਾਂ ਨੇ ਡੈਨਮਾਰਕ, ਹਾਲੈਂਡ ਤੋਂ ਇਲਾਵਾ ਕਿਹੜਾ ਕੰਢਾ ਮੱਲਣ ਦੀ ਕੋਸ਼ਿਸ਼ ਕੀਤੀ?
6. ਜਰਮਨੀ ਫੌਜੀ ਬੈਂਡ ਵਜਾਉਂਦੇ ਹੋਏ ਨਾਰਵੇ ਦੇ ਕਿਹੜੇ ਸ਼ਹਿਰ ਵਿੱਚ ਦਾਖ਼ਲ ਹੋਏ?
7. ਮਨੁੱਖ ਕੋਲ ਟੱਕਰ ਲੈਣ ਲਈ ਕਿੰਨਾਂ ਵਾਂਗ ਨਹੁੰਦਰਾਂ ਤੇ ਸਿੰਗ ਨਹੀਂ?
8. ਜਿਹੜਾ ਫਰੇਬ ਨਾਲ ਦੂਜੇ ਨੂੰ ਕਾਬੂ ਕਰੇ ਉਸਨੂੰ ਕੀ ਕਹਿੰਦੇ ਹਨ?
9. ਬਾਬੂ ਦੇ ਮੇਜ਼ ਕੁਰਸੀਆਂ ਸਿੱਧੀਆਂ ਕਰਦਿਆਂ ਹੀ ਦੁਪਹਿਰ ਸਮੇਂ ਕੀ ਸ਼ੁਰੂ ਹੋ ਜਾਂਦਾ ਹੈ?
10. ਰੇਡਿਓ ਤੇ ਲਾਊਡ ਸਪੀਕਰਾਂ ਨਾਲ ਇਨਸਾਨ ਦੇ ਕੀ ਵਿੰਨ ਦਿੱਤੇ ਹਨ?

## (5) ਲੇਖ- ਵਹਿਮੀ ਤਾਇਆ

1. 'ਵਹਿਮੀ ਤਾਇਆ' ਲੇਖ ਦਾ ਲੇਖਕ ਕੌਣ ਹੈ?
2. ਸੂਬਾ ਸਿੰਘ ਦਾ ਲਿਖਿਆ ਲੇਖ ਕਿਹੜਾ ਹੈ?
3. ਦੁਨੀਆਂ ਵਿੱਚ ਹੋਰ ਹਰ ਬਿਮਾਰੀ ਦਾ ਇਲਾਜ ਹੈ ਪਰ ਇੱਕ ਕਿਹੜੀ ਦਾ ਨਹੀਂ?
4. ਤਾਇਆ ਮਨਸਾ ਰਾਮ ਨੂੰ ਸਾਰੇ ਮੁਹੱਲੇ ਵਾਲੇ ਕੀ ਸਮਝਦੇ ਹਨ?
5. ਜਦੋਂ ਤਾਇਆ ਹੱਟੀ ਵਿੱਚ ਬੈਠਾ ਸੀ ਤਾਂ ਉਸਨੇ ਮੂੰਹ ਵਿੱਚ ਕੀ ਪਾਇਆ ਹੋਇਆ ਸੀ?

6. ਜਦੋਂ ਤਾਏ ਦੇ ਬੁਖਾਰ ਦਾ ਵਹਿਮ ਲੱਥਾ ਤਾਂ ਉਸਨੂੰ ਹੋਰ ਕਿਹੜਾ ਵਹਿਮ ਚਿੰਬੜ ਗਿਆ?
7. ਤਾਇਆ ਘਰ ਆਏ ਮਹਿਮਾਨਾਂ ਤੋਂ ਬਾਅਦ ਚਾਦਰਾਂ, ਕੁਰਸੀਆਂ ਨੂੰ ਗਰਮ ਪਾਣੀ ਵਿੱਚ ਪਾ ਕੇ ਉਬਾਲਦਾ ਤੇ ਇਸ ਤੋਂ ਇਲਾਵਾ ਕੀ ਕਰਦਾ?
8. ਬੱਚੇ ਦੇ ਮੂੰਹ ਚੁੰਮ ਲੈਣ ਤੇ ਤਾਏ ਨੇ ਸਾਬਣ ਨਾਲ ਮੂੰਹ ਰਗੜ-ਰਗੜ ਕੇ ਕਿਸ ਵਿੱਚੋਂ ਖ਼ੂਨ ਕੱਢ ਦਿੱਤਾ?
9. ਬੱਚੇ ਦੀਆਂ ਚਾਂਗਰਾਂ ਸੁਣ ਕੇ ਤਾਏ ਕੋਲੋਂ ਬੱਚਾ ਕੌਣ ਛੁਡਾਉਣ ਲਈ ਆਇਆ?
10. ਕਿਸ਼ਨੇ ਹਲਵਾਈ ਦੀ ਦੁਕਾਨ ਉੱਤੇ ਤਾਏ ਦਾ ਪੈਰ ਕਿਸ ਉੱਤੇ ਆ ਗਿਆ?
11. ਕੀ ਕੁੱਤੇ ਨੇ ਤਾਏ ਦੇ ਪੈਰ ਤੇ ਦੰਦ ਮਾਰਿਆ ਸੀ?
12. ਅੰਤ ਵਿੱਚ ਤਾਏ ਨੇ ਕੁੱਤੇ ਦੇ ਦੰਦ ਮਾਰਨ ਦੇ ਵਹਿਮ ਵਿੱਚ ਕੀ ਕੀਤਾ?
13. ਅੱਧੀ ਰਾਤ ਨੂੰ ਤਾਏ ਨੇ ਕਿਸਦਾ ਬੂਹਾ ਖੜਕਾਇਆ ਸੀ?
14. ਲੇਖਕ ਘੋੜੇ ਦੀ ਲਿੱਦ ਤੇ ਡਿੱਗਿਆ ਹੋਣ ਕਰਕੇ ਤਾਏ ਨੇ ਉਸਨੂੰ ਸਵੇਰ ਤੱਕ ਕਿਸ ਚੀਜ਼ ਦਾ ਖ਼ਤਰਾ ਦੱਸਿਆ?
15. ਤਾਏ ਦੇ ਜਿੱਦ ਕਰਨ ਤੇ ਲੇਖਕ ਉਸਦਾ ਝਾੜਾ ਕਰਾਉਣ ਲਈ ਕਿੱਥੇ ਲੈ ਗਿਆ?

## (6) **ਲੇਖ– ਮੁੜ ਵੇਖਿਆ ਪਿੰਡ**

1. 'ਮੁੜ ਵੇਖਿਆ ਪਿੰਡ' ਦਾ ਲੇਖਕ ਕੌਣ ਹੈ?
2. 'ਬਲਰਾਜ ਸਾਹਨੀ' ਦਾ ਲਿਖਿਆ ਲੇਖ ਦਾ ਨਾਂ ਕੀ ਹੈ?
3. ਮੁੜ ਵੇਖਿਆ ਪਿੰਡ ਕਿਹੜੀ ਪੁਸਤਕ ਵਿੱਚ ਦਰਜ ਹੈ?
4. ਲੇਖਕ ਕਿਹੜੇ ਸਾਲ ਆਪਣੇ ਜੱਦੀ ਪਿੰਡ (ਭੇਰੇ) ਆਇਆ?
5. ਲੇਖਕ ਅਨੁਸਾਰ ਪੌਣਾ ਘੰਟਾ ਬੱਸ ਕਿਹੜੇ ਪਿੰਡ ਰੁਕਣੀ ਸੀ?
6. ਕਿਸਦੇ ਅੰਦਰ ਵੜਦਿਆਂ ਹੀ ਲੇਖਕ ਦੀ ਪਹਿਲੀ ਜਾਣ-ਪਛਾਣ ਭੇਰੇ ਦੀਆਂ ਖੁਸ਼ਬੂਆਂ ਨਾਲ ਹੋਈ?
7. ਕਿਹੜਾ ਆਦਮੀ ਭੇਰੇ ਦੀਆਂ ਸਾਹਨੀਆਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ?
8. ਕਿਸਨੇ ਪਿੰਡ ਦਾ ਹੁਲੀਆ ਬਦਲਿਆ ਹੋਇਆ ਸੀ?
9. ਲੇਖਕ ਨੂੰ ਯਾਦ ਆਉਂਦਾ ਹੈ ਕਿ ਉਨ੍ਹਾਂ ਦੀ ਗਲੀ ਦੀ ਨੁੱਕਰ ਤੇ ਸੀ?
10. ਲੇਖਕ ਦੇ ਦਾਦੇ-ਪੋਤਰਾ ਦਾ ਭਰਾ ਕੌਣ ਸੀ?
11. ਦੇਸ਼ ਦੀ ਵੰਡ ਤੋਂ ਪਿਛੋਂ ਉਹ ਕੀ ਬਣ ਗਿਆ ਸੀ?
12. ਚੌਧਰੀ ਗੁਲਾਮ ਮੁਹੰਮਦ ਦੇ ਲੜਕੇ ਦਾ ਕੀ ਨਾਂ ਸੀ?
13. ਚੌਧਰੀ ਗੁਲਾਮ ਮੁਹੰਮਦ ਦੇ ਬੁੱਢੇ ਦੋਸਤ ਦਾ ਨਾਂ ਕੀ ਸੀ?
14. ਅਚਾਨਕ ਲੇਖਕ ਦੀ ਨਜ਼ਰ ਕਿੱਥੇ ਪਈ?
15. ਲੇਖਕ ਨੂੰ ਕੋਠੇ ਉਪਰ ਚੜ੍ਹਕੇ ਆਪਣੇ ਘਰ ਦਾ ਕੀ ਨਜ਼ਰ ਆਇਆ?
16. ਲੇਖਕ ਦੇ ਉਸ ਘਰ ਵਿੱਚ ਕਿਸਦੀ ਕੁੜਮਾਈ ਹੋਈ ਸੀ?
17. ਲੇਖਕ ਬੋਲਦਾ ਤੇ ਰੋਂਦਾ ਕਿਸਨੂੰ ਯਾਦ ਕਰਦਾ ਹੋਇਆ ਡਿੱਗ ਪਿਆ?

## (7) ਲੇਖ- ਖੁਸ਼ੀਆਂ ਆਪੇ ਨਹੀਂ ਆਉਂਦੀਆਂ

1. 'ਖੁਸ਼ੀਆਂ ਆਪੇ ਨਹੀਂ ਆਉਂਦੀਆਂ' ਦਾ ਲੇਖਕ ਕੌਣ ਹੈ?
2. ਡਾ. ਟੀ.ਆਰ. ਸ਼ਰਮਾ ਦਾ ਲੇਖ ਕਿਹੜਾ ਹੈ?
3. ਕਿਹੜੀਆਂ ਗੱਲਾਂ ਹਨ ਜੋ ਮਨੁੱਖ ਨੂੰ ਵੱਡੀਆਂ-ਵੱਡੀਆਂ ਖੁਸ਼ੀਆਂ ਦੇ ਸਕਦੀਆਂ ਹਨ?
4. ਅਨਪੜ੍ਹ ਵਿਅਕਤੀ ਨੂੰ ਖੁਸ਼ੀ ਕਿਸ ਤਰ੍ਹਾਂ ਮਿਲ ਸਕਦੀ ਹੈ?
5. ਕੋਈ ਇੱਕ ਤਰੀਕਾ ਦੱਸੋ ਜਿਸ ਨਾਲ ਮਨੁੱਖ ਆਪਣਾ ਗੁੱਸਾ ਪ੍ਰਗਟ ਕਰਦਾ ਹੈ?
6. ਪਤੀ-ਪਤਨੀ ਦੁਆਰਾ ਮਾਹੌਲ ਨੂੰ ਖੁਸ਼ਗਵਾਰ ਕਿਵੇਂ ਬਣਾਇਆ ਜਾ ਸਕਦਾ ਹੈ?
7. ਸਾਡੇ ਆਂਢ-ਗੁਆਂਢ, ਦਫ਼ਤਰ ਤੇ ਸਕੂਲ ਆਦਿ ਵਿੱਚ ਜੋ ਬੰਦੇ ਮਿਲਦੇ ਹਨ ਉਹ ਕਿਸ ਤਰ੍ਹਾਂ ਰਹਿੰਦੇ ਹਨ?
8. ਵਿਆਹ ਸ਼ਾਦੀ ਦੇ ਮੌਕੇ ਤੇ ਖੁਸ਼ੀ ਦੇ ਕੋਈ ਦੋ ਸਾਧਨ ਲਿਖੋ?
9. ਸਾਨੂੰ ਕਿਹੋ ਜਿਹੇ ਮੌਕਿਆਂ ਵਿੱਚ ਗੱਜ ਵੱਜ ਕੇ ਸ਼ਿਰਕਤ ਕਰਨੀ ਚਾਹੀਦੀ ਹੈ?
10. 'ਮੈਂ' ਜਾਂ 'ਹਉਮੈ' ਖੁਸ਼ੀਆਂ ਦੇ ਪੈਦਾ ਹੋਣ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰਦੀ ਹੈ?
11. ਦੋਸ਼ੀ ਨੂੰ ਖਿਮਾ ਕਰਨਾ ਕਿਹੋ ਜਿਹਾ ਕੰਮ ਸਮਝਿਆ ਜਾਂਦਾ ਹੈ?

## (8) ਲੇਖ- ਬੇਬੇ ਜੀ

1. 'ਬੇਬੇ ਜੀ' ਦਾ ਲੇਖਕ ਕੌਣ ਹੈ?
2. ਡਾ. ਹਰਪਾਲ ਸਿੰਘ ਪੰਨੂ ਦੁਆਰਾ ਲਿਖਿਆ ਲੇਖ ਦਾ ਨਾਂ ਲਿਖੋ?
3. ਲੇਖਕ ਨੂੰ ਕੀ ਯਾਦ ਆਉਂਦਾ ਹੈ?
4. ਜਦੋਂ ਬੇਬੇ ਘਰ 'ਚ ਹੁੰਦੀ ਤਾਂ ਦਿਨ-ਰਾਤ ਕਿਹੋ ਜਿਹੇ ਹੁੰਦੇ ਹਨ?
5. ਬਾਪੂ ਦਾ ਸੁਭਾਅ ਸਖ਼ਤ ਹੋਣ ਤੇ ਉਹ ਖਿਆਲ ਰੱਖਦਾ ਕਿ ਜਦੋਂ ਇਹਨਾਂ ਦੀ ਮਾਂ ਘਰ ਨਾ ਹੋਵੇ ਤਾਂ ਬੱਚੇ ਝਿੜਕਣੇ ਨਹੀਂ ਕਿਉਂਕਿ ਫਿਰ ਉਹ ਕੀ ਕਰਨ ਤੋਂ ਨਹੀਂ ਹੱਟਣਗੇ?
6. ਲੇਖਕ ਦੇ ਮਾਮੇ ਚੰਗੇ ਵਾਹੀਕਾਰ ਸਨ ਤੇ ਦੋਹਾਂ ਕੋਲ ਕਿੰਨੀ ਜ਼ਮੀਨ ਸੀ?
7. ਲੇਖਕ ਨੂੰ ਇਕ ਵਾਰ ਘਰ ਵਿੱਚ ਤੰਗੀ ਹੋਣ ਕਰਕੇ ਕਿਥੇ ਤੋਰ ਦਿੱਤਾ?
8. ਲੇਖਕ ਮਹੀਨੇ ਵਿੱਚ ਇੱਕ ਵਾਰ ਨਾਨਕੇ ਤੇ ਦੂਜੀ ਵਾਰ ਕਿੱਥੇ ਜਾਂਦਾ ਸੀ?
9. ਲੇਖਕ ਦੀ ਛੋਟੀ ਮਾਮੀ ਦਾ ਨਾਂ ਕੀ ਸੀ?
10. ਦੁਸਹਿਰੇ ਤੋਂ ਪਹਿਲਾਂ ਕੱਚੇ ਘਰ 'ਚ ਕੀ ਕੰਮ ਸ਼ੁਰੂ ਹੋ ਜਾਂਦਾ?
11. ਕੰਧਾਂ ਉੱਤੇ ਕਿਸ ਚੀਜ਼ ਦਾ ਪਰੋਲਾ ਫਿਰਦਾ ਤੇ ਫਰਸ਼ ਨੂੰ ਕਾਹਦੇ ਨਾਲ ਲਿਖਿਆ ਜਾਂਦਾ ਸੀ?
12. ਕਿਹੜੇ ਮਹੀਨੇ ਬੱਦਲ ਚੜ੍ਹ ਆਉਂਦੇ ਤੇ ਤੇਜ਼ ਧਾਰ ਬਾਰਸ਼ਾਂ ਹੁੰਦੀਆਂ ਸਨ?
13. ਸੀਟ ਤੇ ਜਿਹੜਾ ਬੰਦਾ ਬੇਬੇ ਨਾਲ ਬੈਠਾ ਸੀ ਉਹ ਕੀ ਖਾਣ ਲਈ ਮੂੰਹ ਖੋਲ੍ਹਦਾ ਸੀ?
14. ਜੇ ਕੋਈ ਗੁਆਂਢੀ ਆਪਣੀ ਜਨਾਨੀ ਤੇ ਹੱਥ ਚੁੱਕਦਾ ਤਾਂ ਬੇਬੇ ਉਸਦੇ ਘਰ ਕਿਉਂ ਜਾਂਦੀ?

15. ਵੱਡੀ ਪਰਾਤ ਵਿੱਚ ਗੁੰਨਿਆ ਹੋਇਆ ਆਟਾ ਕਿਸ ਤਰ੍ਹਾਂ ਦਾ ਲੱਗਦਾ ਸੀ?
16. ਬੇਬੇ ਕਿੰਨੇ ਸਾਲ ਦੀ ਉਮਰ 'ਚ ਵਿਆਹ ਕੇ ਆਈ?

## (1) **ਕਹਾਣੀ: ਕੱਲੋ**

1. 'ਕੱਲੋ' ਕਹਾਣੀ ਦਾ ਲੇਖਕ ਕੌਣ ਹੈ?
2. ਕਿਸ ਸਮੇਂ ਵਿੱਚ ਮਨੁੱਖ ਸ਼ਿਕਾਰ ਕਰਦੇ ਸਨ?
3. ਲੇਖਕ ਦੇ ਰਸਤੇ ਵਿੱਚ ਕੀ ਦਿੱਕਤ ਪੈਦਾ ਹੋਈ?
4. ਸ਼ਾਮ ਨੂੰ ਲੇਖਕ ਦਾ ਦੋਸਤ ਕੀ ਖਰੀਦ ਕੇ ਲੈ ਆਇਆ?
5. ਲੇਖਕ ਕੱਲੋ ਨੂੰ ਕੀ ਸਮਝਦਾ ਸੀ?
6. ਕੱਲੋ ਕਿੱਥੋਂ ਦੀ ਰਹਿਣ ਵਾਲੀ ਸੀ?
7. ਲੇਖਕ ਕਿੱਥੋਂ ਦਾ ਰਹਿਣ ਵਾਲਾ ਸੀ?
8. ਲੇਖਕ ਦੇ ਪਰਿਵਾਰ ਵਿੱਚ ਕੌਣ-ਕੌਣ ਸੀ?
9. ਕੱਲੋ ਨੇ ਲੇਖਕ ਨੂੰ ਸੁਗਾਤ ਵਜੋਂ ਕੀ ਦਿੱਤਾ?
10. ਕੀ ਹੁਣ ਕੱਲੋ ਬਾਕੀ ਬੱਚਿਆਂ ਨੂੰ ਮੁਹੱਲੇ ਵਿੱਚ ਸ਼ੋਰ ਪਾਉਣ ਦਿੰਦੀ ਸੀ?
11. ਲੇਖਕ ਨੇ ਕੱਲੋ ਨੂੰ ਜਾਣ ਤੋਂ ਪਹਿਲਾਂ ਕੀ ਦਿੱਤਾ?

## (2) **ਕਹਾਣੀ: ਜਨਮ ਦਿਨ**

1. 'ਜਨਮ ਦਿਨ' ਕਹਾਣੀ ਕਿਸ ਦੁਆਰਾ ਲਿਖੀ ਗਈ ਹੈ?
2. ਜੁਗਲ ਪ੍ਰਸ਼ਾਦ ਦੀ ਤਨਖਾਹ ਕਿੰਨੀ ਵਧ ਗਈ ਸੀ?
3. ਜੁਗਲ ਪ੍ਰਸ਼ਾਦ ਤਨਖਾਹ ਵਧਣ ਨਾਲ ਕੀ ਕਰਨਾ ਚਾਹੁੰਦਾ ਸੀ?
4. ਜੁਗਲ ਪ੍ਰਸ਼ਾਦ ਜੋਤੀ ਨੂੰ ਕੀ ਬਣਾਉਣਾ ਚਾਹੁੰਦਾ ਸੀ?
5. ਜੁਗਲ ਪ੍ਰਸ਼ਾਦ ਦੀ ਪਤਨੀ ਦਾ ਕੀ ਨਾਂ ਸੀ?
6. ਕੀ ਜੋਤੀ ਨੂੰ ਹਾਰ ਪਹਿਨਣ ਦਾ ਮਾਣ ਮਿਲ ਸਕਿਆ?
7. ਆਖਿਰ ਪ੍ਰਿੰਸੀਪਲ ਕਿਸ ਦੇ ਨਾਲ ਬਾਹਰ ਆ ਰਹੀ ਸੀ?
8. ਕਿਸਨੇ ਜੋਤੀ ਦੇ ਥਾਂ ਆਪਣੇ ਪੁੱਤਰ ਦਾ ਨਾਂ ਬਦਲਵਾ ਦਿੱਤਾ ਸੀ?
9. ਦੇਵਕੀ ਕੀ ਦੇਖ ਕੇ ਹੈਰਾਨ ਹੋਈ?
10. ਦੇਵਕੀ ਦੇ ਮੂੰਹ ਤੇ ਖਰਚੇ ਨੂੰ ਲੇ ਕੇ ਚਿੰਤਾ ਦੇ ਨਿਸ਼ਾਨ ਕਿਉਂ ਸਨ?

## (3) **ਕਹਾਣੀ: ਬਸ਼ੀਰਾ**

1. 'ਬਸ਼ੀਰਾ' ਕਹਾਣੀ ਦਾ ਕਹਾਣੀਕਾਰ ਕੌਣ ਹੈ?
2. ਕਹਾਣੀਕਾਰ ਦਾ ਬੇਲੀ ਕੌਣ ਸੀ?
3. ਲੇਖਕ ਦਾ ਗੁਣ ਕੀ ਸੀ?
4. ਬਸ਼ੀਰਾ ਕਿਸ ਕੰਮ ਵਿੱਚ ਤੇਜ਼ ਸੀ?
5. ਲੇਖਕ ਨੂੰ ਬਸ਼ੀਰੇ ਦਾ ਹਾਸਾ ਕਿਸ ਵਾਂਗ ਜਾਪਦਾ ਸੀ?
6. ਲੇਖਕ ਨੂੰ ਮੁੰਡੇ-ਕੁੜੀਆਂ ਵਿੱਚੋਂ ਕੌਣ ਚੰਗਾ ਲੱਗਦਾ?
7. ਕਾਂਤੀ ਨੇ ਬਸ਼ੀਰੇ ਨੂੰ ਲਿਆਂਦੀ ਹੋਈ ਕਿਹੜੀ ਸੁਗਾਤ ਦਿੱਤੀ?
8. ਲੇਖਕ ਨੇ ਬਸ਼ੀਰੇ ਨੂੰ ਇੱਕ ਵਾਰ ਕੀ ਸੁਗਾਤ ਦਿੱਤੀ?
9. ਲੇਖਕ ਦਾ ਮਿੱਤਰ ਬਸ਼ੀਰਾ ਨੇ ਸਕੂਲ ਕਿਉਂ ਛੱਡ ਦਿੱਤਾ ਸੀ?
10. ਬਸ਼ੀਰੇ ਦੇ ਘਰ ਵਾਲੇ ਸਾਰਾ ਦੁੱਧ ਕਿਸ ਨੂੰ ਵੇਚ ਦਿੰਦੇ?

## (4) **ਕਹਾਣੀ: ਮੁਰਕੀਆਂ**

1. 'ਮੁਰਕੀਆਂ' ਕਹਾਣੀ ਦਾ ਕਹਾਣੀਕਾਰ ਕੌਣ ਹੈ?
2. ਮੁਰਕੀਆਂ ਕਹਾਣੀ ਵਿੱਚ ਬੱਚਿਆਂ ਦੇ ਕੀ ਨਾਂ ਸਨ?
3. ਬੱਚਿਆਂ ਨੇ ਕਿਹੜੀ ਖੇਡ ਖੇਡੀ?
4. ਬੱਚਿਆਂ ਦੇ ਪਿਤਾ ਦੇ ਹੁੰਦਿਆਂ ਉਨ੍ਹਾਂ ਕੋਲ ਕਿਹੜੇ ਪਸ਼ੂ ਸਨ?
5. ਪਿੰਡ ਵਿੱਚ ਕਿਸੇ ਦੀਆਂ ਛੱਲੀਆਂ ਟੁਟਦੀਆਂ ਜਾਂ ਕਪਾਹ ਚੁਗੀ ਜਾਂਦੀ ਤਾਂ ਕਿਸ ਤੇ ਸ਼ੱਕ ਜਾਂਦਾ ਸੀ?
6. ਕਰੀਮੂ ਤੇ ਰਹੀਮੂ ਦੇ ਪਿਤਾ ਜੀ ਨੂੰ ਕਿਸਦੀ ਆਦਤ ਸੀ?
7. ਮਾਂ ਦੀ ਮੌਤ ਤੇ ਕੌਣ ਬੱਚਿਆਂ ਦੀ ਸਹਾਇਤਾ ਲਈ ਪਹੁੰਚਿਆ?
8. ਬੱਚਿਆਂ ਨੂੰ ਰਾਤ ਕਿੰਨੀ ਡਰਾਵਣੀ ਲੱਗੀ?
9. ਰਾਤ ਦੀ ਖਾਮੋਸ਼ੀ ਵਿੱਚ ਕਿਹੜੀ ਆਵਾਜ਼ ਬੱਚਿਆਂ ਦੇ ਕੰਨਾਂ ਵਿੱਚ ਗੂੰਜੀ?
10. ਤਾਰਿਆਂ ਦੀ ਲੋ ਵਿੱਚ ਬੱਚਿਆਂ ਨੂੰ ਘਰ ਮੁੜ ਜਾਂਦਿਆਂ ਕੀ ਮਹਿਸੂਸ ਕੀਤਾ?

## (5) **ਕਹਾਣੀ: ਸਾਂਝੀ ਕੰਧ**

1. ਸਾਂਝੀ ਕੰਧ ਕਹਾਣੀ ਕਿਸ ਕਹਾਣੀਕਾਰ ਦੁਆਰਾ ਲਿਖੀ ਗਈ ਹੈ?
2. ਕਪੂਰ ਸਿੰਘ ਦੀ ਕੰਧ ਕਿਸ ਨਾਲ ਸਾਂਝੀ ਸੀ?
3. ਪਿੰਡ ਦੀ ਸਭ ਤੋਂ ਵੱਡੀ ਦੁਰਘਟਨਾ ਕੀ ਸੀ?
4. ਸੱਜੇ ਪਾਸੇ ਦੀ ਕੰਧ ਕਿਸ ਨਾਲ ਸਾਂਝੀ ਸੀ?

5. ਘਰ ਦੇ ਪਿਛਲੇ ਪਾਸੇ ਕੌਣ ਰਹਿੰਦਾ ਸੀ?
6. "ਮੈਂ ਜਾਣਦਾ ਜਿਹੜਾ ਵਕੀਲ ਤੇਰੇ ਅੰਦਰ ਬੋਲਦੈ" ਕਪੂਰ ਸਿੰਘ ਨੇ ਇਹ ਸ਼ਬਦ ਕਿਸ ਲਈ ਕਹੇ?
7. ਕਪੂਰ ਕਿਸ ਦੁਚਿਤੀ ਵਿੱਚ ਪੈ ਗਿਆ?
8. ਕੰਧ ਢੁਹਾਉਣ ਲਈ ਕੌਣ ਆਇਆ?
9. ਕੰਧ ਦਾ ਨਾਪ ਲੈਣ ਲਈ ਰੱਸੀ ਕਿਸ ਕਿਸ ਨੇ ਫੜੀ?
10. ਦਰਬਾਰਾ ਸਿੰਘ ਪੈਸੇ ਵਾਪਿਸ ਕਰਨ ਕਿਉਂ ਨਾ ਆਇਆ?
11. ਕਪੂਰ ਸਿੰਘ ਨੇ ਦਰਬਾਰੇ ਦੀ ਜੇਬ ਵਿੱਚ ਕੀ ਪਾਇਆ?
12. ਕਪੂਰ ਸਿੰਘ ਦੇ ਅਤੇ ਦਰਬਾਰਾ ਸਿੰਘ ਦੇ ਅੰਤ ਵਿੱਚ ਚਿਹਰੇ ਉੱਤੇ ਕੀ ਵਾਪਰਿਆ?

## (6) **ਕਹਾਣੀ: ਬੱਸ ਕੰਡਕਟਰ**

1. 'ਬੱਸ ਕੰਡਕਟਰ' ਕਹਾਣੀ ਦਾ ਕਹਾਣੀਕਾਰ ਕੌਣ ਹੈ?
2. ਪਾਲੀ ਕੀ ਕੰਮ ਕਰਦੀ ਸੀ?
3. ਬੱਸ ਵਿੱਚ ਕੀ ਮੁਸੀਬਤਾਂ ਆਉਂਦੀਆਂ ਸਨ?
4. ਪਾਲੀ ਦੀ ਤਨਖਾਹ ਕਿੰਨੀ ਸੀ?
5. ਪਾਲੀ ਨੇ ਟਿਕਟ ਲੈਣ ਲਈ ਕਿੰਨੇ ਰੁਪਏ ਕੱਢੇ?
6. ਬੁੱਢੀ ਔਰਤ ਨੇ ਟਿਕਟ ਲੈਣ ਲਈ ਕਿੰਨੇ ਰੁਪਏ ਕੱਢੇ?
7. ਅਗਲੇ ਦਿਨ ਬੱਸ ਲੈਣ ਲਈ ਪਾਲੀ ਕਿੰਨੀ ਦੇਰੀ ਨਾਲ ਗਈ?
8. ਕੰਡਕਟਰ ਦੀ ਮਹੀਨੇ ਦੀ ਤਨਖਾਹ ਕਿੰਨੀ ਕੁ ਸੀ?
9. ਕੰਡਕਟਰ ਦੀ ਭੈਣ ਕੀ ਬਣਨਾ ਚਾਹੁੰਦੀ ਸੀ?
10. ਕੰਡਕਟਰ ਦੀ ਭੈਣ ਕਿੱਥੇ ਪੜ੍ਹਦੀ ਸੀ?
11. ਕੰਡਕਟਰ ਨੂੰ ਡਾਕਟਰਨੀ ਨੂੰ ਦੇਖ ਕੇ ਕਿਸਦੀ ਯਾਦ ਆਈ?
12. ਬੱਸ ਕੰਡਕਟਰ ਦਾ ਸੁਭਾਅ ਕਿਹੋ ਜਿਹਾ ਸੀ?
13. ਹਸਪਤਾਲ ਵਿੱਚ ਪਾਲੀ ਨੂੰ ਕਿਹੜੀ ਗੱਲ ਬੇਚੈਨ ਕਰ ਰਹੀ ਸੀ?

## (7) **ਕਹਾਣੀ: ਬਾਕੀ ਸਭ ਸੁੱਖ ਸਾਂਦ ਹੈ**

1. 'ਬਾਕੀ ਸਭ ਸੁੱਖ ਸਾਂਦ ਹੈ' ਕਹਾਣੀ ਦਾ ਕਹਾਣੀਕਾਰ ਕੌਣ ਹੈ?
2. ਸਾਰੇ ਪਿੰਡ ਵਿੱਚ ਚਿੱਠੀ ਲਿਖਣ ਵਾਲਾ ਕੌਣ ਸੀ?
3. ਕੁੜੀਆਂ ਕਿੱਡੀਆਂ-ਕਿੱਡੀਆਂ ਚਿੱਠੀਆਂ ਲਿਖਵਾਉਂਦੀਆਂ?
4. ਕੁੜੀਆਂ ਚਿੱਠੀਆਂ ਵਿੱਚ ਕਿਸ ਦੇ ਬੈਂਤ ਤੇ ਦੋਹੇ ਲਿਖਾਉਂਦੀਆਂ?
5. ਲੋਕ ਲੇਖਕ ਨੂੰ ਕਬੀਲਦਾਰੀ ਬਾਰੇ ਕੀ ਕਹਿ ਕੇ ਚਿੱਠੀਆਂ ਲਿਖਵਾਉਂਦੇ?

6. ਕੁੜੀਆਂ ਪਿਆਰ ਨਾਲ ਲੇਖਕ ਨੂੰ ਕੀ ਕਹਿੰਦੀਆਂ ਸਨ?
7. ਲੇਖਕ ਚਿੱਠੀ ਲਿਖਣ ਨੂੰ ਟਾਲਣ ਦੀ ਕੀ ਕਹਿ ਕੇ ਕੋਸ਼ਿਸ਼ ਕਰਦਾ?
8. ਅੰਦਰੋਂ ਥਮ੍ਹਲੇ ਉਹਲਿਉਂ ਕਿਸਦੀ ਹਾਏ! ਹਾਏ! ਦੀ ਆਵਾਜ ਆਈ?
9. ਬੂਰੀ ਮ੍ਹੈਸ ਦੀ ਪੂਛ ਨੂੰ ਕੀ ਹੋ ਗਿਆ ਸੀ?
10. ਬਾਰੂ ਕੌਣ ਸੀ?
11. ਮੁੰਡਾ ਬਾਰੂ ਨੂੰ ਵੇਚਣਾ ਕਿਉਂ ਨਹੀਂ ਸੀ ਚਾਹੁੰਦਾ?
12. ਕਰਤਾਰੋ ਕਿਉਂ ਮੰਜੇ ਤੇ ਮਰਨ ਵਾਲੀ ਪਈ ਸੀ?

## ਕਲਾਸ- ਨੌਂਵੀਂ (ਪੰਜਾਬੀ)

## ਇਕਾਂਗੀ

## 1. ਗਊ ਮੁਖਾ ਸ਼ੇਰ ਮੁਖਾ

**ਵਸਤੂ ਨਿਸ਼ਠ ਪ੍ਰਸ਼ਨਃ-**

1. 'ਗਊ ਮੁਖਾ ਸ਼ੇਰ ਮੁਖਾ' ਇਕਾਂਗੀ ਦਾ ਲੇਖਕ ਕੌਣ ਹੈ?
2. 'ਗੁਰਚਰਨ ਸਿੰਘ ਜਸੂਜਾ' ਦੁਆਰਾ ਲਿਖੀ ਇਕਾਂਗੀ ਦਾ ਨਾਂ ਲਿਖੋ?
3. 'ਗਊ ਮੁਖਾ ਸ਼ੇਰ ਮੁਖਾ' ਇਕਾਂਗੀ ਦੇ ਕਿੰਨੇ ਪਾਤਰ ਹਨ?
4. 'ਸੁਦਰਸ਼ਨ' ਕਿਸ਼ਨ ਦੇਈ ਦਾ ਕੀ ਲੱਗਦਾ ਹੈ?
5. ਕਿਸ਼ਲ ਦੇਈ ਸੁਦਰਸ਼ਨ ਦੀ ਕੀ ਲੱਗਦੀ ਹੈ?
6. ਸ਼ਰਨ ਸਿੰਘ ਕੀ ਕੰਮ ਕਰਦਾ ਹੈ?
7. ਸ਼ਰਨ ਸਿੰਘ ਕਿਸਨੂੰ ਮਜ਼ਬੂਰ ਕਰਕੇ ਮਕਾਨ ਦਿਖਾਉਣ ਲਈ ਲੈ ਕੇ ਜਾਂਦਾ ਹੈ?
8. ਚੋਪੜਾ ਸਾਹਿਬ ਦੇ ਲੜਕੇ ਦਾ ਨਾਂ ਕੀ ਹੈ?
9. ਰਣਜੀਤ ਕਿੰਨਾ ਪੜ੍ਹਿਆ ਹੈ?
10. ਸ਼ਰਨ ਸਿੰਘ ਚੋਪੜਾ ਸਾਹਿਬ ਨੂੰ ਕਿੱਥੇ ਬਿਠਾ ਕੇ ਮਕਾਨ ਦੀ ਮਾਲਕਣ ਨਾਲ ਗੱਲ ਕਰਨ ਲਈ ਚਲਾ ਗਿਆ?
11. ਸੁਦਰਸ਼ਨ ਦੀ ਉਮਰ ਕਿੰਨੀ ਹੈ?
12. ਸੁਦਰਸ਼ਨ ਕਿੰਨਾ ਪੜ੍ਹਿਆ ਹੈ?
13. ਕਿਸ਼ਨ ਦੇਈ ਸ਼ਰਨ ਸਿੰਘ ਤੋਂ ਮਕਾਨ ਬਦਲੇ ਕਿੰਨੇ ਰੁਪਏ ਮੰਗਦੀ ਹੈ?
14. ਚੋਪੜਾ ਸਾਹਿਬ ਮਕਾਨ ਦੇ ਕਿੰਨੇ ਪੈਸੇ ਦੇਣ ਨੂੰ ਤਿਆਰ ਹੋ ਜਾਂਦੇ ਹਨ?
15. ਸ਼ਰਨ ਸਿੰਘ ਕਿਸ਼ਨ ਦੇਈ ਦੇ ਮਕਾਨ ਨੂੰ ਕਿਸ ਦੇ ਵਰਗਾ ਆਖਦਾ ਹੈ?
16. ਕਿਸ਼ਨ ਦੇਈ ਦਾ ਮਕਾਨ ਕਿਥੇ ਸਥਿਤ ਹੈ?
17. ਮਕਾਨ ਦਾ ਅਕਾਰ ਪਿਛੋਂ ਕਿਹੋ ਜਿਹਾ ਹੈ?

18. ਦੁਕਾਨ ਦਾ ਆਕਾਰ ਕਿਹੋ ਜਿਹਾ ਪਸੰਦ ਕੀਤਾ ਜਾਂਦਾ ਹੈ?
19. ਅੰਤ ਵਿੱਚ ਸ਼ਰਨ ਸਿੰਘ ਕਿੰਨੇ ਰੁਪਏ 'ਚ ਗੱਲ ਨਿਬੇੜਦਾ ਹੈ?
20. ਅੰਤ ਵਿੱਚ "ਹਕੂਮਤ ਗਰਮੀ ਦੀ, ਹੱਟੀ ਨਰਮੀ ਦੀ ਤੇ ਦਲਾਲੀ ਬੇਸ਼ਰਮੀ ਦੀ" ਕੌਣ ਕਹਿੰਦਾ ਹੈ?

## 2. ਪਰਤ ਆਉਣ ਤੱਕ

1. 'ਪਰਤ ਆਉਣ ਤੱਕ' ਇਕਾਂਗੀ ਦਾ ਲੇਖਕ ਕੌਣ ਹੈ?
2. ਡਾ. ਸਤੀਸ਼ ਵਰਮਾ ਦੀ ਲਿਖੀ ਹੋਈ ਇਕਾਂਗੀ ਦਾ ਨਾਂ ਲਿਖੋ?
3. ਪਰਤ ਆਉਣ ਤੱਕ ਇਕਾਂਗੀ 'ਚ ਕਿੰਨੇ ਪਾਤਰ ਹਨ?
4. ਮੰਚ ਉੱਤੇ ਕੌਣ ਖੜ੍ਹਾ ਹੈ?
5. ਕਲਾਕਾਰ ਪੰਜਾਬ ਸਰਕਾਰ ਦੇ ਕਿਹੜੇ ਵਿਭਾਗ ਦੇ ਕਲਾਕਾਰ ਹਨ?
6. 'ਪਰਤ ਆਉਣ ਤੱਕ' ਇਕਾਂਗੀ ਦੇ ਦੌਜੇ ਦ੍ਰਿਸ਼ ਵਿੱਚ ਮੰਚ ਉੱਤੇ ਸੱਜੇ ਖੱਬੇ ਕੀ ਬਣੇ ਹੋਏ ਸੀ?
7. ਕਰਤਾਰੀ ਸੰਤੀ ਦੀ ਕੀ ਲਗਦੀ ਹੈ?
8. ਸੰਤੀ ਕਰਤਾਰੀ ਦੀ ਕੀ ਲਗਦੀ ਹੈ?
9. ਤੀਜਾ ਦ੍ਰਿਸ਼ ਕਿਸ ਸਮੇਂ ਪੇਸ਼ ਕੀਤਾ ਜਾਂਦਾ ਹੈ?
10. ਸੱਜਣ ਸਿੰਘ ਕਿਸਦਾ ਪਤੀ ਹੈ?
11. ਕਰਤਾਰੀ ਤੇ ਸੰਤੀ ਦੀ ਆਪਸ 'ਚ ਕੀ ਰਿਸ਼ਤੇਦਾਰੀ ਹੈ?
12. ਸੰਤੀ ਦੇ ਪਤੀ ਦਾ ਕੀ ਨਾਂ ਹੈ?
13. ਸੱਜਣ ਤੇ ਸੁੰਦਰ ਦਾ ਆਪਸ 'ਚ ਕੀ ਰਿਸ਼ਤਾ ਹੈ?
14. ਬਜ਼ੁਰਗ ਕੌਣ ਹੈ?
15. ਬਜ਼ੁਰਗ ਦਾ ਨਾਂ ਕੀ ਹੈ?
16. ਦੀਪਾ ਤੇ ਜਿੰਦਾ ਬਜ਼ੁਰਗ ਦੇ ਕੀ ਲੱਗਦੇ ਹਨ?
17. ਇਕਾਂਗੀ 'ਚ ਕੁਲ ਕਿੰਨੇ ਦ੍ਰਿਸ਼ ਪ੍ਰਗਟ ਹੋਏ ਹਨ?

## 3. ਮੌਨਧਾਰੀ

1. 'ਮੌਨਧਾਰੀ' ਇਕਾਂਗੀ ਦਾ ਇਕਾਂਗੀਕਾਰ ਕੌਣ ਹੈ?
2. 'ਈਸ਼ਵਰ ਚੰਦਰ ਨੰਦਾ' ਦੀ ਇਕਾਂਗੀ ਦਾ ਨਾਮ ਲਿਖੋ?
3. ਮੌਨਧਾਰੀ ਇਕਾਂਗੀ ਦੇ ਦੋ ਪਾਤਰਾਂ ਦੇ ਨਾਂ ਲਿਖੋ?
4. ਹਰੀ ਚੰਦ ਕਿਸਦਾ ਪਤੀ ਹੈ?
5. ਹਰੀ ਚੰਦ ਦੇ ਪੁੱਤਰ ਦਾ ਨਾਂ ਕੀ ਹੈ?
6. ਹਰੀ ਚੰਦ ਆਪਣੇ ਪੁੱਤਰ ਨਾਲ ਕਿੱਥੇ ਰਹਿੰਦਾ ਹੈ?

7. ਮਦਨ ਲਾਲ ਰਾਮ ਪਿਆਰੀ ਦਾ ਕੀ ਲੱਗਦਾ ਹੈ?
8. ਮਦਨ ਲਾਲ ਦੀ ਮਾਂ ਦਾ ਨਾ ਕੀ ਹੈ?
9. 'ਮੌਨਧਾਰੀ' ਇਕਾਂਗੀ ਵਿੱਚ ਕਿਸਨੂੰ ਡਾਕਟਰ ਨੇ ਸਿਰ ਤੋਂ ਪੈਰਾਂ ਤੱਕ ਦੀ ਬਿਮਾਰੀ ਦੱਸੀ?
10. 'ਮੌਨਧਾਰੀ' ਇਕਾਂਗੀ ਵਿੱਚ ਕਲਰਕ ਭੂਸ਼ਨ ਨੇ ਕਿਸਨੂੰ ਆਪਣੀਆਂ ਗੱਲਾਂ ਵਿੱਚ ਲਾ ਲਿਆ?
11. ਕਲਰਕ ਭੂਸ਼ਨ ਨੇ ਮਦਨ ਨੂੰ ਕੀ ਦੇਣ ਦਾ ਇਕਰਾਰ ਕੀਤਾ ਸੀ?
12. ਸਾਧੂ ਮੌਨਧਾਰੀ ਨੂੰ ਇਸ਼ਾਰਾ ਕਰਕੇ ਕੀ ਦੱਸਦਾ ਹੈ?
13. ਮੌਨਧਾਰੀ ਇਕਾਂਗੀ ਵਿੱਚ ਸਭ ਔਸ਼ਧੀਆਂ ਤੇ ਉੱਤਮ-ਔਸ਼ਧੀ ਕਿਹੜੀ ਹੈ?
14. ਕਿਸ਼ੋਰ ਸਾਧੂ ਨੂੰ ਖੱਬਾ ਗੋਡਾ ਦਿਖਾਉਣ ਲਈ ਕਿਉਂ ਕਹਿੰਦਾ ਹੈ?

## 4. ਗ਼ੁਬਾਰੇ

1. ਗ਼ੁਬਾਰੇ ਇਕਾਂਗੀ ਦਾ ਇਕਾਂਗੀਕਾਰ ਕੌਣ ਹੈ?
2. 'ਆਤਮਜੀਤ' ਇਕਾਂਗੀ ਦਾ ਨਾਂ ਲਿਖੋ?
3. 'ਗ਼ੁਬਾਰੇ' ਇਕਾਂਗੀ ਦੇ ਦੋ ਪਾਤਰਾਂ ਦੇ ਨਾਂ ਲਿਖੋ?
4. 'ਗ਼ੁਬਾਰੇ' ਇਕਾਂਗੀ ਵਿੱਚ ਦਾਦੀ ਦੇ ਕਿੰਨੇ ਪੋਤੇ-ਪੋਤੀਆਂ ਹਨ?
5. ਰਾਜੂ ਆਪਣੀ ਤੋਤਲੀ ਅਵਾਜ਼ ਵਿੱਚ ਦਾਦੀ ਨੂੰ ਕੀ ਕਹਿੰਦਾ ਹੈ?
6. ਰਾਤ ਨੂੰ ਰੱਸੀ ਟੱਪਣ ਨੂੰ ਦਾਦੀ ਜੀ ਕੀ ਕਹਿੰਦੇ ਹਨ?
7. ਦਾਦੀ ਜੀ ਆਪਣੇ ਪੋਤੇ-ਪੋਤੀਆਂ ਨੂੰ ਕਿਹੜੀ ਕਹਾਣੀ ਸੁਣਾਉਂਦੇ ਹਨ?
8. 'ਚੰਦਰਮੁੱਖੀ' ਦੇ ਪਿਤਾ ਦਾ ਨਾਂ ਕੀ ਸੀ?
9. ਬੱਚੇ ਸੋਚਦੇ ਹਨ ਕਿ ਉਨ੍ਹਾਂ ਕੋਲ ਭੂਤ ਕਿਉਂ ਨਹੀਂ ਆਉਣਗੇ?
10. ਦੀਪੀ ਦਾ ਪੇਪਰ ਕਿਹੋ ਜਿਹਾ ਸੀ?
11. ਵਿੱਕੀ ਦਾ ਪੇਪਰ ਕਿਹੋ ਜਿਹਾ ਸੀ?
12. ਦੀਪੀ ਪ੍ਰੈਸੀ ਕਿੰਨੇ ਸਫ਼ਿਆਂ ਤੇ ਲਿਖ ਕੇ ਆਈ ਹੈ?
13. ਮੈਡਮ ਅਨੁਸਾਰ ਬੀਤ ਚੁਕੇ ਸਮੇਂ ਨੂੰ ਕੀ ਕਹਿੰਦੇ ਹਨ?
14. ਮਦਾਰੀ ਕੋਲ ਖੜ੍ਹਾ ਕੁੱਤਾ ਕਿੱਥੋਂ ਆਇਆ ਸੀ?
15. ਬੈਠਕ ਦੀ ਸਫ਼ਾਈ ਕਿਸਦੇ ਆਉਣ ਕਰਕੇ ਕੀਤੀ ਜਾ ਰਹੀ ਸੀ?
16. ਜਦੋਂ ਰਾਜੂ ਦਾਦੀ ਨੂੰ ਰਾਤ ਨੂੰ ਸਿਰ ਵਾਹੁਣ ਨੂੰ ਕਹਿੰਦਾ ਹੈ ਤਾਂ ਉਹ ਸਿਰ ਵਾਹੁਣ ਨੂੰ ਕੀ ਕਹਿੰਦੀ ਹੈ?
17. ਜਦੋਂ ਚੰਦਰਮੁਖੀ ਦਾ ਪਿਓ ਬਾਹਰ ਜਾਂਦਾ ਸੀ ਤਾਂ ਉਹ ਚੰਦਰਮੁਖੀ ਨਾਲ ਕੀ ਸੀ?
18. ਚੰਦਰਮੁਖੀ ਇਸ ਤਰ੍ਹਾਂ ਸ਼ਾਮ ਨੂੰ ਜੀ ਪੈਂਦੀ ਤੇ ਸਵੇਰ ਨੂੰ ਕੀ ਹੋ ਜਾਂਦੀ?

### 5. ਸਿਰਜਣਾ

1. 'ਸਿਰਜਣਾ' ਇਕਾਂਗੀ ਦਾ ਇਕਾਂਗੀਕਾਰ ਕੌਣ ਹੈ?
2. ਪਾਲੀ ਭੁਪਿੰਦਰ ਸਿੰਘ ਦੁਆਰਾ ਰਚਿਤ ਇਕਾਂਗੀ ਕਿਹੜੀ ਹੈ?
3. 'ਸਿਰਜਣਾ' ਇਕਾਂਗੀ ਵਿੱਚ ਸਿਰਜਣਾ ਕੌਣ ਹੈ?
4. 'ਸਿਰਜਣਾ' ਦਾ ਗਰਭਪਾਤ ਕਿਸ ਕਰਕੇ ਕਰਵਾਇਆ ਜਾਣਾ ਹੈ?
5. 'ਸਿਰਜਣਾ' ਬੀਜੀ ਨੂੰ ਗਰਭਪਾਤ ਕਰਾਉਣਾ ਕਿਸਦੇ ਬਰਾਬਰ ਦੱਸਦੀ ਹੈ?
6. 'ਸਿਰਜਣਾ' ਦਾ ਪਤੀ ਕੌਣ ਹੈ?
7. ਬੀਜੀ ਨੂੰ 'ਸਿਰਜਣਾ' ਇਕਾਂਗੀ ਵਿੱਚ ਕਿਸ ਤਰ੍ਹਾਂ ਦਾ ਪਾਤਰ ਦਿੱਤਾ ਹੈ?
8. 'ਸਿਰਜਣਾ' ਇਕਾਂਗੀ ਵਿੱਚ ਬੀਜੀ ਕਿਹੜੇ ਚੀਜ਼ ਦੀ ਮਾਲਕ ਹੈ?
9. 'ਸਿਰਜਣਾ' ਇਕਾਂਗੀ ਵਿੱਚ ਸਿਰਜਣਾ ਕਿਸਦਾ ਵਿਰੋਧ ਕਰਦੀ ਹੈ?
10. ਸਿਰਜਣਾ ਅਨੁਸਾਰ ਉਸਦੀ ਸੱਸ ਕਿਹੋ ਜਿਹੀ ਇਸਤਰੀ ਹੈ?
11. ਸਿਰਜਨਾ ਅਨੁਸਾਰ ਡਾਕਟਰ ਕਿਹੋ ਜਿਹੀ ਹੈ?
12. ਬੀਜੀ ਜਮੀਨ ਜਾਇਦਾਦ ਸਿਰਜਨਾ ਦੀਆਂ ਧੀਆਂ ਨੂੰ ਦਾਜ ਵਿੱਚ ਦੇਣ ਦੇ ਬਜਾਏ ਕਿਥੇ ਦੇਣਾ ਪਸੰਦ ਕਰਦੀ ਹੈ?
13. ਪਰੇਸ਼ਾਨੀ ਵਿੱਚ ਸਿਰਜਨਾ ਕਿਸਨੂੰ ਫੋਨ ਕਰਦੀ ਹੈ?

## ਜਮਾਤ- ਨੌਵੀਂ

## ਨੋਟ:-

- ਕਿਤਾਬ 'ਸਾਹਿਤ ਮਾਲਾ' ਵਿੱਚੋਂ ਭਾਈ ਵੀਰ ਸਿੰਘ, ਧਨੀ ਰਾਮ ਚਾਤ੍ਰਿਕ, ਪ੍ਰੋ: ਪੂਰਨ ਸਿੰਘ, ਸ.ਸ. ਚਰਨ ਸਿੰਘ ਸ਼ਹੀਦ, ਡਾ: ਦੀਵਾਨ ਸਿੰਘ ਕਾਲੇਪਾਣੀ, ਫੀਰੋਜ਼ਦੀਨ ਸ਼ਰਫ਼, ਗੁਰਮੁੱਖ ਸਿੰਘ ਮੁਸਾਫ਼ਿਰ, ਵਿਧਾਤਾ ਸਿੰਘ ਤੀਰ, ਪ੍ਰੋ: ਮੋਹਨ ਸਿੰਘ, ਨੰਦ ਲਾਲ ਨੂਰਪੁਰੀ, ਬਾਵਾ ਬਲਵੰਤ, ਪ੍ਰੀਤਮ ਸਿੰਘ ਸਫ਼ੀਰ, ਅਮ੍ਰਿਤਾ ਪ੍ਰੀਤਮ, ਸ਼ਿਵ ਕੁਮਾਰ ਬਟਾਲਵੀ, ਸੁਰਜੀਤ ਪਾਤਰ ਇਹਨਾਂ ਕਵੀਆਂ ਦੀਆਂ ਕਵਿਤਾਵਾਂ ਵਿੱਚੋਂ ਚਾਰ ਪ੍ਰਸੰਗ ਸਹਿਤ ਵਿਆਖਿਆ ਦਿੱਤੀ ਜਾਵੇਗੀ। ਇਸ ਲਈ ਵਿਦਿਆਰਥੀ ਕਵਿਤਾਵਾਂ ਦੀ ਵਿਆਖਿਆ ਦਾ ਅਭਿਆਸ ਕਰਨਗੇ।
- ਇਹਨਾਂ ਕਵੀਆਂ ਦੀਆਂ ਕਵਿਤਾਵਾਂ ਵਿੱਚ ਕੇਂਦਰੀ ਭਾਵ ਦੀ ਵੀ ਦੁਹਰਾਈ ਕੀਤੀ ਜਾਵੇਗੀ।
- ਇਹਨਾਂ ਕਵੀਆਂ ਦੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਤੁੱਕ ਦੀ ਵਿਆਖਿਆ ਕੀਤੀ ਜਾਵੇਗੀ।

- ਸਾਹਿਤ ਮਾਲਾ ਦਾ ਵਾਰਤਕ ਭਾਗ:- ਕਿਤਾਬ ਵਿੱਚ ਦਿੱਤੇ ਗਏ ਸਾਰੇ ਲੇਖਕਾਂ ਦੇ ਲੇਖਾਂ ਦਾ ਸਾਰ ਦਾ ਵਿਦਿਆਰਥੀਆਂ ਦੁਆਰਾ ਅਭਿਆਸ ਕੀਤਾ ਜਾਵੇਗਾ।

ਨੋਟ:-

6 ਪ੍ਰਸ਼ਨ:- ਵਾਰਤਕ ਭਾਗ ਦੇ ਲੇਖਾਂ ਵਿੱਚੋਂ ਅਭਿਆਸੀ ਪ੍ਰਸ਼ਨਾਂ ਦੇ ਉੱਤਰ (ਕੋਈ ਦੋ) = 4+4 = 8 ਅੰਕ

- ਇਸ ਪ੍ਰਸ਼ਨ ਦੀ ਦੁਹਰਾਈ ਵਿਦਿਆਰਥੀ ਆਪਣੀ ਪੰਜਾਬੀ ਦੀ ਕਿਤਾਬ ਸਾਹਿਤ-ਮਾਲਾ ਦੇ ਵਾਰਤਕ ਭਾਗ ਦੇ ਲੇਖਾਂ ਦੇ ਅਭਿਆਸ ਵਾਲੇ ਪ੍ਰਸ਼ਨਾਂ ਦੀ ਦੁਹਰਾਈ ਕਰਕੇ ਅਭਿਆਸ ਕਰਨਗੇ।
- ਕੁਝ ਪ੍ਰਸ਼ਨ ਅੱਗੇ ਦਿੱਤੇ ਗਏ ਹਨ। ਇਨ੍ਹਾਂ ਦੀ ਵੀ ਦੁਹਰਾਈ ਕੀਤੀ ਜਾਵੇ:-

## ਪੁਰਾਤਨ ਜਨਮ ਸਾਖੀ (ਲੇਖ)

**ਸੰਖੇਪ ਉੱਤਰਾਂ ਵਾਲੇ ਪ੍ਰਸ਼ਨ :-**

**(1) (ੳ) ਸੁਲਤਾਨਪੁਰ ਨੂੰ ਤਿਆਰੀ**

**(ਅ) ਮੋਦੀ ਖਾਨਾ ਸੰਭਾਲਿਆ**

1. ਜਦੋਂ ਸੁਲਤਾਨਪੁਰ ਰਹਿੰਦਿਆਂ ਜੈ ਰਾਮ ਨੂੰ ਪਤਾ ਲੱਗਾ ਕਿ ਮੇਰਾ ਸਾਲਾ (ਸ੍ਰੀ ਗੁਰੂ ਨਾਨਕ ਦੇਵ ਜੀ) ਕੋਈ ਕੰਮ ਨਹੀਂ ਕਰਦਾ ਤਾਂ ਉਹਨਾਂ ਨੇ ਕੀ ਕੀਤਾ?
2. ਸੁਲਤਾਨਪੁਰ ਤੋਂ ਜੈ ਰਾਮ ਦੁਆਰਾ ਭੇਜੀ ਚਿੱਠੀ ਮਿਲੀ ਤੇ ਘਰਦਿਆਂ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਕੀ ਪ੍ਰਤੀਕਰਮ ਸੀ?
3. ਸ੍ਰੀ ਗੁਰੂ ਨਾਨਕ ਦੇਵ ਜੀ ਕਿੱਥੇ ਗਏ ਉਹਨਾਂ ਨੂੰ ਦੇਖ ਕੇ ਕੌਣ ਖੁਸ਼ ਹੋਇਆ?
4. ਜੈ ਰਾਮ ਨੇ ਸੁਲਤਾਨਪੁਰ ਵਿੱਚ ਗੁਰੂ ਜੀ ਨੂੰ ਕਿਸ ਨਾਲ ਮਿਲਾਇਆ ਤੇ ਗੁਰੂ ਜੀ ਉਸ ਲਈ ਕੀ ਲੈ ਕੇ ਗਏ ਸੀ?

(2) **ਗਲੀ ਵਿੱਚ**

1. ਗਲੀ ਵਿੱਚ ਸਭ ਤੋਂ ਪਹਿਲਾਂ ਕੌਣ ਆਇਆ ਤੇ ਗਲੀ ਦੀਆਂ ਤੀਵੀਆਂ ਨੇ ਉਸ ਕੋਲੋਂ ਲੈ ਕੇ ਕੀ-ਕੀ ਖਰੀਦ ਕੇ ਖਾਣ ਲੱਗੀਆਂ?
2. ਗਲੀ ਦੇ ਲੇਖ ਵਿੱਚ ਕਿੰਨੀਆਂ ਤੀਵੀਆਂ ਦਰਬਾਰ ਸਾਹਿਬ ਕੀ ਕਰਨ ਗਈਆਂ ਸਨ?

3. ਵਣਜਾਰੇ ਕੋਲ ਵੇਚਣ ਲਈ ਕੀ-ਕੀ ਸੀ?

### (3) (ੳ) **ਸਮਯ ਦਾ ਅਰਘ**

1. ਸਾਧੂ ਨੇ ਨਗਰ ਵਿੱਚ ਆ ਕੇ ਕੀ ਦੇਖਿਆ ਤੇ ਉਨ੍ਹਾਂ ਉੱਪਰ ਕੀ ਲਿਖਿਆ ਹੋਇਆ ਸੀ?
2. ਸਾਧੂ ਨੇ ਪੁੱਛਿਆ ਕਿ ਕੀ ਬੱਚਿਆਂ ਦੇ ਦੱਬਣ ਫੂਕਣ ਲਈ ਨਗਰੋਂ ਬਾਹਰ ਵਖਰੇ ਸਿਵੇ ਹਨ?
3. ਉਸਨੇ ਪੁੱਛਿਆ ਕਿ ਉਸ ਨਗਰ ਵਿੱਚ ਜਦੋਂ ਕੋਈ ਪੰਜ ਸਾਲਾਂ ਤੋਂ ਉਪਰ ਟੱਪ ਜਾਂਦਾ ਹੈ ਤਾਂ ਕੀ ਉਹ ਮਰਦਾ ਨਹੀਂ?
4. ਮਨੁੱਖ ਨੂੰ ਸਮੇਂ ਦੀ ਕਦਰ ਕਿਵੇਂ ਕਰਨੀ ਚਾਹੀਦੀ ਹੈ?

### (ਅ) **ਵੱਡਿਆਂ ਦਾ ਆਦਰ**

1. ਆਦਰ ਦਾ ਅਰਥ ਕੀ ਹੈ?
2. ਮਨੂੰ ਜੀ ਅਨੁਸਾਰ ਆਦਰ ਕਿਸਦਾ ਤੇ ਕਿਸ ਤਰ੍ਹਾਂ ਕਰਨਾ ਚਾਹੀਦਾ ਹੈ?

### (4) **ਢੋਲ ਢਮਾਕਾ**

1. ਅਲਗਰਜ਼ ਲੋਕਾਂ ਦਾ ਨਿਸ਼ਾਨਾ ਕੀ ਹੁੰਦਾ ਹੈ ਅਤੇ ਕੀ ਬਣਨਾ ਜਾਂ ਕਰਨਾ ਚਾਹੁੰਦੇ ਹਨ?
2. ਲੋਕੀਂ ਆਪਣਾ ਮਾਲ ਵੇਚਣ ਲਈ ਕੀ ਅਡੰਬਰ ਰਚਦੇ ਹਨ?
3. ਬਾਜ਼ਾਰ  ਰਾਮ-ਰੋਲੇ ਦੇ ਮੰਡੀ ਬਣ ਜਾਂਦੇ ਹਨ, ਕਿਵੇਂ?
4. ਕੀ ਗਿੱਦੜ ਜਾਂ ਚਿੜੀਆਂ ਘਰਾਂ ਦੇ ਜਾਨਵਰਾਂ ਆਦਿ ਦੀਆਂ ਅਵਾਜ਼ਾਂ ਸਾਡੇ ਬਜ਼ਾਰਾਂ ਦੇ ਰੌਲੇ ਤੋਂ ਵੱਧ ਹੁੰਦੀਆਂ ਹਨ ਜਾਂ ਘੱਟ ਅਤੇ ਕਿਵੇਂ?

### (5) **ਵਹਿਮੀ ਤਾਇਆ**

1. ਸਾਡੇ ਮੁਹੱਲੇ ਵਾਲੇ ਤਾਇਆ ਮਨਸਾ ਰਾਮ ਨੂੰ ਵਹਿਮੀ ਕਿਉਂ ਆਖਦੇ ਹਨ?
2. ਜਦੋਂ ਲੇਖਕ ਪਹਿਲੀ ਵਾਰੀ ਤਾਏ ਮਨਸਾ ਰਾਮ ਨੂੰ ਮਿਲਿਆ ਉਸ ਵੇਲੇ ਉਸਨੂੰ ਕਿਹੜਾ ਵਹਿਮ ਸੀ?
3. ਕੀਟਾਣੂਆਂ ਦੇ ਵਹਿਮ ਨੂੰ ਦੂਰ ਕਰਨ ਲਈ ਤਾਇਆ ਮਨਸਾ ਰਾਮ ਕੀ ਕਰਦਾ?
4. ਇੱਕ ਮੁਲਾਕਤੀ ਦੁਆਰਾ ਗੁਆਂਢੀਆਂ ਦੇ ਜੁਆਕ ਦਾ ਮੂੰਹ ਚੁੰਮਣ ਤੋਂ ਬਾਅਦ ਜੁਆਕ ਦਾ ਮੂੰਹ ਕਿਵੇਂ ਧੋਤਾ?
5. ਤਾਏ ਨੇ ਟੈਟਨਸ ਦਾ ਟੀਕਾ ਕਿਉਂ ਲਗਵਾਉਣਾ ਚਾਹਿਆ ਅਤੇ ਟੀਕਾ ਕਿਸ ਤਰ੍ਹਾਂ ਲੱਗਾ?

### (6) **ਮੁੜ ਵੇਖਿਆ ਪਿੰਡ**

1. ਲੇਖਕ ਦੇ ਤਾਈ ਜੀ ਕਿਹੜੇ ਪੜਾਅ ਲੰਘਦੇ ਹੋਏ ਮੂੰਹ ਹਨੇਰੇ ਕਿਥੇ ਜਾਂਦੇ ਸਨ?
2. ਕਿਹੋ ਜਿਹੀਆਂ ਤਸਵੀਰਾਂ ਲੇਖਕ ਦੀ ਕਲਪਨਾ ਦੇ ਪਰਦੇ ਉੱਤੇ ਅਕਸ ਪਾ ਗਈਆਂ?
3. ਚੌਧਰੀ ਗੁਲਾਮ ਮੁਹੰਮਦ ਦੇ ਲੜਕੇ ਬਾਰੇ ਲੇਖਕ ਕੀ ਦੱਸਦਾ ਹੈ?
4. ਦੀਵਾਨ ਦੇਸ ਰਾਜ ਸਾਹਨੀ ਕੌਣ ਸਨ ਅਤੇ ਕੀ ਕੰਮ ਕਰਦੇ ਸਨ ਅਤੇ ਲੇਖਕ ਨਾਲ ਉਹਨਾਂ ਦਾ ਕੀ ਰਿਸ਼ਤਾ ਸੀ?

### (7) **ਖੁਸ਼ੀਆਂ ਆਪੇ ਨਹੀਂ ਆਉਂਦੀਆਂ**

1. ਖੁਸ਼ੀਆਂ ਪ੍ਰਾਪਤ ਕਰਨ ਲਈ ਕਿਹੋ ਜਿਹੇ ਹੀਲੇ ਪ੍ਰਾਪਤ ਕਰਨੇ ਪੈਂਦੇ ਹਨ?
2. ਲੇਖਕ ਨੇ ਘੁੱਟੇ-ਘੁੱਟੇ ਮਹੌਲ ਵਾਲੇ ਪਰਿਵਾਰਾਂ ਨੂੰ ਕਿਸ ਤਰ੍ਹਾਂ ਪੇਸ਼ ਕੀਤਾ ਹੈ?
3. ਘਰ ਦੇ ਮਹੌਲ ਨੂੰ ਕਿਸ ਤਰ੍ਹਾਂ ਖੁਸ਼ ਗਵਾਰ ਬਣਾਇਆ ਜਾ ਸਕਦਾ ਹੈ?
4. ਵੱਡੇ-ਵਡੇਰਿਆਂ ਨੇ ਘਰਾਂ ਪਰਿਵਾਰਾਂ ਅਤੇ ਸਮਾਜ ਵਿੱਚ ਖੁਸ਼ੀਆਂ ਨੂੰ ਸੱਦਾ ਦੇਣ ਦੇ ਕਿਹੜੇ ਢੰਗ ਕੱਢੇ ਹੋਏ ਸਨ?

### (8) **ਬੇਬੇ ਜੀ**

1. ਬੇਬੇ ਜੀ ਦਾ ਸੁਭਾਅ ਕਿਹੋ ਜਿਹਾ ਸੀ?
2. ਲੇਖਕ ਦੀ ਪੜ੍ਹਾਈ ਕਿੱਥੇ ਅਤੇ ਕਿਵੇਂ ਕੀਤੀ ਗਈ?
3. ਬੇਬੇ ਜੀ ਅਨੁਸਾਰ ਗੁਰਦਿਆਲ ਕੌਰ ਕਿਹੋ ਜਿਹੀ ਸੀ?
4. ਬੇਬੇ ਜੀ ਦੇ ਪਿੰਡ ਬਾਰੇ ਕੁਝ ਸਤਰਾਂ ਲਿਖੋ?

## ਜਮਾਤ ਨੌਵੀਂ

**ਨੋਟ:-**

### ਪੁਸਤਕ- ਵੰਨਗੀ

- ‘ਵੰਨਗੀ’ ਪੁਸਤਕ ਵਿੱਚ ਦਿੱਤੀਆਂ ਇਕਾਂਗੀਆਂ ਵਿੱਚੋਂ **ਪਾਤਰ-ਉਸਾਰੀ** ਆਵੇਗੀ (ਪਾਤਰਾਂ ਦੀਆਂ) ਇਸ ਲਈ ਵਿਦਿਆਰਥੀ ਸਾਰੀਆਂ ਇਕਾਂਗੀਆਂ ਨੂੰ ਧਿਆਨ ਨਾਲ ਪੜ੍ਹਨਗੇ ਤੇ ਅਭਿਆਸ ਕਰਨਗੇ।
- ‘ਵੰਨਗੀ’ ਪੁਸਤਕ ਦੀਆਂ ਇਕਾਂਗੀਆਂ ਵਿੱਚੋਂ **ਵਾਰਤਾਲਾਪ** ਆਵੇਗੀ। ਵਿਦਿਆਰਥੀ ਉਸਦੀ (ਪ੍ਰਸੰਗ ਸਹਿਤ ਵਿਆਖਿਆ) ਕਿਸਨੇ, ਕਿਸਨੂੰ ਸ਼ਬਦ ਕਹੇ ਤੇ ਇਕਾਂਗੀ ਕਿਹੜੀ ਹੈ ਤੇ ਇਕਾਂਗੀਕਾਰ ਦਾ ਨਾਂ ਦੱਸਣਾ। ਵਿਦਿਆਰਥੀ ਸਾਰੀਆਂ ਇਕਾਂਗੀਆਂ ਨੂੰ ਪੜ੍ਹਨਗੇ।

- ਕਹਾਣੀ ਭਾਗ ਵਿੱਚੋਂ ਕੋਈ ਇੱਕ **ਕਹਾਣੀ ਦਾ ਸਾਰ** ਲਿਖਣਾ ਹੋਵੇਗਾ। ਇਸ ਲਈ ਵਿਦਿਆਰਥੀ ਕਹਾਣੀਆਂ ਦੇ ਸਾਰ ਦੀ ਚੰਗੀ ਤਰ੍ਹਾਂ ਤਿਆਰੀ ਕਰਨਗੇ।

**ਸੰਖੇਪ ਉੱਤਰਾਂ ਵਾਲੇ ਪ੍ਰਸ਼ਨ:-**

(1) **ਕੱਲੋ ਕਹਾਣੀ**

1. ਕੱਲੋ ਦਾ ਸੁਭਾਅ ਕਿਹੋ ਜਿਹਾ ਸੀ?
2. ਨਾਨਕ ਸਿੰਘ ਦੁਆਰਾ ਲਿਖਿਆ ਗਿਆ ਕੋਈ ਇੱਕ ਨਾਵਲ ਦਾ ਨਾਂ ਲਿਖੋ?
3. ਲੇਖਕ ਦੇ ਦੋਸਤ ਦੁਆਰਾ ਲਿਆਂਦੇ ਹੋਏ ਅੰਬਾਂ ਨਾਲ ਲੇਖਕ ਨੇ ਕੀ ਕੀਤਾ?

(2) **ਜਨਮ ਦਿਨ**

1. ਜੁਗਲ ਪ੍ਰਸ਼ਾਦ ਦਾ ਸੁਭਾਅ ਕਿਹੋ ਜਿਹਾ ਸੀ?
2. ਦੇਵਕੀ ਦਾ ਪੈਸਿਆਂ ਬਾਰੇ ਕੀ ਵਿਚਾਰ ਸੀ?
3. ਦੇਵਕੀ ਨੇ ਜੋਤੀ ਦੇ ਸਕੂਲ ਸਮਾਗਮ ਦੀ ਤਿਆਰੀ ਲਈ ਕੀ ਕੀਤਾ?

(3) **ਬਸ਼ੀਰਾ**

1. ਬਸ਼ੀਰੇ ਦਾ ਸੁਭਾਅ ਕਿਹੋ ਜਿਹਾ ਸੀ?
2. ਲੇਖਕ ਅਤੇ ਬਸ਼ੀਰੇ ਦਾ ਆਪਸੀ ਸੰਬੰਧ ਕਿਹੋ ਜਿਹਾ ਸੀ?

**ਨੋਟ:- ਪਾਠ ਪੁਸਤਕ ਦੇ ਅਭਿਆਸ ਵਿੱਚ ਦਿੱਤੇ ਗਏ ਸਾਰੇ ਪ੍ਰਸ਼ਨ ਵੀ ਪ੍ਰਯੋਗ ਕੀਤੇ ਜਾ ਸਕਦੇ ਹਨ। ਉਨ੍ਹਾਂ ਦੀ ਵੀ ਵਿਦਿਆਰਥੀ ਚੰਗੀ ਤਰ੍ਹਾਂ ਦੁਹਰਾਈ ਕਰਨ।**

(4) **ਮੁਰਕੀਆਂ**

1. ਕਰੀਮੂ ਤੇ ਰਹੀਮੂ ਕੌਣ ਸਨ?
2. ਕਰੀਮੂ ਤੇ ਰਹੀਮੂ ਦਾ ਆਪਣੀ ਮਾਂ ਨਾਲ ਕਿਹੋ ਜਿਹਾ ਸੰਬੰਧ ਸੀ?

### (5) **ਸਾਂਝੀ ਕੰਧ**

1. ਕਪੂਰ ਸਿੰਘ ਦਾ ਸੁਭਾਅ ਕਿਹੋ ਜਿਹਾ ਸੀ?
2. ਦਰਬਾਰਾ ਸਿੰਘ ਦੇ ਕੰਧ ਬਣਾਉਣ ਬਾਰੇ ਕੀ ਵਿਚਾਰ ਸਨ?

### (6) **ਬੱਸ ਕੰਡਕਟਰ**

1. ਪਾਲੀ ਦਾ ਜੀਤ ਕੰਡਕਟਰ ਬਾਰੇ ਕੀ ਵਿਚਾਰ ਸੀ?
2. ਜੀਤ ਕੰਡਕਟਰ ਦਾ ਸੁਭਾਅ ਕਿਹੋ ਜਿਹਾ ਸੀ?

### (7) **ਬਾਕੀ ਸਭ ਸੁੱਖ-ਸਾਂਦ ਹੈ**

1. ਮੋਹਨ ਸਿੰਘ ਦਾ ਲੋਕਾਂ ਦੀਆਂ ਚਿੱਠੀਆਂ ਲਿਖਣ ਬਾਰੇ ਕੀ ਅਨੁਭਵ ਸੀ?
2. ਬੁੜੀ ਨੇ ਚਿੱਠੀ ਲਿਖਾਉਂਦੇ ਸਮੇਂ ਕੀ-ਕੀ ਦੁਖੜੇ ਰੋਏ?

## ਜਮਾਤ- ਨੌਵੀਂ

ਪ੍ਰਸ਼ਨ:- 11 ਨਾਵਲ ਦੇ ਇੱਕ ਪ੍ਰਸ਼ਨ ਦਾ ਉੱਤਰ = 6 ਅੰਕ

ਨੋਟ:- ਨਾਵਲ 'ਪਹੁ ਫੁਟਾਲੇ ਤੋਂ ਪਹਿਲਾਂ' ਨਾਵਲ ਦੇ ਕਾਡਾਂ ਵਿੱਚੋਂ ਵਿਦਿਆਰਥੀਆਂ ਨੇ ਅਭਿਆਸ ਦੇ ਪ੍ਰਸ਼ਨਾਂ ਦੀ ਚੰਗੀ ਤਰ੍ਹਾਂ ਦੁਹਰਾਈ ਕਰਨੀ ਹੋਵੇਗੀ।

ਪ੍ਰਸ਼ਨ:- 12 ਨਾਵਲ ਵਿੱਚੋਂ ਵਾਰਤਾਲਾਪ ਦੀ ਪ੍ਰਸੰਗ ਸਹਿਤ ਵਿਆਖਿਆ = 4 ਅੰਕ

- ਨਾਵਲ 'ਪਹੁ ਫੁਟਾਲੇ ਤੋਂ ਪਹਿਲਾਂ' ਵਿੱਚੋਂ ਕੋਈ ਵਾਰਤਾਲਾਪ ਆਵੇਗੀ ਜਿਸ ਵਿੱਚੋਂ ਵਿਦਿਆਰਥੀਆਂ ਨੇ ਪ੍ਰਸੰਗ ਸਹਿਤ ਵਿਆਖਿਆ ਦੇ ਨਾਲ-ਨਾਲ ਕਿਸ ਨਾਵਲ ਵਿੱਚੋਂ, ਲੇਖਕ ਦਾ ਨਾਂ ਅਤੇ ਕਿਸਨੇ ਅਤੇ ਕਦੋਂ ਕਹੇ ਆਦਿ ਸਵਾਲ ਪੁੱਛੇ ਜਾਣਗੇ। ਇਸ ਲਈ ਵਿਦਿਆਰਥੀਆਂ ਨੇ ਨਾਵਲ ਦਾ ਚੰਗੀ ਤਰ੍ਹਾਂ ਅਧਿਐਨ ਕਰਨਾ ਹੋਵੇਗਾ।

# ਨਾਵਲ
# ਪਹੁ-ਫੁਟਾਲੇ ਤੋਂ ਪਹਿਲਾਂ
# ਕਲਾਸ-ਨੌਵੀਂ

## ਵਸਤੂ ਨਿਸ਼ਠ ਪ੍ਰਸ਼ਨ/ਸੰਖੇਪਾਤਮਕ ਪ੍ਰਸ਼ਨ

### ਕਾਂਡ-1

1. ਨਾਵਲ 'ਪਹੁ-ਫੁਟਾਲੇ ਤੋਂ ਪਹਿਲਾਂ' ਦਾ ਨਾਵਲਕਾਰ ਕੌਣ ਹੈ?
2. ਗੁਰਦਿਆਲ ਸਿੰਘ ਦੇ ਨਾਵਲ ਦਾ ਨਾਂ ਕੀ ਹੈ?
3. ਸਕੂਲ ਵਿੱਚ ਕਿਸਨੇ ਆਉਣਾ ਸੀ?
4. ਵਿਦਿਆਰਥੀਆਂ ਦੀ ਨਿਗਰਾਨੀ ਕੌਣ ਕਰ ਰਿਹਾ ਸੀ?
5. ਦੀਨੇ ਦਾ ਪੂਰਾ ਨਾਂ ਕੀ ਸੀ?
6. ਦੀਨੇ ਦੀ ਆਵਾਜ਼ ਕਿਹੋ ਜਿਹੀ ਸੀ?
7. ਹੈਡਮਾਸਟਰ ਸਾਹਿਬ ਦੀਨੇ ਦੀ ਕਿਸ ਗੱਲ ਤੋਂ ਖ਼ੁਸ਼ ਹੁੰਦੇ ਹਨ?
8. ਸਕੂਲ ਦੀ ਇਮਾਰਤ ਅੰਗਰੇਜ਼ੀ ਦੇ ਕਿਹੜੇ ਅੱਖਰ ਵਰਗੀ ਸੀ?
9. ਸਕੂਲ ਦੇ ਵਿਹੜੇ ਵਿੱਚ ਕੀ ਸੀ?
10. ਡਰਿੱਲ ਮਾਸਟਰ ਦਾ ਨਾਂ ਕੀ ਸੀ?
11. ਦੀਨੇ ਨੇ ਜਗਨੇ ਦਾ ਨਾਂ ਕੀ ਰੱਖਿਆ ਸੀ?
12. ਡਰਿੱਲ ਮਾਸਟਰ ਪਟਵਾਰੀ ਦਾ ਬੱਚਾ ਕਿਸਨੂੰ ਕਹਿੰਦਾ ਹੈ?
13. ਹੈਡਮਾਸਟਰ ਸਾਹਿਬ ਕਿਹੜੀ ਖੇਡ ਖੇਡਦੇ ਹਨ?
14. ਹੈਡ ਮਾਸਟਰ ਸਾਹਿਬ ਕਿਸ ਨਾਲ ਟੈਨਿਸ ਖੇਡ ਕੇ ਮੁੜੇ ਸਨ?
15. ਨੱਥੇ ਦੇ ਪਿਤਾ ਦਾ ਨਾਂ ਕੀ ਸੀ?

### ਕਾਂਡ - 2

1. ਕਲਪਨਾ ਵਿੱਚ ਕੌਣ ਗੁਆਚਾ?
2. ਕਲਪਨਾ ਦੀ ਦੁਨੀਆਂ ਵਿੱਚ ਗੁਆਚਾ ਨੱਥਾ ਕੀ ਕਰਨ ਲੱਗਾ?
3. ਜਦੋਂ ਨੱਥਾ ਸਿੰਘ ਹਨੇਰੇ ਵਿੱਚ ਘਰ ਪੁੱਜਾ ਤਾਂ ਉਸਦੇ ਬਾਪੂ ਜੀ ਕਿਸ ਨਾਲ ਗੱਲਾਂ ਕਰ ਰਹੇ ਸੀ?
4. ਪਟਵਾਰੀ ਕੌਣ ਸੀ?

5. ਨੰਦ ਸਿੰਘ ਵਿੱਦਿਆ ਨੂੰ ਕੀ ਸਮਝਦਾ ਸੀ?
6. ਮਾਹਲੂ ਅਨੁਸਾਰ ਅੱਜ-ਕਲ੍ਹ ਦੇ ਪੜ੍ਹੇ-ਲਿਖੇ ਆਮ ਬੰਦੇ ਨੂੰ ਕੀ ਸਮਝਦੇ ਹਨ?
7. ਨੱਥੇ ਦੀ ਬੇਬੇ ਦਾ ਨਾਂ ਕੀ ਸੀ?
8. ਕਿਹੜਾ ਪਾਤਰ ਥੱਥਾ ਹੈ?
9. ਕਿਹੜੇ ਪਾਤਰ ਨੂੰ ਉਸ ਦੇ ਵਿਚਾਰਾਂ ਤੋਂ ਰੱਬ ਵੀ ਨਹੀਂ ਸੀ ਭੁਲਾ ਸਕਦਾ?
10. ਬਾਪੂ ਨੂੰ ਰੋਟੀ ਖੁਆਉਣ ਤੋਂ ਪਹਿਲਾਂ ਨੱਥਾ ਕੀ ਕਰਨਾ ਭੁੱਲ ਗਿਆ ਸੀ?
11. ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਕੀ ਕਿਹਾ ਹੈ?
12. ਰੋਟੀ ਖਾਣ ਤੋਂ ਮਗਰੋਂ ਨੱਥੇ ਨੇ ਕਿੰਨੇ ਮੰਜੇ ਵਿਹੜੇ ਵਿੱਚ ਡਾਹੇ?
13. ਨੰਦ ਸਿੰਘ ਰੋਟੀ ਖਾ ਕੇ ਕਿਥੇ ਚਲਾ ਗਿਆ?
14. ਪਿੰਡ ਵਾਲੇ ਨੰਦ ਸਿੰਘ ਨੂੰ ਕੀ ਕਹਿ ਕੇ ਬੁਲਾਉਂਦੇ ਸਨ?
15. ਨੱਥੇ ਨੂੰ ਆਪਣਾ ਬਾਪੂ ਵੱਖ-ਵੱਖ ਕੰਮਾਂ ਵਿੱਚ ਮੁਹਾਰਤ ਰੱਖਣ ਵਾਲੇ ਜਾਪੇ?
16. ਨੱਥੇ ਨੂੰ ਆਪਣੇ ਬਾਪੂ ਸਕੂਲ ਦੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨਾਲ ਖੜ੍ਹੇ ਹੋਏ ਕੀ ਲੱਗੇ?
17. ਨੱਥੇ ਦਾ ਸਕੂਲ ਦੇ ਕੰਮ ਤੋਂ ਧਿਆਨ ਹੱਟ ਕੇ ਹੋਰ ਕਿੱਥੇ ਜਾ ਜੁੜਦਾ?
18. ਧਰਮਸ਼ਾਲਾ ਤੋਂ ਲੋਟਦੇ ਹੋਏ ਨੰਦ ਸਿੰਘ ਕਿਹੜੀ ਬਾਣੀ ਦਾ ਪਾਠ ਕਰ ਰਿਹਾ ਸੀ?
19. ਬੈਠਕ ਵਿੱਚ ਹਰ ਸ਼ੈ ਨੱਥੇ ਨੂੰ ਕੀ ਲੱਗਦੀ ਸੀ?
20. ਕਿਹੜੇ ਮਹੀਨੇ ਦੀ ਸੰਗਰਾਂਦ ਦੀ ਗੱਲ ਕੀਤੀ ਗਈ ਹੈ?

## ਕਾਂਡ – 3

1. ਕਿਸ ਦੇ ਆਉਣ ਦੇ ਸਵਾਗਤ ਲਈ ਸਕੂਲ ਦੇ ਗੇਟ ਉੱਤੇ ਸੁਨਹਿਰੀ ਅੱਖਰਾਂ ਵਿੱਚ 'ਵੈਲਕਮ' ਲਿਖਿਆ ਹੋਇਆ ਸੀ?
2. ਸਕੂਲ ਦੇ ਚਪੜਾਸੀ ਦਾ ਕੀ ਨਾਂ ਸੀ?
3. ਸਵੇਰੇ ਸਕੂਲ ਲੱਗਣ ਤੋਂ ਪਹਿਲਾਂ ਸਕੂਲ ਦਾ ਮਾਲਕ ਕੌਣ ਹੁੰਦਾ ਸੀ?
4. ਚੰਦੂ ਕਿਹੋ ਜਿਹੀ ਵਰਦੀ ਪਾਉਂਦਾ ਸੀ?
5. ਖ਼ਾਕੀ ਵਰਦੀ ਪਾ ਕੇ ਚੰਦੂ ਕਿਸ ਤਰ੍ਹਾਂ ਦਾ ਲੱਗਦਾ ਸੀ?
6. ਸਕੂਲ ਦੀ ਘੰਟੀ ਕਿੱਥੇ ਬੰਨ੍ਹੀ ਹੋਈ ਸੀ?
7. ਨੱਥੇ ਦੀ ਜਮਾਤ ਅੱਗੇ ਕਿਸ ਦੀ ਡਿਊਟੀ ਸੀ?
8. ਦੀਨੇ ਅਨੁਸਾਰ ਹੈਡਮਾਸਟਰ ਸਾਹਿਬ ਦੇ ਦਿੱਤੇ ਗੀਤ ਵਿੱਚ ਕਾਹਦੀ ਬੋ ਆਉਂਦੀ ਸੀ?
9. ਨੱਥੇ ਨੇ ਕਿਸ ਦੇ ਸੁਆਗਤ ਵਿੱਚ ਗੀਤ ਗਾਉਣਾ ਸੀ?
10. ਨੱਥੇ ਦੀ ਪੜ੍ਹਾਈ ਦੀ ਪਹਿਲੀ ਘੰਟੀ ਕਾਹਦੀ ਸੀ?
11. ਨੱਥੇ ਹੋਰਾਂ ਨੂੰ ਹਿਸਾਬ ਕੌਣ ਪੜ੍ਹਾਉਂਦਾ ਸੀ?

12. ਜਮਾਤ ਦਾ ਸਭ ਤੋਂ ਸ਼ਰਾਰਤੀ ਮੁੰਡਾ ਕੌਣ ਸੀ?

13. ਇੰਸਪੈਕਟਰ ਕਿਸ ਤਰ੍ਹਾਂ ਦਾ ਦਿਸਦਾ ਸੀ?

14. ਜਦੋਂ ਇੰਸਪੈਕਟਰ ਕਲਾਸ ਵਿੱਚ  ਆਇਆ ਤਾਂ ਮਾਸਟਰ ਆਰ.ਸੀ. ਬੱਟਾ ਨੇ ਕੀ ਕਿਹਾ?

15. ਇੰਸਪੈਕਟਰ ਨੇ ਕਿਹੜੀ ਬੋਲੀ ਵਿੱਚ ਆਰ.ਸੀ.ਬੱਟਾ ਨੂੰ ਕਿਹਾ?

16. ਇੰਸਪੈਕਟਰ ਦੀਆਂ ਮੁੱਛਾਂ ਕਿਹੋ ਜਿਹੀਆਂ ਸਨ?

17. ਇੰਸਪੈਕਟਰ ਦੇ ਹੱਥ ਵਿੱਚ ਕਿਹੋ ਜਿਹੀ ਖੂੰਡੀ ਸੀ?

18. ਇੰਸਪੈਕਟਰ ਸਾਹਿਬ ਕਿਸ ਤਰ੍ਹਾਂ ਤੁਰਦੇ ਸੀ?

19. ਦੀਨੇ ਨੇ ਆਪਣੀ ਜੇਬ ਉੱਤੇ ਬਸਕੂਏ ਨਾਲ ਕੀ ਲਗਾਇਆ ਹੋਇਆ ਸੀ?

20. ਗੀਤ ਬੰਦ ਕਰਕੇ ਦੀਨੇ ਨੇ ਕਿਹੜਾ ਨਾਅਰਾ ਲਗਾਇਆ?

21. ਦੀਨੇ ਨੇ ਕਿੰਨੀ ਵਾਰ ਨਾਅਰਾ ਲਾਇਆ?

22. ਦੀਨੇ ਦੇ ਬਾਪ ਦਾ ਕੀ ਨਾਂ ਸੀ?

23. ਦੀਨੇ ਦਾ ਬਾਪ ਇਮਾਮ ਬਖਸ਼ ਕਿਸ ਪਾਰਟੀ ਦਾ ਵਰਕਰ ਸੀ?

## ਕਾਂਡ – 4

1. ਦੀਨੇ ਦੀ ਮਾਂ ਦਾ ਨਾਂ ਕੀ ਹੈ?
2. ਦੀਨਾ ਕਈ ਵਾਰ ਕਿਸਨੂੰ ਮਿਲਣ ਜਾਂਦਾ ਹੁੰਦਾ ਸੀ?
3. ਜੁੱਤੀਆਂ ਦੀ ਦੁਕਾਨ ਕਿਸ ਦੀ ਹੈ?
4. ਪੀਲੂ ਦੇ ਬਾਪ ਦਾ ਨਾਂ ਕੀ ਸੀ?
5. ਜਗਨਾ ਮਠਿਆਈ ਕਾਹਦੇ ਵਿੱਚ ਪਾ ਕੇ ਲਿਆਇਆ ਸੀ?
6. ਨੱਥਾ, ਜਗਨੇ ਦੀ ਮਾਂ ਨੂੰ ਕੀ ਆਖਦਾ ਸੀ?
7. ਜਗਨੇ ਦੀ ਮਾਂ ਦੇ ਦੰਦ ਕਿਹੋ ਜਿਹੇ ਸਨ?
8. ਜਲਸੇ ਵਿੱਚ ਕੌਣ ਤਕਰੀਰ ਕਰ ਰਿਹਾ ਸੀ?
9. ਕਾਂਡ ਚਾਰ ਵਿੱਚ ਕਿਸ ਦਾ ਜਲਸਾ ਹੋ ਰਿਹਾ ਸੀ?
10. ਮੰਡੀ ਦੇ ਪ੍ਰਸਿੱਧ ਹਰੀਜਨ ਨੇਤਾ ਕੌਣ ਸੀ?
11. ਮਹੀਪਾਲ ਵਿੱਚ ਆਪਣੇ ਭਾਸ਼ਣ ਵਿੱਚ ਕਿਸ ਦੇ ਖਿਲਾਫ਼ ਬੋਲ ਰਹੇ ਸੀ?
12. ਮਹੀਪਾਲ ਦੇ ਹੱਥ ਵਿੱਚ ਕੀ ਸੀ?

## ਕਾਂਡ – 5

1. ਕਾਂਡ ਪੰਜਵੇਂ ਵਿੱਚ ਨਾਵਲ ਦਾ ਕਿਹੜਾ ਪਾਤਰ ਪਹਿਲੀ ਵਾਰ ਦਿਖਾਈ ਦਿੰਦਾ ਹੈ?
2. ਨੰਦ ਸਿੰਘ ਕਿਸ ਨਾਲ ਗੱਡੀਓਂ ਉੱਤਰ ਕੇ ਆ ਰਿਹਾ ਸੀ?

3. ਨੰਦ ਸਿੰਘ ਨੂੰ ਜਲਸੇ ਵਿੱਚ ਕੌਣ ਮਿਲਿਆ?
4. ਨੱਥੇ ਦੇ ਬਾਪੂ ਨੇ ਕਿਸ ਮੋਰਚੇ ਵਿੱਚ ਹਿੱਸਾ ਲਿਆ?
5. ਪੰਡਿਤ ਨਹਿਰੂ ਕਿਸ ਪਾਸਿਓਂ ਜੈਤੋਂ ਮੰਡੀ ਵਿੱਚ ਦਾਖ਼ਲ ਹੋਏ?
6. ਪੰਡਿਤ ਨਹਿਰੂ ਨੂੰ ਕਿਹੜੀ ਜੇਲ੍ਹ ਵਿੱਚ ਰੱਖਿਆ ਗਿਆ?
7. ਪੰਡਿਤ ਨਹਿਰੂ ਨੂੰ ਨਾਭਾ ਜੇਲ੍ਹ ਵਿੱਚ ਕੌਣ ਮਿਲਣ ਪੁੱਜਾ?
8. ਪੰਡਿਤ ਨਹਿਰੂ ਨੇ ਕਦੋਂ ਰਾਵੀ ਦੇ ਕੰਢੇ ਤੇ ਤਕਰੀਰ ਕੀਤੀ?
9. ਨੰਦ ਸਿੰਘ ਕਿਸ ਦੇਸ਼ ਭਗਤ ਦੀ ਸ਼ਖਸ਼ੀਅਤ ਤੋਂ ਪ੍ਰਭਾਵਿਤ ਸੀ?

## ਕਾਂਡ – 6

1. ਨੰਦ ਸਿੰਘ ਕਿਹੜੇ ਮਹੀਨੇ ਦੇ ਮਗਰੋਂ ਗਰਮ ਪਾਣੀ ਨਾਲ ਨਹਾਉਣ ਲੱਗ ਪੈਂਦੇ ਸੀ?
2. ਜੈਤੋ ਦਾ ਮੋਰਚਾ ਕਿੰਨੇ ਸਾਲ ਚਲਦਾ ਰਿਹਾ?
3. ਜੈਤੋ ਦਾ ਮੋਰਚਾ ਕਦੋਂ ਸ਼ੁਰੂ ਹੋਇਆ?
4. ਕਿਸ ਗੁਰਦੁਆਰੇ ਵਿੱਚ ਅਖੰਡ ਪਾਠ ਖੰਡਿਤ ਹੋਇਆ ਸੀ?
5. ਜੈਤੋ ਵਿੱਚ ਪਾਠ ਰੱਖਣ ਲਈ ਕਿੰਨੇ ਸਿੰਘਾਂ ਦਾ ਜੱਥਾ ਗਿਆ ਸੀ?
6. ਜੈਤੋ ਵਿੱਚ ਪਹਿਲਾ ਜਥਾ ਕਦੋਂ ਭੇਜਿਆ ਗਿਆ ਸੀ?
7. ਪੰਜ ਸੌ ਸਿੰਘਾਂ ਦਾ ਸ਼ਹੀਦੀ ਜਥਾ ਕਦੋਂ ਚੱਲਿਆ?
8. ਪੰਜ ਸੌ ਸਿੰਘਾਂ ਦਾ ਸ਼ਹੀਦੀ ਜਥਾ ਕਿਸ ਦੀ ਅਗਵਾਈ ਹੇਠ ਤੁਰਿਆ?
9. ਸ਼ਹੀਦੀ ਜਥਾ 2● ਫਰਵਰੀ ਨੂੰ ਕਿੱਥੇ ਪੁੱਜਾ?
10. ਜੈਤੋ ਦੇ ਮੋਰਚੇ ਵਿੱਚ ਨੰਦ ਸਿੰਘ ਦੇ ਕਿਥੇ ਗੋਲੀ ਲੱਗੀ?
11. ਜੈਤੋ ਵਿਖੇ ਕਿਹੜੇ ਗੁਰਦੁਆਰੇ ਵਿਖੇ ਸਿੰਘਾਂ ਨੇ ਸ਼ਹੀਦੀਆਂ ਦਿੱਤੀਆਂ?
12. "ਜੋਬਨ ਜਾਂਦੇ ਨਾ ਡਰਾਂ……………… ਬਿਨੁ ਸੁਕਿ ਗਏ ਕੁਮਲਾਇ।"
    ਕਿਸ ਦਾ ਸਲੋਕ ਦਿੱਤਾ ਗਿਆ ਹੈ?

## ਕਾਂਡ – 7

1. ਨੰਦ ਸਿੰਘ ਅਨੁਸਾਰ ਬੰਦੇ ਨੂੰ ਅਸਲ ਵਿੱਚ ਕਿੰਨੀ ਧਰਤੀ ਮਿਲਦੀ ਹੈ?
2. ਧੋੜਾ (ਟਿੱਬਾ) ਕਿੰਨੀ ਕੁ ਥਾਂ ਵਿੱਚ ਫੈਲਿਆ ਹੋਇਆ ਸੀ?
3. ਟਿੱਬੇ ਉੱਤੇ ਕੀ ਉੱਗਿਆ ਸੀ?
4. ਨੰਦ ਸਿੰਘ ਦੀ ਜਮੀਨ ਕਿੰਨੀ ਕੁ ਸੀ?
5. ਧੋੜ (ਟਿੱਬੇ) ਦੇ ਪਰਲੇ ਪਾਸੇ ਕਿਸ ਦੇ ਖੇਤ ਸਨ?
6. ਤਾਂਬਾ ਕਿਸ ਚੀਜ਼ ਨੂੰ ਸਭ ਤੋਂ ਵੱਧ ਪਵਿੱਤਰ ਸਮਝਦਾ ਸੀ?

7. ਨੰਦ ਸਿੰਘ ਨੂੰ ਨੱਥਾ ਕਿਹੋ ਜਿਹਾ ਹੋ ਗਿਆ ਜਾਪਦਾ ਹੈ?
8. ਨੰਦ ਸਿੰਘ ਕਿਸ ਤਰ੍ਹਾਂ ਤੁਰਦਾ ਸੀ?

## ਕਾਂਡ – 8

1. 'ਪਹੁ-ਫੁਟਾਲੇ ਤੋਂ ਪਹਿਲਾਂ' ਨਾਵਲ ਦੇ ਕਿੰਨੇ ਕਾਂਡ ਹਨ?
2. ਦੀਨੇ ਦਾ ਘਰ ਕਿਸ ਮੁਹੱਲੇ ਵਿੱਚ ਸੀ?
3. ਦੀਨੇ ਦਾ ਅੱਬਾ ਘਰੋਂ ਬਾਹਰ ਜਾਣ ਲਈ ਕਿਹੜੀ ਟੋਪੀ ਪਹਿਨਦਾ ਹੈ?
4. ਦੀਨੇ ਦੇ ਬਾਪ ਦਾ ਨਾਂ ਕੀ ਸੀ?
5. ਦੀਨੇ ਦੀ ਮਾਂ ਦਾ ਨਾਂ ਕੀ ਸੀ?
6. ਦੀਨੇ ਦੀ ਮਾਂ ਨੂੰ ਨੱਥਾ ਕੀ ਕਹਿ ਕੇ ਬੁਲਾਉਂਦਾ ਹੈ?
7. ਦੀਨੇ ਦੀ ਮਾਂ ਦੇ ਦੰਦ ਕਿਹੋ ਜਿਹੇ ਹਨ?
8. ਦੀਨੇ ਦੇ ਛੋਟੇ ਭਰਾ ਦਾ ਨਾਂ ਕੀ ਸੀ?
9. ਦੀਨੇ ਤੇ ਨੱਥਾ ਕਿਹੜੇ ਗੁਰਦੁਆਰੇ ਸਾਹਿਬ ਗਏ ਸੀ?
10. ਗੁਰਦੁਆਰੇ ਟਿੱਬੀ ਬਾਹਿਬ ਜਾਣ ਲੱਗਿਆਂ ਨੱਥਾ ਤੇ ਦੀਨਾ ਕਿਹੜੇ ਸਾਈਂ ਦੇ ਡੇਰੇ ਦੀ ਗੱਲ ਕਰਦੇ ਸੀ?
11. ਮਾਸਟਰ ਸਾਧੂ ਰਾਮ ਨੇ ਕਿਸਦੀ ਕਵਿਤਾ ਸੁਣਾਈ?

## ਕਾਂਡ – 9

1. ਹੈੱਡਮਾਸਟਰ ਸਾਹਿਬ ਕਿਹੜੀ ਜਮਾਤ ਨੂੰ ਅੰਗਰੇਜੀ ਪੜ੍ਹਾਉਣ ਨਹੀਂ ਗਏ?
2. ਪੰਜਾਬੀ ਜਮਾਤ ਦੀ ਘੰਟੀ (ਅੰਗਰੇਜੀ) ਕਿਸ ਮਾਸਟਰ ਨੇ ਲਗਾਈ ਸੀ?
3. ਜਗਨਾ ਕਿਸ ਕੋਲੋਂ ਭੱਲਾ ਖਾ ਰਿਹਾ ਸੀ?
4. ਮਾਸਟਰ ਸਾਧੂ ਰਾਮ ਦੀ ਪਤਨੀ ਦਾ ਨਾਂ ਕੀ ਸੀ?
5. ਮਾਸਟਰ ਸਾਧੂ ਰਾਮ ਜਗਨੇ ਨੂੰ ਕੀ ਕਹਿ ਕੇ ਸੰਬੋਧਨ ਕਰਦੇ ਸਨ?
6. ਮਾਸਟਰ ਸਾਧੂ ਰਾਮ ਦੇ ਭਰਵੱਟੇ ਕਿਹੋ ਜਿਹੇ ਸਨ?
7. ਜਗਨੇ ਦਾ ਬਾਪ ਦਾ ਨਾਂ ਕੀ ਸੀ?

## ਕਾਂਡ – 10

1. ਨੰਦ ਸਿੰਘ ਨੱਥੇ ਨੂੰ ਆਮ ਕਰਕੇ ਕਿਹੜੇ ਇੱਕਠਾਂ ਵਿੱਚ ਆਪਣੇ ਨਾਲ ਲੈ ਕੇ ਜਾਂਦੇ ਸਨ?
2. ਨੱਥੇ ਦੇ ਬਾਪੂ ਨੂੰ ਕਿਸਦੇ ਮਰਨ-ਕੰਢੇ ਪਏ ਹੋਣ ਬਾਰੇ ਪਤਾ ਲੱਗਾ?

3. ਨੰਦ ਸਿੰਘ ਅਨੁਸਾਰ ਜਦੋਂ ਤੱਕ ਆਂਢ-ਗੁਆਂਢ, ਪਿੰਡ ਨਾਲ ਪਿਆਰ ਨਾ ਜਾਗੇ ਉਨਾਂ ਚਿਰ ਕਿਹੜਾ ਪਿਆਰ ਨਹੀਂ ਜਾਗ ਸਕਦਾ?
4. ਕਿਸੇ ਗੱਲ ਦਾ ਪ੍ਰਮਾਣ ਦੇਣ ਲਈ ਨੰਦ ਸਿੰਘ ਕਿਸਦਾ ਹਵਾਲਾ ਦਿੰਦਾ ਸੀ?
5. ਪਾਲੇ ਦੇ ਛੋਟੇ ਮੁੰਡੇ ਦਾ ਨਾਂ ਕੀ ਸੀ?
6. ਨੰਦ ਸਿੰਘ ਨੇ ਪਾਲੇ ਕੋਲ ਬੈਠ ਕੇ ਕਿਹੜਾ ਪਾਠ ਕੀਤਾ ਸੀ?

### ਕਾਂਡ - 11

1. ਦੀਨਾ ਕਿਹੜੇ ਨਵੇਂ ਸਕੂਲ ਵਿੱਚ ਦਾਖ਼ਲ ਹੋ ਗਿਆ?
2. 'ਨੈਸ਼ਨਲ ਪਬਕਿਲ ਸਕੂਲ' ਦਾ ਹੈਡਮਾਸਟਰ ਕਿਥੋਂ ਦਾ ਰਹਿਣ ਵਾਲਾ ਸੀ?
3. 'ਨੈਸ਼ਨਲ ਪਬਲਿਕ ਸਕੂਲ ਦੇ ਹੈਡਮਾਸਟਰ ਨੇ ਪ੍ਰਾਰਥਨਾ ਵੇਲੇ ਕਿਹੜੇ ਨਾਅਰੇ ਲਾਉਣੇ ਸ਼ੁਰੂ ਕੀਤੇ?
4. ਨੱਥੇ ਨੇ ਕਿਹੜੀ ਜਮਾਤ ਤੇ ਸਕੂਲ ਵਿੱਚ ਰਹਿ ਕੇ ਇਮਤਿਹਾਨ ਪਾਸ ਕਰਨ ਦਾ ਇਰਾਦਾ ਕੀਤਾ?
5. ਨੱਥੇ ਨੇ ਸੱਤਵੀਂ ਜਮਾਤ ਦਾ ਇਮਤਿਹਾਨ ਕਿਹੜੀ ਪੁਜ਼ੀਸ਼ਨ ਲੈ ਕੇ ਪਾਸ ਕੀਤਾ?
6. ਜਗਨਾ ਸੱਤਵੀਂ ਜਮਾਤ ਵਿੱਚ ਕਿਸ ਤਰ੍ਹਾਂ ਪਾਸ ਹੋਇਆ?
7. ਜਗਨੇ ਦਾ ਨਤੀਜਾ (ਸੱਤਵੀਂ ਜਮਾਤ) ਕਿਹੜੇ ਹੈਡਮਾਸਟਰ ਸਾਹਿਬ ਨੇ ਸੁਣਾਇਆ?
8. ਨੱਥਾ ਜਗਨੇ ਨੂੰ ਕੀ ਕਹਿ ਕੇ ਬੁਲਾਉਂਦਾ ਹੈ?
9. ਚੰਦੂ ਕਿਹੜਾ ਸ਼ਬਦ ਵਾਰ-ਵਾਰ ਬੋਲਦਾ ਸੀ?
10. ਜਗਨੇ ਨੇ ਕੰਧ ਉੱਤੇ ਨੀਲੀ ਤੇ ਲਾਲ ਸਿਆਹੀ ਨਾਲ ਕਾਹਦੀਆਂ ਮੂਰਤੀਆਂ ਬਣਾਈਆ ਹੋਈਆਂ ਸਨ?
11. ਜਗਨੇ ਨੇ ਕਿਹੜਾ ਪ੍ਰਣ ਕੀਤਾ ਸੀ?

### ਕਾਂਡ - 12

1. ਨੱਥੇ ਨੇ ਨੈਸ਼ਨਲ ਪਬਲਿਕ ਸਕੂਲ ਵਿੱਚ ਦਾਖ਼ਲ ਹੋਣ ਸਬੰਧੀ ਕਿਸਦੀ ਸਲਾਹ ਲਈ?
2. ਮਾਸਟਰ ਸਾਧੂ ਰਾਮ ਦੀ ਉਹਨਾਂ ਦੇ ਪਹਿਰਾਵੇ ਤੋਂ ਕਿਹੋ ਜਿਹੀ ਸ਼ਖਸ਼ੀਅਤ ਉਘੜਦੀ ਹੈ?
3. ਜਗਨੇ ਨੇ ਨੱਥੇ ਦੇ ਕੰਨ ਕੋਲ ਆ ਕੇ ਕੀ ਕਿਹਾ?
4. 'ਤਿਰੰਗਾ ਝੰਡਾ' ਚੁੱਕੀ ਫਿਰਨ ਕਰਕੇ ਕਿਸ ਰਾਜੇ ਨੇ ਦੋ ਮੁੰਡਿਆਂ ਨੂੰ ਗ੍ਰਿਫ਼ਤਾਰ ਕੀਤਾ?

### ਕਾਂਡ - 13

1. ਮਹਾਰਾਜੇ ਦੇ ਹੁਕਮ ਨਾਲ ਕਦੋਂ ਤਿਰੰਗਾ ਝੰਡਾ ਰੱਖਣ ਦੇ ਦੋਸ਼ ਵਿੱਚ ਮੁੰਡਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ?
2. ਜਿਸ ਜਥੇ ਵਿੱਚ ਨੱਥਾ, ਜਗਨਾ ਤੇ ਦੀਨਾ ਗ੍ਰਿਫ਼ਤਾਰੀ ਦੇਣ ਲਈ ਸ਼ਾਮਿਲ ਹੋਏ, ਉਸਦੀ ਅਗਵਾਈ ਕੌਣ ਕਰ ਰਿਹਾ ਸੀ?

3. ਕਰਤਾ ਰਾਮ ਸੇਵਕ ਨੇ ਗ੍ਰਿਫ਼ਤਾਰੀਆਂ ਤੋਂ ਪਹਿਲਾਂ ਪੁਲਿਸ ਨਾਲ ਕੀ ਕਰਨ ਦਾ ਫ਼ੈਸਲਾ ਕੀਤਾ?
4. ਪੁਲਿਸ ਨੂੰ ਘਚਾਨੀਆਂ ਦੇਣ ਦੀ ਲੁਕਣਮੀਟੀ ਵਿੱਚ ਸਭ ਤੋਂ ਵੱਧ ਹਿੱਸਾ ਕਿਸਦਾ ਸੀ?
5. ਕੋਤਵਾਲੀ ਵਿੱਚ ਜੋਸ਼ੀਲੀ ਆਵਾਜ਼ ਵਿੱਚ ਕੋਣ ਗੱਲ ਕਰ ਰਿਹਾ ਸੀ?
6. ਜਦੋਂ ਝੰਡਾ ਹੁਲਾਰਨ ਬਦਲੇ ਥਾਣੇਦਾਰ ਅਤੇ ਦੀਨਾ ਉਲਝ ਪਏ ਤਾਂ ਮੌਕਾ ਕਿਸ ਨੇ ਸੰਭਾਲਿਆ?
7. ਟਰੱਕ ਵਿੱਚ ਮਹੀਪਾਲ ਤੇ ਹੋਰਨਾਂ ਨਾਲ ਚਿੱਟੀ ਪੱਗ ਤੇ ਐਨਕਾਂ ਵਾਲਾ ਕੌਣ ਸੀ?

**ਕਾਂਡ – 14**

1. ਮੰਡੀ ਚੌਂਕ ਵਿੱਚ ਮਹੀਪਾਲ ਜੀ ਤੋਂ ਪਹਿਲਾਂ ਕਿਸਨੇ ਭਾਸ਼ਣ ਦਿੱਤਾ?
2. ਜਦੋਂ ਜਗਨੇ ਨੂੰ ਪੁਲਿਸ ਨੇ ਫੜ ਲਿਆ ਤਾਂ ਕਿਸਨੂੰ ਘਬਰਾਹਟ ਹੋਈ?
3. ਖੇਮ ਚੰਦ ਕਿਸ ਤੋਂ ਡਰਦਾ ਸੀ?
4. ਦੀਨੇ ਦੇ ਘਰ ਦੀਨਾ ਤੇ ਨੱਥਾ ਸੱਤਿਆਗ੍ਰਹਿ ਮਗਰੋਂ ਰਾਤੀਂ ਘਰ ਏ ਤਾਂ ਜੀਨਤ ਕੀ ਬਣਾਇਆ ਹੋਇਆ ਸੀ?
5. ਜਗਨਾ ਰਾਤ ਕਿਸਦੇ ਚੁਬਾਰੇ ਵਿੱਚ ਸੁੱਤਾ ਸੀ?

**ਕਾਂਡ – 15**

1. ਨੰਦ ਸਿੰਘ ਅਨੁਸਾਰ ਮਨੁੱਖ ਮਾਤਰ ਦੇ ਦੁੱਖਾਂ ਨੂੰ ਦੂਰ ਕਰਨਾ ਤੇ ਸਭ ਨਾਲ ਪਿਆਰ ਕਰਨਾ ਕੀ ਹੈ?
2. ਮਨੁੱਖ ਮਾਤਰ ਨੂੰ ਕਿਸੇ ਵੀ ਸ਼ਕਲ ਵਿੱਚ ਦੁੱਖ ਦੇਣਾ ਕੀ ਹੈ?
3. ਨੰਦ ਸਿੰਘ ਨੇ ਕੋਈ ਵੀ ਮੁਸ਼ਕਲ ਪੈਣ ਤੇ ਕਿਸਦਾ ਸਹਾਰਾ ਲੈਣ ਲਈ ਕਿਹਾ ਹੈ?
4. ਨੱਥਾ ਨੰਦ ਸਿੰਘ ਨਾਲ ਕਿਸ ਬਾਰੇ ਗੱਲਾਂ ਕਰਦਾ ਰਿਹਾ?
5. ਮਾਸਟਰ ਸਾਧੂ ਰਾਮ ਨੇ ਨੱਥੇ ਨੂੰ ਕਿਸ ਵਿੱਚ ਭਾਗ ਲੈਣ ਕਰਕੇ ਮੁਬਾਰਕਬਾਦ ਦਿੱਤੀ?
6. ਮਾਸਟਰ ਸਾਧੂ ਰਾਮ ਨੇ ਨੱਥੇ ਨੂੰ ਕਿਸ ਚੀਜ਼ ਤੋਂ ਦੂਰ ਰਹਿਣ ਲਈ ਕਿਹਾ?

**ਕਾਂਡ– 16**

1. ਮੋਰਚਾ ਸ਼ੁਰੂ ਹੋਣ ਸਮੇਂ ਕਰਤਾ ਰਾਮ ਸੇਵਕ ਤੇ ਉਸਦੇ ਸਾਥੀਆਂ ਨੂੰ ਕਿਹੜੀ ਜਿੰਮੇਵਾਰੀ ਦਿੱਤੀ?
2. ਲੰਗਰ ਵਿੱਚ ਲਾਂਗਰੀ ਕੌਣ ਸੀ?
3. ਬਾਹਰੋਂ ਆਏ ਜੱਥੇ ਕਿੱਥੇ ਠਹਿਰਦੇ ਸਨ?
4. ਧਰਮਸ਼ਾਲਾ ਵਿੱਚ ਸੁਆਗਤ ਤੇ ਅਰਾਮ ਦਾ ਕੌਣ ਪ੍ਰਬੰਧ ਕਰ ਰਿਹਾ ਸੀ?
5. ਮਈ ਦੇ ਕਿਹੜੇ ਹਫ਼ਤੇ ਦਿੱਲੀ ਵਲੋਂ ਜੱਥਾ ਆਇਆ?
6. ਦਿੱਲੀ ਤੋਂ ਆਏ ਜੱਥੇ ਵਿੱਚ ਬੰਗਾਲੀ ਪਹਿਰਾਵੇ ਵਾਲਾ ਕੌਣ ਸੀ?

## ਕਾਂਡ- 17

1. ਨੱਥੇ ਤੇ ਦੀਨੇ ਨੇ ਮੋਰਚੇ ਨੂੰ ਫ਼ਤਹਿ ਕਰਨ ਲਈ ਕਿਸਦੇ ਆਉਣ ਬਾਰੇ ਸੁਣਿਆ?
2. ਪੰਡਿਤ ਨਹਿਰੂ ਮੋਰਚੇ ਨੂੰ ਫ਼ਤਹਿ ਕਰਨ ਲਈ ਕਿੱਥੇ ਪੁੱਜੇ?
3. ਪੰਡਿਤ ਨਹਿਰੂ ਨੂੰ 20-22 ਸਾਲ ਪਹਿਲਾਂ ਕਿਥੇ ਪੁਲਿਸ ਨੇ ਹਿਰਾਸਤ ਵਿੱਚ ਲਿਆ ਸੀ?
4. ਨੱਥਾ, ਦੀਨਾ ਤੇ ਜਗਨਾ ਕਿਸ ਵਿੱਚ ਬੈਠ ਕੇ ਫਰੀਦਕੋਟ ਪਹੁੰਚੇ?
5. 'ਤੁਮ ਤੋ ਮੇਰੇ ਦੇਸ਼ ਦਾ ਭਵਿੱਖ ਹੋ!' ਇਹ ਸ਼ਬਦ ਪੰਡਿਤ ਨਹਿਰੂ ਨੇ ਕਿਸਨੂੰ ਕਹੇ?
6. ਕਿਸਦੇ ਆਉਣ ਨਾਲ ਮੋਰਚਾ ਜਿੱਤਿਆ ਗਿਆ?
7. ਜਗਨਾ ਕਿਸ ਦੀ ਹੱਲਾ-ਸ਼ੇਰੀ ਮਿਲਣ ਕਰਕੇ ਆਪਣੇ-ਆਪ ਨੂੰ ਸੱਤਵੇਂ ਅਸਮਾਨ ਉੱਤੇ ਪਹੁੰਚਿਆ ਕਿਉਂ ਮਹਿਸੂਸ ਕਰਦਾ ਸੀ?
8. ਪੰਡਿਤ ਨਹਿਰੂ ਨਾਲ ਮੁਲਾਕਾਤ ਮਗਰੋਂ ਨੱਥਾ, ਦੀਨਾ ਤੇ ਜਗਨਾ ਕਿੱਥੇ ਸੁੱਤੇ?
9. ਚੁਬਾਰੇ ਉੱਤੇ ਤਿਰੰਗਾ ਝੰਡਾ ਕਿਸਨੇ ਲਾਇਆ ਸੀ?

# ਜਮਾਤ- ਨੌਵੀਂ
# ਪੇਪਰ: ਪੰਜਾਬੀ-ਬੀ

ਪ੍ਰਸ਼ਨ:- 1 ਛੋਟੇ ਉੱਤਰਾਂ ਵਾਲੇ ਪ੍ਰਸ਼ਨ = 10 ਅੰਕ

- ਇਹ ਪ੍ਰਸ਼ਨ ਦੁਹਰਾਈ ਲਈ ਅੱਗੇ ਦਿੱਤੇ ਗਏ ਹਨ:-

# ਜਮਾਤ - ਨੌਵੀਂ (ਪੰਜਾਬੀ)
# ਵਿਆਕਰਨ

**ਵਸਤੂ ਨਿਸ਼ਠ/ਸੰਖੇਪਾਤਮਕ ਪ੍ਰਸ਼ਨ:-**

1. ਕਿਸੇ ਭਾਸ਼ਾ ਦੇ ਵਰਤਾਰੇ ਪਿਛੇ ਕੰਮ ਕਰਦੇ ਨਿਯਮਾਂ ਨੂੰ ਸਮਝਣ ਵਾਲੀ ਪੜ੍ਹਾਈ ਨੂੰ ਕੀ ਕਹਿੰਦੇ ਹਨ?
2. ਧੁਨੀਆਂ, ਸ਼ਬਦਾਂ, ਵਾਕਾਂ ਤੇ ਅਰਥਾਂ ਦਾ ਅਧਿਐਨ ਕਿਸ ਦੇ ਅਧੀਨ ਹੁੰਦਾ ਹੈ?
3. ਵਿਆਕਰਨ ਦੇ ਮੁੱਖ ਅੰਗ ਕਿੰਨੇ ਹਨ?
4. ਵਿਆਕਰਨ ਦੇ ਕਿਸ ਭਾਗ ਅਧੀਨ ਧੁਨੀਆਂ ਦਾ ਅਧਿਐਨ ਕੀਤਾ ਜਾਂਦਾ ਹੈ, ਉਸਨੂੰ ਕੀ ਕਹਿੰਦੇ ਹਨ?
5. ਵਿਆਕਰਨ 'ਚ ਵਾਕਾਂ ਦੀ ਵਿਆਖਿਆ ਕਰਨ ਵਾਲੇ ਭਾਗ ਦਾ ਨਾਂ ਕੀ ਹੈ?

6. ਵਿਆਕਰਨ ਦੇ ਕਿਸ ਭਾਗ ਅੰਦਰ ਸ਼ਬਦਾਂ ਦਾ ਅਧਿਐਨ ਕੀਤਾ ਜਾਂਦਾ ਹੈ?
7. ਕੀ ਕਿਸੇ ਭਾਸ਼ਾ ਉੱਤੇ ਕਿਸੇ ਬਾਹਰੀ ਭਾਸ਼ਾ ਦੇ ਨਿਯਮ ਲਾਗੂ ਹੁੰਦੇ ਹਨ?
8. ਵਿਆਕਰਨਿਕ ਨਿਯਮਾਂ ਦਾ ਸੰਬੰਧ ਲਿਖਤੀ ਭਾਸ਼ਾ ਨਾਲ ਹੁੰਦਾ ਹੈ ਜਾਂ ਬੋਲ ਚਾਲ ਭਾਸ਼ਾ ਨਾਲ।
9. ਵਿਆਕਰਨ ਦੀ ਪੜ੍ਹਾਈ ਨਾਲ ਭਾਸ਼ਾ ਦਾ ਕਿਹੜਾ ਰੂਪ ਸਮਝਣ ਵਿੱਚ ਮੱਦਦ ਮਿਲਦੀ ਹੈ?
10. ਮਨੁੱਖਾਂ ਦੇ ਬੋਲਾਂ ਰਾਹੀਂ ਆਪਸੀ ਵਿਚਾਰ-ਵਟਾਂਦਰੇ ਦੇ ਸੰਚਾਰ ਦੇ ਸਾਧਨ ਨੂੰ ਕੀ ਕਹਿੰਦੇ ਹਨ?
11. ਬੋਲੀ ਕਿੰਨੇ ਪ੍ਰਕਾਰ ਦੀ ਹੈ?
12. ਸਾਡੇ ਸੰਵਿਧਾਨ ਅਨੁਸਾਰ ਭਾਰਤ ਵਿੱਚ ਪ੍ਰਵਾਨਿਤ ਭਾਸ਼ਾਵਾਂ ਕਿੰਨੀਆਂ ਹਨ?
13. ਭਾਸ਼ਾ ਦੇ ਕਿਤਾਬਾਂ ਵਿੱਚ ਲਿਖੇ ਰੂਪ ਨੂੰ ਕੀ ਕਹਿੰਦੇ ਹਨ?
14. ਪੰਜਾਬੀ ਦੀ ਰਾਜ ਭਾਸ਼ਾ ਕਿਹੜੀ ਹੈ?
15. ਬੋਲੀ ਦੇ ਬੋਲ-ਚਾਲ ਇਲਾਕਾਈ ਰੂਪ ਨੂੰ ਕੀ ਕਹਿੰਦੇ ਹਨ?
16. ਪੰਜਾਬੀ ਬੋਲੀ ਦੀ ਕਿਸੇ ਦੋ ਉਪਭਾਸ਼ਾ (ਉਪ-ਬੋਲੀ) ਦਾ ਨਾਂ ਲਿਖੋ?
17. ਮਲਵਈ/ਮਾਝੀ/ਦੁਆਬੀ/ਪੁਆਧੀ ਉਪਬੋਲੀ ਨਾਲ ਸੰਬੰਧਿਤ ਕਿਸੇ ਇੱਕ-ਇੱਕ ਜ਼ਿਲ੍ਹੇ ਦਾ ਨਾਂ ਲਿਖੋ?
18. ਜਿਹਲਮ ਤੋਂ ਪਾਰ ਜ਼ਿਲ੍ਹਾ ਰਾਵਲਪਿੰਡੀ ਵਿੱਚ ਕਿਹੜੀ ਉਪ ਭਾਸ਼ਾ ਬੋਲੀ ਜਾਂਦੀ ਹੈ?
19. ਕਿਹੜੀ ਚੀਜ਼ ਨੂੰ ਭਾਸ਼ਾ ਦਾ ਪਹਿਰਾਵਾ ਕਿਹਾ ਜਾਂਦਾ ਹੈ?
20. ਭਾਸ਼ਾ ਦੀ ਧੁਨੀ ਨੂੰ ਲਿਖਤੀ ਰੂਪ ਦੇਣ ਵਾਲੇ ਚਿੰਨ੍ਹ ਨੂੰ ਕੀ ਕਹਿੰਦੇ ਹਨ?
21. 'ਧੁਨੀ' ਦਾ ਕੀ ਅਰਥ ਹੈ?
22. ਪੰਜਾਬੀ ਭਾਸ਼ਾ ਨੂੰ ਲਿਖਣ ਲਈ ਕਿਹੜੀ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ?
23. ਪੰਜਾਬੀ ਭਾਸ਼ਾ ਨੂੰ ਬੋਲਣ ਵੇਲੇ ਮੂੰਹ ਵਿੱਚੋਂ ਨਿਕਲਣ ਵਾਲੀ ਅਵਾਜ਼ ਨੂੰ ਕੀ ਕਹਿੰਦੇ ਹਨ?
24. ਧੁਨੀਆਂ ਕਿੰਨੇ ਪ੍ਰਕਾਰ ਦੀਆਂ ਹਨ?
25. ਜਿਸ ਧੁਨੀ ਦੇ ਉਚਾਰਨ ਸਮੇਂ ਸਾਹ ਮੂੰਹ ਵਿੱਚੋਂ ਬੇਰੋਕ ਬਾਹਰ ਨਿਕਲਦਾ ਹੈ, ਉਸਨੂੰ ਕੀ ਕਹਿੰਦੇ ਹਨ?
26. 'ੳ' ਤੋਂ 'ੜ' ਤੱਕ ਗੁਰਮੁੱਖੀ ਦੇ ਕਿੰਨੇ ਅੱਖਰ ਹਨ?
27. ਅਰਬੀ-ਫ਼ਾਰਸੀ ਧੁਨੀਆਂ ਨੂੰ ਅੰਕਿਤ ਕਰਨ ਲਈ ਗੁਰਮੁੱਖੀ ਵਿੱਚ ਕਿਹੜੇ ਨਵੇਂ ਅੱਖਰ ਸ਼ਾਮਿਲ ਕੀਤੇ ਗਏ ਹਨ?
28. ਸੂਰ ਦੀ ਮੱਦਦ ਤੋਂ ਬਿਨਾਂ ਜਿਨ੍ਹਾਂ ਧੁਨੀਆਂ ਦਾ ਉਚਾਰਨ ਨਾ ਹੋ ਸਕੇ, ਉਨ੍ਹਾਂ ਨੂੰ ਕੀ ਕਹਿੰਦੇ ਹਨ?
29. ਸੂਰ ਧੁਨੀਆਂ ਮੁੱਖ ਤੌਰ ਤੇ ਕਿੰਨੇ ਪ੍ਰਕਾਰ ਦੀਆਂ ਹੁੰਦੀਆਂ ਹਨ?
30. ਜਿਨ੍ਹਾਂ ਧੁਨੀਆਂ ਨੂੰ ਉਚਾਰਨ ਸਮੇਂ ਕੁਝ ਅਵਾਜ਼ ਨੱਕ ਰਾਹੀਂ ਨਿਕਲਦੀ ਹੈ, ਉਸ ਨੂੰ ਕੀ ਕਹਿੰਦੇ ਹਨ?
31. ਗੁਰਮੁੱਖੀ ਦੇ ਕਿਹੜੇ ਅੱਖਰ ਸੂਰ ਹਨ?
32. ਗੁਰਮੁੱਖੀ ਵਿੱਚ ਸੂਰ ਧੁਨੀਆਂ ਦੀ ਗਿਣਤੀ ਕਿੰਨੀ ਹੈ?
33. ਦੋ ਅੱਖਰਾਂ ਦੇ ਮੇਲ ਤੋਂ ਬਣੇ ਅੱਖਰ ਨੂੰ ਕੀ ਕਹਿੰਦੇ ਹਨ?
34. ਗੁਰਮੁੱਖੀ ਲਿਪੀ ਦਾ ਦੂਜਾ ਨਾਂ ਕੀ ਹੈ?
35. ਕਿਹੜੀ ਸੂਰ ਧੁਨੀ ਦਾ ਕੋਈ ਚਿੰਨ੍ਹ ਨਹੀਂ?
36. ਗੁਰਮੁੱਖੀ ਵਿੱਚ ਕਿੰਨੇ ਲਗਾਖ਼ਰ ਹਨ?

37. 'ਕ' ਅੱਖਰ ਕਿਹੜੀ ਧੁਨੀ ਨੂੰ ਪ੍ਰਗਟਾਉਂਦਾ ਹੈ?
38. ਅੱਖਰਾਂ ਉੱਤੇ ਦਬਾ ਜਾਂ ਬਲ ਦਾ ਚਿੰਨ੍ਹ ਕਿਹੜਾ ਹੈ?
39. ਕਿਹੜਾ ਅੱਖਰ ਲੰਬਾਈ-ਚੌੜਾਈ ਵਿੱਚ ਦੂਜਿਆਂ ਤੋਂ ਭਿੰਨ ਹੈ?
40. ਉਹ ਕਿਹੜਾ ਅੱਖਰ ਹੈ, ਜਿਸ ਉੱਤੇ ਹੋੜਾ ( ੋ ) ਲਾਉਣ ਨਾਲ ਉਸਦਾ ਮੂੰਹ ਖੋਲ੍ਹ ਦਿੱਤਾ ਜਾਂਦਾ ਹੈ?
41. ਵਿਆਕਰਨ ਅਨੁਸਾਰ ਸ਼ਬਦ ਕਿੰਨੀ ਪ੍ਰਕਾਰ ਦੇ ਹੁੰਦੇ ਹਨ?
42. ਨਾਂਵ ਕਿੰਨੀ ਪ੍ਰਕਾਰ ਦੇ ਹੁੰਦੇ ਹਨ?
43. ਜਿਨ੍ਹਾਂ ਸ਼ਬਦਾਂ ਰਾਹੀਂ ਅਸੀਂ ਚੀਜ਼ਾਂ, ਮਨੁੱਖਾਂ ਅਤੇ ਥਾਵਾਂ ਦੇ ਨਾਂ ਲੈਂਦੇ ਹਾਂ, ਉਹ ਕੀ ਹੁੰਦੇ ਹਨ?
44. ਨਾਂਵ ਦੀ ਕਿਸੇ ਇੱਕ ਕਿਸਮ ਦਾ ਨਾਂ ਲਿਖੋ?
45. ਕੋਈ ਦੋ ਖ਼ਾਸ ਨਾਂਵ ਲਿਖੋ?
46. ਕੋਈ ਦੋ ਭਾਵ ਨਾਂਵ ਲਿਖੋ?
47. ਖੁਸ਼ੀ/ਗਮੀ/ਸੱਚ/ਪੁੰਨ ਸ਼ਬਦ ਕਿਸ ਪ੍ਰਕਾਰ ਦੇ ਨਾਂਵ ਹਨ?
48. ਜਿਹੜਾ ਸ਼ਬਦ ਨਾਂਵ ਦੀ ਥਾਂ ਤੇ ਵਰਤੇ ਜਾਣ, ਉਸਨੂੰ ਕੀ ਕਹਿੰਦੇ ਹਨ?
49. ਪੜਨਾਂਵ ਦੀਆਂ ਕਿੰਨੀਆਂ ਕਿਸਮਾਂ ਹਨ?
50. ਮੈਂ/ਅਸੀਂ/ਸਾਡਾ/ਤੁਸੀਂ/ਉਹ/ਆਪ ਕਿਹੜੀ ਕਿਸਮ ਦੇ ਪੜਨਾਂਵ ਹਨ?
51. ਉੱਤਮ ਪੁਰਖ ਦੀ ਇੱਕ ਉਦਾਹਰਣ ਦਿਉ?
52. ਮੱਧਮ-ਪੁਰਖ ਦੀ ਇੱਕ ਉਦਾਹਰਣ ਦਿਉ?
53. ਇੱਕ ਨਿਸ਼ਚੇਵਾਚਕ ਪੜਨਾਂਵ ਲਿਖੋ?
54. 'ਕਿਹੜਾ ਰੌਲਾ ਪਾਉਂਦਾ ਹੈ?' ਵਾਕ ਵਿੱਚ ਸ਼ਬਦ ਕਿਹੜਾ ਕਿਸ ਕਿਸਮ ਦਾ ਪੜਨਾਂਵ ਹੈ?
55. ਨਾਂਵ ਦੀ ਵਿਸ਼ਸ਼ਤਾ, ਗੁਣ, ਔਗੁਣ ਜਾਂ ਗਿਣਤੀ ਮਿਣਤੀ ਦੱਸਣ ਵਾਲੇ ਨੂੰ ਕੀ ਕਹਿੰਦੇ ਹਨ?
56. 'ਪੋਠੋਹਾਰੀ' ਸ਼ਬਦ ਦਾ ਇਸਤਰੀ ਲਿੰਗ ਲਿਖੋ?
57. 'ਦਰਿਆ' ਸ਼ਬਦ ਦਾ ਬਹੁਵਚਨ ਲਿਖੋ?
58. ਨਾਸਿਕੀ ਸੂਰ ਚਿੰਨ੍ਹ ਕਿਹੜੇ ਹਨ?
59. ਅੱਧਕ ਦੀ ਵਰਤੋਂ ਕਿਹੜੀ-ਕਿਹੜੀ ਲਗ ਨਾਲ ਹੁੰਦੀ ਹੈ?
60. ਸੁੰਦਰ ਲਿਖਾਈ ਲਈ ਅੱਖਰਾਂ ਦਾ ਆਕਾਰ ਕਿਹੋ ਜਿਹਾ ਹੈ?
61. ਦੋ ਮੁਕਤਾ ਅੱਖਰ ਜੋੜ ਕੇ ਇਕ ਸ਼ਬਦ ਲਿਖੋ?
62. 'ੳ' ਨਾਲ ਕਿਹੜੇ ਨਾਸਿਕੀ ਸੂਰ ਚਿੰਨ੍ਹ ਦੀ ਵਰਤੋਂ ਹੁੰਦੀ ਹੈ?
63. 'ਮੇਰੀ ਚੁੰਨੀ ਦਾ ਰੰਗ ਪੀਲਾ ਹੈ।' ਇਸ ਵਾਕ ਵਿੱਚ ਵਿਸ਼ੇਸ਼ਣ ਸ਼ਬਦ ਕਿਹੜਾ ਹੈ?
64. ਜਿਹੜੇ ਸ਼ਬਦ ਕਿਸੇ ਕੰਮ ਦਾ ਹੋਣਾ, ਕਰਨਾ ਜਾਂ ਵਾਪਰਨਾ ਆਦਿ ਕਾਲ ਸਹਿਤ ਪ੍ਰਗਟ ਕਰਨ, ਉਸਨੂੰ ਕੀ ਕਹਿੰਦੇ ਹਨ?

# ਜਮਾਤ- ਨੌਵੀਂ (ਵਿਆਕਰਨ)

## ਨੋਟ:-

- ਜਮਾਤ ਨੌਵੀਂ ਦੇ ਵਿਦਿਆਰਥੀਆਂ ਨੇ ਸਿਲੇਬਸ ਵਿੱਚ ਦਿੱਤੇ ਅਨੁਸਾਰ ਸਾਰੇ ਲੇਖ, ਅਰਜੀਆਂ, ਕਹਾਣੀਆਂ ਕਰਨੀਆਂ ਹੋਣਗੀਆਂ।
- ਵਿਦਿਆਰਥੀਆਂ ਨੇ ਕਿਤਾਬ (ਵਿਆਕਰਨ) ਵਿੱਚੋਂ ਵਾਕਾਂ ਵਿੱਚ ਵਰਤੋਂ/ਮੁਹਾਵਰੇ ਕਰਨੀ ਹੋਵੇਗੀ।
- ਵਿਦਿਆਰਥੀਆਂ ਨੇ ਵਿਅਕਰਨ ਦੀ ਕਿਤਾਬ ਵਿੱਚੋਂ ਲਿੰਗ ਬਦਲੋ, ਵਚਨ ਬਦਲੋ, ਸ਼ੁੱਧ ਕਰੋ, ਪੈਰ੍ਹੇ 'ਚੋਂ ਪ੍ਰਸ਼ਨ ਅਤੇ ਪੈਰ੍ਹਾ ਰਚਨਾ ਦੀ ਚੰਗੀ ਤਰ੍ਹਾਂ ਦੁਹਰਾਈ ਕਰਨੀ ਹੋਵੇਗੀ।
- ਵਿਦਿਆਰਥੀਆਂ ਨੇ ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ, ਕਿਰਿਆ-ਵਿਸ਼ੇਸ਼ਣ, ਸੰਬੰਧਕ, ਯੋਜਕ, ਵਿਸਮਿਕ ਆਦਿ ਦੀ ਦੁਹਰਾਈ ਕਰਨੀ ਹੋਵੇਗੀ।
- ਵਿਦਿਆਰਥੀਆਂ ਨੇ ਅਗੇਰਤ-ਪਿਛੇਤਰ, ਸ਼ਬਦ-ਜੋੜ ਅਤੇ ਵਿਰੋਧੀ ਸ਼ਬਦ ਦੀ ਦੁਹਰਾਈ ਚੰਗੀ ਤਰ੍ਹਾਂ ਕਰਨੀ ਹੋਵੇਗੀ।
- ਵਿਦਿਆਰਥੀ ਲਿੰਗ ਬਦਲੋ ਅਤੇ ਵਚਨ ਬਦਲੋ ਦੀ ਦੁਹਰਾਈ ਅਜੋਕੀ ਪੰਜਾਬੀ ਵਿਆਕਰਨ ਵਿੱਚੋਂ ਕਰਨਗੇ। ਕੁਝ ਲਿੰਗ ਬਦਲੋ, ਵਚਨ ਬਦਲੋ ਦੁਹਰਾਈ ਲਈ ਅੱਗੇ ਦਿੱਤੇ ਗਏ ਹਨ:-

**ਪ੍ਰਸ਼ਨ:- 9 ਲਿੰਗ ਬਦਲੋ:**

1. ਮੇਰੀ ਭੈਣ ਪਿੰਡ ਵੱਲ ਵੇਖ ਰਹੀ ਸੀ।
2. ਗੱਭਰੂ ਟੋਲੀਆਂ ਬਣਾ ਕੇ ਘੁੰਮਦੇ ਆਮ ਦਿਖਾਈ ਦਿੰਦੇ ਹਨ।
3. ਸ਼ੇਰ ਜੰਗਲ ਵਿੱਚ ਘੁੰਮ ਰਿਹਾ ਹੈ।
4. ਬਕਰਾ ਅਤੇ ਹਿਰਨ ਘਾਹ ਖਾ ਰਹੇ ਹਨ।
5. ਬੱਚਾ ਗੇਂਦ ਨਾਲ ਖੇਡ ਰਿਹਾ ਹੈ।
6. ਮਾਲੀ ਕਿਆਰੀ ਪੁੱਟਦਾ ਹੈ।
7. ਉਹ ਪੰਜਾਬੀ ਦਾ ਪ੍ਰਸਿੱਧ ਲੇਖਕਾ ਹੈ।
8. ਬੱਦਲ ਵਰ੍ਹ ਕੇ ਚਲਾ ਗਿਆ।
9. ਕਾਲੀ ਘੋੜੀ ਦੌੜਦੀ ਹੈ।
10. ਅਧਿਆਪਕਾ ਪਾਠ ਪੜ੍ਹਾਉਂਦੀ ਹੈ।
11. ਮੇਰਾ ਦਿਉਰ ਅੱਜ ਸ਼ਹਿਰ ਗਿਆ ਹੈ।

12. ਝੀਉਰੀ ਦਾਣੇ ਭੁੰਨ ਰਹੀ ਹੈ।
13. ਬਿੱਲਾ ਦੁੱਧ ਪੀ ਰਿਹਾ ਹੈ।
14. ਮੁੰਡੇ ਖੇਡ ਰਹੇ ਹਨ।
15. ਰਾਜੇ ਕੋਲ ਦੋ ਨੌਕਰ, ਚਾਰ ਹਾਥੀ ਤੇ ਤਿੰਨ ਘੋੜੇ ਸਨ।
16. ਰੁੱਖ ਉੱਤੇ ਉੱਲੂ ਤੇ ਕਾਂ ਬੈਠੇ ਸੀ।
17. ਕੁੜੀ ਘੋੜੇ ਨੂੰ ਭਜਾਈ ਲੈ ਜਾ ਰਹੀ ਹੈ।
18. ਸ਼ੇਰ ਲੂੰਬੜੀ ਦਾ ਮਾਮਾ ਬਣ ਗਿਆ।
19. ਬੱਕਰੀ ਨੇ ਚੂਹੇ ਨੂੰ ਪੈਰ ਹੇਠ ਲੈ ਲਿਆ।
20. ਮੋਰ ਨੇ ਕਿਰਲੀ ਖਾ ਲਈ।
21. ਦਰਜੀ ਨੇ ਇੱਕ ਕੁੜਤਾ ਬਣਾਇਆ।
22. ਰਾਜੇ ਨੇ ਸੇਵਕ ਨੂੰ ਵਰਦੀ ਦਿੱਤੀ।
23. ਭਿਖਾਰੀ ਨੇ ਅਸ਼ੀਰਵਾਦ ਦਿੱਤਾ।
24. ਮੈਂ ਆਪਣੀ ਸੱਸ ਨਾਂਲ ਬਜ਼ਾਰ ਗਈ।
25. ਨੂੰਹ ਨੇ ਸੱਸ ਕੁੱਟੀ।
26. ਕਾਲਾ ਘੋੜਾ ਦੌੜਦਾ ਹੈ।
27. ਮਦਾਰੀ ਨੇ ਡੁਗਡੁਗੀ ਵਜਾਈ।

**ਪ੍ਰਸ਼ਨः- 10 ਵਚਨ ਬਦਲੋः**

1. ਮੈਂ ਉਸਦੀ ਕਿਤਾਬ ਲੈ ਕੇ ਪੜ੍ਹੀ।
2. ਉਸਨੇ ਮੈਨੂੰ ਧੋਖਾ ਦਿੱਤਾ।
3. ਮੱਝ ਤੇ ਗਾਂ ਖੇਤ ਵਿੱਚ ਘਾਹ ਚਰ ਰਹੀ ਸੀ।
4. ਕਾਲਾ ਘੋੜਾ ਦੌੜਦਾ ਹੈ।
5. ਘੋੜਾ ਭੱਜਿਆ ਜਾ ਰਿਹਾ ਹੈ।
6. ਕੁੜੀਆਂ ਪੀਂਘਾਂ ਝੂਟ ਰਹੀਆਂ ਹਨ।
7. ਇਹ ਕਹਾਣੀ ਬੜੀ ਲੰਬੀ ਹੈ।
8. ਮੁੰਡਾ ਪਤੰਗ ਉਡਾ ਰਿਹਾ ਹੈ।
9. ਕੁੜੀ ਕਵਿਤਾ ਪੜ੍ਹ ਰਹੀ ਹੈ।
10. ਮਦਾਰੀ ਨੇ ਡੁਗਡੁਗੀ ਵਜਾਈ।
11. ਚਿੜੀਆਂ ਚੀਂ-ਚੀਂ ਕਰਦੀਆਂ ਹਨ।
12. ਉਹ ਆਪਣੇ ਪਿਤਾ ਜੀ ਦੀ ਆਗਿਆ ਦਾ ਪਾਲਣ ਕਰਦਾ ਹੈ।
13. ਮਦਾਰੀ ਬਾਂਦਰ ਨੂੰ ਨਚਾ ਰਿਹਾ ਸੀ।

14. ਚਿੱਟਾ ਕੁੱਤਾ ਤੇਜ਼ ਦੌੜੇਗਾ।

15. ਗਭਰੂ ਭੰਗੜਾ ਪਾ ਰਿਹਾ ਹੈ।

16. ਗਵਾਲਾ ਮੱਝ ਚਾਰ ਰਿਹਾ ਹੈ।

17. ਮੇਲੇ ਵਿੱਚ ਮਦਾਰੀ ਤਮਾਸ਼ਾ ਦਿਖਾ ਰਿਹਾ ਹੈ।

18. ਛੋਟੀਆਂ ਕੁੜੀਆਂ ਖੇਡਦੀਆਂ ਹਨ।

19. ਮਾਲਣ ਬੂਟੇ ਨੂੰ ਪਾਣੀ ਦੇ ਰਹੀ ਹੈ।

20. ਬੱਦਲ ਵਰ੍ਹ ਕੇ ਚਲਾ ਗਿਆ।

21. ਨੂੰਹ ਨੇ ਸੱਸ ਕੁੱਟੀ।

22. ਮੋਰ ਨੇ ਕਿਰਲੀ ਖਾ ਲਈ।

23. ਮੁੰਡੇ ਖੇਡ ਰਹੇ ਹਨ।

24. ਬਿੱਲਾ ਦੁੱਧ ਪੀ ਰਿਹਾ ਹੈ।

25. ਮਾਲੀ ਕਿਆਰੀ ਪੁੱਟਦਾ ਹੈ।

# ਪੇਪਰ- ਏ

# ਕਲਾਸ - ਦਸਵੀਂ

ਪ੍ਰਸ਼ਨਃ- (1) ਪਾਠ-ਪੁਸਤਕ - ਸਾਹਿਤ ਮਾਲਾ

ਕਵਿਤਾ ਭਾਗ ਅਤੇ ਵਾਰਤਕ ਭਾਗ

(2) ਪਾਠ-ਪੁਸਤਕ - ਵੰਨਗੀ

ਇਕਾਂਗੀ ਭਾਗ ਅਤੇ ਕਹਾਣੀ ਭਾਗ

(3) ਪੁਸਤਕ- ਨਾਵਲ (ਪਹੁ-ਫੁਟਾਲੇ ਤੋਂ ਪਹਿਲਾਂ)

ਇਨ੍ਹਾਂ ਤਿੰਨਾਂ ਪੁਸਤਕਾਂ ਵਿੱਚੋਂ ਇੱਕ-ਇੱਕ ਨੰਬਰ ਦੇ ਵਸਤੂਨਿਸ਼ਠ ਪ੍ਰਸ਼ਨ ਕੁੱਲ- 1● ਨੰਬਰ ਦੇ ਆਉਣਗੇ।

**ਨੋਟਃ-** ਉਪਰੋਕਤ ਪੁਸਤਕਾਂ ਵਿੱਚੋਂ ਵਸਤੂਨਿਸ਼ਠ ਪ੍ਰਸ਼ਨ ਬਣਾਏ ਗਏ ਹਨ। ਇਨ੍ਹਾਂ ਨੂੰ ਪੜ੍ਹਕੇ ਵਿਦਿਆਰਥੀ ਦੁਹਰਾਈ ਕਰਨਗੇ। ਇਸ ਤੋਂ ਇਲਾਵਾ ਸਾਰੀਆਂ ਕਿਤਾਬਾਂ ਨੂੰ ਵੀ ਧਿਆਨ ਨਾਲ ਪੜ੍ਹਕੇ ਅਭਿਆਸ ਕਰਨਗੇ।

## (1) ਕਵਿਤਾ ਭਾਗ

## ਗੁਰਮਤਿ-ਕਾਵਿ

## (1) ਗੁਰੂ ਨਾਨਕ ਦੇਵ ਜੀ

### 1. ਪਵਣੁ ਗੁਰੂ ਪਾਣੀ ਪਿਤਾ

**ਵਸਤੂਨਿਸ਼ਠ ਪ੍ਰਸ਼ਨਃ-**

1. 'ਪਵਣੁ ਗੁਰੂ ਪਾਣੀ ਪਿਤਾ' ਕਿਸਦੀ ਰਚਨਾ ਹੈ?
2. ਜੀਵਾਂ ਦੀ ਆਤਮਾ ਲਈ ਗੁਰੂ ਦੀ ਲੋੜ ਕਿੰਨੀ ਹੈ?
3. ਗੁਰੂ ਜੀ ਨੇ 'ਪਵਨ ਨੂੰ' ਕਿਹਾ ਰੂਪ ਦੱਸਿਆ ਹੈ?
4. ਗੁਰੂ ਜੀ ਅਨੁਸਾਰ ਜੀਵਾਂ ਦਾ ਪਿਤਾ ਕੌਣ ਹੈ?
5. ਗੁਰੂ ਜੀ ਨੇ ਪਾਣੀ ਨੂੰ ਕਿਸਦਾ ਰੂਪ ਦੱਸਿਆ ਹੈ?
6. ਸਭ ਜੀਵਾਂ ਦੀ ਵੱਡੀ ਮਾਤਾ ਕੌਣ ਹੈ?
7. ਗੁਰੂ ਜੀ ਅਨੁਸਾਰ ਜੀਵਾਂ ਦਾ ਖਿਡਾਵਾ ਤੇ ਖਿਡਾਵੀ ਕੌਣ ਹੈ?

8. ਪਰਮਾਤਮਾ ਦੀ ਹਜ਼ੂਰੀ ਵਿੱਚ ਜੀਵਾਂ ਦੇ ਚੰਗੇ ਮੰਦੇ ਕੰਮਾਂ ਦੀ ਪੜਤਾਲ ਕੌਣ ਕਰਦਾ ਹੈ?
9. ਕਿਹੜੇ ਕਾਰਨਾਂ ਕਰਕੇ ਜੀਵ ਅਕਾਲ ਪੁਰਖ ਦੇ ਨੇੜੇ ਅਤੇ ਦੂਰ ਹੁੰਦੇ ਹਨ?
10. ਕਿਹੜੇ ਜੀਵ ਆਪਣੀ ਮਿਹਨਤ ਸਫ਼ਲ ਕਰ ਗਏ ਹਨ?

## 2. ਸੋ ਕਿਉ ਮੰਦਾ ਆਖੀਐ

1. 'ਸੋ ਕਿਉ ਮੰਦਾ ਆਖੀਐ' ਕਿਸਦੀ ਰਚਨਾ ਹੈ?
2. "ਸੋ ਕਿਉ ਮੰਦਾ ਆਖੀਐ" ਸ਼ਬਦ ਵਿੱਚ ਇਸਤਰੀ ਤੋਂ ਬਿਨਾਂ ਕਿਸਦੀ ਹੋਂਦ ਸਵੀਕਾਰ ਕੀਤੀ ਗਈ ਹੈ?
3. ਗੁਰੂ ਨਾਨਕ ਦੇਵ ਜੀ ਅਨੁਸਾਰ ਕਿਸਦੀ ਸਿਫਤ ਨਾਲ ਸੱਚੇ ਦਰਬਾਰ ਵਿੱਚ ਕਦਰ ਪੈਂਦੀ ਹੈ?
4. ਰਾਜੇ ਕਿਸ ਤੋਂ ਜਨਮ ਲੈਂਦੇ ਹਨ?
5. 'ਭੰਡ' ਸ਼ਬਦ ਦਾ ਕੀ ਅਰਥ ਹੈ?
6. 'ਸੋ ਕਿਉ ਮੰਦਾ ਆਖੀਐ' ਸ਼ਬਦ ਵਿੱਚ ਕਿਸਦੀ ਮਹਾਨਤਾ ਦੱਸੀ ਗਈ ਹੈ?
7. ਕਿਸ ਜੀਵ ਦੇ ਮੱਥੇ ਉੱਤੇ ਭਾਗਾਂ ਦੀ ਮਣੀ ਸ਼ੋਭਦੀ ਹੈ?
8. 'ਸੋ ਕਿਉ ਮੰਦਾ ਆਖੀਐ' ਸ਼ਲੋਕ ਗੁਰੂ ਨਾਨਕ ਦੇਵ ਜੀ ਦੀ ਕਿਹੜੀ ਬਾਣੀ ਵਿੱਚੋਂ ਲਿਆ ਗਿਆ ਹੈ?

## 3. ਗਗਨ ਮੈਂ ਥਾਲੁ

1. 'ਗਗਨ ਮੈਂ ਥਾਲੁ' ਕਿਸਦੀ ਰਚਨਾ ਹੈ?
2. 'ਗਗਨ ਮੈ ਥਾਲੁ' ਵਿੱਚ ਕਿਸਦੀ ਆਰਤੀ ਉਤਾਰੀ ਜਾ ਰਹੀ ਹੈ?
3. ਪਰਮਾਤਮਾ ਦੀ ਆਰਤੀ ਵਿੱਚ ਗਗਨ ਕੀ ਹੈ?
4. ਪਰਮਾਤਮਾ ਦੀ ਆਰਤੀ ਵਿੱਚ ਤਾਰਿਕ ਮੰਡਲ ਕੀ ਹੈ?
5. 'ਭਵਖੰਡਨਾ' ਤੋਂ ਕੀ ਭਾਵ ਹੈ?
6. ਭਵਖੰਡਨਾ (ਪ੍ਰਮਾਤਮਾ) ਦੀ ਆਰਤੀ ਉਤਾਰਦਿਆਂ ਪਵਨ ਕੀ ਕਰ ਰਹੀ ਹੈ?
7. ਪ੍ਰਮਾਤਮਾ ਦੀ ਆਰਤੀ ਉਤਾਰਦਿਆਂ ਬਨਸਪਤੀ ਕੀ ਕਰ ਰਹੀ ਹੈ?
8. ਪ੍ਰਮਾਤਮਾ ਦੀ ਸਰਬ ਵਿਆਪਕ ਜੋਤ ਦਾ ਗਿਆਨ ਕਿਸ ਤਰ੍ਹਾਂ ਪ੍ਰਾਪਤ ਹੁੰਦਾ ਹੈ?
9. 'ਗਗਨ ਮੈਂ ਥਾਲੁ' ਸ਼ਬਦ ਵਿੱਚ ਪ੍ਰਭੂ ਦਾ ਸਰੂਪ 'ਸਰਗੁਣ' ਦੱਸਿਆ ਹੈ ਜਾਂ 'ਨਿਰਗੁਣ'।
10. ਗੁਰੂ ਨਾਨਕ ਦੇਵ ਜੀ ਦੀ ਬਾਣੀ ਕਿੱਥੇ ਦਰਜ ਹੈ?
11. ਗੁਰੂ ਨਾਨਕ ਦੇਵ ਜੀ ਕਿਸ ਕਾਵਿ-ਧਾਰਾ ਦੇ ਕਵੀ ਹਨ?

## (2) ਗੁਰੂ ਅਮਰਦਾਸ ਜੀ

### 1. ਅਨੰਦ ਭਇਆ ਮੇਰੀ ਮਾਏ

**ਵਸਤੂਨਿਸ਼ਠ ਪ੍ਰਸ਼ਨਃ-**

1. ਗੁਰੂ ਅਮਰਦਾਸ ਜੀ ਸਿੱਖਾਂ ਦੇ ਕਿੰਨਵੇਂ ਗੁਰੂ ਹਨ?
2. ਗੁਰੂ ਅਮਰਦਾਸ ਜੀ ਦੀ ਪ੍ਰਸਿੱਧ ਬਾਣੀ ਕਿਹੜੀ ਹੈ?
3. 'ਅਨੰਦ ਭਇਆ ਮੇਰੀ ਮਾਏ' ਕਵਿਤਾ ਕਿਸਦੀ ਰਚਨਾ ਹੈ?
4. ਅਨੰਦ ਕਿਸ ਤਰ੍ਹਾਂ ਪ੍ਰਾਪਤ ਹੁੰਦਾ ਹੈ?
5. ਸਤਿਗੁਰ ਦੀ ਪ੍ਰਾਪਤੀ ਨਾਲ ਕੀ ਮਿਲਿਆ ਹੈ?
6. ਗੁਰੂ ਜੀ ਕਿਸਦਾ ਸ਼ਬਦ ਗਾਉਣ ਲਈ ਕਹਿੰਦੇ ਹਨ?
7. ਗੁਰੂ ਦੀ 'ਮਨ' ਨੂੰ ਕਿਸ ਨਾਲ ਜੁੜਿਆ ਰਹਿਣ ਲਈ ਕਹਿੰਦੇ ਹਨ?
8. ਕਿਸਨੂੰ ਯਾਦ ਰੱਖਣ ਨਾਲ ਸਾਰੇ ਦੁੱਖ ਦੂਰ ਹੋ ਜਾਂਦੇ ਹਨ?
9. 'ਅਨੰਦ ਦੀ ਪ੍ਰਾਪਤੀ' ਸ਼ਬਦ ਵਿੱਚ ਪ੍ਰਮਾਤਮਾ ਨੂੰ ਕਿਹੋ ਜਿਹਾ ਦੱਸਿਆ ਹੈ?
10. ਅਨੰਦ ਦੀ ਪ੍ਰਾਪਤੀ ਕਿਸ ਰਾਹੀਂ ਹੁੰਦੀ ਹੈ?
11. ਅਨੰਦ ਦੀ ਪ੍ਰਾਪਤੀ ਗੁਰੂ ਜੀ ਦੀ ਕਿਹੜੀ ਮੁੱਖ ਰਚਨਾ ਦਾ ਅੰਗ ਹੈ?

### 2. ਏ ਸਰੀਰਾ ਮੇਰਿਆ

1. 'ਏ ਸਰੀਰਾ ਮੇਰਿਆ' ਕਿਸਦੀ ਬਾਣੀ/ਸ਼ਬਦ ਹੈ?
2. 'ਏ ਸਰੀਰਾ ਮੇਰਿਆ' ਬਾਣੀ ਕਵਿਤਾ ਕਿਸਨੂੰ ਸੰਬੋਧਿਤ ਹੈ?
3. ਸਰੀਰ ਸੰਸਾਰ ਵਿੱਚ ਆ ਕੇ ਕੀ ਕਰਦਾ ਹੈ?
4. ਸਰੀਰ ਨੂੰ ਕਿਸਨੇ ਬਣਾਇਆ ਹੈ?
5. ਪ੍ਰਮਾਤਮਾ ਮਨ ਵਿੱਚ ਕਿਸ ਦੀ ਮਿਹਰ ਨਾਲ ਨਿਵਾਸ ਕਰਦਾ ਹੈ?
6. ਪਿਛੇ ਜਨਮਾਂ ਦੇ ਕਰਮਾਂ ਵਿੱਚ ਲਿਖੇ ਅਨੁਸਾਰ ਕਿਸਦੀ ਮਿਹਰ ਪ੍ਰਾਪਤ ਹੁੰਦੀ ਹੈ?
7. ਕਿਸ ਨਾਲ ਮਨ ਲਾਉਣ ਵਾਲਾ ਸਰੀਰ ਸਫ਼ਲ ਹੁੰਦਾ ਹੈ?

### 3. ਕਿਰਪਾ ਕਰਿ ਕੈ ਬਖਸਿ ਲੈਹੁ

1. 'ਕਿਰਪਾ ਕਰਿ ਕੈ ਬਖਸਿ ਲੈਹੁ' ਕਿਸਦੀ ਬਾਣੀ ਹੈ?
2. 'ਹਰਿ ਕਿਰਪਾ ਕਰਿ ਕੈ ਬਖਸਿ ਲੈਹੁ' ਸ਼ਬਦ ਵਿੱਚ ਪ੍ਰਭੂ ਅੱਗੇ ਕਾਹਦੀ ਅਰਦਾਸ ਕੀਤੀ ਗਈ ਹੈ?
3. ਅਸੀਂ ਜੀਵ ਕਿਹੋ ਜਿਹੇ ਹਾਂ?
4. ਪ੍ਰਭੂ ਨਾਲ ਕਿਸ ਤਰ੍ਹਾਂ ਮਿਲਿਆ ਜਾ ਸਕਦਾ ਹੈ?

5. ਗੁਰੂ ਪ੍ਰਸੰਨ ਹੋ ਕੇ ਕਿਸਦਾ ਨਾਸ਼ ਕਰਦਾ ਹੈ?
6. ਸੰਸਾਰ ਵਿੱਚ ਕਿਨ੍ਹਾਂ ਦੀ ਜੈ-ਜੈ ਕਾਰ ਹੁੰਦੀ ਹੈ?
7. ਪ੍ਰਮਾਤਮਾ ਕੋਲੋਂ ਕੀ ਮੰਗਣਾ ਚਾਹੀਦਾ ਹੈ?
8. ਗੁਰੂ ਅਮਰਦਾਸ ਜੀ ਅਨੁਸਾਰ ਪ੍ਰਭੂ ਨੂੰ ਮਿਲਣ ਵਿੱਚ ਕੌਣ ਸਹਾਈ ਹੁੰਦਾ ਹੈ?
9. ਗੁਰੂ ਪ੍ਰਸੰਨ ਹੋ ਕੇ ਕਿਹੜੀ ਦਾਤ ਦਿੰਦਾ ਹੈ?

## (3) **ਗੁਰੂ ਅਰਜਨ ਦੇਵ ਜੀ**

### 1. ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ- ਬਾਣੀ/ਕਵਿਤਾ

**ਵਸਤੂਨਿਸ਼ਠ ਪ੍ਰਸ਼ਨ:-**

1. 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਕਿਸਦੀ ਬਾਣੀ ਹੈ?
2. ਗੁਰੂ ਅਰਜਨ ਦੇਵ ਜੀ ਦੀ ਰਚੀ ਹੋਈ ਬਾਣੀ ਦਾ ਨਾਂ ਲਿਖੋ?
3. ਗੁਰੂ ਜੀ ਅਨੁਸਾਰ ਮਾਤਾ/ਪਿਤਾ/ਬੰਧੁਪ/ਭ੍ਰਾਤਾ/ਸਭਨੀ ਥਾਈਂ ਰਾਖਾ ਕੌਣ ਹੈ?
4. ਗੁਰੂ ਜੀ ਅਨੁਸਾਰ ਸਾਰੇ ਜੀਵ-ਜੰਤੂ ਕਿਸਨੇ ਪੈਦਾ ਕੀਤੇ ਹਨ?
5. 'ਵਿਕਾਰਾਂ ਦਾ ਔਖਾ ਘੋਲ' ਕਿਸ ਤਰ੍ਹਾਂ ਜਿੱਤਿਆ ਗਿਆ ਹੈ?
6. ਕਿਸ ਨੂੰ ਧਿਆਉਣ ਨਾਲ ਮਹਾਂ ਸੁੱਖ ਪ੍ਰਾਪਤ ਹੁੰਦਾ ਹੈ?

### 2. ਮਿਠ ਬੋਲੜਾ ਜੀ ਹਰਿ ਸਜਣੁ

1. 'ਮਿਠ ਬੋਲੜਾ ਜੀ ਹਰਿ ਸਜਣੁ' ਕਿਸ ਦੀ ਬਾਣੀ ਹੈ?
2. 'ਮਿਠ ਬੋਲੜਾ ਜੀ ਹਰਿ ਸਜਣੁ' ਬਾਣੀ ਵਿੱਚ ਗੁਰੂ ਜੀ ਨੇ ਕਿਸ ਰੂਪ ਵਿੱਚ ਆਪਣੇ ਭਾਵ ਪ੍ਰਗਟ ਕੀਤੇ ਹਨ?
3. ਗੁਰੂ ਜੀ ਕਿਸ ਦੀ ਸ਼ਰਨ ਪੈਣ ਦੀ ਗੱਲ ਕਰਦੇ ਹਨ?
4. 'ਹਉ ਬਿਸਮੁ ਭਈ ਜੀ ਹਰਿ ਦਰਸਨੁ ਦੇਖਿ ਅਪਾਰਾ' ਕਾਵਿ ਸਤਰ ਕਿਹੜੀ ਬਾਣੀ ਵਿੱਚ ਦਰਜ ਹੈ?
5. 'ਆਦਿ ਅੰਤਿ ਮਧਿ ਪ੍ਰਭੁ ਰਵਿਆ ਜਲਿ-ਥਲਿ ਮਹੀਅਲਿ ਸੋਈ' ਕਾਵਿ ਸਤਰ ਦਾ ਰਚਣਹਾਰਾ ਕੌਣ ਹੈ?

### 3. ਮੇਰਾ ਮਨੁ ਲੋਚੈ ਗੁਰ ਦਰਸ਼ਨ ਤਾਈਂ

1. 'ਮੇਰਾ ਮਨ ਲੋਚੈ ਗੁਰ ਦਰਸ਼ਨ ਤਾਈ' ਬਾਣੀ ਕਿਸ ਗੁਰੂ ਦੀ ਹੈ?
2. 'ਮੇਰਾ ਮਨ ਲੋਚੈ ਗੁਰ ਦਰਸ਼ਨ ਤਾਈ' ਬਾਣੀ ਵਿੱਚ ਕਿਸ ਦੇ ਮਿਲਾਪ ਦੀ ਤੜਫ਼ ਬਿਆਨ ਕੀਤੀ ਹੈ?
3. ਗੁਰੂ ਜੀ ਦਾ ਮਨ ਗੁਰੂ-ਪਿਤਾ ਦੇ ਮਿਲਾਪ ਲਈ ਕਿਸ ਤਰ੍ਹਾਂ ਤੜਫ ਰਿਹਾ ਹੈ?
4. ਗੁਰੂ ਜੀ ਆਪਣੀ ਜਿੰਦ ਨੂੰ ਕਿਸ ਤੋਂ ਕੁਰਬਾਨ ਹੋਣ ਲਈ ਕਹਿੰਦੇ ਹਨ?

5. 'ਮੇਰੇ ਸਜਣੁ ਮੀਤ ਮੁਰਾਰੇ ਜੀਓ' ਕਿਸਨੂੰ ਕਿਹਾ ਗਿਆ ਹੈ?
6. ਗੁਰੂ-ਪਿਤਾ ਦੇ ਵਿਛੋੜੇ ਵਿੱਚ ਇਕ ਘੜੀ ਬਿਤਾਉਣੀ ਕਿੰਨੇ ਸਮੇਂ ਜਿੰਨੀ ਲੰਮੀ ਹੋ ਜਾਂਦੀ ਹੈ?
7. 'ਮੇਰਾ ਮਨ ਲੋਚੈ ਗੁਰ ਦਰਸ਼ਨ ਤਾਈ' ਸ਼ਬਦ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ?
8. ਭਾਗਾਂ ਨਾਲ ਕੀ ਪ੍ਰਾਪਤ ਹੋਇਆ ਹੈ?
9. ਗੁਰੂ-ਸੰਤਾਂ ਨਾਲ ਕਿਸਨੇ ਮਿਲਾਇਆ ਹੈ?
10. 'ਮੋਹਿ ਰੈਣਿ ਨ ਵਿਹਾਵੈ ਨੀਦ ਨਾ ਆਵੇ, ਬਿਨੁ ਦੇਖੇ ਗੁਰ ਦਰਬਾਰੇ ਜੀਉ।' ਇਹ ਬਾਣੀ ਕਿਸ ਕਵਿਤਾ ਵਿੱਚੋਂ ਲਈ ਗਈ ਹੈ?

## (4) ਭਾਈ ਗੁਰਦਾਸ ਜੀ

### 1. ਸਤਿਗੁਰ ਨਾਨਕ ਪ੍ਰਗਟਿਆ

**ਵਸਤੂਨਿਸ਼ਠ ਪ੍ਰਸ਼ਨः-**

1. 'ਸਤਿਗੁਰ ਨਾਨਕ ਪ੍ਰਗਟਿਆ' ਦੀ ਬਾਣੀ ਦੇ ਰਚਨਹਾਰ ਕਵੀ ਕੌਣ ਹੈ?
2. ਭਾਈ ਗੁਰਦਾਸ ਜੀ ਦੀ ਰਚੀ ਹੋਈ ਰਚਨਾ ਕਿਹੜੀ ਹੈ?
3. ਕਿਸ ਦੇ ਪ੍ਰਗਟ ਹੋਣ ਨਾਲ ਸੰਸਾਰ ਤੋਂ ਅਗਿਆਨਤਾ ਦਾ ਹਨੇਰਾ ਮਿਟ ਗਿਆ?
4. ਸ਼ੇਰ ਦੀ ਭਬਕ ਨਾਲ ਕਿਸ ਦੀ ਡਾਰ ਟੁੱਟ ਜਾਂਦੀ ਹੈ?
5. ਜਿੱਥੇ ਵੀ ਗੁਰੂ ਨਾਨਕ ਦੇਵ ਜੀ ਪੈਰ ਧਰਦੇ ਹਨ, ਉਹ ਥਾਂ ਕਿਹੋ ਜਿਹੀ ਹੋ ਜਾਂਦੀ ਹੇ?
6. ਚਾਰੇ ਦਿਸ਼ਾਵਾਂ ਨੂੰ ਕਿਸ ਨੇ ਤਾਰਿਆ?
7. ਘਰ-ਘਰ ਵਿੱਚ ਕੀ ਹੋਣ ਲੱਗਾ?
8. ਗੁਰੂ ਨਾਨਕ ਦੇਵ ਜੀ ਕਿਸ ਯੁੱਗ ਵਿੱਚ ਪੈਦਾ ਹੋਏ?
9. ਗੁਰੂ ਨਾਨਕ ਦੇਵ ਜੀ ਦੇ ਜਨਮ ਨਾਲ ਕਿਸ ਦਾ ਪ੍ਰਕਾਸ਼ ਹੋਇਆ?

### 2. ਦੇਖਿ ਪਰਾਈਆ ਚੰਗੀਆ

1. 'ਦੇਖਿ ਪਰਾਈਆ ਚੰਗੀਆ' ਕਵਿਤਾ ਕਿਸ ਦੀ ਰਚਨਾ ਹੈ?
2. ਪਰਾਈਆਂ ਇਸਤਰੀਆਂ ਨੂੰ ਕਿਸ ਦੇ ਬਰਾਬਰ ਸਮਝਣਾ ਚਾਹੀਦਾ ਹੈ?
3. ਹਿੰਦੂ ਲਈ ਪਰਾਇਆ ਧਨ ਖਾਣਾ ਕਿਸਦੇ ਬਰਾਬਰ ਹੁੰਦਾ ਹੈ?
4. ਮੁਸਲਮਾਨ ਲਈ ਕਿਹੜੀ ਚੀਜ਼ ਸੂਰ ਦੇ ਮਾਸ ਖਾਣ ਦੇ ਬਰਾਬਰ ਹੈ?
5. ਕਿਹੜਾ ਸੁਖ ਦਾ ਫ਼ਲ ਪ੍ਰਾਪਤ ਕਰਦਾ ਹੈ, ਰਾਜ ਯੋਗ ਦਾ ਅਨੰਦ ਮਾਣਦਾ ਹੈ?
6. ਗੁਰਮੁੱਖ ਕਿਸ ਤੋਂ ਕੁਰਬਾਨ ਜਾਂਦਾ ਹੈ?

# ਸੂਫ਼ੀ ਕਾਵਿ

# ਸ਼ੇਖ ਫ਼ਰੀਦ ਜੀ

**ਵਸਤੂਨਿਸ਼ਠ ਪ੍ਰਸ਼ਨ:**

1. ਬਾਬਾ ਫਰੀਦ ਜੀ ਦੇ ਸਲੋਕਾਂ ਦੀ ਸੁਰ ਕਿਹੋ ਜਿਹੀ ਹੈ?
2. ਫਰੀਦ ਜੀ ਮਨੁੱਖ ਨੂੰ ਕਿਸੇ ਦੇ ਔਗੁਣ ਫੋਲਣ ਤੋਂ ਪਹਿਲਾਂ ਕਿਧਰ ਦੇਖਣ ਲਈ ਕਹਿੰਦੇ ਹਨ?
3. ਫਰੀਦ ਜੀ ਕਿਸੇ ਦੀ ਨਿੰਦਿਆ ਕਰਨ ਵਾਲੇ ਮਨੁੱਖ ਨੂੰ ਪਹਿਲਾਂ ਕਿੱਥੇ ਝਾਤੀ ਮਾਰਨ ਲਈ ਕਹਿੰਦੇ ਹਨ?
4. ਫਰੀਦ ਜੀ ਅਨੁਸਾਰ ਰੱਬ ਕਿੱਥੇ ਵਸਦਾ ਹੈ,
5. ਫਰੀਦ ਜੀ ਅਨੁਸਾਰ ਸ਼ੱਕਰ, ਖੰਡ, ਮਿਸ਼ਰੀ ਤੇ ਸ਼ਹਿਦ ਕਿਹੋ ਜਿਹੇ ਪਦਾਰਥ ਹਨ?
6. ਬਾਬਾ ਫਰੀਦ ਜੀ ਅਨੁਸਰ ਸਭ ਤੋਂ ਮਿੱਠੀ ਚੀਜ਼ ਕਿਹੜੀ ਹੈ?
7. ਫਰੀਦ ਜੀ ਦੀ ਰੋਟੀ ਕਿਸ ਚੀਜ਼ ਦੀ ਬਣੀ ਹੈ?
8. ਫਰੀਦ ਜੀ ਅਨੁਸਾਰ ਕੌਣ ਘਣੇ ਦੁੱਖ ਸਹਿਣਗੇ?
9. ਬਾਬਾ ਫਰੀਦ ਜੀ ਕਿਹੋ ਜਿਹੀ ਰੋਟੀ ਖਾਣ ਦਾ ਉਪਦੇਸ਼ ਦਿੰਦੇ ਹਨ?
10. ਫਰੀਦ ਜੀ ਅਨੁਸਾਰ ਮਨੁੱਖ ਦਿਨ ਦੇ ਚਾਰ ਪਹਿਰ ਕਿਸ ਤਰ੍ਹਾਂ ਗੁਜ਼ਾਰਦਾ ਹੈ?
11. ਫਰੀਦ ਜੀ ਅਨੁਸਾਰ ਮਨੁੱਖ ਰਾਤ ਦੇ ਚਾਰ ਪਹਿਰ ਕਿਸ ਤਰ੍ਹਾਂ ਗੁਜ਼ਾਰਦਾ ਹੈ?
12. ਫਰੀਦ ਜੀ ਅਨੁਸਾਰ ਮਨੁੱਖ ਨੂੰ ਕੌਣ ਲੇਖਾ ਪੁੱਛੇਗਾ?
13. ਫਰੀਦ ਜੀ ਅਨੁਸਾਰ ਬੰਦਾ ਦੁਨੀਆਂ ਵਿੱਚ ਕੀ ਕਰਨ ਆਇਆ ਹੈ?
14. ਫਰੀਦ ਜੀ ਨੇ ਕਿਹੋ ਜਿਹੇ ਕੱਪੜੇ ਪਾਏ ਹੋਏ ਹਨ?
15. ਕਾਲੇ ਕੱਪੜਿਆਂ ਵਾਲਾ ਫਕੀਰ ਅਸਲ ਵਿੱਚ ਕਾਹਦੇ ਨਾਲ ਭਰਿਆ ਹੋਇਆ ਹੈ?
16. ਕਾਲੇ ਕੱਪੜਿਆਂ ਤੋਂ ਬੰਦਾ ਕਿਹੋ ਜਿਹਾ ਲਗਦਾ ਹੈ?
17. ਫਰੀਦ ਜੀ ਅਨੁਸਾਰ ਕਿਸ-ਕਿਸ ਨੂੰ ਦੁੱਖ ਲੱਗਾ ਹੈ?
18. ਫਰੀਦ ਜੀ ਅਨੁਸਾਰ ਘਰ-ਘਰ ਕਾਹਦੀ ਅੱਗ ਲੱਗੀ ਹੋਈ ਹੈ?
19. ਫਰੀਦ ਜੀ ਕਿਸੇ ਨਾਲ ਕਿਹੋ ਜਿਹਾ ਬੋਲ ਬੋਲਣ ਤੋਂ ਵਰਜਦੇ ਹਨ?
20. ਫਰੀਦ ਜੀ ਅਨੁਸਾਰ ਸਭ ਦੇ ਹਿਰਦਿਆਂ ਵਿੱਚ ਕੌਣ ਵੱਸਦਾ ਹੈ?
21. ਸ਼ੇਖ ਫਰੀਦ ਜੀ ਕਿਸ ਧਾਰਾ ਦੇ ਕਵੀ ਹਨ?
22. ਸ਼ੇਖ ਫਰੀਦ ਜੀ ਦੇ ਕਿੰਨੇ ਸਲੋਕ 'ਸ੍ਰੀ ਗੁਰੂ ਗ੍ਰੰਥ ਸਹਿਬ' ਵਿੱਚ ਦਰਜ ਹਨ?

## ਸ਼ਾਹ ਹੁਸੈਨ

**ਵਸਤੂਨਿਸ਼ਠ ਪ੍ਰਸ਼ਨ:**

1. 'ਸਭ ਕਿਛੁ ਮੇਰਾ ਤੂੰ'/ 'ਸਾਈ ਜਿਨ੍ਹਾਂ ਦੇ ਵਲ'/ 'ਆਪਿ ਨੂੰ ਪਛਾਣ' ਕਵਿਤਾ ਕਿਸ ਦੀ ਰਚਨਾ ਹੈ?
2. 'ਸਭ ਕਿਛੁ ਮੇਰਾ ਤੂੰ' ਕਵਿਤਾ ਕਿਸਨੂੰ ਸੰਬੋਧਿਤ ਹੈ?
3. ਸ਼ਾਹ ਹੁਸੈਨ ਕਿਸਨੂੰ ਅੰਦਰ-ਬਾਹਰ ਤੇ ਰੋਮ-ਰੋਮ ਵਿੱਚ ਵਸਦਾ ਤੇ ਸਰੀਰ ਦਾ ਤਾਣਾ-ਬਾਣਾ ਅਨੁਭਵ ਕਰਦਾ ਹੈ?
4. 'ਸਭ ਕਿਛੁ ਮੇਰਾ ਤੂੰ' ਕਾਫ਼ੀ ਵਿੱਚ ਸ਼ਾਹ ਹੁਸੈਨ ਆਪਣੇ-ਆਪ ਲਈ ਕਿਹੜੇ ਸ਼ਬਦ ਦੀ ਵਰਤੋਂ ਕਰਦਾ ਹੈ?
5. 'ਸਾਈਂ ਕਿਨ੍ਹਾਂ ਦੇ ਵਲ' ਕਵਿਤਾ ਕਿਸਨੂੰ ਸੰਬੋਧਿਤ ਹੈ?
6. ਕਿਨ੍ਹਾਂ ਨੂੰ ਕੋਈ ਗ਼ਮ ਨਹੀਂ ਹੁੰਦਾ?
7. ਸ਼ਾਹ ਹੁਸੈਨ ਕਿਹੜੇ ਇਸ਼ਕ ਦੀ ਗੱਲ ਕਰਦਾ ਹੈ?
8. ਜੀਵ-ਇਸਤਰੀ ਕਾਹਦਾ ਵਪਾਰ ਕਰ ਰਹੀ ਹੈ?
9. ਸ਼ਾਹ ਹੁਸੈਨ ਇਸਤਰੀ ਰੂਪ ਵਿੱਚ ਕਿਸ ਤੋਂ ਵਾਰੀ ਜਾਂਦਾ ਹੈ?
10. 'ਆਪਿ ਨੂੰ ਪਛਾਣੁ' ਕਾਫ਼ੀ ਕਿਸਨੂੰ ਸੰਬੋਧਿਤ ਹੈ?
11. ਬੰਦੇ ਨੂੰ ਕਿਸਦੀ ਪਛਾਣ ਕਰਨ ਲਈ ਕਿਹਾ ਗਿਆ ਹੈ?
12. ਚਾਂਦੀ ਦੇ ਛੱਜਿਆਂ ਵਾਲੇ ਸੋਨੇ ਦੇ ਕਿਲੇ ਕਿਉਂ ਸ਼ਮਸ਼ਾਨ ਸਮਾਨ ਹਨ?
13. ਸ਼ਾਹ ਹੁਸੈਨ ਅਨੁਸਾਰ ਬੰਦੇ ਦੇ ਸਿਰ ਉੱਤੇ ਕੌਣ ਸਾਜ਼ਿਸ਼ ਕਰ ਰਿਹਾ ਹੈ?
14. ਬੰਦੇ ਦੇ ਕੰਮ ਆਉਣ ਵਾਲੀ ਅਸਲ ਜਾਇਦਾਦ ਕਿੰਨੀ ਕੁ ਹੈ?
15. 'ਆਪਿ ਨੂੰ ਪਛਾਣੁ' ਕਵਿਤਾ ਵਿੱਚ ਸ਼ਾਹ ਹੁਸੈਨ ਮਨੁੱਖ ਨੂੰ ਕਿਹੜੀ ਚੀਜ਼ ਛੱਡਣ ਲਈ ਕਹਿੰਦਾ ਹੈ?
16. 'ਆਪ ਨੂੰ ਪਛਾਣੁ' ਕਾਫ਼ੀ ਵਿੱਚ ਸ਼ਾਹ ਹੁਸੈਨ ਨੇ ਆਪਣੇ ਲਈ ਕਿਹੜਾ ਸ਼ਬਦ ਵਰਤਿਆ ਹੈ?
17. ਸ਼ਾਹ ਹੁਸੈਨ ਕਿਸ ਕਾਵਿ ਧਾਰਾ ਦਾ ਕਵੀ ਹੈ?
18. ਸ਼ਾਹ ਹੁਸੈਨ ਨੇ ਕਿਸ ਕਾਵਿ-ਰੂਪ ਵਿੱਚ ਰਚਨਾ ਕੀਤੀ ਹੈ?

## ਬੁੱਲ੍ਹੇ ਸ਼ਾਹ

**ਵਸਤੂਨਿਸ਼ਠ ਪ੍ਰਸ਼ਨ:**

1. ਬੁੱਲ੍ਹੇ ਸ਼ਾਹ ਦੀ ਰਚੀ ਹੋਈ ਕਿਸੇ ਇੱਕ ਕਵਿਤਾ ਦਾ ਨਾਂ ਲਿਖੋ?
2. ਬੁੱਲ੍ਹੇ ਸ਼ਾਹ ਦੀ 'ਮੈਂ' ਮਸੀਤ ਵਿੱਚ ਕੀ ਨਹੀਂ?
3. ਫਿਰਔਨ ਕਿੱਥੋਂ ਦਾ ਹੰਕਾਰੀ ਬਾਦਸ਼ਾਹ ਸੀ?
4. ਫਿਰਔਨ ਦਾ ਮਾਣ ਕਿਸਨੇ ਤੋੜਿਆ ਸੀ?
5. ਬੁੱਲ੍ਹੇ ਸ਼ਾਹ ਕਿਸਦਾ ਭੇਦ ਪਾਉਣ ਦਾ ਦਾਅਵਾ ਨਹੀਂ ਕਰਦਾ?

6. ਬੁੱਲ੍ਹੇ ਸ਼ਾਹ ਕਿਹੜੀ ਇੱਕੋ ਗੱਲ ਕਰਦਾ ਹੈ?
7. ਬੁੱਲ੍ਹੇ ਸ਼ਾਹ ਨੂੰ ਸੰਸਾਰ ਵਿੱਚ ਕਿਸ ਤੋਂ ਬਿਨਾਂ ਹੋਰ ਕੁਝ ਨਹੀਂ ਦਿਸਦਾ?
8. 'ਬੁੱਲ੍ਹਾ ਕੀ ਜਾਣਾ ਮੈਂ ਕੌਣ' ਕਵਿਤਾ ਵਿੱਚ ਕਵੀ ਕਿਸਦੀ ਪਛਾਣ ਕਰਨ ਦੇ ਯਤਨ ਵਿੱਚ ਹੈ?
9. 'ਬੁੱਲ੍ਹਾ ਕੀ ਜਾਣਾ ਮੈਂ ਕੌਣ' ਕਾਫ਼ੀ ਬੁੱਲ੍ਹੇ ਸ਼ਾਹ ਦੀ ਕਿਹੜੀ ਅਵਸਥਾ ਨੂੰ ਪ੍ਰਗਟ ਕਰਦੀ ਹੈ?
10. 'ਇਸ਼ਕ ਦੀ ਨਵੀਂਉ ਨਵੀਂ ਬਹਾਰ' ਕਵਿਤਾ ਵਿੱਚ ਕਵੀ ਕਿਹੜੇ ਇਸ਼ਕ ਦੀ ਗੱਲ ਕਰਦਾ ਹੈ?
11. ਬੁੱਲ੍ਹੇ ਸ਼ਾਹ ਕਿਹੜੀ ਚੀਜ਼ ਫੂਕਣ ਲਈ ਕਹਿੰਦਾ ਹੈ?
12. ਬੁੱਲ੍ਹੇ ਸ਼ਾਹ ਕਿਹੜੀ ਚੀਜ਼ ਭੰਨਣ ਲਈ ਕਹਿੰਦਾ ਹੈ?
13. ਮਸੀਤ ਵਿੱਚ ਕੌਣ ਉਮਰ ਬਿਤਾ ਦਿੰਦਾ ਹੈ?
14. ਇਸ਼ਕ ਦਾ ਸਬਕ ਪੜ੍ਹਨ ਨਾਲ ਮਹਿਰਮ ਯਾਰ (ਰੱਬ) ਕਿੱਥੇ ਮਿਲ ਪਿਆ?
15. ਬੁੱਲ੍ਹੇ ਸ਼ਾਹ 'ਰਾਂਝਾ' ਕਿਸਨੂੰ ਕਹਿੰਦਾ ਹੈ?
16. ਬੁੱਲ੍ਹੇ ਸ਼ਾਹ ਨੇ ਹੀਰ ਸ਼ਬਦ ਕਿਸ ਲਈ ਵਰਤਿਆ ਹੈ?
17. ਕਿਹੜੀ ਅਵਸਥਾ ਨੂੰ ਪ੍ਰਾਪਤ ਕਰਕੇ ਬੁੱਲ੍ਹੇ ਸ਼ਾਹ ਦੀ ਕੂਕ ਪੁਕਾਰ ਖ਼ਤਮ ਹੋ ਗਈ?
18. ਬੁੱਲ੍ਹੇ ਨਾਲੋਂ ਚੰਗਾ ਕਿਸਨੂੰ ਕਿਹਾ ਗਿਆ ਹੈ?
19. ਰੰਗੜ ਨਾਲੋਂ ਚੰਗਾ ਕਿਸਨੂੰ ਕਿਹਾ ਗਿਆ ਹੈ?
20. ਸ਼ਹੁ ਨੂੰ ਕੌਣ ਪਾਉਂਦਾ ਹੈ?
21. ਖਿੰਗਰ ਉੱਤੇ ਕੀ ਘਸਾਇਆ ਜਾਂਦਾ ਹੈ?
22. ਬੁੱਲ੍ਹੇ ਸ਼ਾਹ ਅਨੁਸਾਰ ਸ਼ਹੁ ਨੂੰ ਪਾਉਣ ਲਈ ਕੀ ਬਣਨਾ ਪੈਂਦਾ ਹੈ?
23. ਬੁੱਲ੍ਹੇ ਸ਼ਾਹ ਅਨੁਸਾਰ ਸ਼ਹੁ ਨੂੰ ਪਾਉਣ ਲਈ ਕੀ ਕਰਨਾ ਪੈਂਦਾ ਹੈ?
24. ਬੁੱਲ੍ਹੇ ਸ਼ਾਹ ਦੇ ਮੁਰਸ਼ਦ (ਗੁਰੂ) ਦਾ ਨਾਂ ਕੀ ਸੀ?
25. ਬੁੱਲ੍ਹੇ ਸ਼ਾਹ ਨੇ ਪੰਜਾਬੀ ਵਿੱਚ ਕਿੰਨੀਆਂ ਕਾਫ਼ੀਆਂ ਲਿਖੀਆਂ?

# ਬੀਰ ਕਾਵਿ

# ਗੁਰੂ ਗੋਬਿੰਦ ਸਿੰਘ ਜੀ

# ਚੰਡੀ ਦੀ ਵਾਰ

**ਵਸਤੂਨਿਸ਼ਠ ਪ੍ਰਸ਼ਨ:**

1. 'ਚੰਡੀ ਦੀ ਵਾਰ' ਕਿਸ ਦੀ ਰਚਨਾ ਹੈ?
2. 'ਚੰਡੀ ਦੀ ਵਾਰ' ਕਿੰਨ੍ਹਾਂ-ਕਿੰਨ੍ਹਾਂ ਦੀ ਲੜਾਈ ਦਾ ਵਰਣਨ ਹੈ?
3. 'ਚੰਡੀ ਦੀ ਵਾਰ' ਦਾ ਮੁੱਖ ਪਾਤਰ ਕੌਣ ਹੈ?
4. ਪੰਜਾਬੀ ਸਾਹਿਤ ਦੀ ਪਹਿਲੀ ਪ੍ਰਮੁੱਖ ਬੀਰ ਰਸੀ ਰਚਨਾ ਦਾ ਨਾਂ ਲਿਖੋ?

5. ‘ਚੰਡੀ ਦੀ ਵਾਰ’ ਵਿੱਚ ਬਦੀ ਦਾ ਪ੍ਰਤੀਕ ਕਿਸਨੂੰ ਦਿਖਾਇਆ ਗਿਆ ਹੈ?
6. ‘ਚੰਡੀ ਦੀ ਵਾਰ’ ਵਿੱਚ ਨੇਕੀ ਦਾ ਪ੍ਰਤੀਕ ਕਿਸਨੂੰ ਦਿਖਾਇਆ ਗਿਆ ਹੈ?
7. ਗੁਰੂ ਗੋਬਿੰਦ ਸਿੰਘ ਜੀ ਨੇ ‘ਚੰਡੀ ਦੀ ਵਾਰ’ ਕਿਸ ਕਾਵਿ ਰੂਪ ਵਿੱਚ ਲਿਖੀ ਹੈ?
8. ਦੁਰਗਾ ਦੇਵੀ ਨੇ ਕਿਸਦੇ ਢਿੱਡ ਵਿੱਚ ਤਲਵਾਰ ਮਾਰੀ?
9. ਯੁੱਧ ਵਿੱਚ ਕਿਸਦੀ ਸਵਾਰੀ ਦੀ ਧੁੰਮ ਪਈ ਹੋਈ ਸੀ?
10. ਰਾਕਸ਼ ਮੈਦਾਨ ਵਿੱਚ ਕਿਸ ਤਰ੍ਹਾਂ ਗੱਜ ਰਹੇ ਸਨ?
11. ਰਾਕਸ਼ਾਂ ਦੀਆਂ ਨਾਸਾਂ ਕਿਸ ਤਰ੍ਹਾਂ ਦੀਆਂ ਸਨ?
12. ਰਾਕਸ਼ਾਂ ਦੇ ਮੂੰਹ ਕਿਹੋ ਜਿਹੇ ਸਨ?
13. ਦੇਵਤਿਆਂ ਦਾ ਰਾਜਾ ਕੌਣ ਸੀ?
14. ਦੁਰਗਾ ਦੇਵੀ ਨੇ ਰਾਜੇ ਸੁੰਭ ਨੂੰ ਕਿਸ ਹਥਿਆਰ ਨਾਲ ਮਾਰਿਆ?
15. ਰਾਕਸ਼ਾਂ ਦੀਆਂ ਫੌਜਾਂ ਕਿਨ੍ਹਾਂ ਨੂੰ ਮਰੇ ਦੇਖ ਕੇ ਧਾਹਾਂ ਮਾਰ ਰਹੀਆਂ ਸਨ?
16. ਕਿਹੜੀਆਂ ਫੌਜਾਂ ਮੈਦਾਨ ਛੱਡ ਕੇ ਭੱਜ ਗਈਆਂ?
17. ਕਿਸ ਨੂੰ ਰਾਜ ਅਭਿਸ਼ੇਕ ਲਈ ਬੁਲਾਇਆ ਗਿਆ?
18. ਕਿਸ ਰਾਜੇ ਦੇ ਸਿਰ ਤੇ ਛੱਤਰ ਝੁਲਾਇਆ ਗਿਆ?
19. ‘ਦੁਰਗਾ ਪਾਠ’ ਕਿਸ ਨੂੰ ਕਿਹਾ ਗਿਆ ਹੈ?
20. ‘ਕਿਹੜਾ ਪਾਠ ਕਰਨ ਵਾਲਾ ਜੂਨਾਂ’ ਵਿੱਚ ਨਹੀਂ ਪੈਂਦਾ?
21. ਬੀਰ ਕਾਵਿ ਧਾਰਾ ਦਾ ਕਵੀ ਕਿਹੜਾ ਹੈ?

## ਸ਼ਾਹ ਮੁਹੰਮਦ

## ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ

## ੳ. ਸਿੰਘਾਂ ਦਾ ਜੰਗ ਲਈ ਗੁਰਮਤਾ

**ਵਸਤੂਨਿਸ਼ਠ ਪ੍ਰਸ਼ਨ:**

1. ‘ਜੰਗਨਾਮਾ ਸਿੰਘਾਂ ਤੇ ਫਿਰੰਗੀਆਂ’ ਕਿਸ ਦੀ ਕਾਵਿ ਰਚਨਾ ਹੈ?
2. ਸ਼ਾਹ ਮੁਹੰਮਦ ਦੀ ਰਚੀ ਹੋਈ ਕਿਸੇ ਇੱਕ ਕਵਿਤਾ ਦਾ ਨਾਂ ਲਿਖੋ?
3. ‘ਜੰਗਨਾਮਾ ਸਿੰਘਾਂ ਤੇ ਫਿਰੰਗੀਆਂ’ ਵਿੱਚ ਕਿਨ੍ਹਾਂ-ਕਿਨ੍ਹਾਂ ਦੀ ਲੜਾਈ ਦਾ ਹਾਲ ਬਿਆਨ ਕੀਤਾ ਗਿਆ ਹੈ?
4. ਸਿੱਖਾਂ ਨੇ ਕਿਸ ਉੱਤੇ ਹਮਲਾ ਕਰਨ ਲਈ ਗੁਰਮਤਾ ਕੀਤਾ?
5. ਸਿੱਖ ਲੁਧਿਆਣੇ ਨੂੰ ਫ਼ਤਹਿ ਕਰਕੇ ਕਿੱਥੇ ਪਹੁੰਚਣਾ ਚਾਹੁੰਦੇ ਸਨ?

## ਅ. ਸਿੰਘਾਂ ਦੀ ਚੜ੍ਹਤ

1. ਸਰਦਾਰਾਂ ਦੇ ਛੈਲ ਬਾਂਕੇ ਪੁੱਤਰ ਕਿਹੋ ਜਿਹੇ ਸਨ?
2. ਬਹੁਤ ਸਾਰੇ ਕਿਲ੍ਹੇ ਫਤਿਹ ਕਰਨ ਵਾਲੇ ਕੌਣ ਸਨ?
3. ਮਝੈਲ/ਦੁਆਬੀਏ/ਜੰਬੂਰਖ਼ਾਨਾ ਕਿਨ੍ਹਾਂ ਫ਼ੌਜਾਂ ਵਿੱਚ ਸ਼ਾਮਿਲ ਸੀ?

## ੲ. ਜੰਗ ਦਾ ਹਾਲ

1. 'ਜੰਗ ਦਾ ਹਾਲ' ਵਿੱਚ ਕਿਹੜੀ ਥਾਂ ਦੀ ਲੜਾਈ ਦਾ ਜ਼ਿਕਰ ਹੈ?
2. ਟੁੰਡੇ ਲਾਟ ਕੌਣ ਸੀ?
3. 'ਜੰਗ ਦਾ ਹਾਲ' ਵਿੱਚ ਗੁੱਸਾ ਕਿਸਨੂੰ ਆਇਆ?
4. ਲੜਾਈ ਵਿੱਚ ਕਿਸਦੀ ਹਾਰ ਹੋਈ?
5. ਲੜਾਈ ਵਿੱਚ ਮੈਦਾਨ ਕਿਨ੍ਹਾਂ ਦੇ ਹੱਥ ਆਇਆ?
6. ਸ਼ਾਹ ਮੁਹੰਮਦ ਸਿੱਖਾਂ ਤੇ ਅੰਗਰੇਜ਼ਾਂ ਦੀ ਜੰਗ ਨੂੰ ਕਿਨ੍ਹਾਂ ਦੀ ਜੰਗ ਸਮਝਦਾ ਸੀ?
7. ਸ਼ਾਹ ਮੁਹੰਮਦ ਸਿੱਖ ਫ਼ੌਜ ਦੀ ਹਾਰ ਦਾ ਕਾਰਨ ਕੀ ਸਮਝਦਾ ਹੈ?
8. ਸ਼ਾਹ ਮੁਹੰਮਦ ਅਨੁਸਾਰ ਸਿੱਖ ਫ਼ੌਜਾਂ ਅੰਗਰੇਜ਼ਾਂ ਵਿਰੁੱਧ ਕਿਸ ਤਰ੍ਹਾਂ ਲੜੀਆਂ ਸਨ?
9. ਸ਼ਾਹ ਮੁਹੰਮਦ ਦੀ ਕਿਹੜੀ ਰਚਨਾ ਪ੍ਰਸਿੱਧ ਹੈ?
10. ਸ਼ਾਹ ਮੁਹੰਮਦ ਨੇ ਕਿੱਸਾ ਲਿਖਿਆ ਜਾਂ ਜੰਗਨਾਮਾ?

## ਕਿੱਸਾ ਕਾਵਿ

## ਕਲਾਸ– ਦਸਵੀਂ

## 1. ਪੀਲੂ

## ਮਿਰਜ਼ਾ ਸਾਹਿਬਾਂ

**ਵਸਤੂਨਿਸ਼ਠ ਪ੍ਰਸ਼ਨ:**

1. ਪੀਲੂ ਨੇ ਕਿਹੜਾ ਕਿੱਸਾ ਲਿਖਿਆ ਹੈ?
2. 'ਮਿਰਜ਼ਾ ਸਾਹਿਬਾਂ' ਰਚਨਾ ਕਿਸਦੀ ਹੈ?

3. ਸਾਹਿਬਾਂ ਦੇ ਬਾਪ ਦਾ ਨਾਂ ਕੀ ਸੀ?
4. ਸਾਹਿਬਾਂ ਦੇ ਜਨਮ ਤੇ ਕਿਨ੍ਹਾਂ ਨੇ ਸੋਹਲੇ ਗਾਏ?
5. 'ਮਿਰਜ਼ਾ-ਸਾਹਿਬਾਂ' ਕਵਿਤਾ ਵਿੱਚ ਕਿਸ ਦੀਆਂ ਸਹੇਲੀਆਂ ਦਾ ਜ਼ਿਕਰ ਹੈ?
6. ਮਿਰਜ਼ੇ ਦੇ ਬਾਪ ਦਾ ਨਾਂ ਕੀ ਸੀ?
7. ਮਿਰਜ਼ੇ ਦਾ ਜਨਮ ਕਿਸ ਪਰਿਵਾਰ ਵਿੱਚ ਹੋਇਆ?
8. ਸਾਹਿਬਾਂ ਤੇ ਮਿਰਜ਼ੇ ਦਾ ਪਿਆਰ ਕਿੱਥੇ ਪਿਆ?
9. ਕਾਜ਼ੀ ਮਿਰਜ਼ਾ ਸਾਹਿਬਾਂ ਦੇ ਸੋਟੀਆਂ ਕਿਉਂ ਮਾਰਦਾ ਸੀ?
10. ਮਿਰਜ਼ਾ ਸਾਹਿਬਾਂ ਦੀ ਪੜ੍ਹਾਈ ਕਿਉਂ ਰਹਿ ਗਈ ਸੀ?
11. ਸਾਹਿਬਾਂ ਪੰਸਾਰੀ ਦੀ ਹੱਟੀ ਤੇ ਕੀ ਲੈਣ ਗਈ ਸੀ?
12. ਬਾਣੀਏ ਨੇ ਸਾਹਿਬਾਂ ਨੂੰ ਤੇਲ ਦੇ ਭੁਲੇਖੇ ਕੀ ਦੇ ਦਿੱਤਾ?
13. ਸਾਹਿਬਾਂ ਦੀ ਸੁੰਦਰਤਾ ਦੇਖਕੇ ਪੰਸਾਰੀ ਨੂੰ ਕੀ ਫੜਨਾ ਭੁੱਲ ਗਿਆ?
14. ਸਾਹਿਬਾਂ ਦੀ ਸੁੰਦਰਤਾ ਦੇਖਕੇ ਬਲਦ ਕਿਸ ਨੇ ਗਵਾ ਲਏ ਸਨ?
15. ਸਾਹਿਬਾਂ ਦੀ ਸੁੰਦਰਤਾ ਦੇਖਕੇ ਕੌਣ ਚੌੜ-ਚੁਪਟ ਹੋ ਗਏ ਸਨ?
16. ਖੀਵੇ ਖਾਨ ਦੀ ਧੀ ਦਾ ਨਾਂ ਕੀ ਸੀ?
17. ਸਾਹਿਬਾਂ ਦੀਆਂ ਮੇਢੀਆਂ ਕਿਹੋ ਜਿਹੀਆਂ ਸਨ?
18. ਸਾਹਿਬਾਂ ਦਾ ਰੰਗ ਕਿਹੋ ਜਿਹਾ ਸੀ?
19. ਮਿਰਜ਼ਾ ਸਾਹਿਬਾਂ ਦੀ ਖ਼ਾਤਰ ਕੀ ਕਰਨ ਲਈ ਤਿਆਰ ਸੀ?
20. ਮਿਰਜ਼ੇ ਨੂੰ ਕਿਸਨੇ ਸਾਹਿਬਾਂ ਨੂੰ ਉਧਾਲਣ ਲਈ ਜਾਣ ਤੋਂ ਰੋਕਿਆ?
21. ਮਿਰਜ਼ੇ ਦੀ ਮਾਂ ਨੇ ਉਸਨੂੰ ਕਾਹਦਾ ਡਰ ਦਿੱਤਾ?
22. ਬੀਬੀ ਫ਼ਾਤਿਮਾ ਕੌਣ ਸੀ?
23. ਸਾਹਿਬਾਂ ਦੇ ਘਰ ਕਿਹੋ ਜਿਹਾ ਮਾਹੌਲ ਸੀ?
24. ਮਿਰਜ਼ੇ ਨੂੰ ਕਾਹਦਾ ਹੰਕਾਰ ਸੀ?
25. ਸਾਹਿਬਾਂ ਦੇ ਭਰਾ ਦਾ ਨਾਂ ਕੀ ਸੀ?
26. ਸਾਹਿਬਾਂ ਕਿਨ੍ਹਾਂ ਦੀ ਧੀ ਸੀ?
27. ਮਿਰਜ਼ੇ ਦਾ ਤਰਕਸ਼ ਜੰਡ ਉੱਤੇ ਕਿਸਨੇ ਟੰਗਿਆ?
28. ਮਿਰਜ਼ੇ ਦੀ ਮੌਤ ਕਾਹਦੇ ਨਾਲ ਹੋਈ?
29. ਪੀਲੂ ਕਿਸ ਕਾਵਿ-ਧਾਰਾ ਦਾ ਕਵੀ ਹੈ?

## ਵਾਰਿਸ ਸ਼ਾਹ

## 1. ਕਿੱਸੇ ਦਾ ਆਰੰਭ

### ਵਸਤੂਨਿਸ਼ਠ ਪ੍ਰਸ਼ਨਃ

1. ਵਾਰਿਸ ਸ਼ਾਹ ਨੇ ਕਿਹੜਾ ਕਿੱਸਾ ਲਿਖਿਆ?
2. 'ਹੀਰ-ਰਾਂਝਾ' ਕਿੱਸਾ ਕਿਸਨੇ ਲਿਖਿਆ?
3. ਛੈਲ, ਅਲਬੇਲੇ ਗੱਭਰੂ ਕਿੱਥੇ ਵਸਦੇ ਹਨ?
4. ਰਾਂਝੇ ਦਾ ਪਿੰਡ ਕਿਹੜਾ ਸੀ?
5. ਤਖ਼ਤ ਹਜ਼ਾਰਾ ਪਿੰਡ ਕਿਹੋ ਜਿਹਾ ਸੀ?

### 2. ਜ਼ਮੀਨ ਦਾ ਵਟਵਾਰਾ

1. ਕਿਸ ਦੀ ਜ਼ਮੀਨ ਦਾ ਬਟਵਾਰਾ ਹੋਇਆ?
2. ਰਾਂਝੇ ਦੇ ਭਰਾਵਾਂ ਨੇ ਕਿਸਨੂੰ ਬੁਲਾ ਕੇ ਜ਼ਮੀਨ ਦੀ ਮਿਣਤੀ ਕਰਵਾਈ?
3. ਰਾਂਝੇ ਦੇ ਹਿੱਸੇ ਕਿਹੋ ਜਿਹੀ ਜ਼ਮੀਨ ਆਈ?
4. ਰਾਂਝੇ ਨਾਲ ਉਸ ਦੀਆਂ ਭਾਬੀਆਂ ਕਿਹੋ ਜਿਹਾ ਸਲੂਕ ਕਰਦੀਆਂ ਸੀ?
5. ਕੱਛਾਂ ਮਾਰ ਕੇ ਰਾਂਝੇ ਨੂੰ ਕੌਣ ਮਜ਼ਾਕ ਕਰਦਾ ਸੀ?

### 3. ਰਾਂਝੇ ਦਾ ਮਸੀਤ ਵਿੱਚ ਜਾਣਾ

1. ਰਾਂਝੇ ਨੂੰ ਤਖ਼ਤ ਹਜ਼ਾਰਾ ਛੱਡ ਕੇ ਨਾ ਜਾਣ ਤੋਂ ਕਿਸਨੇ ਕਿਹਾ?
2. ਰਾਂਝਾ ਤਖ਼ਤ ਹਜ਼ਾਰਾ ਛੱਡ ਕੇ ਰਾਤੀਂ ਕਿੱਥੇ ਪੁੱਜਾ?
3. ਰਾਂਝਾ ਅੱਧੀ ਰਾਤ ਨੂੰ ਮਸੀਤ ਵਿੱਚ ਕੀ ਵਜਾਉਣ ਲੱਗਾ?
4. ਪਿੰਡ ਦੇ ਲੋਕ ਕਾਹਦੀ ਅਵਾਜ਼ ਸੁਣ ਕੇ ਮਸੀਤ ਵਲ ਚਲ ਪਏ?

### 4. ਰਾਂਝੇ ਉੱਤੇ ਹੀਰ ਦਾ ਮੋਹਿਤ ਹੋਣਾ

1. ਕੌਣ ਛਮਕਾਂ ਪਕੜ ਕੇ ਮਾਰੋ-ਮਾਰ ਕੂਕ ਰਹੀ ਸੀ?
2. 'ਪਰੀ' ਕਿਸਨੂੰ ਕਿਹਾ ਹੈ?
3. ਇੱਕ-ਦੂਜੇ ਨੂੰ ਵੇਖਦਿਆਂ ਹੀ ਹੀਰ-ਰਾਂਝੇ ਦਾ ਇੱਕ-ਦੂਜੇ ਉੱਤੇ ਕੀ ਪ੍ਰਭਾਵ ਪਿਆ?

4. ਰਾਂਝੇ ਦੇ ਕੰਨਾਂ ਵਿੱਚ ਕੀ ਪਾਇਆ ਹੋਇਆ ਸੀ?
5. ਤੈਮੂਸ ਦੀ ਬੇਟੀ ਕੌਣ ਸੀ?
6. ਜ਼ੁਲੈਖਾਂ ਦਾ ਯੂਸਫ਼ ਨਾਲ ਕੀ ਸੰਬੰਧ ਸੀ?

### 5. ਹੀਰ ਦਾ ਸਿਦਕ

1. ਜੋਗੀ ਕੌਣ ਸੀ?
2. ਹੀਰ ਕਿਸਦੇ ਵਿਛੋੜੇ ਵਿੱਚ ਤੜਫ਼ ਰਹੀ ਸੀ?
3. ਹੀਰ ਦੇ ਦਿਲ ਦਾ ਰੋਗ ਕੀ ਸੀ?
4. ਹੀਰ ਕਿਸ ਤੋਂ ਕਾਫ਼ੀ ਸਮੇਂ ਤੋਂ ਵਿਛੜੀ ਹੋਈ ਸੀ?
5. ਹੀਰ ਕਿਸਨੂੰ ਮਿਲਣ ਲਈ ਤੜਫ਼ ਰਹੀ ਸੀ?

### 6. ਕਿੱਸੇ ਦੀ ਸਮਾਪਤੀ

1. ਵਾਰਿਸ-ਸ਼ਾਹ ਨੇ ਕਿੱਸਾ ਕਿਸਦੀ ਮਿਹਰ ਨਾਲ ਖ਼ਤਮ ਕੀਤਾ?
2. ਵਾਰਿਸ-ਸ਼ਾਹ ਨੂੰ ਕਿੱਸਾ ਲਿਖਣ ਲਈ ਫ਼ਰਮਾਇਸ਼ ਕਿਸਨੇ ਕੀਤੀ ਸੀ?
3. ਵਾਰਿਸ-ਸ਼ਾਹ ਨੇ ਪੂਰਾ ਦਿਮਾਗ ਲਾ ਕੇ ਕੀ ਲਿਖਿਆ ਹੈ?
4. ਵਾਰਿਸ-ਸ਼ਾਹ ਨੂੰ ਆਪਣੇ ਕਿੱਸੇ ਦੇ ਸ਼ੇਅਰ ਕਿਹੋ ਜਿਹੇ ਮਹਿਸੂਸ ਹੁੰਦੇ ਹਨ?
5. ਪੰਜਾਬੀ ਕਿੱਸਾ-ਕਾਵਿ ਦੀ ਸ਼ਾਹਕਾਰ ਰਚਨਾ ਕਿਹੜੀ ਹੈ?

## ਹਾਸ਼ਮ ਸ਼ਾਹ

## ਕਿੱਸਾ ਸੱਸੀ ਪੁੰਨੂੰ

**ਵਸਤੂਨਿਸ਼ਠ ਪ੍ਰਸ਼ਨਃ-**

1. ਕਿੱਸਾ ਸੱਸੀ-ਪੁੰਨੂੰ ਕਿਸ ਦੀ ਰਚਨਾ ਹੈ?
2. ਹਾਸ਼ਮ ਨੇ ਕਿਹੜਾ ਕਿੱਸਾ ਲਿਖਿਆ?
3. ਸੱਸੀ ਕਿਸ ਦਾ ਪਿੱਛਾ ਕਰ ਰਹੀ ਸੀ?
4. ਸੱਸੀ ਦੇ ਪ੍ਰੇਮੀ ਦਾ ਨਾਂ ਕੀ ਸੀ?
5. ਸੱਸੀ ਕਿਸ ਦੇ ਪਿਛੇ ਮਾਰੂਥਲ ਵਿੱਚ ਮਰਨਾ ਚਾਹੁੰਦੀ ਸੀ?

6. ਸ਼ਹਿਜ਼ਾਦੀ ਕੌਣ ਸੀ?
7. ਪੁੰਨੂੰ ਕਾਹਦੇ ਉੱਤੇ ਚੜ੍ਹ ਕੇ ਗਿਆ ਸੀ?
8. ਹਾਸ਼ਮ ਨੇ ਅੱਗ ਦਾ ਦਰਿਆ ਕਿਸਨੂੰ ਕਿਹਾ ਹੈ?
9. ਸੱਸੀ ਦਾ ਲੂੰ-ਲੂੰ ਕੀ ਪੁਕਾਰ ਰਿਹਾ ਸੀ?
10. ਸੱਸੀ ਦੇ ਨਾਜ਼ੁਕ ਪੈਰ ਕਿਹੋ ਜਿਹੇ ਸਨ?
11. ਸੱਸੀ ਦੇ ਪੈਰ ਕਾਹਦੇ ਨਾਲ ਸ਼ਿੰਗਾਰੇ ਹੋਏ ਸਨ?
12. ਭਠਿਆਰਿਆਂ ਦੇ ਜੌਂ ਭੁੰਨਣ ਵਾਂਗ ਕੀ ਤਪ ਰਿਹਾ ਸੀ?
13. ਸੱਸੀ ਦੇ ਦਿਲ ਵਿੱਚ ਕੀ ਸੀ?
14. ਜੇਕਰ ਸੱਸੀ ਨੂੰ ਪਤਾ ਹੁੰਦਾ ਕਿ ਉਸਨੂੰ ਸੁੱਤੀ ਪਈ ਨੂੰ ਛੱਡ ਜਾਣਾ ਹੈ, ਤਾਂ ਉਹ ਕੀ ਕਰਦੀ?
15. ਸੱਸੀ ਮਾਰੂਥਲ ਵਿੱਚ ਕੀ ਲੱਭ ਰਹੀ ਸੀ?
16. ਸੱਸੀ ਨੇ ਆਪਣਾ ਸਿਰ ਕਿਸ ਉੱਤੇ ਰੱਖ ਦਿੱਤਾ?
17. ਸੱਸੀ ਨੇ ਮਾਰੂਥਲ ਵਿੱਚ ਕਿਸ ਦੀ ਖ਼ਾਤਰ ਜਾਨ ਵਾਰ ਦਿੱਤੀ?
18. ਮਰਦੀ ਹੋਈ ਸੱਸੀ ਨੇ ਪੁੰਨੂੰ ਨੂੰ ਕੀ ਕਿਹਾ?

## ਕਾਦਰਯਾਰ

## ਕਿੱਸਾ ਪੂਰਨ ਭਗਤ

### (1) ਪੂਰਨ ਦਾ ਜਨਮ

**ਵਸਤੂਨਿਸ਼ਠ ਪ੍ਰਸ਼ਨ:**

1. 'ਕਿੱਸਾ ਪੂਰਨ ਭਗਤ' ਕਿਸ ਨੇ ਲਿਖਿਆ ਹੈ?
2. 'ਕਾਦਰਯਾਰ' ਨੇ ਕਿਹੜਾ ਕਿੱਸਾ ਲਿਖਿਆ?
3. ਪੂਰਨ ਦਾ ਜਨਮ ਕਿੱਥੇ ਹੋਇਆ?
4. ਪੂਰਨ ਦੇ ਬਾਪ ਦਾ ਕੀ ਨਾਂ ਸੀ?
5. ਪੂਰਨ ਦੀ ਮਾਂ ਦਾ ਕੀ ਨਾਂ ਸੀ? (ਜਨਮ ਦੇਣ ਵਾਲੀ)
6. ਸਲਵਾਨ ਕਿੱਥੋਂ ਦਾ ਰਾਜਾ ਸੀ?
7. ਸਲਵਾਨ ਨੇ ਕਿਸਨੂੰ ਕੋਠੜੀ ਵਿੱਚ ਪਾ ਦਿੱਤਾ?
8. ਪੂਰਨ ਨੂੰ ਕਿਹੜੀ ਕੋਠੜੀ ਵਿੱਚ ਪਾ ਦਿੱਤਾ?

### (2) **ਇੱਛਰਾਂ ਨੂੰ ਪੂਰਨ ਦੀ ਸਜ਼ਾ ਦਾ ਪਤਾ ਲੱਗਣਾ**

1. ਇੱਛਰਾਂ ਕੌਣ ਸੀ?
2. ਰਾਣੀ ਇੱਛਰਾਂ ਕਿਉਂ ਰੋਣ ਲੱਗੀ?
3. ਰਾਣੀ ਇੱਛਰਾਂ ਕਿਸ ਦੇ ਕੋਲ ਗਈ?
4. ਪੂਰਨ ਦੇ ਗਮ ਵਿੱਚ ਇੱਛਰਾਂ ਦੀ ਕੀ ਹਾਲਤ ਹੋਈ?
5. ਜਲਾਦ ਪੂਰਨ ਨੂੰ ਕਿੱਥੇ ਲੈ ਗਏ?
6. ਪੂਰਨ ਦੇ ਕਿਹੜੇ ਅੰਗ ਵੱਢ ਦਿੱਤੇ ਸਨ?
7. ਪੂਰਨ ਨੂੰ ਕਿੱਥੇ ਸੁੱਟ ਦਿੱਤਾ ਸੀ?
8. ਲੂਣਾ ਕੌਣ ਸੀ?
9. ਜੱਲਾਦਾਂ ਨੇ ਲੂਣਾਂ ਨੂੰ ਕੀ ਦਿੱਤਾ?

### (3) **ਮਾਂ ਪੁੱਤਰ ਦਾ ਮੇਲ**

1. ਸਾਧ ਕੌਣ ਸੀ?
2. ਸਾਧ ਮਾਤਾ ਇੱਛਰਾਂ ਦਾ ਕੀ ਲੱਗਦਾ ਸੀ?
3. ਮਾਤਾ ਇੱਛਰਾਂ ਨੂੰ ਕਿਹੜਾ ਰੋਗ ਲੱਗਾ ਸੀ?
4. ਮਾਤਾ ਇੱਛਰਾਂ ਸਾਧ ਨੂੰ ਮਿਲਣ ਕਿਉਂ ਗਈ ਸੀ?
5. ਸਾਧ ਨੇ ਕਿੱਥੇ ਡੇਰਾ ਲਾਇਆ ਸੀ?
6. ਮਾਂ ਦੀ ਬੁਰੀ ਹਾਲਤ ਦੇਖਕੇ ਪੂਰਨ ਦੀ ਹਾਲਤ ਕਿਹੋ ਜਿਹੀ ਹੋਈ?
7. ਅਰਜਨ ਕੌਣ ਸੀ?
8. ਅਭਿਮੰਨੂ ਕੌਣ ਸੀ?
9. ਅੰਨ੍ਹੀ ਮਾਂ ਨੇ ਪੂਰਨ ਨੂੰ ਕਿਸ ਤਰ੍ਹਾਂ ਪਛਾਣਿਆ?

# ਵਾਰਤਕ ਭਾਗ

**ਵਸਤੂਨਿਸ਼ਠ ਪ੍ਰਸ਼ਨ:**

### (ੳ) **ਰਬਾਬ ਮੰਗਾਉਣ ਦਾ ਵਿਰਤਾਂਤ**

1. 'ਰਬਾਬ ਮੰਗਾਉਣ ਦਾ ਵਿਰਤਾਂਤ' ਸਾਖੀ ਦਾ ਲੇਖਕ ਕੌਣ ਹੈ?
2. ਗਿਆਨੀ ਦਿੱਤ ਸਿੰਘ ਦੀ ਰਚਨਾ ਕਿਹੜੀ ਹੈ?

3. ਗੁਰੂ ਨਾਨਕ ਦੇਵ ਜੀ ਕਿੱਥੇ ਬੈਠਕੇ ਕਰਤਾਰ ਦੇ ਗੁਣ-ਗਾਉਣ ਲੱਗੇ?
4. ਗੁਰੂ ਜੀ ਨੂੰ ਹਿੰਦੂ ਮੁਸਲਮਾਨ ਲੋਕ ਕੀ ਕਹਿ ਰਹੇ ਸਨ?
5. ਗੁਰੂ ਨਾਨਕ ਦੇਵ ਜੀ ਕਿਸ ਕੁੱਲ ਵਿੱਚੋਂ ਸਨ?
6. ਗੁਰੂ ਜੀ ਦਾ ਸਾਥੀ ਕੌਣ ਸੀ?
7. ਗੁਰੂ ਜੀ ਨੂੰ ਸਭ ਤੋਂ ਵੱਧ ਕਿਹੜਾ ਸਾਜ਼ ਪਸੰਦ ਸੀ?
8. 'ਰਬਾਬ ਮੰਗਾਉਣ ਦਾ ਵਿਰਤਾਂਤ' ਲੇਖ ਵਿੱਚ ਬੀਬੀ ਕੌਣ ਹੈ?
9. ਲੋਕ ਮਰਦਾਨੇ ਨੂੰ ਕੀ ਕਹਿ ਰਹੇ ਸਨ?
10. ਰਬਾਬੀ ਦਾ ਨਾਂ ਕੀ ਸੀ?
11. ਗੁਰੂ ਜੀ ਨੇ ਮਰਦਾਨੇ ਨੂੰ ਬੀਬੀ ਤੋਂ ਕਿੰਨੇ ਰੁਪਏ ਲੈਣ ਲਈ ਕਿਹਾ?
12. ਗੁਰੂ ਜੀ ਅਤੇ ਫਰਹਿੰਦੇ ਨੇ ਕਿਸ ਬਾਰੇ ਗੱਲਾਂ ਕੀਤੀਆਂ?
13. ਜਦੋਂ ਮਰਦਾਨੇ ਨੇ ਰਬਾਬ ਵਜਾਈ ਤਾਂ ਠਾਟ ਕਿਸਨੇ ਬਣਾਇਆ?
14. ਮਰਦਾਨੇ ਨੇ ਬੀਬੀ ਤੋਂ ਕਿੰਨੇ ਰੁਪਏ ਲਏ?
15. ਫਰਹਿੰਦੇ ਅਨੁਸਾਰ ਰਬਾਬ ਨਾਲ ਗੁਰੂ ਜੀ ਦਾ ਕੀ ਸੰਬੰਧ ਸੀ?

(ਅ) **ਘਰ ਦਾ ਪਿਆਰ**

1. 'ਘਰ ਦਾ ਪਿਆਰ' ਲੇਖ ਕਿਸਦੀ ਰਚਨਾ ਹੈ?
2. ਪ੍ਰਿੰ: ਤੇਜਾ ਸਿੰਘ ਦੇ ਲੇਖ ਦਾ ਨਾਂ ਲਿਖੋ?
3. ਪ੍ਰਿੰ: ਤੇਜਾ ਸਿੰਘ ਨੇ ਆਪਣੇ ਲੇਖ ਵਿੱਚ ਕਿਸਦੀ ਮਹਾਨਤਾ ਦਰਸਾਈ ਹੈ?
4. ਮਨੁੱਖ ਦੇ ਪਿਆਰ ਦੀਆਂ ਸੱਧਰਾਂ ਕਿੱਥੇ ਪਲਦੀਆਂ ਹਨ?
5. ਜਵਾਨੀ ਵਿੱਚ ਸਾਰੇ ਜਹਾਨ ਨੂੰ ਗਾਹ ਕੇ ਕਿੱਥੇ ਮੁੜ ਆਉਣ ਨੂੰ ਜੀ ਕਰਦਾ ਹੈ?
6. ਪ੍ਰਿੰ: ਤੇਜਾ ਸਿੰਘ ਅਨੁਸਾਰ ਮਨੁੱਖ ਦੇ ਸੁਭਾ ਤੇ ਰੁਚੀਆਂ ਦਾ ਸਾਂਚਾ ਕਿਹੜੀ ਥਾਂ ਹੈ?
7. ਜਿਨ੍ਹਾਂ ਨੂੰ ਘਰ ਦਾ ਪਿਆਰ ਨਹੀਂ ਮਿਲਿਆ ਹੁੰਦਾ, ਉਨ੍ਹਾਂ ਦੇ ਸੁਭਾ ਕਿਹੋ ਜਿਹੇ ਹੁੰਦੇ ਹਨ?
8. ਬਿਰਧ ਬੀਬੀ ਦੇ ਸੁਭਾ ਦੀ ਨਰਮੀ ਤੇ ਹਮਦਰਦੀ ਕਾਹਦੇ ਪਰਦੇ ਹੇਠ ਛਿਪ ਜਾਂਦੀ ਸੀ?
9. ਘਰ ਦੇ ਪਿਆਰ ਤੋਂ ਸੱਖਣੇ ਉਪਦੇਸ਼ਕ ਤੇ ਲਿਖਾਰੀ ਮਹਾਂਪੁਰਖਾਂ ਦੇ ਜੀਵਨ ਕਿਹੋ ਜਿਹੇ ਦਿੱਸਦੇ ਹਨ?
10. ਉਪਦੇਸ਼ਕਾਂ ਤੇ ਲਿਖਾਰੀਆਂ ਨੇ ਗੁਰੂ ਨਾਨਕ ਸਾਹਿਬ ਦੇ ਜੀਵਨ ਨੂੰ ਕਿਹੋ ਜਿਹਾ ਦੱਸਿਆ ਹੈ?
11. ਲਿਖਾਰੀਆਂ ਨੇ ਈਸਾ ਮਸੀਹਾ ਦਾ ਜੀਵਨ ਕਿਹੜੇ ਪੜਾਓ ਦਾ ਜ਼ਿਕਰ ਕਿਤੇ ਬਗੈਰ ਲਿਖਿਆ ਹੈ?
12. ਗੁਰੂ ਨਾਨਕ ਦੇਵ ਜੀ ਘਰ ਵਾਲਿਆਂ ਦੀ ਖ਼ਬਰ ਸੁਰਤ ਲੈਣ ਲਈ ਪਿੰਡ ਵਲ ਕਿਸਨੂੰ ਭੇਜਦੇ ਹਨ?
13. ਗੁਰੂ ਨਾਨਕ ਦੇਵ ਜੀ ਦੀ ਮਾਤਾ ਦਾ ਨਾਂ ਕੀ ਸੀ?
14. ਜਦੋਂ ਗੁਰੂ ਨਾਨਕ ਦੇਵ ਜੀ ਮਾਤਾ ਨੂੰ ਮਿਲੇ ਤਾਂ ਉਨ੍ਹਾਂ ਦੀ ਕੀ ਹਾਲਤ ਹੋਈ?
15. ਕਿਸਨੇ ਗੁਰੂ ਨਾਨਕ ਦੇਵ ਜੀ ਨੂੰ ਪਿਤਾ ਦੀਆਂ ਚਪੇੜਾਂ ਤੋਂ ਬਚਾਇਆ ਸੀ?
16. ਹਜ਼ਰਤ ਮੁਹੰਮਦ ਸਾਹਿਬ ਦੀ ਜ਼ਿੰਦਗੀ ਉੱਤੇ ਕਿਸ ਦਾ ਅਸਰ ਮਹੱਤਵਪੂਰਨ ਸੀ?

17. ਕੌਣ ਹਜ਼ਰਤ ਮੁਹੰਮਦ ਸਾਹਿਬ ਦਾ ਥਕੇਵਾਂ ਦੂਰ ਕਰਦਾ ਸੀ?

18. ਕੌਣ ਆਪਣੀ ਪਤਨੀ ਨੂੰ ਖਿਝ ਕੇ ਖਾਣ ਨੂੰ ਪੈਂਦਾ ਸੀ?

19. ਕਾਰਲਾਈਲ ਦਾ ਸੁਭਾ ਕਿਹੋ ਜਿਹਾ ਸੀ?

20. ਲੋਕ ਬਾਲ-ਬੱਚੇ ਤੇ ਤੀਂਵੀਂ ਨਾਲ ਜੀਵਨ ਬਿਤਾਉਣ ਲਈ ਕਿੱਥੇ ਜਾਂਦੇ ਹਨ?

21. ਬੋਰਡਿੰਗਾਂ ਵਿੱਚ ਰਹਿਣ ਵਾਲੇ ਵਿਦਿਆਰਥੀ ਕਿਸ ਕਮੀ ਕਾਰਨ ਸਮਾਜਿਕ ਵਰਤੋਂ ਵਿੱਚ ਕੋਰੇ, ਗ਼ੈਰ-ਜ਼ਿੰਮੇਵਾਰ ਤੇ ਸਦਾਚਾਰ ਦੀਆਂ ਹੱਦਾਂ ਟੱਪਣ ਵਾਲੇ ਬਣ ਰਹੇ ਹਨ?

22. ਕਿੱਥੇ ਰਹਿਣ ਵਾਲੇ ਵਿਦਿਆਰਥੀਆਂ ਵਿੱਚ ਘਰੋਗੀ ਗੁਣ, ਲੱਜਾ, ਹਮਦਰਦੀ, ਬਰਾਦਰੀ ਦਾ ਸਨਮਾਨ ਆਦਿ ਗੁਣ ਪੈਦਾ ਨਹੀਂ ਹੋ ਸਕਦਾ?

23. ਅਸਲੀ ਧਾਰਮਿਕ ਜੀਵਨ ਦੀ ਨੀਂਹ ਕਿੱਥੋਂ ਦੀ ਰਹਿਣੀ-ਬਹਿਣੀ ਵਿੱਚ ਰੱਖੀ ਜਾ ਸਕਦੀ ਹੈ?

24. ਲੇਖਕ ਅਨੁਸਾਰ ਧਰਮ ਕਿੱਥੋਂ ਨਿਕਲ ਕੇ ਕਿੱਥੇ ਆ ਗਿਆ ਹੈ?

25. ਸਮਾਜ ਤੇ ਦੇਸ਼ ਦਾ ਪਿਆਰ ਕਿੱਥੋਂ ਪੈਦਾ ਹੁੰਦਾ ਹੈ?

26. ਲੇਖਕ ਨੂੰ ਆਪਣਾ ਪਿੰਡ ਅਡਿਆਲਾ ਕਿੰਨਾ ਪਿਆਰਾ ਹੈ?

27. ਲੇਖਕ ਦੇ ਪਿੰਡ ਦਾ ਕੀ ਨਾਂ ਸੀ?

28. ਲੇਖਕ ਰਾਵਲਪਿੰਡੀ ਤੋਂ ਆਪਣੇ ਪਿੰਡ ਕਦੋਂ ਆਉਂਦਾ ਸੀ?

**(ੲ) ਬੋਲੀ**

1. ਬੋਲੀ ਲੇਖ ਦਾ ਲੇਖਕ ਕੌਣ ਹੈ?
2. ਗੁਰਬਖ਼ਸ਼ ਸਿੰਘ ਦਾ ਲਿਖਿਆ ਲੇਖ ਕਿਹੜਾ ਹੈ?
3. ਮਨੁੱਖ ਦੇ ਸਰੀਰ ਦਾ ਚਿੱਤਰ ਕਿਹੜੀ ਚੀਜ਼ ਹੈ?
4. ਲੇਖਕ ਮਨੁੱਖ ਦੀ ਆਤਮਾ ਦਾ ਚਿਤਰ ਕਿਸਨੂੰ ਕਹਿੰਦਾ ਹੈ?
5. ਲੇਖਕ ਅਨੁਸਾਰ ਆਮ ਕਰਕੇ ਸਿਆਣੇ ਤੇ ਦਿਲਚਸਪ ਕੌਣ ਹੁੰਦੇ ਹਨ?
6. ਕੌਣ ਵਿਰਲਾ ਹੀ ਦਿਲਚਸਪੀ ਜਗਾਉਣ ਵਾਲਾ ਹੁੰਦਾ ਹੈ?
7. ਕਿਸ ਚੀਜ਼ ਤੋਂ ਅਸੀਂ ਮਨੁੱਖੀ ਅਮੀਰੀ ਦਾ ਮੇਚਾ ਲੈ ਸਕਦੇ ਹਾਂ,
8. ਬੋਲੀ ਦਾ ਖ਼ਜ਼ਾਨਾ ਕਿਹੜੇ ਚੌਗਿਰਦੇ ਵਿਚੋਂ ਜੁੜਨਾ ਸ਼ੁਰੂ ਹੋ ਜਾਂਦਾ ਹੈ?
9. ਕਿਸ ਉਮਰ ਵਿੱਚ ਮਨ ਉੱਤੇ ਚਿਤਰੇ ਲਫ਼ਜ਼ ਸਾਨੂੰ ਭੁੱਲਦੇ ਨਹੀਂ?
10. ਮੋਹਰਾਂ ਦੀ ਖਾਣ ਕਿਹੜੀ ਥਾਂ ਹੈ?
11. ਬੱਚਿਆਂ ਦੀ ਦੁਨੀਆਂ ਵਿੱਚ ਅਮੀਰੀ ਦਾ ਵਾਧਾ ਕਰਨਾ ਕਿਸਦਾ ਪਹਿਲਾ ਧਰਮ ਹੈ?
12. ਉਮਰ ਦੇ ਕਿਹੜੇ ਸਮੇਂ ਵਿੱਚ ਸਿੱਖੀ ਬੋਲੀ ਹੀ ਸਾਡੀ ਬੋਲੀ ਹੁੰਦੀ ਹੈ?
13. ਸਾਡੀ ਬੋਲੀ ਕਿਹੜੀ ਹੁੰਦੀ ਹੈ?

14. ਜਿਨ੍ਹਾਂ ਲੋਕਾਂ ਨੂੰ ਵੱਡੇ ਹੋ ਕੇ ਬਚਪਨ ਦੀ ਬੋਲੀ ਤੋਂ ਬਿਨਾਂ ਕੋਈ ਹੋਰ ਬੋਲੀ ਅਪਣਾਉਣੀ ਪੈਂਦੀ ਹੈ, ਉਹ ਲੇਖਕ ਦੀ ਨਜ਼ਰ ਵਿੱਚ ਕਿਹੋ ਜਿਹੇ ਹਨ?
15. ਲੇਖਕ ਅਨੁਸਾਰ ਜ਼ਿੰਦਗੀ ਦੀ ਸਭ ਤੋਂ ਵੱਧ ਧਿਆਨ ਮੰਗਣ ਵਾਲੀ ਦੋਸਤ ਕਿਹੜੀ ਹੈ?
16. ਅਸੀਂ ਰੋਜ਼ਾਨਾ ਦੀ ਜ਼ਿੰਦਗੀ ਦੀ ਮੰਡੀ ਵਿੱਚ ਕਿਹੜੇ ਸਿੱਕੇ ਤੇ ਨੋਟ ਚਲਾਉਂਦੇ ਹਾਂ?
17. ਕਿਹੜੀ ਚੀਜ਼ ਨੂੰ ਲੇਖਕ ਕੋਈ ਵੱਡਾ ਤਜ਼ਰਬਾ ਨਹੀਂ ਮੰਨਦਾ?
18. ਲੇਖਕ ਅਨੁਸਾਰ ਜਵਾਨੀ ਤੇ ਬੁਢਾਪੇ ਨਾਲੋਂ ਕੀਮਤੀ ਸਮਾਂ ਕਿਹੜਾ ਹੈ?
19. ਲੇਖਕ ਅਨੁਸਾਰ ਕਿਹੜੀ ਚੀਜ਼ ਜਿੰਦਗੀ ਵਿੱਚ ਕਾਮਯਾਬੀ ਦੀ ਕੁੰਜੀ ਹੈ?
20. ਲੇਖਕ ਕਿਸ ਚੀਜ਼ ਦੀ ਭੁੱਖ ਪੈਦਾ ਕਰਨ ਲਈ ਕਹਿੰਦਾ ਹੈ?
21. ਲੇਖਕ ਅਨੁਸਾਰ ਕਿਹੜੀ ਚੀਜ਼ ਮਹਿੰਗੀ ਤੇ ਪਿਆਰੀ ਵਸਤੂ ਹੈ?

**(ਸ) ਪ੍ਰਾਰਥਨਾ**

1. ਪ੍ਰਾਰਥਨਾ ਨਿਬੰਧ ਦਾ ਲੇਖਕ ਕੌਣ ਹੈ?
2. ਬੰਦੇ ਲਈ ਕਿਹੜੀ ਚੀਜ਼ ਜਰੂਰੀ ਹੈ?
3. ਦੁਨੀਆਂ ਵਿੱਚ ਸਭ ਤੋਂ ਸਿਆਣਾ ਆਦਮੀ ਕੌਣ ਗਿਣਿਆ ਜਾਂਦਾ ਹੈ?
4. ਸੁਕਰਾਤ ਨੇ ਸ਼ਰਬਤ ਵਾਂਗ ਕੀ ਪੀਤਾ ਸੀ?
5. ਕਿਹੜੇ ਧਰਮ ਵਿੱਚ ਅਰਦਾਸ ਦੀ ਖ਼ਾਸ ਅਹਿਮੀਅਤ ਹੈ?
6. ਅਰਦਾਸ ਦੀ ਕਦੋਂ ਜ਼ਰੂਰਤ ਹੁੰਦੀ ਹੈ?
7. ਖ਼ਾਲਸਾ ਟ੍ਰੈਕਟ ਸੁਸਾਇਟੀ ਦਾ ਮੁੱਢ ਕਦੋਂ ਬੱਝਾ?
8. ਖ਼ਾਲਸਾ ਟ੍ਰੈਕਟ ਸੁਸਾਇਟੀ ਦੇ ਪਹਿਲੇ ਟ੍ਰੈਕਟ ਦਾ ਨਾਂ ਕੀ ਸੀ?
9. ਖ਼ਾਲਸਾ ਟ੍ਰੈਕਟ ਸੁਸਾਇਟੀ ਕਿਸ ਦੇ ਯਤਨ ਦਾ ਸਿੱਟਾ ਸੀ?
10. ਸਿੱਖਾਂ ਦੀ ਅਰਦਾਸ ਵਿੱਚ ਕਿਸ ਚੀਜ਼ ਦੀ ਮੰਗ ਹੁੰਦੀ ਹੈ?
11. ਸਿੱਖ ਲਈ ਚੜ੍ਹਦੀ ਕਲਾ ਦਾ ਸਾਧਨ ਕੀ ਹੈ?
12. ਮਹਾਰਾਜਾ ਰਣਜੀਤ ਸਿੰਘ ਮੁਸੀਬਤ ਵੇਲੇ ਕੀ ਕਰਦਾ ਸੀ?
13. ਸਰਦਾਰ ਨੂੰ ਕਿੱਥੇ ਕੈਦ ਕੀਤਾ ਗਿਆ?
14. ਧਾੜਵੀ ਦਾ ਸੁਭਾ ਕਿਹੋ ਜਿਹਾ ਸੀ?
15. ਇਕ ਦਿਨ ਧਾੜਵੀ ਨੂੰ ਅਚਾਨਕ ਕੀ ਮਿਲਿਆ?
16. ਧਾੜਵੀ ਕਿਸਨੂੰ ਬੁਲਾ ਕੇ ਸ਼ਬਦਾਂ ਦੇ ਅਰਥ ਸਮਝਦਾ ਸੀ?
17. ਮਹਾਰਾਜਾ ਰਣਜੀਤ ਸਿੰਘ ਨੂੰ ਨੀਂਦ ਕਿਸ ਤਰ੍ਹਾਂ ਆਈ?
18. 'ਪ੍ਰਾਰਥਨਾ' ਲੇਖ ਦੇ ਅੰਤ ਵਿੱਚ ਲੇਖਕ ਕੀ ਸੁਨੇਹਾ ਦਿੰਦਾ ਹੈ?

## (ਹ) ਬਾਬਾ ਰਾਮ ਸਿੰਘ ਕੂਕਾ

1. 'ਬਾਬਾ ਰਾਮ ਸਿੰਘ ਕੂਕਾ' ਲੇਖ ਕਿਸ ਦੀ ਰਚਨਾ ਹੈ?
2. ਸ. ਕਪੂਰ ਸਿੰਘ ਦਾ ਲਿਖਿਆ ਲੇਖ ਕਿਹੜਾ ਹੈ?
3. 'ਬਾਬਾ' ਸ਼ਬਦ ਕਿਹੜੀ ਬੋਲੀ ਦਾ ਸ਼ਬਦ ਹੈ?
4. ਪੰਜਾਬੀ ਵਿੱਚ ਮਹਾਂਪੁਰਖਾਂ ਜਾਂ ਉਮਰੋਂ ਵੱਡੇ ਬਜ਼ੁਰਗਾਂ ਲਈ ਕਿਹੜਾ ਸ਼ਬਦ ਵਰਤਿਆ ਜਾਂਦਾ ਹੈ?
5. 'ਬਾਬਾ ਰਾਮ ਸਿੰਘ ਕੂਕਾ' ਦਾ ਜਨਮ ਕਦੋਂ ਹੋਇਆ?
6. ਬਾਬਾ ਰਾਮ ਸਿੰਘ ਦਾ ਜਨਮ ਕਿੱਥੇ ਹੋਇਆ?
7. ਬਾਬਾ ਰਾਮ ਸਿੰਘ ਜੀ ਦੇ ਪਿਤਾ ਦਾ ਕੀ ਨਾਂ ਸੀ?
8. ਬਾਬਾ ਰਾਮ ਸਿੰਘ ਦੀ ਵੱਡੀ ਭੈਣ ਦੇ ਪਤੀ ਦਾ ਕੀ ਨਾਂ ਸੀ?
9. ਕਾਬਲ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿੱਚ ਕੀ ਸੀ?
10. ਬਾਬਾ ਰਾਮ ਸਿੰਘ ਦੀ ਪਤਨੀ ਦਾ ਕੀ ਨਾਂ ਸੀ?
11. ਬਾਬਾ ਰਾਮ ਸਿੰਘ ਦਾ ਹਜ਼ਰੋਂ ਵਿੱਚ ਕਿਸ ਮਹਾਂਪੁਰਖ ਨਾਲ ਮੇਲ ਹੋਇਆ?
12. ਬਾਬਾ ਰਾਮ ਸਿੰਘ ਸਿੱਖਾਂ ਤੇ ਅੰਗਰੇਜ਼ਾਂ ਦੀ ਕਿਹੜੀ ਲੜਾਈ ਵਿੱਚ ਲੜੇ?
13. ਬਾਬਾ ਰਾਮ ਸਿੰਘ ਨੇ ਕਿਹੜੀ ਧਾਰਮਿਕ ਜਥੇਬੰਦੀ ਦੀ ਨੀਂਹ ਰੱਖੀ?
14. ਜਗਿਆਸੂਆਂ-ਅਭਿਆਸੀਆਂ ਦੀ ਜਥੇਬੰਦੀ ਦੀ ਨੀਂਹ ਕਦੋਂ ਰੱਖੀ ਗਈ?
15. ਪੰਜਾਬ ਵਿੱਚ ਬਾਬਾ ਰਾਮ ਸਿੰਘ ਦੀ ਅਗਵਾਈ ਵਿੱਚ ਜਗਿਆਸੂਆਂ-ਅਭਿਆਸੀਆਂ ਦੀ ਜਥੇਬੰਦੀ ਕਿਹੜੇ ਨਾਂ ਨਾਲ ਪ੍ਰਸਿੱਧ ਹੋਈ?
16. ਬਾਬਾ ਰਾਮ ਸਿੰਘ ਨੇ ਆਪਣੇ ਪਿੰਡ ਵਿੱਚ ਆਪਣੇ ਨਿਰਬਾਹ ਲਈ ਕਿਸ ਚੀਜ਼ ਦੀ ਦੁਕਾਨ ਪਾਈ?
17. ਬਾਬਾ ਰਾਮ ਸਿੰਘ ਦੇ ਪੈਰੋਕਾਰ ਕੀ ਅਖਵਾਉਂਦੇ ਸਨ?
18. ਬਾਬਾ ਰਾਮ ਸਿੰਘ ਕਾਹਦੀਆਂ ਵਿਉਂਤਾਂ ਸੋਚਦੇ ਰਹਿੰਦੇ ਸਨ?
19. ਨਾਮਧਾਰੀਆਂ ਨੇ ਆਪਣੇ ਸੁਦੇਸ਼ੀ ਡਾਕ-ਪ੍ਰਬੰਧ ਨੂੰ ਕਦੋਂ ਮੁਕੰਮਲ ਕਰ ਲਿਆ ਸੀ?
20. ਅੰਗਰੇਜ਼ਾਂ ਨੇ ਬਾਬਾ ਰਾਮ ਸਿੰਘ ਨੂੰ ਦੇਸ਼ ਨਿਕਾਲਾ ਦੇ ਕੇ ਕਿੱਥੇ ਭੇਜ ਦਿੱਤਾ?
21. ਬਾਬਾ ਰਾਮ ਸਿੰਘ ਦਾ ਦੇਹਾਂਤ ਕਦੋਂ ਹੋਇਆ?

## (ਕ) ਮਹਾਂਕਵੀ ਕਾਲੀਦਾਸ

1. 'ਮਹਾਂਕਵੀ ਕਾਲੀ ਦਾਸ' ਲੇਖ ਕਿਸ ਦਾ ਲਿਖਿਆ ਹੋਇਆ ਹੈ?
2. 'ਪਿਆਰਾ ਸਿੰਘ ਪਦਮ' ਦਾ ਲਿਖਿਆ ਹੋਇਆ ਲੇਖ ਕਿਹੜਾ ਹੈ?
3. ਕਾਲੀਦਾਸ ਦੀ ਪ੍ਰੀਤਮਾ ਦਾ ਨਾਂ ਕੀ ਸੀ?
4. ਕਾਲੀਦਾਸ ਕਿਸ ਦੇ ਨੌ ਰਤਨਾਂ ਵਿੱਚੋਂ ਇੱਕ ਸੀ?
5. ਜੇਕਰ ਕਾਲੀਦਾਸ ਆਪਣੇ ਸਮੇਂ ਦਾ ਰਾਜਾ ਬ੍ਰਿਕਮਾਜੀਤ ਸੀ ਤਾਂ ਕਵਿਤਾ ਉਸਦੀ ਕੀ ਸੀ?

6. ਈਸਵੀ ਸੰਮਤ ਬਿਕ੍ਰਮੀ ਸੰਮਤ ਤੋਂ ਕਿੰਨੇ ਵਰ੍ਹੇ ਪਹਿਲਾਂ ਸ਼ੁਰੂ ਹੋਇਆ?
7. ਕਾਲੀਦਾਸ ਦੀਆਂ ਕਿੰਨੀਆਂ ਪੁਸਤਕਾਂ ਪ੍ਰਸਿੱਧ ਸਨ?
8. ਕਾਲੀਦਾਸ ਦੇ ਕਿੰਨੇ ਨਾਟਕ ਪ੍ਰਸਿੱਧ ਹਨ?
9. ਕਾਲੀਦਾਸ ਦੇ ਕਿੰਨੇ ਕਾਵਯ ਪ੍ਰਸਿੱਧ ਹਨ?
10. ਕਾਲੀਦਾਸ ਦੇ ਕਿਸੇ ਇੱਕ ਕਾਵਯ ਦਾ ਨਾਂ ਲਿਖੋ?
11. ਕਾਲੀਦਾਸ ਦੇ ਕਿਸੇ ਇੱਕ ਨਾਟਕ ਦਾ ਨਾਂ ਲਿਖੋ?
12. 'ਰਘੁਵੰਸ਼' ਮਹਾਂਕਾਵਯ ਦੀ ਕਥਾ ਕਿਸ ਉੱਤੇ ਆਧਾਰਿਤ ਹੈ?
13. 'ਕੁਮਾਰ ਸੰਭਵ' ਵਿੱਚ ਕਿੰਨਾਂ ਦੀ ਪ੍ਰੇਮ ਮਿਲਣੀ ਦਾ ਜ਼ਿਕਰ ਹੈ?
14. ਕਾਲੀਦਾਸ ਦੇ ਕਿਹੜੇ ਕਾਵਯ ਵਿੱਚ ਰੁੱਤਾਂ ਦਾ ਵਰਣਨ ਕੀਤਾ ਹੈ?
15. 'ਅਭਿਗਯਾਨ ਸ਼ਕੁੰਤਲਾ' ਦੇ ਨਾਇਕ-ਨਾਇਕਾ ਕੌਣ ਹਨ?
16. ਦੁਸ਼ਯੰਤ ਤੇ ਸ਼ਕੁੰਤਲਾ ਦੇ ਪੁੱਤਰ ਦਾ ਨਾਂ ਕੀ ਹੈ?
17. ਵਿਕ੍ਰਮੋਰਵਸ਼ੀ ਨਾਟਕ ਵਿੱਚ ਕਿਸਦੀ ਪ੍ਰੇਮ-ਕਹਾਣੀ ਅੰਕਿਤ ਹੈ?
18. ਕਾਲੀਦਾਸ ਦੇ ਨਾਟਕ ਸੁਖਾਂਤ ਹਨ ਜਾਂ ਦੁਖਾਂਤ?
19. ਪੂਰਬ ਦੇ ਲੋਕ ਕਵਿਤਾ ਦਾ ਸਭ ਤੋਂ ਉੱਚਾ ਮਿਆਰ ਦੱਸਣ ਲਈ ਕਿਸਦਾ ਨਾਂ ਵਰਤਦੇ ਹਨ?
20. ਕਵੀਆਂ ਦੀ ਗਿਣਤੀ ਕਰਨ ਲੱਗਿਆਂ ਸਭ ਤੋਂ ਪਹਿਲਾਂ ਚੀਚੀ ਉਂਗਲੀ ਉੱਤੇ ਕਿਸ ਦਾ ਨਾਂ ਆਉਂਦਾ ਹੈ?
21. ਪੱਛਮ ਵਾਲਿਆਂ ਨੇ ਕਾਲੀਦਾਸ ਨੂੰ ਕੀ ਕਿਹਾ ਹੈ?

**(ਖ) ਮੇਰੇ ਵੱਡੇ-ਵਡੇਰੇ**

1. 'ਮੇਰੇ ਵੱਡੇ ਵਡੇਰੇ' ਲੇਖ ਦਾ ਲੇਖਕ ਕੌਣ ਹੈ?
2. ਗਿਆਨੀ ਗੁਰਦਿੱਤ ਸਿੰਘ ਦਾ ਲਿਖਿਆ ਲੇਖ ਕਿਹੜਾ ਹੈ?
3. ਲੇਖਕ ਦਾ ਇਕਹਿਰਾ ਸਰੀਰ ਦੇਖਕੇ ਪਿੰਡ ਦੇ ਪੁਰਾਣੇ ਲੋਕ ਕੀ ਕਹਿੰਦੇ ਹਨ?
4. ਲੇਖਕ ਆਪਣੇ ਦਿਓ-ਦਾਨਿਆਂ ਵਰਗੇ ਪੁਰਖਿਆਂ ਦੇ ਸਾਹਮਣੇ ਆਪਣੇ-ਆਪ ਨੂੰ ਕੀ ਕਹਿੰਦਾ ਹੈ?
5. ਲੇਖਕ ਦੇ ਦਾਦੇ ਕਿੰਨੇ ਭਰਾ ਹਨ?
6. ਦਾਸ/ਪੁੰਨੂੰ/ਰਾਮਦਿੱਤਾ/ਸਾਹਿਬ ਸਿੰਘ ਲੇਖਕ ਦੇ ਕੀ ਲੱਗਦੇ ਹਨ?
7. ਲੇਖਕ ਦੇ ਦਾਦੇ ਵਿਆਹ ਉੱਤੇ ਕਿਸ ਪਿੰਡ ਗਏ?
8. ਲੇਖਕ ਦੇ ਦਾਦੇ ਕਿਹੜੇ ਵੇਲੇ ਛਾਪੇ ਪਿੰਡ ਪਹੁੰਚੇ?
9. ਬਾਬਿਆਂ ਨੇ ਕੀ ਚਟਮ ਕੀਤਾ?
10. ਪਹਿਲਵਾਨ ਨੇ ਚੌਧਰੀ ਤੋਂ ਕੀ ਮੰਗਿਆ ਸੀ?
11. ਚੌਧਰੀ ਚੜ੍ਹਤ ਸਿੰਘ ਪਿੰਡ ਦੀ ਲਾਜ ਬਚਾਉਣ ਲਈ ਕਿਸ ਕੋਲ ਗਿਆ ਸੀ?
12. ਪਹਿਲਵਾਨਾਂ ਦਾ ਪਿੰਡਾ ਕਿਸ ਤਰ੍ਹਾਂ ਲਿਸ਼ਕ ਰਿਹਾ ਸੀ?

13. ਬਾਬੇ ਪੁੰਨੂੰ ਦਾ ਪਿੰਡਾ ਕਿਹੋ ਜਿਹਾ ਸੀ?
14. ਬਾਬੇ ਦਾਸ ਨੇ ਕਿਸ ਦਾ ਸਿੰਗ ਤੋੜਿਆ ਸੀ?
15. ਲੇਖਕ ਦਾ ਦਾਦਾ ਕਿੰਨੀਆਂ ਮਿਰਚਾਂ ਚੁੱਕ ਲਿਆਇਆ ਸੀ?
16. ਬਾਬੇ ਦਾਸ ਨੇ ਕਾਹਦੀ ਲਟੈਣ ਚੁੱਕ ਕੇ ਘਰ ਲਿਆਂਦੀ?
17. ਬਾਬੇ ਦਾਸ ਦੁਆਰਾ ਚੁੱਕੀ ਲਟੈਣ ਨੂੰ ਮਗਰੋਂ ਕਿੰਨੇ ਗੱਭਰੂਆਂ ਨੇ ਚੁੱਕਿਆ?
18. ਬਾਬਿਆਂ ਦੀ ਭੈਣ ਕਿੱਥੇ ਵਿਆਹੀ ਹੋਈ ਸੀ?
19. ਬਾਬਿਆਂ ਦੀ ਭੈਣ ਦੇ ਪਹਿਲਵਾਨ ਮੁੰਡੇ ਦਾ ਕੀ ਨਾਂ ਸੀ?
20. ਲੇਖਕ ਨੂੰ ਆਪਣੇ ਵੱਡੇ-ਵਡੇਰੇ ਕਿਹੋ ਜਿਹੇ ਜਾਪਦੇ ਸਨ?

**(ਗ) ਤੁਰਨ ਦਾ ਹੁਨਰ**

1. 'ਤੁਰਨ ਦਾ ਹੁਨਰ' ਦਾ ਲੇਖਕ ਕੌਣ ਹੈ?
2. ਡਾ. ਨਰਿੰਦਰ ਸਿੰਘ ਦੇ ਲੇਖ ਦਾ ਨਾਂ ਲਿਖੋ?
3. ਲੇਖਕ ਅਨੁਸਾਰ ਕੌਣ ਲੰਮੇ ਪੈਂਡੇ ਉੱਤੇ ਤੁਰਨ ਦਾ ਸਾਹਸ ਦਿਖਾ ਸਕਦਾ ਹੈ?
4. ਜਿਹੜੇ ਠੀਕ ਨਹੀਂ ਤੁਰ ਸਕਦੇ, ਉਹ ਸਦਾ ਕਿਹੜੇ ਨਿਸ਼ਾਨਿਆਂ ਉੱਤੇ ਪਹੁੰਚਦੇ ਹਨ?
5. ਮਨੁੱਖ ਕਾਰ ਤੇ ਸਵਾਰ ਹੋ ਕੇ ਕਿਹੜੀ ਮੌਜ਼ ਤੋਂ ਵਾਂਝਿਆਂ ਹੋ ਗਿਆ ਹੈ?
6. ਹਲਕੇ-ਫੁਲਕੇ ਹੋਣ ਦਾ ਹੁਨਰ ਕਿਹੜਾ ਹੈ?
7. ਯਾਤਰੀ, ਜਗਿਆਸੂ ਤੇ ਅਭਿਲਾਸ਼ੀ ਦੇ ਅਰਥ ਕਿਸ ਵਿਅਕਤੀ ਨਾਲ ਜੁੜੇ ਹੋਏ ਹਨ?
8. ਤੁਰਦੇ ਰਹਿਣ ਵਾਲੇ ਵਿਅਕਤੀ ਦੇ ਪ੍ਰਤੀਕ ਕੌਣ ਹਨ?
9. ਕਾਰਾਂ, ਗੱਡੀਆਂ, ਬੱਸਾਂ ਮਨੁੱਖ ਦੀ ਮਜ਼ਬੂਰੀ ਕਿਉਂ ਬਣ ਗਈਆਂ ਹਨ?
10. ਅਜੋਕੇ ਮਨੁੱਖ ਦੀਆਂ ਸਰੀਰਕ ਸਮੱਸਿਆਵਾਂ ਕਿਉਂ ਵਧ ਗਈਆਂ ਹਨ?
11. ਭੁੱਖ ਨਾ ਲੱਗੇ ਤਾਂ ਕੀ ਕਰਨਾ ਚਾਹੀਦਾ ਹੈ?
12. ਅਮੀਰ ਘਰਾਂ ਵਿੱਚ ਕਿਨ੍ਹਾਂ ਦੀ ਸਿਹਤ ਠੀਕ ਹੁੰਦੀ ਹੈ?
13. ਅਮੀਰ ਘਰਾਂ ਵਿੱਚ ਨੌਕਰਾਂ ਦੀ ਸਿਹਤ ਕਿਉਂ ਠੀਕ ਹੁੰਦੀ ਹੈ?
14. ਸ੍ਵੈ-ਵਿਸ਼ਵਾਸ ਕਿਸ ਤਰ੍ਹਾਂ ਉਪਜਦਾ ਹੈ?
15. ਕਿਹੜੇ ਪਤੀ-ਪਤਨੀ ਦੁਨੀਆਂ ਦੀ ਹਰ ਮੁਸੀਬਤ ਦਾ ਖਿੜੇ-ਮੱਥੇ ਸਾਹਮਣਾ ਕਰਦੇ ਹਨ?
16. ਕਿਹੜੀ ਆਦਤ ਕਾਰਨ ਬਿਮਾਰੀ ਨਹੀਂ ਲੱਗਦੀ?
17. ਕਲਪਨਾ ਕਦੋਂ ਅਕਾਸ਼ਾਂ ਵਿੱਚ ਉੱਡਦੀ ਹੈ?
18. ਕਈ ਵਾਰ ਆਤਮਘਾਤ ਦੀ ਨੀਅਤ ਨਾਲ ਘਰੋਂ ਤੁਰਨ ਵਾਲਿਆਂ ਨਾਲ ਕੀ ਹੁੰਦਾ ਹੈ?
19. ਕਿਸ ਨਾਲ ਜੁੜਿਆ ਨਾਤਾ ਸਾਡੇ ਮਨ ਨੂੰ ਅਮੀਰ ਤੇ ਦਿਲ ਨੂੰ ਵਿਸ਼ਾਲ ਕਰਦਾ ਹੈ?
20. ਸਭ ਤੋਂ ਚੰਗੀ ਸੈਰ ਕਿੱਥੇ ਹੁੰਦੀ ਹੈ?
21. ਤੁਰਨ ਨਾਲ ਨਿਗੂਣੀਆਂ ਚੀਜ਼ਾਂ ਕਿਸ ਤਰ੍ਹਾਂ ਪ੍ਰਤੀਤ ਹੁੰਦੀਆਂ ਹਨ?

22. ਬਹੁਤ ਤੇਜ਼ ਤੁਰਨਾ ਕਾਹਦੀ ਨਿਸ਼ਾਨੀ ਹੈ?

23. ਜਿਹੜਾ ਤੁਰਕੇ ਮਿਲਣ ਆਉਂਦਾ ਹੈ, ਉਸਦਾ ਪਿਆਰ ਕਿਹੋ ਜਿਹਾ ਹੁੰਦਾ ਹੈ?

24. ਹਿਊਨਸਾਂਗ ਤੇ ਫਾਹਯਾਨ ਭਾਰਤ ਕਿਸ ਤਰ੍ਹਾਂ ਆਏ ਸਨ?

25. ਚਿਹਰੇ ਉੱਤੇ ਝੁਰੜੀਆਂ ਕਿਸ ਤਰ੍ਹਾਂ ਦੂਰ ਹੁੰਦੀਆਂ ਹਨ?

## ਕਲਾਸ – ਦਸਵੀਂ

## ਵਿਸ਼ਾ – ਪੰਜਾਬੀ

## ਇਕਾਂਗੀ ਭਾਗ

## 1. ਇਕਾਂਗੀ: ਬੰਬ ਕੇਸ

### ਵਸਤੂਨਿਸ਼ਠ/ਸੰਖੇਪਾਤਮਕ ਪ੍ਰਸ਼ਨ:

1. 'ਬੰਬ ਕੇਸ' ਇਕਾਂਗੀ ਦਾ ਲੇਖਕ ਕੌਣ ਹੈ?
2. ਬਲਵੰਤ ਗਾਰਗੀ ਦੇ ਲਿਖੇ ਇਕਾਂਗੀ ਦਾ ਨਾਂ ਲਿਖੋ?
3. 'ਬੰਬ ਕੇਸ' ਇਕਾਂਗੀ ਦੇ ਦੋ ਪਾਤਰਾਂ ਦੇ ਨਾਂ ਲਿਖੋ?
4. ਵਜ਼ੀਰਾ ਵੀਰਾਂ ਵਾਲੀ ਦਾ ਕੀ ਲਗਦਾ ਹੈ?
5. ਦੀਪੋ ਵੀਰਾਂ ਵਾਲੀ ਦੀ ਕੀ ਲਗਦੀ ਹੈ?
6. ਵਜ਼ੀਰੇ/ਦੀਪੋ ਦੀ ਮਾਂ ਕੌਣ ਹੈ?
7. ਦੀਪੋ ਵਜ਼ੀਰੇ ਦੀ ਕੀ ਲੱਗਦੀ ਹੈ?
8. ਥਾਣੇਦਾਰ ਤੇ ਸਿਪਾਹੀ ਕੀ ਕਰ ਰਹੇ ਸਨ?
9. ਸਿਪਾਹੀ ਥਾਣੇਦਾਰ ਨੂੰ ਵਜ਼ੀਰੇ ਦੇ ਕੀ ਬਣਾਉਣ ਬਾਰੇ ਦੱਸਦਾ ਹੈ?
10. ਸਿਪਾਹੀ ਅਨੁਸਾਰ ਵਜ਼ੀਰਾ ਕਿੱਥੇ ਰਹਿੰਦਾ ਸੀ?
11. ਥਾਣੇਦਾਰ ਅਨੁਸਾਰ ਉਹ ਮੁਲਾਜ਼ਮਾਂ ਨੂੰ ਕਿਹੋ ਜਿਹੀ ਮਾਰ ਮਾਰਦਾ ਸੀ?
12. ਥਾਣੇਦਾਰ ਅਨੁਸਾਰ ਮੁਲਾਜ਼ਮਾਂ ਨੂੰ ਕੁੱਟਣ ਵਿੱਚ ਕੌਣ ਅੱਵਲ ਸਨ?
13. ਥਾਣੇਦਾਰ ਮੁਲਾਜ਼ਮਾਂ ਦੀ ਨੰਗੀ ਪਿੱਠ ਉੱਤੇ ਕੀ ਮਾਰਦਾ ਸੀ?
14. ਸਿਪਾਹੀ ਅਨੁਸਾਰ ਵਜ਼ੀਰਾ ਕਿਹੋ ਜਿਹੇ ਸੁਭਾ ਵਾਲਾ ਸੀ?
15. ਵੀਰਾਂ ਵਾਲੀ ਦੇ ਰਹਿਣ ਦੀ ਥਾਂ ਕਿਹੋ ਜਿਹੀ ਹੈ?
16. ਦੀਪੋ ਕਿਸ ਦੀ ਭੱਠੀ ਤੋਂ ਦਾਣੇ ਭੁੰਨਾ ਕੇ ਲਿਆਈ ਸੀ?
17. ਦੀਪੋ ਦਾਨਿਆਂ ਵਿੱਚ ਕੀ ਮਿਲਾ ਕੇ ਮਰੁੰਡੇ ਬਣਾ ਰਹੀ ਸੀ?
18. ਰਫ਼ਿਊਜੀ (ਸ਼ਰਨਾਰਥੀ) ਕੌਣ ਸਨ?

19. ਮਾਨਾਂ ਕੌਣ ਸੀ?

20. ਮਾਨਾਂ ਦੇ ਪੁੱਤਰ ਦਾ ਨਾਂ ਕੀ ਹੈ?

21. ਵੀਰਾਂ ਵਾਲੀ ਦੇ ਕਿੰਨੇ ਪੁੱਤਰ ਹਨ?

22. ਵੀਰਾਂ ਵਾਲੀ ਦਾ ਪਰਿਵਾਰ ਕਿੱਥੋਂ ਉੱਜੜ ਕੇ ਆਇਆ ਸੀ?

23. ਥਾਣੇਦਾਰ ਵੀਰਾਂ ਵਾਲੀ ਦੇ ਕਿਹੜੇ ਪੁੱਤਰ ਦਾ ਨਾਂ ਡਾਇਰੀ ਵਿੱਚ ਨੋਟ ਕਰਦਾ ਹੈ?

24. ਵੀਰਾਂ ਵਾਲੀ ਦਾ ਜਿਹੜਾ ਪੁੱਤਰ ਸੁਹਰੀਂ ਗਿਆ ਸੀ, ਉਸਦਾ ਨਾਂ ਕੀ ਸੀ?

25. ਥਾਣੇਦਾਰ ਅਨੁਸਾਰ ਜਨਾਨਾ ਪੁਲਿਸ ਦੀ ਵਧੇਰੇ ਲੋੜ ਕਿੱਥੇ ਸੀ?

26. ਵੀਰਾਂਵਾਲੀ ਨੇ ਖੂਹ ਵਿੱਚੋਂ ਕੀ ਕੱਢਿਆ ਸੀ?

27. ਵਜ਼ੀਰੇ ਨੇ ਥਾਣੇਦਾਰ ਨੂੰ ਆਪਣੇ ਕਿੱਤੇ ਬਾਰੇ ਕੀ ਦੱਸਿਆ?

28. ਸਿਪਾਹੀ ਦਾ ਕੀ ਨਾਂ ਹੈ?

29. ਥਾਣੇਦਾਰ ਸਿਪਾਹੀ ਨੂੰ ਕਿਸਨੂੰ ਹੱਥਕੜੀਆਂ ਲਾਉਣ ਦਾ ਹੁਕਮ ਦਿੰਦਾ ਹੈ?

30. ਥਾਣੇਦਾਰ ਵਜ਼ੀਰੇ ਨੂੰ ਕਿਹੜੇ ਬੰਬ ਬਣਾਉਣ ਵਾਲਾ ਸਮਝਦਾ ਹੈ?

31. ਵੀਰਾਂਵਾਲੀ ਵਜ਼ੀਰੇ ਨੂੰ ਫਸਾਉਣ ਲਈ ਕਿਸਨੂੰ ਚੁਗਲੀ ਕਰਨ ਵਾਲਾ ਸਮਝਦੀ ਹੈ?

32. ਥਾਣੇਦਾਰ ਵੀਰਾਂ ਵਾਲੀ ਨੂੰ ਕਿਹੋ ਜਿਹੀ ਜਨਾਨੀ ਸਮਝਦਾਹੈ?

33. ਵੀਰਾਂ ਵਾਲੀ ਦੇ ਚਰਿੱਤਰ ਦਾ ਕੋਈ ਇੱਕ ਪੱਖ ਲਿਖੋ?

34. ਵਜ਼ੀਰੇ ਦੇ ਚਰਿੱਤਰ ਦਾ ਕੋਈ ਇੱਕ ਪੱਖ ਲਿਖੋ?

35. ਥਾਣੇਦਾਰ ਦੇ ਚਰਿੱਤਰ ਦਾ ਕੋਈ ਇੱਕ ਗੁਣ ਦੱਸੋ?

## 2. ਇਕਾਂਗੀ: ਨਾਇਕ

**ਵਸਤੂਨਿਸ਼ਠ/ਸੰਖੇਪਾਤਮਕ ਪ੍ਰਸ਼ਨ:**

1. 'ਨਾਇਕ' ਇਕਾਂਗੀ ਕਿਸਦੀ ਰਚਨਾ ਹੈ?
2. ਗੁਰਸ਼ਰਨ ਸਿੰਘ ਦਾ ਲਿਖਿਆ ਹੋਇਆ ਇਕਾਂਗੀ ਕਿਹੜਾ ਹੈ?
3. ਨਾਇਕ ਇਕਾਂਗੀ ਦੇ ਕਿੰਨੇ ਪਾਤਰ ਹਨ?
4. 'ਇੱਕ ਨੌਜਵਾਨ ਪੁੱਤਰ' ਕਿਸ ਇਕਾਂਗੀ ਦਾ ਪਾਤਰ ਹੈ?
5. ਨਾਇਕ ਇਕਾਂਗੀ ਵਿੱਚ ਪਿਤਾ ਕਿੰਨੇ ਰੂਪਾਂ ਵਿੱਚ ਪੇਸ਼ ਹੁੰਦਾ ਹੈ?
6. ਪਿਤਾ ਦਾ ਦੂਜਾ ਰੂਪ ਕਿਹੜਾ ਹੈ?
7. ਪਿਤਾ ਦਾ ਤੀਜਾ ਰੂਪ ਕਿਹੜਾ ਹੈ?
8. ਪਿਤਾ ਤੇ ਪੁੱਤਰ ਤੋਂ ਇਲਾਵਾ ਇਕਾਂਗੀ ਵਿੱਚ ਹੋਰ ਕਿਹੜਾ ਪਾਤਰ ਹੈ?
9. ਸੂਤਰਧਾਰ ਕਿਸ ਚੀਜ਼ ਦੀ ਮੰਗ ਕਰਦਾ ਹੈ?
10. ਪਿਤਾ ਅਨੁਸਾਰ ਉਨ੍ਹਾਂ ਦੇ ਸਮੇਂ ਵਿੱਚ ਦਸਵੀਂ ਪਾਸ ਦੀ ਲਿਆਕਤ ਅੱਜ ਦੇ ਕਿੰਨਾਂ ਪੜ੍ਹੇ ਦੇ ਬਰਾਬਰ ਹੈ?

11. ਪੁੱਤਰ ਕਿੱਥੋਂ ਆਇਆ ਸੀ?
12. ਕੀ ਪੁੱਤਰ ਸਿਫ਼ਾਰਿਸ਼ ਦੇ ਹੱਕ ਵਿੱਚ ਹੈ ਜਾਂ ਨਹੀਂ?
13. ਪੁੱਤਰ ਦੀ ਪੀੜ੍ਹੀ ਨੂੰ ਜਿਉਣ ਲਈ ਕੀ ਕਰਨਾ ਪੈਂਦਾ ਹੈ?
14. ਸੂਤਰਧਾਰ ਅਨੁਸਾਰ ਪਿਤਾ ਤੇ ਪੁੱਤਰ ਦਾ ਕੀ ਫ਼ਰਕ ਹੈ?
15. ਪੁੱਤਰ ਦਾ ਨਾਂ ਕੀ ਹੈ?
16. ਪੁੱਤਰ ਨੇ ਮੈਟ੍ਰਿਕ, ਬੀ.ਏ. ਤੇ ਐਮ.ਏ. ਕਿਹੜੀ ਡਿਵੀਜ਼ਨ ਵਿੱਚ ਪਾਸ ਕੀਤੀ ਹੈ?
17. ਪਿਤਾ, ਪੁੱਤਰ ਨੂੰ ਨੌਕਰੀ ਦੇਣ ਲਈ ਉਸਨੂੰ ਕਿਹੜੀ ਚੀਜ਼ ਜਰੂਰੀ ਦੱਸਦਾ ਹੈ?
18. ਪਿਤਾ ਜਾਂ ਪੁੱਤਰ ਵਿੱਚੋਂ ਕੌਣ ਦਸਤੂਰ ਨੂੰ ਤੋੜਨਾ ਨਹੀਂ ਚਾਹੁੰਦਾ?
19. ਪੁੱਤਰ ਅਨੁਸਾਰ ਪਿਤਾ ਉਸਦੀ ਪੀੜ੍ਹੀ ਨੇ ਕੀ ਬਰਦਾਸ਼ਤ ਕੀਤਾ ਹੈ?
20. ਪੁੱਤਰ ਅਨੁਸਾਰ ਕੌਣ ਕੁੱਝ ਟੁਕੜਿਆਂ ਬਦਲੇ ਆਪਣੀ ਜ਼ਮੀਰ ਵੇਚ ਰਿਹਾ ਸੀ?
21. ਸੂਤਰਧਾਰ ਅਨੁਸਾਰ ਕਿੱਥੇ ਝਗੜਾ ਮੁੱਕਦਾ ਨਹੀਂ?
22. ਜਦੋਂ ਪਿਤਾ ਜੱਜ ਦੀ ਕੁਰਸੀ ਉੱਤੇ ਬੈਠਾ ਹੈ, ਤਾਂ ਪੁੱਤਰ ਕਿੱਥੇ ਖੜ੍ਹਾ ਹੈ?
23. ਜੱਜ ਕਿਸ ਆਧਾਰ ’ਤੇ ਇਨਸਾਫ਼ ਕਰਦਾ ਹੈ?
24. ਪੁੱਤਰ ਕਿਸਨੂੰ ਤੌਹੀਨ ਤੋਂ ਬਚਾਉਣ ਦੀ ਗੱਲ ਕਰਦਾ ਹੈ?
25. ਪਿਤਾ (ਜੱਜ) ਪੱਗ ਲੱਥਣ ਨੂੰ ਕਿਸਦੇ ਬਰਾਬਰ ਜੁਰਮ ਦੱਸਦਾ ਹੈ?
26. ਪੁੱਤਰ ਅਨੁਸਾਰ ਦੇਸ਼ ਵਿੱਚ ਹੋ ਰਹੇ ਅਪਰਾਧਾਂ ਦਾ ਜ਼ਿੰਮੇਵਾਰ ਕੌਣ ਹੈ?
27. ਪੁੱਤਰ ਕਿਸ ਕਵੀ ਦੀ ਕਵਿਤਾ ਦਾ ਹਵਾਲਾ ਦਿੰਦਾ ਹੈ?
28. ਪਿਤਾ (ਜੱਜ) ਪੁੱਤਰ ਨੂੰ ਕਿਸ ਆਧਾਰ ’ਤੇ ਸਜ਼ਾ ਦਿੰਦਾ ਹੈ?
29. ਪਿਤਾ (ਜੱਜ) ਪੁੱਤਰ ਨੂੰ ਕਿੰਨੀ ਸਜ਼ਾ ਦਿੰਦਾ ਹੈ?
30. ਇਕਾਂਗੀ ਦੇ ਅੰਤ ਵਿੱਚ ਪਿਤਾ ਤੇ ਪੁੱਤਰ ਦੀ ਮੁਲਾਕਾਤ ਕਿੱਥੇ ਹੁੰਦੀ ਹੈ?
31. ਅੰਤ ਵਿੱਚ ਪਿਤਾ ਕਿਸ ਨਾਲ ਸੰਘਰਸ਼ ਵਿੱਚ ਸ਼ਾਮਿਲ ਹੋਣ ਦਾ ਫੈਸਲਾ ਕਰਦਾ ਹੈ?
32. ਪੁੱਤਰ ਦਾ ਕੋਈ ਇੱਕ ਪੱਖ ਲਿਖੋ?
33. ਪਿਤਾ ਦਾ ਕੋਈ ਇੱਕ ਪੱਖ ਲਿਖੋ?

## 3. ਇਕਾਂਗੀ: ਸਮੁੰਦਰੋਂ ਪਾਰ

**ਵਸਤੂਨਿਸ਼ਠ/ਸੰਖੇਪਾਤਮਕ ਪ੍ਰਸ਼ਨ:**

1. ‘ਸਮੁੰਦਰੋਂ ਪਾਰ’ ਇਕਾਂਗੀ ਦਾ ਲੇਖਕ ਕੌਣ ਹੈ?
2. ਵੰਨਗੀ ਪੁਸਤਕ ਵਿੱਚ ਕਪੂਰ ਸਿੰਘ ਘੁੰਮਣ ਦੀ ਇਕਾਂਗੀ ਦਾ ਨਾਂ ਲਿਖੋ?
3. ‘ਸਮੁੰਦਰੋਂ ਪਾਰ’ ਇਕਾਂਗੀ ਦੇ ਕਿਸੇ ਦੋ ਪਾਤਰਾਂ ਦੇ ਨਾਂ ਲਿਖੋ?
4. ‘ਸਮੁੰਦਰੋਂ ਪਾਰ’ ਇਕਾਂਗੀ ਦਾ ਮੁੱਖ ਪਾਤਰ ਕੌਣ ਹੈ?

5. ਹਰਦੇਵ ਬਾਜਵਾ ਕਿੱਥੇ ਰਹਿੰਦਾ ਸੀ?
6. ਹਰਦੇਵ ਬਾਜਵੇ ਦੀ ਪੰਜਾਬਣ ਪਤਨੀ ਦਾ ਨਾਂ ਕੀ ਸੀ?
7. ਹਰਦੇਵ ਬਾਜਵੇ ਦੀ ਅੰਗਰੇਜ਼ ਪਤਨੀ ਦਾ ਨਾਂ ਕੀ ਸੀ?
8. ਹਰਦੇਵ ਬਾਜਵੇ ਦੇ ਗੁਆਂਢੀ ਦੋਸਤ ਦਾ ਕੀ ਨਾਂ ਸੀ?
9. ਬਲਵੰਤ ਢਿਲੋਂ ਕਿਸ ਦਾ ਦੋਸਤ ਹੈ?
10. ਹਰਦੇਵ ਬਾਜਵੇ ਦੇ ਛੋਟੇ ਭਰਾ ਦਾ ਕੀ ਨਾਂ ਹੈ?
11. 'ਸਮੁੰਦਰੋਂ ਪਾਰ' ਇਕਾਂਗੀ ਦੀਆਂ ਘਟਨਾਵਾਂ ਕਿੱਥੇ ਵਾਪਰਦੀਆਂ ਹਨ?
12. 'ਸਮੁੰਦਰੋਂ ਪਾਰ' ਇਕਾਂਗੀ ਵਿੱਚ ਸਟੇਜ ਉੱਤੇ ਸਭ ਤੋਂ ਪਹਿਲਾ ਪਾਤਰ ਕਿਹੜਾ ਆਉਂਦਾ ਹੈ?
13. ਸ਼ਰਨਜੀਤ ਇੰਡੀਆ ਤੋਂ ਕਿੱਥੇ ਪਹੁੰਚੀ ਸੀ?
14. ਹਰਦੇਵ ਬਾਜਵਾ ਮੇਜ਼ ਦੀ ਦਰਾਜ਼ ਵਿੱਚੋਂ ਕੀ ਕੱਢ ਕੇ ਜੇਬ ਵਿੱਚ ਪਾਉਂਦਾ ਹੈ?
15. ਨੀਟੂ ਕਿਸਦਾ ਬੱਚਾ ਹੈ?
16. ਸੁਖਦੇਵ ਕਿਸ ਦੇ ਨਾਲ ਇੰਗਲੈਂਡ ਆਇਆ ਸੀ?
17. ਹਰਦੇਵ ਬਾਜਵੇ ਦੇ ਹੱਥੋਂ ਪਸਤੌਲ ਕੌਣ ਡੇਗਦਾ ਹੈ?
18. ਨੀਟੂ ਦੀ ਉਮਰ ਕਿੰਨੀ ਹੈ?
19. ਸੁਖਦੇਵ ਬਾਜਵਾ ਕਿਸਦਾ ਨਿਰਾਦਰ ਨਹੀਂ ਹੋਣ ਦੇਣਾ ਚਾਹੁੰਦਾ?
20. ਹਰਦੇਵ ਮੈਟਰੋ ਵਿੱਚ ਕਿਸ ਦੀ ਉਡੀਕ ਕਰ ਰਿਹਾ ਸੀ?
21. ਹਰਦੇਵ ਅਨੁਸਾਰ ਸਮੁੰਦਰੋਂ ਪਾਰ ਉਸਨੂੰ ਕਿਸਨੇ ਜ਼ਿੰਦਗੀ ਦਿੱਤੀ ਸੀ?
22. 'ਸਮੁੰਦਰੋਂ ਪਾਰ' ਇਕਾਂਗੀ ਦੇ ਅੰਤ ਵਿੱਚ ਗੋਲੀ ਕਿਸਦੇ ਲੱਗਦੀ ਹੈ?
23. 'ਸਮੁੰਦਰੋਂ ਪਾਰ' ਇਕਾਂਗੀ ਵਿੱਚ ਕਿਹੜਾ ਪਾਤਰ ਘਟੀਆ ਆਚਰਨ ਦਾ ਮਾਲਕ ਹੈ?

## 4. ਇਕਾਂਗੀ: ਜ਼ਫ਼ਰਨਾਮਾ

**ਵਸਤੂਨਿਸ਼ਠ/ਸੰਖੇਪਾਤਮਕ ਪ੍ਰਸ਼ਨ:**

1. 'ਜ਼ਫ਼ਰਨਾਮਾ' ਇਕਾਂਗੀ ਦਾ ਲੇਖਕ ਕੌਣ ਹੈ?
2. ਡਾ. ਹਰਚਰਨ ਸਿੰਘ ਦਾ ਲਿਖਿਆ ਹੋਇਆ ਇਕਾਂਗੀ ਕਿਹੜਾ ਹੈ?
3. 'ਜ਼ਫ਼ਰਨਾਮਾ' ਇਕਾਂਗੀ ਦੇ ਕਿੰਨੇ ਪਾਤਰ ਹਨ?
4. 'ਜ਼ਫ਼ਰਨਾਮਾ' ਇਕਾਂਗੀ ਦੇ ਮੁੱਖੀ ਪਾਤਰ ਦਾ ਨਾਂ ਲਿਖੋ?
5. 'ਜ਼ਫ਼ਰਨਾਮਾ' ਇਕਾਂਗੀ ਦੀ ਘਟਨਾ ਕਦੋਂ ਵਾਪਰਦੀ ਹੈ?
6. 'ਜ਼ਫ਼ਰਨਾਮਾ' ਇਕਾਂਗੀ ਦਾ ਸਥਾਨ ਕਿਹੜਾ ਹੈ?
7. 'ਜ਼ਫ਼ਰਨਾਮਾ' ਇਕਾਂਗੀ ਦੀ ਘਟਨਾ ਕਿਹੜੇ ਵਕਤ ਵਾਪਰਦੀ ਹੈ?
8. ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਕਿਸਨੇ ਲਿਖਿਆ?

9. ਔਰੰਗਜ਼ੇਬ ਨੂੰ ਹਰ ਗੱਲ ਕਿਸਦੀ ਮਰਜ਼ੀ ਦੇ ਖਿਲਾਫ ਹੋ ਰਹੀ ਜਾਪਦੀ ਹੈ?
10. ਅਵਾਜ਼ ਮੁਗ਼ਲ ਤਖ਼ਤੋ-ਤਾਜ ਲਈ ਕਿਸਦੇ (ਪੁੱਤਰ) ਵਿਚਕਾਰ ਜੰਗ ਸ਼ੁਰੂ ਹੋਈ ਦੱਸਦੀ ਹੈ?
11. ਕਿਸ ਨੇ ਤਖ਼ਤ ਕਾਬੂ ਕਰਨ ਲਈ ਆਪਣੇ ਬਾਪ ਸ਼ਾਹ ਜਹਾਨ ਦੀ ਮੌਤ ਦਾ ਇੰਤਜ਼ਾਰ ਨਹੀਂ ਸੀ ਕੀਤਾ?
12. ਜੀਨਤ-ਉਨ-ਨਿਸਾ ਔਰੰਗਜ਼ੇਬ ਦੀ ਕੀ ਲਗਦੀ ਸੀ?
13. ਔਰੰਗਜ਼ੇਬ ਨੂੰ ਪਲ ਭਰ ਨੀਂਦ ਕਿਉਂ ਨਹੀਂ ਸੀ ਆਈ?
14. ਔਰੰਗਜ਼ੇਬ ਦੀ ਬੇਗ਼ਮ ਦਾ ਨਾਂ ਕੀ ਸੀ?
15. ਸ਼ਹਿਜ਼ਾਦਾ ਕਾਮ ਬਖਸ਼ ਦੀ ਮਾਂ ਕੌਣ ਸੀ?
16. ਔਰੰਗਜ਼ੇਬ ਦਾ ਦਿਲੀ ਦੋਸਤ ਕੌਣ ਸੀ?
17. ਗੁਰੂ ਗੋਬਿੰਦ ਸਿੰਘ ਜੀ ਦਾ ਖ਼ਤ (ਜ਼ਫ਼ਰਨਾਮਾ) ਲੈ ਕੇ ਔਰੰਗਜ਼ੇਬ ਕੋਲ ਕੌਣ ਪਹੁੰਚਿਆ ਸੀ?
18. ਗੁਰੂ ਤੇਗ ਬਹਾਦਰ ਜੀ ਦੇ ਕਤਲ ਦਾ ਹੁਕਮ ਕਿਸਨੇ ਦਿੱਤਾ ਸੀ?
19. ਗੁਰੂ ਜੀ ਨੇ ਔਰੰਗਜ਼ੇਬ ਨੂੰ ਕਿੱਥੇ ਮਿਲਣ ਲਈ ਪੈਗਾਮ ਭੇਜਿਆ ਸੀ?
20. ਜੀਨਤ-ਉਨ-ਨਿਸਾ ਤੋਂ ਇਲਾਵਾ ਹੋਰ ਕੌਣ ਗੁਰੂ ਜੀ ਦੇ ਹੱਕ ਵਿੱਚ ਬੋਲਦਾ ਸੀ?
21. ਬਾਬਰ ਨੇ ਕਿਸ ਅੱਗੇ ਸਿਰ ਝੁਕਾਇਆ ਸੀ?
22. ਇਕਾਂਗੀ ਦੇ ਅੰਤ ਵਿੱਚ ਔਰੰਗਜ਼ੇਬ ਆਪਣੇ ਆਪ ਬਾਰੇ ਕੀ ਮਹਿਸੂਸ ਕਰਦਾ ਹੈ?

## 5. ਇਕਾਂਗੀ: ਦੂਜਾ ਵਿਆਹ

**ਵਸਤੂਨਿਸ਼ਠ/ਸੰਖੇਪਾਤਮਕ ਪ੍ਰਸ਼ਨ:**

1. 'ਦੂਜਾ ਵਿਆਹ' ਇਕਾਂਗੀ ਦਾ ਲੇਖਕ ਕੌਣ ਹੈ?
2. 'ਦੂਜਾ ਵਿਆਹ' ਇਕਾਂਗੀ ਦੇ ਕਿੰਨੇ ਪਾਤਰ ਹਨ?
3. ਨਿਹਾਲ ਕੌਰ ਮਨਜੀਤ ਦੀ ਕੀ ਲੱਗਦੀ ਹੈ?
4. ਮਨਜੀਤ ਨਿਹਾਲ ਕੌਰ ਦੀ ਕੀ ਲੱਗਦੀ ਹੈ?
5. ਨਿਹਾਲ ਕੌਰ ਦੇ ਪਤੀ ਦਾ ਨਾਂ ਕੀ ਹੈ?
6. ਸੁਖਦੇਵ ਸਿੰਘ/ਸੁਖਦੇਵ ਕੌਰ ਦੀ ਮਾਂ ਦਾ ਨਾਂ ਕੀ ਹੈ?
7. 'ਦੂਜਾ ਵਿਆਹ' ਇਕਾਂਗੀ ਦੀਆਂ ਘਟਨਾਵਾਂ ਕਿੱਥੇ ਵਾਪਰਦੀਆਂ ਹਨ?
8. 'ਦੂਜਾ ਵਿਆਹ' ਇਕਾਂਗੀ ਦਾ ਵਿਸ਼ਾ ਕਿਹੋ ਜਿਹਾ ਹੈ?
9. 'ਦੂਜਾ ਵਿਆਹ' ਇਕਾਂਗੀ ਦੀ ਸ਼ੁਰੂਆਤ ਕਿਸ ਵੇਲੇ ਹੁੰਦੀ ਹੈ?
10. ਮਨਜੀਤ ਨੂੰ ਘੜੀ ਕੌਣ ਦੇ ਕੇ ਗਿਆ ਸੀ?
11. ਨਿਹਾਲ ਕੌਰ ਸਾਰੇ ਕੰਮ ਕਿਸ ਤਰ੍ਹਾਂ ਕਰਦੀ ਹੈ?
12. ਨਿਹਾਲ ਕੌਰ ਅਨੁਸਾਰ ਉਸਦੇ ਪਤੀ ਦਾ ਸੁਭਾਅ ਕਿਹੋ ਜਿਹਾ ਹੈ?

13. ਨਿਹਾਲ ਕੌਰ ਦਾ ਮਨਜੀਤ ਪ੍ਰਤੀ ਰਵੱਈਆ ਕਿਹੋ ਜਿਹਾ ਹੈ?
14. ਮਨਜੀਤ, ਨਿਹਾਲ ਕੌਰ ਨੂੰ ਕਿਸ ਨੂੰ ਬੁਰਾ ਭਲਾ ਕਹਿਣ ਤੋਂ ਰੋਕਦੀ ਹੈ?
15. ਨਿਹਾਲ ਕੌਰ ਅਨੁਸਾਰ ਮਨਜੀਤ ਨੂੰ 'ਪੁੱਠੀਆਂ ਮੱਤਾਂ' ਕੌਣ ਦਿੰਦਾ ਹੈ?
16. ਨਿਹਾਲ ਕੌਰ ਕੀ ਚਾਹੁੰਦੀ ਸੀ?
17. ਮਨਜੀਤ ਨਿਹਾਲ ਕੌਰ ਨੂੰ ਕਿਸਦੀ ਧੀ ਵਿਆਹੁਣ ਦੀ ਸਲਾਹ ਦਿੰਦੀ ਹੈ?
18. ਸੁਖਰਾਜ ਕੌਣ ਸੀ?
19. ਮਨਜੀਤ ਕੌਰ ਆਉਣ ਵਾਲੇ ਪ੍ਰਾਹੁਣੇ ਲਈ ਕੀ ਬਣਾਉਂਦੀ ਹੈ?
20. ਨਿਹਾਲ ਕੌਰ ਸਭਾ ਵਿੱਚ ਕੰਮ ਕਰਨ ਵਾਲੀਆਂ ਇਸਤਰੀਆਂ ਲਈ ਕਿਹੜੇ ਸ਼ਬਦ ਦੀ ਵਰਤੋਂ ਕਰਦੀ ਹੈ?
21. ਨਿਹਾਲ ਕੌਰ ਅਨੁਸਾਰ ਮਨਜੀਤ ਨੂੰ ਉਸਦੇ ਸਹੁਰੇ ਨੇ ਕਿਸ ਤਰ੍ਹਾਂ ਮਸਤਾ ਦਿੱਤਾ ਸੀ?
22. ਨਿਹਾਲ ਕੌਰ ਦੇ ਅਨੁਸਾਰ ਸੁਖਦੇਵ ਨੇ ਕਿਸ ਦਿਨ ਆਉਣਾ ਸੀ?
23. ਸੁਖਦੇਵ ਤੇ ਮਨਜੀਤ ਦਾ ਵਿਆਹ ਹੋਇਆਂ ਨੂੰ ਕਿੰਨਾ ਚਿਰ ਹੋ ਗਿਆ ਸੀ?
24. ਨਿਹਾਲ ਕੌਰ ਹਵੇਲੀ ਵਿੱਚ ਕੀ ਕਰਨ ਜਾਂਦੀ ਹੈ?
25. ਨਿਹਾਲ ਕੌਰ ਮਨਜੀਤ ਨੂੰ ਆਪਣੀ ਨੂੰਹ ਨੂੰ ਕਾਬੂ ਵਿੱਚ ਰੱਖਣ ਲਈ ਕੀ ਡਰਾਵਾ ਦਿੰਦੀ ਸੀ?
26. ਸੁਖਦੇਵ ਕੌਰ ਦੇ ਕਿੰਨੇ ਬੱਚੇ ਸਨ?
27. ਸੁਖਦੇਵ ਕੌਰ ਦੀ ਚਿੱਠੀ ਅਨੁਸਾਰ ਉਸ ਦੁਆਰਾ ਮੁੰਡੇ ਨੂੰ ਜਨਮ ਨਾ ਦੇਣ ਕਰਕੇ ਉਸਦਾ ਪਤੀ ਬਲਵੰਤ ਕੀ ਕਰਨਾ ਚਾਹੁੰਦਾ ਹੈ?
28. ਸੁਖਦੇਵ ਕੌਰ ਕਿੰਨਾਂ ਦੇ ਘਰ ਵਿਆਹੀ ਹੋਈ ਸੀ?
29. ਸੁਖਦੇਵ ਕੌਰ ਦੀ ਵੱਡੀ ਧੀ ਗੋਗੀ ਦੀ ਉਮਰ ਕਿੰਨੀ ਸੀ?
30. ਸੁਖਦੇਵ ਕੌਰ ਦੀ ਨਿੱਕੀ ਧੀ ਦੀ ਕਿੰਨੀ ਉਮਰ ਸੀ?

## ਕਲਾਸ- ਦਸਵੀਂ

## ਵਿਸ਼ਾ- ਪੰਜਾਬੀ

## ਕਹਾਣੀ ਭਾਗ

### ਵਸਤੂਨਿਸ਼ਠ ਪ੍ਰਸ਼ਨ:-

### (ੳ) ਕੁਲਫ਼ੀ

1. 'ਕੁਲਫ਼ੀ' ਕਹਾਣੀ ਦਾ ਲੇਖਕ ਕੌਣ ਹੈ?
2. ਪ੍ਰਿੰ: ਸੁਜਾਨ ਸਿੰਘ ਦੀ ਕਹਾਣੀ ਦਾ ਨਾਂ ਲਿਖੋ?
3. 'ਕੁਲਫ਼ੀ' ਕਹਾਣੀ ਦੀ ਘਟਨਾ ਕਿਹੜੇ ਮਹੀਨੇ ਵਿੱਚ ਵਾਪਰਦੀ ਹੈ?
4. ਲੇਖਕ ਦੀ ਆਰਥਿਕ ਹਾਲਤ ਕਿਹੋ ਜਿਹੀ ਹੈ?

5. 'ਕੁਲਫ਼ੀ' ਕਹਾਣੀ ਦੇ ਆਰੰਭ ਦੀ ਘਟਨਾ ਦਿਨ ਦੇ ਕਿਹੜੇ ਸਮੇਂ ਵਿੱਚ ਵਾਪਰਦੀ ਹੈ?
6. 'ਕੁਲਫ਼ੀ' ਕਹਾਣੀ ਦੇ ਆਰੰਭ ਵਿੱਚ ਸਭ ਤੋਂ ਪਹਿਲਾਂ ਬਾਹਰੋਂ ਕੀ ਵਿਕਣ ਦੀ ਅਵਾਜ਼ ਆਈ?
7. ਲੇਖਕ ਕਿਸ ਚੀਜ਼ ਦੀ ਤੰਗੀ ਨੂੰ ਹਵਾਲਾਤ ਦੀ ਤੰਗੀ ਤੋਂ ਵੀ ਵੱਧ ਭੈੜੀ ਕਹਿੰਦਾ ਹੈ?
8. ਕਾਕੇ ਨੇ ਲੇਖਕ ਨੂੰ ਜਗਾ ਕੇ ਕੀ ਮੰਗਿਆ?
9. 'ਕੁਲਫ਼ੀ' ਕਹਾਣੀ ਦੀ ਪਹਿਲੀ ਘਟਨਾ ਜੂਨ ਮਹੀਨੇ ਦੀ ਕਿਸ ਤਾਰੀਖ ਨੂੰ ਵਾਪਰਦੀ ਹੈ?
10. ਕੁਲਫ਼ੀ ਵੇਚਣ ਵਾਲੇ ਤੋਂ ਮਗਰੋਂ ਕਿਹੜੀ ਚੀਜ਼ ਵਿਕਣ ਲਈ ਆਈ?
11. ਪਹਿਲੀ ਜੰਗ ਤੋਂ ਮਗਰੋਂ ਕਿੰਨੇ ਦੇ ਛੋਲੇ ਲਏ ਮੁੱਕਦੇ ਨਹੀਂ ਸਨ?
12. ਲੇਖਕ ਕਿਸਦੀ ਦੁਕਾਨ ਤੋਂ ਛੋਲੇ ਲੈਂਦਾ ਸੀ?
13. ਲੇਖਕ ਦੀ ਆਮਦਨ ਆਪਣੇ ਪਿਤਾ ਦੇ ਮੁਕਾਬਲੇ ਕਿੰਨੀ ਸੀ?
14. ਲੇਖਕ ਅਤੇ ਉਸਦੇ ਬਾਪ ਵਿੱਚੋਂ ਕੌਣ ਵਧੇਰੇ ਪੜ੍ਹਿਆ ਸੀ?
15. ਲੇਖਕ ਕਹਾਣੀਕਾਰ ਨੇ ਕਾਕੇ ਨੂੰ ਮੁਰਮੁਰੇ ਖਾਣ ਲਈ ਕਿਹੜੀ ਬਿਮਾਰੀ ਲੱਗਣ ਦਾ ਡਰ ਦਿੱਤਾ?
16. ਲੇਖਕ ਨੇ ਕਾਕੇ ਨੂੰ ਕਦੋਂ ਤੇ ਕਿੱਥੋਂ ਕੁਲਫ਼ੀ ਖੁਆਉਣ ਦਾ ਲਾਰਾ ਲਾਇਆ?
17. ਲੇਖਕ ਆਪਣੇ ਮਾਲਕ ਨੂੰ ਤਨਖਾਹ ਵਧਾਉਣ ਲਈ ਕਿਸ ਡਰ ਕਰਕੇ ਨਹੀਂ ਸੀ ਕਹਿ ਸਕਦਾ?
18. ਕਾਕਾ ਅਸਮਾਨ ਦੇ ਤਾਰਿਆਂ ਨੂੰ ਕੀ ਸਮਝਦਾ ਸੀ?
19. ਲੇਖਕ ਨੇ ਆਪਣੇ ਕਿਸੇ ਸਾਥੀ ਤੋਂ ਕਿੰਨੇ ਰੁਪਏ ਲਏ?
20. ਅਗਲੇ ਦਿਨ ਸੁੱਤਾ ਪਿਆ ਕਾਕਾ ਬੁੜਬੁੜਾਉਂਦਾ ਹੋਇਆ ਕੀ ਮੰਗ ਰਿਹਾ ਸੀ?
21. ਕਾਕਾ ਕੁਲਫ਼ੀ ਖੋਹਣ ਲਈ ਕਿਨ੍ਹਾਂ ਦੇ ਮੁੰਡੇ ਨੂੰ ਧੁੱਸ ਦੇ ਕੇ ਪੈ ਗਿਆ?
22. ਗਲੀ ਦਾ 'ਬੁਲੀ' ਕੌਣ ਸੀ?
23. ਕਾਕੇ ਦੇ ਧੱਕੇ ਨਾਲ ਸ਼ਾਹਾਂ ਦਾ ਮੁੰਡਾ ਕਿੱਥੇ ਡਿੱਗਿਆ?
24. ਸ਼ਾਹਾਂ ਦੇ ਮੁੰਡੇ ਦੇ ਘਰੋਂ ਲੇਖਕ ਦੇ ਘਰ ਕੌਣ ਉਲ੍ਹਾਮਾ ਦੇਣ ਆਇਆ?
25. ਕਹਾਣੀ ਦੇ ਅੰਤ ਵਿੱਚ ਲੇਖਕ ਨੂੰ ਆਪਣੇ ਮੁਕਾਬਲੇ ਕਾਕਾ ਕਿਹੋ ਜਿਹਾ ਪ੍ਰਤੀਤ ਹੋਇਆ?

## (ਅ) ਮੜ੍ਹੀਆਂ ਤੋਂ ਦੂਰ

1. 'ਮੜ੍ਹੀਆਂ ਤੋਂ ਦੂਰ' ਕਹਾਣੀ ਦਾ ਲੇਖਕ ਕੌਣ ਹੈ?
2. 'ਰਘੁਬੀਰ ਢੰਡ' ਦੀ ਲਿਖੀ ਹੋਈ ਕਹਾਣੀ ਕਿਹੜੀ ਹੈ?
3. 'ਮੜ੍ਹੀਆਂ ਤੋਂ ਦੂਰ' ਕਹਾਣੀ ਦੇ ਕਿੰਨੇ ਪਾਤਰ ਹਨ?
4. ਬਲਵੰਤ ਰਾਏ ਨੂੰ ਇੰਗਲੈਂਡ ਵਿੱਚ ਰਹਿੰਦਿਆਂ ਕਿੰਨੇ ਸਾਲ ਹੋ ਗਏ ਸਨ?
5. ਕਹਾਣੀਕਾਰ ਨੂੰ ਕਿਸ ਦਾ ਟੈਲੀਫ਼ੋਨ ਆਇਆ ਸੀ?
6. ਕਿਸ ਥਾਂ ਇਸ ਤੋਂ ਵੱਡੀ ਫ਼ਿਕਰ ਵਾਲੀ ਗੱਲ ਨਹੀਂ ਹੋ ਸਕਦੀ ਕਿ ਕੋਈ ਬੰਦਾ ਉਦਾਸ ਹੋਵੇ?
7. ਮਾਸੀ ਕਿਹੜੇ ਦੇਸ਼ ਵਿੱਚ ਗਈ ਸੀ?

8. ਮਾਸੀ ਦੇ ਕਿੰਨੇ ਪੁੱਤਰ ਸਨ?
9. ਬਲਵੰਤ ਰਾਏ ਦੀ ਪਤਨੀ ਦਾ ਕੀ ਨਾਂ ਸੀ?
10. ਬਲਵੰਤ ਰਾਏ ਦੇ ਤਿੰਨੋ ਬੱਚਿਆਂ ਦਾ ਜਨਮ ਕਿੱਥੇ ਹੋਇਆ?
11. ਮਾਸੀ ਦੇ ਵਾਲ, ਅੱਖਾਂ ਦੇ ਦੰਦ ਕਿਹੋ ਜਿਹੇ ਸਨ?
12. ਮਾਸੀ ਦਾ ਕੱਦ ਕਿੰਨਾ ਸੀ?
13. ਮਾਸੀ ਪਾਕਿਸਤਾਨੋਂ ਕਿਸ ਥਾਂ ਤੋਂ ਆਈ ਹੋਈ ਸੀ?
14. ਮਾਸੀ ਨੇ ਕਹਾਣੀਕਾਰ ਦੀ ਪਤਨੀ ਨੂੰ ਆਪਣਾ ਕੀ ਬਣਾ ਲਿਆ ਸੀ?
15. ਕਹਾਣੀਕਾਰ ਤੇ ਉਸਦੀ ਪਤਨੀ ਮਾਸੀ ਨੂੰ ਕਿਸ ਦਿਨ ਗੁਰਦੁਆਰੇ ਤੇ ਮੰਦਰ ਲੈ ਕੇ ਗਏ?
16. ਮਾਸੀ ਗੁਰਦੁਆਰੇ ਦੇ ਲੰਗਰ ਵਿੱਚ ਕੀ ਕਰਨ ਗਈ?
17. ਮਾਸੀ ਨੇ ਮੰਦਰ ਵਿੱਚ ਜਾ ਕੇ ਕੀ ਕੀਤਾ?
18. ਮਾਸੀ ਸ਼ੁਰੂ-ਸ਼ੁਰੂ ਵਿੱਚ ਇੰਗਲੈਂਡ ਦੇ ਜੀਵਨ ਨੂੰ ਕਿਹੋ ਜਿਹਾ ਸਮਝਦੀ ਸੀ?
19. ਕਹਾਣੀਕਾਰ ਤੇ ਉਸਦੀ ਪਤਨੀ ਮੱਖਣ ਦੀ ਥਾਂ ਕੀ ਖਾਂਦੇ ਸਨ?
20. ਇੰਡੀਆ ਵਿੱਚ ਵੀ ਇੰਗਲੈਂਡ ਵਾਂਗ ਗੁਆਂਢੀਆਂ ਦੀ ਸਾਂਝ ਨਾ ਹੋਣ ਬਾਰੇ ਦੱਸਦੀ ਹੋਈ ਮਾਸੀ ਕਿਹੜੇ ਸ਼ਹਿਰ ਦਾ ਹਵਾਲਾ ਦਿੰਦੀ ਹੈ?
21. ਕਹਾਣੀਕਾਰ ਤੇ ਉਸਦੀ ਪਤਨੀ ਦੁੱਧ ਕਿਹੋ ਜਿਹਾ ਪੀਂਦੇ ਹਨ?
22. ਮਾਸੀ ਅਨੁਸਾਰ ਕੌਣ-ਕੌਣ ਬਲਵੰਤ ਰਾਏ ਦੇ ਕਹਿਣੇ ਤੋਂ ਬਾਹਰ ਸਨ?
23. ਮਾਸੀ ਨੂੰ ਕਿਸ ਕੁੜੀ ਦੇ ਲੱਛਣ ਚੰਗੇ ਨਹੀਂ ਸਨ ਲੱਗਦੇ?
24. ਬੱਚਿਆਂ ਦੇ ਮਾਸ-ਮੱਛੀ ਖਾਣ ਕਾਰਨ ਮਾਸੀ ਕੀ ਅਨੁਭਵ ਕਰਦੀ ਹੈ?
25. ਮਾਸੀ ਇੰਡੀਆ ਵਿੱਚ ਘਰ ਜਾਣ ਤੋਂ ਪਹਿਲਾਂ ਕਿੱਥੇ ਨਹਾਉਣਾ ਚਾਹੁੰਦੀ ਹੈ?
26. ਕਹਾਣੀ ਦੇ ਅੰਤ ਵਿੱਚ ਮਾਸੀ ਇੰਗਲੈਂਡ ਦੇ ਜੀਵਨ ਨੂੰ ਕਿਹੋ ਜਿਹਾ ਸਮਝਣ ਲੱਗੀ?
27. ਬਲਵੰਤ ਰਾਏ ਦਾ ਕਿਹੜਾ ਬੱਚਾ ਮਾਸੀ ਨਾਲ ਜ਼ਰਾ ਪਿਆਰ ਨਾਲ ਪੇਸ਼ ਆਉਂਦਾ ਸੀ?
28. 'ਮੜੀਆਂ ਤੋਂ ਦੂਰ' ਕਹਾਣੀ ਦੇ ਅੰਤ ਵਿੱਚ ਕਿਹੜਾ ਪਾਤਰ ਜ਼ਾਰ-ਜ਼ਾਰ ਰੋਂਦਾ ਹੈ?

## (ੲ) ਅੰਗ-ਸੰਗ

1. 'ਅੰਗ-ਸੰਗ' ਕਹਾਣੀ ਦਾ ਲੇਖਕ ਕੌਣ ਹੈ?
2. ਵਰਿਆਮ ਸਿੰਘ ਸੰਧੂ ਦੀ ਲਿਖੀ ਹੋਈ ਕਹਾਣੀ ਕਿਹੜੀ ਹੈ?
3. 'ਅੰਗ-ਸੰਗ' ਕਹਾਣੀ ਦੇ ਮੁੱਖ ਪਾਤਰ ਦਾ ਨਾਂ ਲਿਖੋ?
4. ਕਰਤਾਰ ਸਿੰਘ ਦੇ ਕੁੱਲ ਕਿੰਨੇ ਬੱਚੇ ਹਨ?
5. 'ਅੰਗ-ਸੰਗ' ਕਹਾਣੀ ਵਿਚਲੇ ਪਰਿਵਾਰ ਵਿੱਚ ਸਭ ਤੋਂ ਵੱਡੇ ਮੁੰਡੇ ਦਾ ਨਾਂ ਕੀ ਹੈ?
6. 'ਅੰਗ-ਸੰਗ' ਕਹਾਣੀ ਵਿਚਲੇ ਪਰਿਵਾਰ ਵਿੱਚ ਸਭ ਤੋਂ ਛੋਟੇ ਮੁੰਡੇ ਦਾ ਨਾਂ ਕੀ ਹੈ?
7. ਮਹਿੰਦਰ ਅਮਰੀਕ ਦਾ ਕੀ ਲੱਗਦਾ ਹੈ?

8. ਅਮਰੀਕ ਮਹਿੰਦਰ ਦਾ ਕੀ ਲੱਗਦਾ ਹੈ?
9. ਬੰਸੋ ਅਮਰੀਕ ਦੀ ਕੀ ਲੱਗਦੀ ਹੈ?
10. ਅਮਰੀਕ/ਮਹਿੰਦਰ ਤੇ ਬੰਸੋ ਦੀ ਮਾਂ ਦਾ ਨਾਂ ਕੀ ਹੈ?
11. ਭੋਗ ਕਿਉਂ ਪਿਆ ਸੀ?
12. ਕਿਸ ਦੀ ਮੌਤ ਹੋ ਗਈ ਸੀ?
13. ਕਰਤਾਰ ਸਿੰਘ, ਅਮਰੀਕ ਤੇ ਮਹਿੰਦਰ ਦਾ ਕੀ ਲੱਗਦਾ ਸੀ?
14. ਜਾਗੀਰ ਕੌਰ, ਕਰਤਾਰ ਸਿੰਘ ਦੀ ਕੀ ਲੱਗਦੀ ਸੀ?
15. ਕਰਤਾਰ ਸਿੰਘ ਦੀ ਮੌਤ ਹੋਣ ਕਾਰਨ ਜ਼ਿੰਮੇਵਾਰੀ ਦੀ ਪੱਗ ਕਿਸ ਨੂੰ ਬੰਨ੍ਹਾਈ ਗਈ ਸੀ?
16. ਅਮਰੀਕ ਨੂੰ ਜ਼ਿੰਮੇਵਾਰੀ ਦੀ ਪੱਗ ਕਿਸਨੇ ਬੰਨ੍ਹਾਈ ਸੀ?
17. 'ਅੰਗ-ਸੰਗ' ਕਹਾਣੀ ਵਿੱਚ ਕਿਹੋ ਜਿਹਾ ਵਾਤਾਵਰਨ ਪਸਰਿਆ ਹੋਇਆ ਹੈ?
18. ਕਹਾਣੀ ਦੇ ਸਿਰਲੇਖ ਦੀ ਸੁਰ ਕਿਹੋ ਜਿਹੀ ਹੈ?
19. ਅਮਰੀਕ ਕਿਸਦਾ ਮੁਲਾਜ਼ਮ ਸੀ?
20. ਪਿਓ ਦੇ ਬਿਮਾਰ ਹੋਣ ਤੇ ਅਮਰੀਕ ਨੂੰ ਕੌਣ ਲੈਣ ਗਿਆ ਸੀ?
21. ਸਵੇਰੇ ਕਰਤਾਰ ਸਿੰਘ ਨੂੰ ਕੌਣ ਜਗਾਉਣ ਗਿਆ ਸੀ?
22. ਕਰਤਾਰ ਸਿੰਘ ਨੂੰ ਬਿਮਾਰ ਦੇਖ ਕੇ ਕਿਹੜੇ ਡਾਕਟਰ ਨੂੰ ਬੁਲਾਇਆ ਗਿਆ?
23. ਕਰਤਾਰ ਸਿੰਘ ਨੂੰ ਕਿਹੜੇ ਹਸਪਤਾਲ ਲਿਜਾਇਆ ਗਿਆ?
24. ਲੋਕਾਂ ਅਨੁਸਾਰ ਕਰਤਾਰ ਸਿੰਘ ਨੂੰ ਕੀ ਲੈ ਬੈਠਾ ਸੀ?
25. ਸੁਸਾਇਟੀ ਦਾ ਇੰਸਪੈਕਟਰ ਕਰਤਾਰ ਸਿੰਘ ਦੀ ਮੌਤ ਤੋਂ ਕਿੰਨ੍ਹੇ ਦਿਨਾਂ ਬਾਅਦ ਆਇਆ?
26. ਕਰਤਾਰ ਸਿੰਘ ਨੇ ਸੁਸਾਇਟੀ ਦਾ ਕਿੰਨ੍ਹਾ ਕਰਜ਼ਾ ਦੇਣਾ ਸੀ?
27. ਇੰਸਪੈਕਟਰ ਨੇ ਸੁਸਾਇਟੀ ਦਾ ਕਰਜ਼ਾ ਕਿੰਨ੍ਹੀਆਂ ਕਿਸ਼ਤਾਂ ਵਿੱਚ ਜਮ੍ਹਾ ਕਰਾਉਣ ਦੀ ਰਿਆਇਤ ਦਿੱਤੀ?
28. ਲੇਖਕ ਅਨੁਸਾਰ ਅਮਰੀਕ ਦਾ ਛੋਟਾ ਭਰਾ ਮਹਿੰਦਰ ਕਿਹੋ ਜਿਹਾ ਸੀ?
29. ਮਹਿੰਦਰ ਕਿਸ ਦੇ ਕੋਠੇ ਉੱਤੇ ਉਡਦੇ ਕਬੂਤਰਾਂ ਨੂੰ ਨਜ਼ਰ ਟਿਕਾ ਕੇ ਦੇਖਦਾ ਰਹਿੰਦਾ ਸੀ?
30. ਮਹਿੰਦਰ ਤੋਂ ਛੋਟੀ ਕੁੜੀ ਕਿਹੜੀ ਜਮਾਤ ਵਿੱਚ ਪੜ੍ਹਦੀ ਸੀ?
31. ਕਰਤਾਰ ਸਿੰਘ ਕਿੰਨੀਆਂ ਕੁੜੀਆਂ ਹੱਥੀਂ ਵਿਆਹ ਗਿਆ ਸੀ?
32. ਅਮਰੀਕ ਅੱਧੀ ਤਨਖਾਹ ਕਿਸਨੂੰ ਦੇ ਦਿੰਦਾ ਸੀ?
33. ਕਰਤਾਰ ਸਿੰਘ ਦੀ ਮੌਤ ਕਿੰਨੀ ਉਮਰ ਵਿੱਚ ਹੋਈ ਸੀ?
34. ਕਰਤਾਰ ਸਿੰਘ/ਅਮਰੀਕ ਕਿਸ ਕੋਲ ਪੜ੍ਹੇ ਸਨ?
35. ਕਰਤਾਰ ਸਿੰਘ ਦਾ ਪਿਓ ਕਿੱਥੇ ਰਹਿੰਦਾ ਸੀ?
36. ਕਰਤਾਰ ਸਿੰਘ ਕਿਸਦੇ ਸਿਰ ਤੇ ਐਸ਼ ਕਰਦਾ ਸੀ?
37. ਕਰਤਾਰ ਸਿੰਘ ਸ਼ਿਕਾਰੀ ਕੁੱਤਿਆਂ ਨਾਲ ਕੀ ਕਰਦਾ ਸੀ?
38. ਅਮਰੀਕ ਨੂੰ ਢਾਣੀਆਂ ਵਿੱਚ ਫਿਰਨ ਤੋਂ ਕੌਣ ਵਰਜਦਾ ਸੀ?
39. ਅਮਰੀਕ ਦਾ ਦਾਦਾ ਕਿੰਨੇ ਕੁ ਸਾਲਾਂ ਬਾਅਦ ਘਰ ਆਉਂਦਾ ਸੀ?

40. ਕਰਤਾਰ ਸਿੰਘ ਕਿਹੋ ਜਿਹਾ ਆਦਮੀ ਸੀ?
41. ਅਮਰੀਕ ਦਾ ਪਿਓ ਤੇ ਮਾਮਾ ਬੀਕਾਨੇਰ ਤੋਂ ਕੀ ਲਿਆਇਆ ਸੀ?
42. ਕਰਤਾਰ ਸਿੰਘ ਨੇ ਜਾਗੀਰ ਕੌਰ ਨੂੰ ਕਾਹਦੇ ਨਾਲ ਕੁੱਟਿਆ ਸੀ?
43. ਕਰਤਾਰ ਸਿੰਘ ਨੇ ਜਾਗੀਰ ਕੌਰ ਨੂੰ ਕਿਹੜੀ ਗੱਲ ਤੋਂ ਇਨਕਾਰ ਕਰਨ ਕਰਕੇ ਕੁੱਟਿਆ ਸੀ?
44. ਕਰਤਾਰ ਸਿੰਘ ਕੋਲ ਕੁੱਲ ਕਿੰਨੀ ਜ਼ਮੀਨ ਸੀ?
45. ਕਰਤਾਰ ਸਿੰਘ ਦੁਆਰਾ ਨਸ਼ੇ ਖਾਣ-ਪੀਣ ਕਰਕੇ ਘਰ ਦਾ ਮਾਹੌਲ ਕਿਸ ਤਰ੍ਹਾਂ ਦਾ ਰਹਿੰਦਾ ਸੀ?
46. ਕਰਤਾਰ ਸਿੰਘ ਨੇ ਕਿਹੜੀ ਚੀਜ਼ ਨਕਦ ਵੇਚ ਕੇ ਪੈਸੇ ਵੱਟ ਲਏ ਸਨ?
47. ਕਰਤਾਰ ਸਿੰਘ ਨੂੰ ਮਾਂ ਵਿਰੁੱਧ ਕੀ ਗੁੱਸਾ ਸੀ?
48. ਕਰਤਾਰ ਸਿੰਘ ਨੇ ਮੱਖਣ ਸਿੰਘ ਤੋਂ ਕਿੰਨੇ ਰੁਪਏ ਵਿਆਜੀ ਲਏ ਹੋਏ ਸਨ?
49. ਕਰਤਾਰ ਸਿੰਘ ਨੇ ਘਰੋਂ ਕੀ ਚੁੱਕ ਕੇ ਚੈਂਚਲ ਕਲੀ ਵਾਲੇ ਕੋਲ ਵੇਚਿਆ ਸੀ?
50. ਮਹਿੰਦਰ ਅਨੁਸਾਰ ਕਰਤਾਰ ਸਿੰਘ ਚੈਂਚਲ ਦੀ ਹੱਟੀ ਵਿੱਚ ਵੜ ਕੇ ਕੀ ਕਰਦਾ ਸੀ?
51. ਕਹਾਣੀ ਦੇ ਅੰਤ ਵਿੱਚ ਕਰਤਾਰ ਸਿੰਘ ਦੇ ਪਰਿਵਾਰ ਦੇ ਜੀ ਉਸਦੇ ਮਰਨ ਤੇ ਸੁੱਖ ਮਹਿਸੂਸ ਕਰਦੇ ਹਨ ਜਾਂ ਦੁੱਖ?

## (ਸ) ਬੰਮ ਬਹਾਦਰ

### ਵਸਤੂਨਿਸ਼ਠ/ਸੰਖੇਪਾਤਮਕ ਪ੍ਰਸ਼ਨ:

1. 'ਬੰਮ ਬਹਾਦਰ' ਕਹਾਣੀ ਦਾ ਕਹਾਣੀਕਾਰ ਕੌਣ ਹੈ?
2. ਗੁਰਬਖਸ਼ ਸਿੰਘ ਦੀ ਕਹਾਣੀ ਦਾ ਨਾਂ ਲਿਖੋ?
3. ਬੰਮ ਬਹਾਦਰ ਕਹਾਣੀ ਦੇ ਕਿਸੇ ਦੋ ਪਾਤਰਾਂ ਦੇ ਨਾਂ ਲਿਖੋ?
4. ਬੰਮ ਬਹਾਦਰ ਕਹਾਣੀ ਦਾ ਮਹੌਤ ਕੌਣ ਹੈ?
5. ਮਹੌਤ ਮਾਤਾ ਦੀਨ ਨੇ ਬੰਮ ਬਹਾਦਰ ਵਿਰੁੱਧ ਕਿਸ ਕੋਲ ਸ਼ਿਕਾਇਤ ਕੀਤੀ?
6. ਮਹਾਰਾਜ ਨੇ ਮਾਤਾਦੀਨ ਨੂੰ ਬੰਮ ਬਹਾਦਰ ਦਾ ਸੁਭਾਅ ਕਿਹੋ ਜਿਹਾ ਦੱਸਿਆ ਹੈ?
7. ਮਹਾਰਾਜ ਕਿਸਨੂੰ ਹਰ ਜਲਸੇ ਦਾ ਸ਼ਿੰਗਾਰ ਬਣਾਉਂਦੇ ਸਨ?
8. ਕੌਣ ਹਾਥੀਖ਼ਾਨੇ ਵਿੱਚ ਊਧਮ-ਮਚਾਈ ਰੱਖਦਾ ਸੀ?
9. ਬੰਮ ਬਹਾਦਰ ਮੁਲਾਜ਼ਮਾਂ ਦੀ ਕਿਹੜੀ ਗੱਲ ਤੋਂ ਖ਼ਫਾ ਰਹਿੰਦਾ ਸੀ?
10. ਮਹਾਰਾਜ ਕਿੱਥੋਂ ਵਿਆਹ ਕਰਾ ਕੇ ਆਏ ਸਨ?
11. ਬੰਮ ਬਹਾਦਰ ਮਹਾਰਾਣੀ ਨੂੰ ਸਲਾਮੀ ਕਿਸ ਤਰ੍ਹਾਂ ਦਿੰਦਾ ਸੀ?
12. ਬੰਮ ਬਹਾਦਰ ਮਹਾਰਾਣੀ ਦੇ ਪੈਰਾਂ ਦੁਆਲੇ ਕਾਹਦੇ ਨਾਲ ਚੱਕਰ ਲਾਉਂਦਾ ਸੀ?
13. ਬੰਮ ਬਹਾਦਰ ਮਹਾਰਾਣੀ ਦੇ ਪੈਰਾਂ ਦੁਆਲੇ ਸੁੰਡ ਨਾਲ ਚੱਕਰ ਖਿੱਚ ਕੇ ਕੀ ਇਕਰਾਰ ਕਰਦਾ ਸੀ?

14. ਮਹਾਰਾਜ ਹਮੇਸ਼ਾ ਕਿਸ ਉੱਤੇ ਚੜ੍ਹ ਕੇ ਸ਼ਿਕਾਰ ਕਰਦੇ ਸਨ?
15. ਬੰਮ ਨੇ ਗੁੱਸੇ ਵਿੱਚ ਆ ਕੇ ਕਿਸ ਨੂੰ ਮਾਰ ਦਿੱਤਾ?
16. ਬੰਮ ਬਹਾਦਰ ਨੇ ਮਾਤਾਦੀਨ ਨੂੰ ਕਿਸ ਤਰ੍ਹਾਂ ਮਾਰਿਆ?
17. ਬੰਮ ਨੇ ਸੰਗਲ ਤੁੜਾ ਕੇ ਕਿਹੜੀ ਥਾਂ ਉਜਾੜੀ?
18. ਘੋੜਿਆਂ ਦੇ ਅਸਤਬਲ ਦਾ ਇੰਚਾਰਜ ਕੌਣ ਸੀ?
19. ਬੰਮ ਨੂੰ ਕਾਬੂ ਕਰਨ ਲਈ ਮਹਾਰਾਣੀ ਕਿੱਥੇ ਪਹੁੰਚੀ?
20. ਬੰਮ ਨੇ ਸੁੰਡ ਵਿੱਚ ਗੰਦਾ ਪਾਣੀ ਕਿੱਥੋਂ ਭਰਿਆ ਸੀ?
21. ਮਹਾਰਾਣੀ ਨੇ ਪੁਲਿਸ ਕਪਤਾਨ ਤੋਂ ਹਥਿਆਰਬੰਦ ਦਸਤੇ ਨੂੰ ਕਿਸ ਗੱਲ ਤੋਂ ਰੋਕਿਆ?
22. ਬੰਮ ਬਹਾਦਰ ਕਿਸ ਦਾ ਘਰ ਢਾਹੁਣ ਲਈ ਜਾ ਰਿਹਾ ਸੀ?
23. ਮਹਾਰਾਣੀ ਨੇ ਬੰਮ ਬਹਾਦਰ ਨੂੰ ਕਿੰਨ੍ਹਾਂ ਦਾ ਘਰ ਢਾਹੁਣਾ ਉਸਦੀ ਗਲਤੀ ਦੱਸੀ?
24. ਹਾਥੀਖ਼ਾਨੇ ਦਾ ਰਾਣਾ ਕੌਣ ਦਿਸ ਰਿਹਾ ਸੀ?
25. ਅੱਧਾ ਰਾਤਬ ਦੇਣ ਸਮੇਂ ਕਿਸਦਾ ਦਿਲ ਦੁੱਖਦਾ ਸੀ?
26. ਬੰਮ ਬਹਾਦਰ ਪਿਆਰ ਦੇ ਬਦਲੇ ਕੀ ਦਿੰਦਾ ਹੈ?
27. ਬੰਮ ਬਹਾਦਰ ਬੇਇਮਾਨੀ ਕਰਨ ਵਾਲੇ ਨੂੰ ਕੀ ਦਿੰਦਾ ਹੈ?

## (ਹ) ਬਾਗ਼ੀ ਦੀ ਧੀ

1. 'ਬਾਗੀ ਦੀ ਧੀ' ਦਾ ਕਹਾਣੀਕਾਰ ਕੌਣ ਹੈ?
2. ਗੁਰਮੁਖ ਸਿੰਘ ਮੁਸਾਫਿਰ ਦੀ ਕਹਾਣੀ ਦਾ ਨਾਂ ਲਿਖੋ?
3. 'ਬਾਗੀ ਦੀ ਧੀ' ਕਹਾਣੀ ਦੇ ਕਿਸੇ ਦੋ ਪਾਤਰਾਂ ਦੇ ਨਾਂ ਲਿਖੋ?
4. 'ਬਾਗੀ ਦੀ ਧੀ' ਕਹਾਣੀ ਦਾ ਮੁੱਖ ਪਾਤਰ ਕੌਣ ਹੈ?
5. ਕਿਸ਼ਨ ਸਿੰਘ ਦੀ ਗ੍ਰਿਫ਼ਤਾਰੀ ਸਮੇਂ ਲਾਜ ਨੂੰ ਕਿੰਨਾ ਬੁਖ਼ਾਰ ਸੀ?
6. ਕਿਸ਼ਨ ਸਿੰਘ ਨੂੰ ਪੁਲਿਸ ਕਿਉਂ ਫੜਦੀ ਸੀ?
7. ਇੰਸਪੈਕਟਰ ਕਿਸ਼ਨ ਸਿੰਘ ਦੀ ਕਿਸ ਗੱਲ ਤੋਂ ਅਣਜਾਣ ਨਹੀਂ ਸੀ?
8. ਕਿਸ਼ਨ ਸਿੰਘ ਨੇ ਜੇਲ੍ਹ ਜਾਣ ਤੋਂ ਪਹਿਲਾਂ ਨਿਤਨੇਮ ਦੇ ਗੁਟਕੇ ਦੇ ਨਾਲ ਲਿਜਾਣ ਲਈ ਹੋਰ ਕੀ ਰੱਖਿਆ ਸੀ?
9. ਵੀਰਾਂ ਵਾਲੀ ਕਿਸ਼ਨ ਸਿੰਘ ਦੀ ਕੀ ਲੱਗਦੀ ਸੀ?
10. ਕਿਸ਼ਨ ਸਿੰਘ ਦੀ ਗ੍ਰਿਫ਼ਤਾਰੀ ਸਮੇਂ ਲਾਜ ਦੀ ਉਮਰ ਕਿੰਨੀ ਸੀ?
11. ਖ਼ਦਰਪੋਸ਼ ਬੀਬੀ ਦੇ ਹੱਥ ਵਿੱਚ ਕੀ ਸੀ?
12. ਖ਼ਦਰਪੋਸ਼ ਬੀਬੀ ਕੌਣ ਸੀ?
13. ਬੀਬੀਆਂ ਦੇ ਕਿਹੜੇ ਨਾਅਰਿਆਂ ਨਾਲ ਅਸਮਾਨ ਗੂੰਜਣ ਲੱਗਾ?
14. ਝੰਡਾ ਕਿਸ ਦੇ ਹੱਥ ਵਿੱਚ ਸੀ?

15. ਮਾਤਾ-ਪਿਤਾ ਦੀ ਗੈਰਹਾਜ਼ਰੀ ਵਿੱਚ ਲਾਜ਼ ਨੂੰ ਕਿਸਨੇ ਸੰਭਾਲਿਆ?
16. ਹੁਸ਼ਨਾਕ ਸਿੰਘ ਕੌਣ ਸੀ?
17. ਹੁਸ਼ਨਾਕ ਸਿੰਘ 'ਬਾਗ਼ੀ' ਕਿਸਨੂੰ ਸਮਝਦਾ ਸੀ?
18. ਹੁਸ਼ਨਾਕ ਸਿੰਘ ਨੂੰ ਫ਼ੌਜ ਵਿੱਚ ਕੀ ਬਣਨ ਦੀ ਆਸ ਸੀ?
19. ਹੁਸ਼ਨਾਕ ਸਿੰਘ ਵੀਰਾਂਵਾਲੀ ਨੂੰ ਕਾਹਦੇ ਵਿੱਚ ਬਿਠਾ ਕੇ ਲੈ ਗਿਆ ਸੀ?
20. ਕਿਸ਼ਨ ਸਿੰਘ ਹੁਸ਼ਨਾਕ ਦਾ ਕੀ ਲੱਗਦਾ ਸੀ?
21. ਲਾਜ ਦਾ ਨਾਂ ਕੀ ਪੈ ਗਿਆ?
22. ਕਿਸ਼ਨ ਸਿੰਘ ਨੂੰ ਕਿੰਨੇ ਸਾਲਾਂ ਦੀ ਕੈਦ ਹੋਈ ਸੀ?
23. ਵੀਰਾਂ ਵਾਲੀ ਦੀ ਕਿਸ਼ਨ ਸਿੰਘ ਨਾਲ ਕਿਹੜੀ ਜੇਲ੍ਹ ਵਿੱਚ ਮੁਲਾਕਾਤ ਹੋਈ?
24. ਲਾਜ ਕਿਹੜੇ ਹਸਪਤਾਲ ਵਿੱਚ ਦਾਖ਼ਲ ਸੀ?
25. ਲਾਜ ਨੂੰ ਕਿਹੜੀ ਬਿਮਾਰੀ ਸੀ?
26. ਸ਼ਰਨ ਕੌਰ ਦੇ ਹਸਪਤਾਲ ਪਹੁੰਚਣ ਤੇ ਲਾਜ ਦੀ ਕੀ ਹਾਲਤ ਹੋਈ?
27. 'ਬਾਗੀ ਦੀ ਧੀ' ਕਹਾਣੀ ਕਿਸ ਬਾਰੇ ਹੈ?

## (ਕ) ਧਰਤੀ ਹੇਠਲਾ ਬਲਦ

1. 'ਧਰਤੀ ਹੇਠਲਾ ਬਲਦ' ਕਹਾਣੀ ਦਾ ਕਹਾਣੀਕਾਰ ਕੌਣ ਹੈ?
2. 'ਕੁਲਵੰਤ ਸਿੰਘ ਵਿਰਕ' ਦੀ ਕਹਾਣੀ ਦਾ ਨਾਂ ਲਿਖੋ?
3. 'ਧਰਤੀ ਹੇਠਲਾ ਬਲਦ' ਕਹਾਣੀ ਦਾ ਮੁੱਖ ਪਾਤਰ ਕੌਣ ਹੈ?
4. 'ਧਰਤੀ ਹੇਠਲਾ ਬਲਦ' ਕਹਾਣੀ ਦੇ ਦੋ ਪਾਤਰਾਂ ਦੇ ਨਾਂ ਲਿਖੋ?
5. ਮਾਨ ਸਿੰਘ ਦਾ ਪਿੰਡ ਕਿਹੜਾ ਸੀ?
6. ਮਾਨ ਸਿੰਘ ਛੁੱਟੀ ਲੈ ਕੇ ਕਿੱਥੋਂ ਆਇਆ ਸੀ?
7. ਮਾਨ ਸਿੰਘ ਦੇ ਦੋਸਤ ਦਾ ਨਾਂ ਕੀ ਸੀ?
8. ਕਰਮ ਸਿੰਘ ਦਾ ਪਿੰਡ ਕਿਹੜਾ ਸੀ?
9. ਮਾਨ ਸਿੰਘ ਤੇ ਕਰਮ ਸਿੰਘ ਕਿੱਥੇ ਪਹਿਲਾਂ ਇਕੱਠੇ ਰਹਿੰਦੇ ਸਨ?
10. ਕਰਮ ਸਿੰਘ ਫ਼ੌਜ ਵਿੱਚ ਕੀ ਸੀ?
11. ਕਿਸਦੀ ਜੀਭ ਵਿੱਚ ਬਹੁਤਾ ਰਸ ਸੀ?
12. ਕਰਮ ਸਿੰਘ ਦੀ ਗੋਲੀ ਦਾ ਨਿਸ਼ਾਨਾ ਕਿਹੋ ਜਿਹਾ ਸੀ?
13. ਕਰਮ ਸਿੰਘ ਨੇ ਮਾਨ ਸਿੰਘ ਨੂੰ ਕਿਹੜੇ ਗੁਰਦੁਆਰਿਆਂ 'ਚ ਜਾ ਕੇ ਮੱਥਾ ਟੇਕ ਕੇ ਆਉਣ ਲਈ ਕਿਹਾ? ਉਹਨਾਂ ਚੋਂ ਦੋ ਗੁਰਦੁਆਰਿਆਂ ਦੇ ਨਾਂ ਲਿਖੋ?
14. ਜਸਵੰਤ ਸਿੰਘ ਕੌਣ ਸੀ?
15. ਮਾਨ ਸਿੰਘ ਨੇ ਕਿਸ ਦੇ ਮੁੰਡੇ ਨੂੰ ਕੁੱਛੜ ਚੁੱਕ ਲਿਆ?

16. ਮਾਨ ਸਿੰਘ ਕਿਸ ਦੇ ਨਾਲ ਤਰਨਤਾਰਨ ਗਿਆ ਸੀ?

17. ਡਾਕੀਆ ਕਿਸ ਦੀ ਪੈਨਸ਼ਨ ਦੇ ਕਾਗਜ਼ ਲੈ ਕੇ ਆਇਆ ਸੀ?

18. ਮਾਨ ਸਿੰਘ ਨੂੰ ਕਿਸ ਤੋਂ ਪਤਾ ਲੱਗਾ ਕਿ ਕਰਮ ਸਿੰਘ ਮਾਰਿਆ ਜਾ ਚੁੱਕਾ ਹੈ?

19. ਕਰਮ ਸਿੰਘ ਦੇ ਮਰਨ ਦੀ ਚਿੱਠੀ ਆਇਆਂ ਕਿੰਨੇ ਦਿਨ ਹੋ ਗਏ ਸਨ?

20. ਬਾਪੂ ਨੇ ਕਿਸ ਨੂੰ ਘਰ ਬੈਠਾ ਦੇਖਕੇ ਸਮਝ ਗਿਆ ਕਿ ਕਰਮ ਸਿੰਘ ਦੀ ਮੌਤ ਦੀ ਗੱਲ ਹੁਣ ਮਾਨ ਸਿੰਘ ਤੋਂ ਛਿਪੀ ਨਹੀਂ ਰਹੀ?

21. ਮਾਝੇ ਦੇ ਪਿੰਡਾਂ ਦੁਆਲੇ ਬਚਾਓ ਲਈ ਕੀ ਉਸਰਿਆ ਹੋਇਆ ਸੀ?

22. ਮਾਝੇ ਦੇ ਪਿੰਡਾਂ ਵਿੱਚ ਕਿਨ੍ਹਾਂ ਨਾਲ ਲੜ-ਮਰਨ ਵਾਲਿਆਂ ਦੀਆਂ ਮੜ੍ਹੀਆਂ ਤੇ ਸਮਾਧਾਂ ਸਨ?

23. ਮਾਨ ਸਿੰਘ ਨੂੰ ਕੌਣ ਧਰਤੀ ਹੇਠਲਾ ਬਲਦ ਪ੍ਰਤੀਤ ਹੋਇਆ?

24. ਮਾਨ ਸਿੰਘ ਨੂੰ ਕਰਮ ਸਿੰਘ ਦਾ ਬਾਪ ਕੀ ਪ੍ਰਤੀਤ ਹੋਇਆ?

## (ਖ) ਇੱਕ ਪੈਰ ਘੱਟ ਤੁਰਨਾ

1. 'ਇੱਕ ਪੈਰ ਘੱਟ ਤੁਰਨਾ' ਕਹਾਣੀ ਦਾ ਕਹਾਣੀਕਾਰ ਕੌਣ ਹੈ?
2. ਅਜੀਤ ਕੌਰ ਦੀ ਕਹਾਣੀ ਦਾ ਨਾਂ ਲਿਖੋ?
3. 'ਇੱਕ ਪੈਰ ਘੱਟ ਤੁਰਨਾ' ਕਹਾਣੀ ਦੇ ਦੋ ਪਾਤਰਾਂ ਦੇ ਨਾਂ ਲਿਖੋ?
4. ਰਸ਼ੀਦ ਦੀ ਪਤਨੀ ਦਾ ਨਾਂ ਕੀ ਸੀ?
5. ਰਸ਼ੀਦ ਦੇ ਪੁੱਤਰ ਦਾ ਨਾਂ ਕੀ ਸੀ?
6. ਰਸ਼ੀਦ ਦੇ ਕਿੱਥੇ ਦਰਦ ਉੱਠਿਆ?
7. ਡਾਕਟਰ ਰਸ਼ੀਦ ਦਾ ਅਪਰੇਸ਼ਨ ਕਿਉਂ ਕਰਨਾ ਚਾਹੁੰਦਾ ਸੀ?
8. ਰਸ਼ੀਦ ਕਿੱਥੇ ਨੌਕਰੀ ਕਰਦਾ ਸੀ?
9. ਰਸ਼ੀਦ ਦਿੱਲੀ ਵਿੱਚ ਕਿੱਥੇ ਰਹਿੰਦਾ ਸੀ?
10. ਰਸ਼ੀਦ ਦੇ ਟੈਸਟ ਕਰਾਉਣ ਤੋਂ ਬਾਅਦ ਕਿਹੜੀ ਬਿਮਾਰੀ ਹੋਣ ਦਾ ਪਤਾ ਲੱਗਦਾ ਹੈ?
11. ਰਸ਼ੀਦ ਦੀ ਪਤਨੀ ਨੂੰ ਮਰਿਆਂ ਕਿੰਨੇ ਸਾਲ ਹੋ ਚੁੱਕੇ ਸਨ?
12. ਰਸ਼ੀਦ ਦੇ ਕਿੰਨੇ ਬੱਚੇ ਹਨ?
13. ਅਸਲਮ ਕਿੱਥੇ ਰਹਿੰਦਾ ਸੀ?
14. ਰਸ਼ੀਦ ਨੌਕਰੀ ਛੱਡ ਕੇ ਕਿੱਥੇ ਆ ਗਿਆ?
15. ਅਸਲਮ ਡਾਕਟਰੀ ਪਾਸ ਕਰਨ ਕਿੱਥੇ ਗਿਆ ਸੀ?
16. ਰਸ਼ੀਦ ਨੇ ਗੱਡੀ ਵਿੱਚ ਪਹਿਲੀ ਵਾਰ ਕਿਸ ਕਲਾਸ ਵਿੱਚ ਸਫ਼ਰ ਕੀਤਾ?
17. ਰਸ਼ੀਦ ਕਿਸ ਸਮੇਂ ਪਿੰਡ ਪੁੱਜਾ?

18. ਰਸ਼ੀਦ ਕਿਹੜੇ ਮਹੀਨੇ ਪਿੰਡ ਪੁੱਜਾ?
19. ਰਸ਼ੀਦ ਨੇ ਘਰ ਦੇ ਆਸ-ਪਾਸ ਕਾਹਦੇ ਪੌਦੇ ਲਾਏ?
20. ਰਸ਼ੀਦ ਨੇ ਕਿਹੜੇ ਪੰਛੀ ਪਾਲੇ?
21. ਰਸ਼ੀਦ ਨੂੰ ਸਵੇਰੇ ਚਿੜੀਆਂ ਕਿਉਂ ਗਾਉਂਦੀਆਂ ਚੰਗੀਆਂ ਲੱਗਦੀਆਂ?
22. ਰਸ਼ੀਦ ਸਕੂਲ ਪੜ੍ਹਦੇ ਮੁੰਡੇ-ਕੁੜੀਆਂ ਨੂੰ ਕੀ ਕਰਵਾ ਦਿੰਦਾ?
23. ਰਸ਼ੀਦ ਨੇ ਮੁੰਡੇ ਨੂੰ ਦੱਸ ਰੁਪਏ ਕਿਉਂ ਦਿੱਤੇ?
24. ਗੁਆਂਢੀਆਂ ਦੇ ਮੁੰਡੇ ਦਾ ਕੀ ਨਾਂ ਸੀ?
25. ਜਦੋਂ ਰਸ਼ੀਦ ਦੀ ਮੌਤ ਹੋਈ ਤਾਂ ਉਹ ਕੀ ਕਰ ਰਿਹਾ ਸੀ?
26. ਪਤੰਗ ਨੂੰ ਹਵਾ ਵਿੱਚ ਕਿਸਨੇ ਹੁਲਾਰਿਆ?
27. ਪਤੰਗ ਨੂੰ ਤੁਣਕਾ ਕਿਸਨੇ ਮਾਰਿਆ ਸੀ?

## ਨਾਵਲ

## ਪਹੁ-ਫੁਟਾਲੇ ਤੋਂ ਪਹਿਲਾਂ

## ਕਲਾਸ- ਦਸਵੀਂ

## ਵਸਤੂਨਿਸ਼ਠ ਪ੍ਰਸ਼ਨ/ਸੰਖੇਪਾਤਮਕ ਪ੍ਰਸ਼ਨ:

**ਕਾਂਡ-1**

1. ਨਾਵਲ 'ਪਹੁ-ਫੁਟਾਲੇ ਤੋਂ ਪਹਿਲਾਂ' ਦਾ ਨਾਵਲਕਾਰ ਕੌਣ ਹੈ?
2. ਗੁਰਦਿਆਲ ਸਿੰਘ ਦੇ ਨਾਵਲ ਦਾ ਨਾਂ ਕੀ ਹੈ?
3. ਸਕੂਲ ਵਿੱਚ ਕਿਸਨੇ ਆਉਣਾ ਸੀ?
4. ਵਿਦਿਆਰਥੀਆਂ ਦੀ ਨਿਗਰਾਨੀ ਕੌਣ ਕਰ ਰਿਹਾ ਸੀ?
5. ਦੀਨੇ ਦਾ ਪੂਰਾ ਨਾਂ ਕੀ ਸੀ?
6. ਦੀਨੇ ਦੀ ਆਵਾਜ਼ ਕਿਹੋ ਜਿਹੀ ਸੀ?
7. ਹੈਡਮਾਸਟਰ ਸਾਹਿਬ ਦੀਨੇ ਦੀ ਕਿਸ ਗੱਲ ਤੋਂ ਖ਼ੁਸ਼ ਹੁੰਦੇ ਹਨ?
8. ਸਕੂਲ ਦੀ ਇਮਾਰਤ ਅੰਗਰੇਜ਼ੀ ਦੇ ਕਿਹੜੇ ਅੱਖਰ ਵਰਗੀ ਸੀ?
9. ਸਕੂਲ ਦੇ ਵਿਹੜੇ ਵਿੱਚ ਕੀ ਸੀ?
10. ਡਰਿੱਲ ਮਾਸਟਰ ਦਾ ਨਾਂ ਕੀ ਸੀ?
11. ਦੀਨੇ ਨੇ ਜਗਨੇ ਦਾ ਨਾਂ ਕੀ ਰੱਖਿਆ ਸੀ?
12. ਡਰਿੱਲ ਮਾਸਟਰ ਪਟਵਾਰੀ ਦਾ ਬੱਚਾ ਕਿਸਨੂੰ ਕਹਿੰਦਾ ਹੈ?

13. ਹੈਡਮਾਸਟਰ ਸਾਹਿਬ ਕਿਹੜੀ ਖੇਡ ਖੇਡਦੇ ਹਨ?
14. ਹੈਡ ਮਾਸਟਰ ਸਾਹਿਬ ਕਿਸ ਨਾਲ ਟੈਨਿਸ ਖੇਡ ਕੇ ਮੁੜੇ ਸਨ?
15. ਨੱਥੇ ਦੇ ਪਿਤਾ ਦਾ ਨਾਂ ਕੀ ਸੀ?

## ਕਾਂਡ – 2

1. ਕਲਪਨਾ ਵਿੱਚ ਕੌਣ ਗੁਆਚਾ?
2. ਕਲਪਨਾ ਦੀ ਦੁਨੀਆਂ ਵਿੱਚ ਗੁਆਚਾ ਨੱਥਾ ਕੀ ਕਰਨ ਲੱਗਾ?
3. ਜਦੋਂ ਨੱਥਾ ਸਿੰਘ ਹਨੇਰੇ ਵਿੱਚ ਘਰ ਪੁੱਜਾ ਤਾਂ ਉਸਦੇ ਬਾਪੂ ਜੀ ਕਿਸ ਨਾਲ ਗੱਲਾਂ ਕਰ ਰਹੇ ਸੀ?
4. ਪਟਵਾਰੀ ਕੌਣ ਸੀ?
5. ਨੰਦ ਸਿੰਘ ਵਿੱਦਿਆ ਨੂੰ ਕੀ ਸਮਝਦਾ ਸੀ?
6. ਮਾਹਲੂ ਅਨੁਸਾਰ ਅੱਜ-ਕਲ੍ਹ ਦੇ ਪੜ੍ਹੇ-ਲਿਖੇ ਆਮ ਬੰਦੇ ਨੂੰ ਕੀ ਸਮਝਦੇ ਹਨ?
7. ਨੱਥੇ ਦੀ ਬੇਬੇ ਦਾ ਨਾਂ ਕੀ ਸੀ?
8. ਕਿਹੜਾ ਪਾਤਰ ਥੱਥਾ ਹੈ?
9. ਕਿਹੜੇ ਪਾਤਰ ਨੂੰ ਉਸ ਦੇ ਵਿਚਾਰਾਂ ਤੋਂ ਰੱਬ ਵੀ ਨਹੀਂ ਸੀ ਭੁਲਾ ਸਕਦਾ?
10. ਬਾਪੂ ਨੂੰ ਰੋਟੀ ਖੁਆਉਣ ਤੋਂ ਪਹਿਲਾਂ ਨੱਥਾ ਕੀ ਕਰਨਾ ਭੁੱਲ ਗਿਆ ਸੀ?
11. ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਕੀ ਕਿਹਾ ਹੈ?
12. ਰੋਟੀ ਖਾਣ ਤੋਂ ਮਗਰੋਂ ਨੱਥੇ ਨੇ ਕਿੰਨੇ ਮੰਜੇ ਵਿਹੜੇ ਵਿੱਚ ਡਾਹੇ?
13. ਨੰਦ ਸਿੰਘ ਰੋਟੀ ਖਾ ਕੇ ਕਿਥੇ ਚਲਾ ਗਿਆ?
14. ਪਿੰਡ ਵਾਲੇ ਨੰਦ ਸਿੰਘ ਨੂੰ ਕੀ ਕਹਿ ਕੇ ਬੁਲਾਉਂਦੇ ਸਨ?
15. ਨੱਥੇ ਨੂੰ ਆਪਣਾ ਬਾਪੂ ਵੱਖ-ਵੱਖ ਕੰਮਾਂ ਵਿੱਚ ਮੁਹਾਰਤ ਰੱਖਣ ਵਾਲੇ ਜਾਪੇ?
16. ਨੱਥੇ ਨੂੰ ਆਪਣੇ ਬਾਪੂ ਸਕੂਲ ਦੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨਾਲ ਖੜ੍ਹੇ ਹੋਏ ਕੀ ਲੱਗੇ?
17. ਨੱਥੇ ਦਾ ਸਕੂਲ ਦੇ ਕੰਮ ਤੋਂ ਧਿਆਨ ਹੱਟ ਕੇ ਹੋਰ ਕਿੱਥੇ ਜਾ ਜੁੜਦਾ?
18. ਧਰਮਸ਼ਾਲਾ ਤੋਂ ਮੁੜਦੇ ਹੋਏ ਨੰਦ ਸਿੰਘ ਕਿਹੜੀ ਬਾਣੀ ਦਾ ਪਾਠ ਕਰ ਰਿਹਾ ਸੀ?
19. ਬੈਠਕ ਵਿੱਚ ਹਰ ਸ਼ੈ ਨੱਥੇ ਨੂੰ ਕੀ ਲੱਗਦੀ ਸੀ?
20. ਕਿਹੜੇ ਮਹੀਨੇ ਦੀ ਸੰਗਰਾਂਦ ਦੀ ਗੱਲ ਕੀਤੀ ਗਈ ਹੈ?

## ਕਾਂਡ – 3

1. ਕਿਸ ਦੇ ਆਉਣ ਦੇ ਸਵਾਗਤ ਲਈ ਸਕੂਲ ਦੇ ਗੇਟ ਉੱਤੇ ਸੁਨਹਿਰੀ ਅੱਖਰਾਂ ਵਿੱਚ 'ਵੈਲਕਮ' ਲਿਖਿਆ ਹੋਇਆ ਸੀ?

2. ਸਕੂਲ ਦੇ ਚਪੜਾਸੀ ਦਾ ਕੀ ਨਾਂ ਸੀ?
3. ਸਵੇਰੇ ਸਕੂਲ ਲੱਗਣ ਤੋਂ ਪਹਿਲਾਂ ਸਕੂਲ ਦਾ ਮਾਲਕ ਕੌਣ ਹੁੰਦਾ ਸੀ?
4. ਚੰਦੂ ਕਿਹੋ ਜਿਹੀ ਵਰਦੀ ਪਾਉਂਦਾ ਸੀ?
5. ਖ਼ਾਕੀ ਵਰਦੀ ਪਾ ਕੇ ਚੰਦੂ ਕਿਸ ਤਰ੍ਹਾਂ ਦਾ ਲੱਗਦਾ ਸੀ?
6. ਸਕੂਲ ਦੀ ਘੰਟੀ ਕਿੱਥੇ ਬੰਨ੍ਹੀ ਹੋਈ ਸੀ?
7. ਨੱਥੇ ਦੀ ਜਮਾਤ ਅੱਗੇ ਕਿਸ ਦੀ ਡਿਊਟੀ ਸੀ?
8. ਦੀਨੇ ਅਨੁਸਾਰ ਹੈਡਮਾਸਟਰ ਸਾਹਿਬ ਦੇ ਦਿੱਤੇ ਗੀਤ ਵਿੱਚ ਕਾਹਦੀ ਬੋ ਆਉਂਦੀ ਸੀ?
9. ਨੱਥੇ ਨੇ ਕਿਸ ਦੇ ਸੁਆਗਤ ਵਿੱਚ ਗੀਤ ਗਾਉਣਾ ਸੀ?
10. ਨੱਥੇ ਦੀ ਪੜ੍ਹਾਈ ਦੀ ਪਹਿਲੀ ਘੰਟੀ ਕਾਹਦੀ ਸੀ?
11. ਨੱਥੇ ਹੋਰਾਂ ਨੂੰ ਹਿਸਾਬ ਕੌਣ ਪੜ੍ਹਾਉਂਦਾ ਸੀ?
12. ਜਮਾਤ ਦਾ ਸਭ ਤੋਂ ਸ਼ਰਾਰਤੀ ਮੁੰਡਾ ਕੌਣ ਸੀ?
13. ਇੰਸਪੈਕਟਰ ਕਿਸ ਤਰ੍ਹਾਂ ਦਾ ਦਿਸਦਾ ਸੀ?
14. ਜਦੋਂ ਇੰਸਪੈਕਟਰ ਕਲਾਸ ਵਿੱਚ  ਆਇਆ ਤਾਂ ਮਾਸਟਰ ਆਰ.ਸੀ. ਬੱਟਾ ਨੇ ਕੀ ਕਿਹਾ?
15. ਇੰਸਪੈਕਟਰ ਨੇ ਕਿਹੜੀ ਬੋਲੀ ਵਿੱਚ ਆਰ.ਸੀ.ਬੱਟਾ ਨੂੰ ਕਿਹਾ?
16. ਇੰਸਪੈਕਟਰ ਦੀਆਂ ਮੁੱਛਾਂ ਕਿਹੋ ਜਿਹੀਆਂ ਸਨ?
17. ਇੰਸਪੈਕਟਰ ਦੇ ਹੱਥ ਵਿੱਚ ਕਿਹੋ ਜਿਹੀ ਖ਼ੂੰਡੀ ਸੀ?
18. ਇੰਸਪੈਕਟਰ ਸਾਹਿਬ ਕਿਸ ਤਰ੍ਹਾਂ ਤੁਰਦੇ ਸੀ?
19. ਦੀਨੇ ਨੇ ਆਪਣੀ ਜੇਬ ਉੱਤੇ ਬਸਕੂਏ ਨਾਲ ਕੀ ਲਗਾਇਆ ਹੋਇਆ ਸੀ?
20. ਗੀਤ ਬੰਦ ਕਰਕੇ ਦੀਨੇ ਨੇ ਕਿਹੜਾ ਨਾਅਰਾ ਲਗਾਇਆ?
21. ਦੀਨੇ ਨੇ ਕਿੰਨੀ ਵਾਰ ਨਾਅਰਾ ਲਾਇਆ?
22. ਦੀਨੇ ਦੇ ਬਾਪ ਦਾ ਕੀ ਨਾਂ ਸੀ?
23. ਦੀਨੇ ਦਾ ਬਾਪ ਇਮਾਮ ਬਖਸ਼ ਕਿਸ ਪਾਰਟੀ ਦਾ ਵਰਕਰ ਸੀ?

**ਕਾਂਡ – 4**

1. ਦੀਨੇ ਦੀ ਮਾਂ ਦਾ ਨਾਂ ਕੀ ਹੈ?
2. ਦੀਨਾ ਕਈ ਵਾਰ ਕਿਸਨੂੰ ਮਿਲਣ ਜਾਂਦਾ ਹੁੰਦਾ ਸੀ?
3. ਜੁੱਤੀਆਂ ਦੀ ਦੁਕਾਨ ਕਿਸ ਦੀ ਹੈ?
4. ਪੀਲੂ ਦੇ ਬਾਪ ਦਾ ਨਾਂ ਕੀ ਸੀ?
5. ਜਗਨਾ ਮਠਿਆਈ ਕਾਹਦੇ ਵਿੱਚ ਪਾ ਕੇ ਲਿਆਇਆ ਸੀ?
6. ਨੱਥਾ, ਜਗਨੇ ਦੀ ਮਾਂ ਨੂੰ ਕੀ ਆਖਦਾ ਸੀ?

7. ਜਗਨੇ ਦੀ ਮਾਂ ਦੇ ਦੰਦ ਕਿਹੋ ਜਿਹੇ ਸਨ?
8. ਜਲਸੇ ਵਿੱਚ ਕੌਣ ਤਕਰੀਰ ਕਰ ਰਿਹਾ ਸੀ?
9. ਕਾਂਡ ਚਾਰ ਵਿੱਚ ਕਿਸ ਦਾ ਜਲਸਾ ਹੋ ਰਿਹਾ ਸੀ?
10. ਮੰਡੀ ਦੇ ਪ੍ਰਸਿੱਧ ਹਰੀਜਨ ਨੇਤਾ ਕੌਣ ਸੀ?
11. ਮਹੀਪਾਲ ਆਪਣੇ ਭਾਸ਼ਣ ਵਿੱਚ ਕਿਸ ਦੇ ਖਿਲਾਫ਼ ਬੋਲ ਰਿਹਾ ਸੀ?
12. ਮਹੀਪਾਲ ਦੇ ਹੱਥ ਵਿੱਚ ਕੀ ਸੀ?

## ਕਾਂਡ – 5

1. ਕਾਂਡ ਪੰਜਵੇਂ ਵਿੱਚ ਨਾਵਲ ਦਾ ਕਿਹੜਾ ਪਾਤਰ ਪਹਿਲੀ ਵਾਰ ਦਿਖਾਈ ਦਿੰਦਾ ਹੈ?
2. ਨੰਦ ਸਿੰਘ ਕਿਸ ਨਾਲ ਗੱਡੀਓਂ ਉੱਤਰ ਕੇ ਆ ਰਿਹਾ ਸੀ?
3. ਨੰਦ ਸਿੰਘ ਨੂੰ ਜਲਸੇ ਵਿੱਚ ਕੌਣ ਮਿਲਿਆ?
4. ਨੱਥੇ ਦੇ ਬਾਪੂ ਨੇ ਕਿਸ ਮੋਰਚੇ ਵਿੱਚ ਹਿੱਸਾ ਲਿਆ?
5. ਪੰਡਿਤ ਨਹਿਰੂ ਕਿਸ ਪਾਸਿਓਂ ਜੈਤੋਂ ਮੰਡੀ ਵਿੱਚ ਦਾਖ਼ਲ ਹੋਏ?
6. ਪੰਡਿਤ ਨਹਿਰੂ ਨੂੰ ਕਿਹੜੀ ਜੇਲ੍ਹ ਵਿੱਚ ਰੱਖਿਆ ਗਿਆ?
7. ਪੰਡਿਤ ਨਹਿਰੂ ਨੂੰ ਨਾਭਾ ਜੇਲ੍ਹ ਵਿੱਚ ਕੌਣ ਮਿਲਣ ਪੁੱਜਾ?
8. ਪੰਡਿਤ ਨਹਿਰੂ ਨੇ ਕਦੋਂ ਰਾਵੀ ਦੇ ਕੰਢੇ ਤੇ ਤਕਰੀਰ ਕੀਤੀ?
9. ਨੰਦ ਸਿੰਘ ਕਿਸ ਦੇਸ਼ ਭਗਤ ਦੀ ਸ਼ਖਸ਼ੀਅਤ ਤੋਂ ਪ੍ਰਭਾਵਿਤ ਸੀ?

## ਕਾਂਡ – 6

1. ਨੰਦ ਸਿੰਘ ਕਿਹੜੇ ਮਹੀਨੇ ਦੇ ਮਗਰੋਂ ਗਰਮ ਪਾਣੀ ਨਾਲ ਨਹਾਉਣ ਲੱਗ ਪੈਂਦੇ ਸੀ?
2. ਜੈਤੋ ਦਾ ਮੋਰਚਾ ਕਿੰਨੇ ਸਾਲ ਚਲਦਾ ਰਿਹਾ?
3. ਜੈਤੋ ਦਾ ਮੋਰਚਾ ਕਦੋਂ ਸ਼ੁਰੂ ਹੋਇਆ?
4. ਕਿਸ ਗੁਰਦੁਆਰੇ ਵਿੱਚ ਅਖੰਡ ਪਾਠ ਖੰਡਿਤ ਹੋਇਆ ਸੀ?
5. ਜੈਤੋ ਵਿੱਚ ਪਾਠ ਰੱਖਣ ਲਈ ਕਿੰਨੇ ਸਿੰਘਾਂ ਦਾ ਜੱਥਾ ਗਿਆ ਸੀ?
6. ਜੈਤੋ ਵਿੱਚ ਪਹਿਲਾ ਜਥਾ ਕਦੋਂ ਭੇਜਿਆ ਗਿਆ ਸੀ?
7. ਪੰਜ ਸੌ ਸਿੰਘਾਂ ਦਾ ਸ਼ਹੀਦੀ ਜਥਾ ਕਦੋਂ ਚੱਲਿਆ?
8. ਪੰਜ ਸੌ ਸਿੰਘਾਂ ਦਾ ਸ਼ਹੀਦੀ ਜਥਾ ਕਿਸ ਦੀ ਅਗਵਾਈ ਹੇਠ ਤੁਰਿਆ?
9. ਸ਼ਹੀਦੀ ਜਥਾ 2● ਫਰਵਰੀ ਨੂੰ ਕਿੱਥੇ ਪੁੱਜਾ?
10. ਜੈਤੋ ਦੇ ਮੋਰਚੇ ਵਿੱਚ ਨੰਦ ਸਿੰਘ ਦੇ ਕਿਥੇ ਗੋਲੀ ਲੱਗੀ?
11. ਜੈਤੋ ਵਿਖੇ ਕਿਹੜੇ ਗੁਰਦੁਆਰੇ ਵਿਖੇ ਸਿੰਘਾਂ ਨੇ ਸ਼ਹੀਦੀਆਂ ਦਿੱਤੀਆਂ?

12. “ਜੋਬਨ ਜਾਂਦੇ ਨਾ ਡਰਾਂ.................. ਬਿਨੁ ਸੁਕਿ ਗਏ ਕੁਮਲਾਇ।”
ਕਿਸ ਦਾ ਸਲੋਕ ਦਿੱਤਾ ਗਿਆ ਹੈ?

**ਕਾਂਡ – 7**

1. ਨੰਦ ਸਿੰਘ ਅਨੁਸਾਰ ਬੰਦੇ ਨੂੰ ਅਸਲ ਵਿੱਚ ਕਿੰਨੀ ਧਰਤੀ ਮਿਲਦੀ ਹੈ?
2. ਧੋੜਾ (ਟਿੱਬਾ) ਕਿੰਨੀ ਕੁ ਥਾਂ ਵਿੱਚ ਫੈਲਿਆ ਹੋਇਆ ਸੀ?
3. ਟਿੱਬੇ ਉੱਤੇ ਕੀ ਉੱਗਿਆ ਸੀ?
4. ਨੰਦ ਸਿੰਘ ਦੀ ਜਮੀਨ ਕਿੰਨੀ ਕੁ ਸੀ?
5. ਧੋੜ (ਟਿੱਬੇ) ਦੇ ਪਰਲੇ ਪਾਸੇ ਕਿਸ ਦੇ ਖੇਤ ਸਨ?
6. ਤਾਂਬਾ ਕਿਸ ਚੀਜ਼ ਨੂੰ ਸਭ ਤੋਂ ਵੱਧ ਪਵਿੱਤਰ ਸਮਝਦਾ ਸੀ?
7. ਨੰਦ ਸਿੰਘ ਨੂੰ ਨੱਥਾ ਕਿਹੋ ਜਿਹਾ ਹੋ ਗਿਆ ਜਾਪਦਾ ਹੈ?
8. ਨੰਦ ਸਿੰਘ ਕਿਸ ਤਰ੍ਹਾਂ ਤੁਰਦਾ ਸੀ?

**ਕਾਂਡ – 8**

1. ‘ਪਹੁ–ਫੁਟਾਲੇ ਤੋਂ ਪਹਿਲਾਂ’ ਨਾਵਲ ਦੇ ਕਿੰਨੇ ਕਾਂਡ ਹਨ?
2. ਦੀਨੇ ਦਾ ਘਰ ਕਿਸ ਮੁਹੱਲੇ ਵਿੱਚ ਸੀ?
3. ਦੀਨੇ ਦਾ ਅੱਬਾ ਘਰੋਂ ਬਾਹਰ ਜਾਣ ਲਈ ਕਿਹੜੀ ਟੋਪੀ ਪਹਿਨਦਾ ਹੈ?
4. ਦੀਨੇ ਦੇ ਬਾਪ ਦਾ ਨਾਂ ਕੀ ਸੀ?
5. ਦੀਨੇ ਦੀ ਮਾਂ ਦਾ ਨਾਂ ਕੀ ਸੀ?
6. ਦੀਨੇ ਦੀ ਮਾਂ ਨੂੰ ਨੱਥਾ ਕੀ ਕਹਿ ਕੇ ਬੁਲਾਉਂਦਾ ਹੈ?
7. ਦੀਨੇ ਦੀ ਮਾਂ ਦੇ ਦੰਦ ਕਿਹੋ ਜਿਹੇ ਹਨ?
8. ਦੀਨੇ ਦੇ ਛੋਟੇ ਭਰਾ ਦਾ ਨਾਂ ਕੀ ਸੀ?
9. ਦੀਨੇ ਤੇ ਨੱਥਾ ਕਿਹੜੇ ਗੁਰਦੁਆਰੇ ਸਾਹਿਬ ਗਏ ਸੀ?
10. ਗੁਰਦੁਆਰੇ ਟਿੱਬੀ ਬਾਹਿਬ ਜਾਣ ਲੱਗਿਆਂ ਨੱਥਾ ਤੇ ਦੀਨਾ ਕਿਹੜੇ ਸਾਈਂ ਦੇ ਡੇਰੇ ਦੀ ਗੱਲ ਕਰਦੇ ਸੀ?
11. ਮਾਸਟਰ ਸਾਧੂ ਰਾਮ ਨੇ ਕਿਸਦੀ ਕਵਿਤਾ ਸੁਣਾਈ?

**ਕਾਂਡ – 9**

1. ਹੈੱਡਮਾਸਟਰ ਸਾਹਿਬ ਕਿਹੜੀ ਜਮਾਤ ਨੂੰ ਅੰਗਰੇਜੀ ਪੜ੍ਹਾਉਣ ਨਹੀਂ ਗਏ?
2. ਪੰਜਾਬੀ ਜਮਾਤ ਦੀ ਘੰਟੀ (ਅੰਗਰੇਜੀ) ਕਿਸ ਮਾਸਟਰ ਨੇ ਲਗਾਈ ਸੀ?

3. ਜਗਨਾ ਕਿਸ ਕੋਲੋਂ ਭੱਲਾ ਖਾ ਰਿਹਾ ਸੀ?
4. ਮਾਸਟਰ ਸਾਧੂ ਰਾਮ ਦੀ ਪਤਨੀ ਦਾ ਨਾਂ ਕੀ ਸੀ?
5. ਮਾਸਟਰ ਸਾਧੂ ਰਾਮ ਜਗਨੇ ਨੂੰ ਕੀ ਕਹਿ ਕੇ ਸੰਬੋਧਨ ਕਰਦੇ ਸਨ?
6. ਮਾਸਟਰ ਸਾਧੂ ਰਾਮ ਦੇ ਭਰਵੱਟੇ ਕਿਹੋ ਜਿਹੇ ਸਨ?
7. ਜਗਨੇ ਦਾ ਬਾਪ ਦਾ ਨਾਂ ਕੀ ਸੀ?

## ਕਾਂਡ - 10

1. ਨੰਦ ਸਿੰਘ ਨੱਥੇ ਨੂੰ ਆਮ ਕਰਕੇ ਕਿਹੜੇ ਇੱਕਠਾਂ ਵਿੱਚ ਆਪਣੇ ਨਾਲ ਲੈ ਕੇ ਜਾਂਦੇ ਸਨ?
2. ਨੱਥੇ ਦੇ ਬਾਪੂ ਨੂੰ ਕਿਸਦੇ ਮਰਨ-ਕੰਢੇ ਪਏ ਹੋਣ ਬਾਰੇ ਪਤਾ ਲੱਗਾ?
3. ਨੰਦ ਸਿੰਘ ਅਨੁਸਾਰ ਜਦੋਂ ਤੱਕ ਆਂਢ-ਗੁਆਂਢ, ਪਿੰਡ ਨਾਲ ਪਿਆਰ ਨਾ ਜਾਗੇ ਉਨਾਂ ਚਿਰ ਕਿਹੜਾ ਪਿਆਰ ਨਹੀਂ ਜਾਗ ਸਕਦਾ?
4. ਕਿਸੇ ਗੱਲ ਦਾ ਪ੍ਰਮਾਣ ਦੇਣ ਲਈ ਨੰਦ ਸਿੰਘ ਕਿਸਦਾ ਹਵਾਲਾ ਦਿੰਦਾ ਸੀ?
5. ਪਾਲੇ ਦੇ ਛੋਟੇ ਮੁੰਡੇ ਦਾ ਨਾਂ ਕੀ ਸੀ?
6. ਨੰਦ ਸਿੰਘ ਨੇ ਪਾਲੇ ਕੋਲ ਬੈਠ ਕੇ ਕਿਹੜਾ ਪਾਠ ਕੀਤਾ ਸੀ?

## ਕਾਂਡ - 11

1. ਦੀਨਾ ਕਿਹੜੇ ਨਵੇਂ ਸਕੂਲ ਵਿੱਚ ਦਾਖ਼ਲ ਹੋ ਗਿਆ?
2. 'ਨੈਸ਼ਨਲ ਪਬਕਿਲ ਸਕੂਲ' ਦਾ ਹੈਡਮਾਸਟਰ ਕਿਥੋਂ ਦਾ ਰਹਿਣ ਵਾਲਾ ਸੀ?
3. 'ਨੈਸ਼ਨਲ ਪਬਲਿਕ ਸਕੂਲ ਦੇ ਹੈਡਮਾਸਟਰ ਨੇ ਪ੍ਰਾਰਥਨਾ ਵੇਲੇ ਕਿਹੜੇ ਨਾਅਰੇ ਲਾਉਣੇ ਸ਼ੁਰੂ ਕੀਤੇ?
4. ਨੱਥੇ ਨੇ ਕਿਹੜੀ ਜਮਾਤ ਤੇ ਸਕੂਲ ਵਿੱਚ ਰਹਿ ਕੇ ਇਮਤਿਹਾਨ ਪਾਸ ਕਰਨ ਦਾ ਇਰਾਦਾ ਕੀਤਾ?
5. ਨੱਥੇ ਨੇ ਸੱਤਵੀਂ ਜਮਾਤ ਦਾ ਇਮਤਿਹਾਨ ਕਿਹੜੀ ਪੁਜ਼ੀਸ਼ਨ ਲੈ ਕੇ ਪਾਸ ਕੀਤਾ?
6. ਜਗਨਾ ਸੱਤਵੀਂ ਜਮਾਤ ਵਿੱਚ ਕਿਸ ਤਰ੍ਹਾਂ ਪਾਸ ਹੋਇਆ?
7. ਜਗਨੇ ਦਾ ਨਤੀਜਾ (ਸੱਤਵੀਂ ਜਮਾਤ) ਕਿਹੜੇ ਹੈਡਮਾਸਟਰ ਸਾਹਿਬ ਨੇ ਸੁਣਾਇਆ?
8. ਨੱਥਾ ਜਗਨੇ ਨੂੰ ਕੀ ਕਹਿ ਕੇ ਬੁਲਾਉਂਦਾ ਹੈ?
9. ਚੰਦੂ ਕਿਹੜਾ ਸ਼ਬਦ ਵਾਰ-ਵਾਰ ਬੋਲਦਾ ਸੀ?
10. ਜਗਨੇ ਨੇ ਕੰਧ ਉੱਤੇ ਨੀਲੀ ਤੇ ਲਾਲ ਸਿਆਹੀ ਨਾਲ ਕਾਹਦੀਆਂ ਮੂਰਤੀਆਂ ਬਣਾਈਆ ਹੋਈਆਂ ਸਨ?
11. ਜਗਨੇ ਨੇ ਕਿਹੜਾ ਪ੍ਰਣ ਕੀਤਾ ਸੀ?

## ਕਾਂਡ – 12

1. ਨੱਥੇ ਨੇ ਨੈਸ਼ਨਲ ਪਬਲਿਕ ਸਕੂਲ ਵਿੱਚ ਦਾਖ਼ਲ ਹੋਣ ਸਬੰਧੀ ਕਿਸਦੀ ਸਲਾਹ ਲਈ?
2. ਮਾਸਟਰ ਸਾਧੂ ਰਾਮ ਦੀ ਉਹਨਾਂ ਦੇ ਪਹਿਰਾਵੇ ਤੋਂ ਕਿਹੋ ਜਿਹੀ ਸ਼ਖਸ਼ੀਅਤ ਉਘੜਦੀ ਹੈ?
3. ਜਗਨੇ ਨੇ ਨੱਥੇ ਦੇ ਕੰਨ  ਕੋਲ ਆ ਕੇ ਕੀ ਕਿਹਾ?
4. 'ਤਿਰੰਗਾ ਝੰਡਾ' ਚੁੱਕੀ ਫਿਰਨ ਕਰਕੇ ਕਿਸ ਰਾਜੇ ਨੇ ਦੋ ਮੁੰਡਿਆਂ ਨੂੰ ਗ੍ਰਿਫ਼ਤਾਰ ਕੀਤਾ?

## ਕਾਂਡ – 13

1. ਮਹਾਰਾਜੇ ਦੇ ਹੁਕਮ ਨਾਲ ਕਦੋਂ ਤਿਰੰਗਾ ਝੰਡਾ ਰੱਖਣ ਦੇ ਦੋਸ਼ ਵਿੱਚ ਮੁੰਡਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ?
2. ਜਿਸ ਜਥੇ ਵਿੱਚ ਨੱਥਾ, ਜਗਨਾ ਤੇ ਦੀਨਾ ਗ੍ਰਿਫ਼ਤਾਰੀ ਦੇਣ ਲਈ ਸ਼ਾਮਿਲ ਹੋਏ, ਉਸਦੀ ਅਗਵਾਈ ਕੌਣ ਕਰ ਰਿਹਾ ਸੀ?
3. ਕਰਤਾ ਰਾਮ ਸੇਵਕ ਨੇ ਗ੍ਰਿਫਤਾਰੀਆਂ ਤੋਂ ਪਹਿਲਾਂ ਪੁਲਿਸ ਨਾਲ ਕੀ ਕਰਨ ਦਾ ਫ਼ੈਸਲਾ ਕੀਤਾ?
4. ਪੁਲਿਸ ਨੂੰ ਘਚਾਨੀਆਂ ਦੇਣ ਦੀ ਲੁਕਣਮੀਟੀ ਵਿੱਚ ਸਭ ਤੋਂ ਵੱਧ ਹਿੱਸਾ ਕਿਸਦਾ ਸੀ?
5. ਕੋਤਵਾਲੀ ਵਿੱਚ ਜੋਸ਼ੀਲੀ ਆਵਾਜ਼ ਵਿੱਚ ਕੋਣ ਗੱਲ ਕਰ ਰਿਹਾ ਸੀ?
6. ਜਦੋਂ ਝੰਡਾ ਹੁਲਾਰਨ ਬਦਲੇ ਥਾਣੇਦਾਰ ਅਤੇ ਦੀਨਾ ਉਲਝ ਪਏ ਤਾਂ ਮੌਕਾ ਕਿਸ ਨੇ ਸੰਭਾਲਿਆ?
7. ਟਰੱਕ ਵਿੱਚ ਮਹੀਪਾਲ ਤੇ ਹੋਰਨਾਂ ਨਾਲ ਚਿੱਟੀ ਪੱਗ ਤੇ ਐਨਕਾਂ ਵਾਲਾ ਕੌਣ ਸੀ?

## ਕਾਂਡ – 14

1. ਮੰਡੀ ਚੌਂਕ ਵਿੱਚ ਮਹੀਪਾਲ ਜੀ ਤੋਂ ਪਹਿਲਾਂ ਕਿਸਨੇ ਭਾਸ਼ਣ ਦਿੱਤਾ?
2. ਜਦੋਂ ਜਗਨੇ ਨੂੰ ਪੁਲਿਸ ਨੇ ਫੜ ਲਿਆ ਤਾਂ ਕਿਸਨੂੰ ਘਬਰਾਹਟ ਹੋਈ?
3. ਖੇਮ ਚੰਦ ਕਿਸ ਤੋਂ ਡਰਦਾ ਸੀ?
4. ਦੀਨੇ ਦੇ ਘਰ ਦੀਨਾ ਤੇ ਨੱਥਾ ਸੱਤਿਆਗ੍ਰਹਿ ਮਗਰੋਂ ਰਾਤੀਂ ਘਰ ਏ ਤਾਂ ਜੀਨਤ ਕੀ ਬਣਾਇਆ ਹੋਇਆ ਸੀ?
5. ਜਗਨਾ ਰਾਤ ਕਿਸਦੇ ਚੁਬਾਰੇ ਵਿੱਚ ਸੁੱਤਾ ਸੀ?

## ਕਾਂਡ – 15

1. ਨੰਦ ਸਿੰਘ ਅਨੁਸਾਰ ਮਨੁੱਖ ਮਾਤਰ ਦੇ ਦੁੱਖਾਂ ਨੂੰ ਦੂਰ ਕਰਨਾ ਤੇ ਸਭ ਨਾਲ ਪਿਆਰ ਕਰਨਾ ਕੀ ਹੈ?
2. ਮਨੁੱਖ ਮਾਤਰ ਨੂੰ ਕਿਸੇ ਵੀ ਸ਼ਕਲ ਵਿੱਚ ਦੁੱਖ ਦੇਣਾ ਕੀ ਹੈ?
3. ਨੰਦ ਸਿੰਘ ਨੇ ਕੋਈ ਵੀ ਮੁਸ਼ਕਲ ਪੈਣ ਤੇ ਕਿਸਦਾ ਸਹਾਰਾ ਲੈਣ ਲਈ ਕਿਹਾ ਹੈ?
4. ਨੱਥਾ ਨੰਦ ਸਿੰਘ ਨਾਲ ਕਿਸ ਬਾਰੇ ਗੱਲਾਂ ਕਰਦਾ ਰਿਹਾ?

5. ਮਾਸਟਰ ਸਾਧੂ ਰਾਮ ਨੇ ਨੱਥੇ ਨੂੰ ਕਿਸ ਵਿੱਚ ਭਾਗ ਲੈਣ ਕਰਕੇ ਮੁਬਾਰਕਬਾਦ ਦਿੱਤੀ?
6. ਮਾਸਟਰ ਸਾਧੂ ਰਾਮ ਨੇ ਨੱਥੇ ਨੂੰ ਕਿਸ ਚੀਜ਼ ਤੋਂ ਦੂਰ ਰਹਿਣ ਲਈ ਕਿਹਾ?

**ਕਾਂਡ- 16**

1. ਮੋਰਚਾ ਸ਼ੁਰੂ ਹੋਣ ਸਮੇਂ ਕਰਤਾ ਰਾਮ ਸੇਵਕ ਤੇ ਉਸਦੇ ਸਾਥੀਆਂ ਨੂੰ ਕਿਹੜੀ ਜਿੰਮੇਵਾਰੀ ਦਿੱਤੀ?
2. ਲੰਗਰ ਵਿੱਚ ਲਾਂਗਰੀ ਕੌਣ ਸੀ?
3. ਬਾਹਰੋਂ ਆਏ ਜੱਥੇ ਕਿੱਥੇ ਠਹਿਰਦੇ ਸਨ?
4. ਧਰਮਸ਼ਾਲਾ ਵਿੱਚ ਸੁਆਗਤ ਤੇ ਅਰਾਮ ਦਾ ਕੌਣ ਪ੍ਰਬੰਧ ਕਰ ਰਿਹਾ ਸੀ?
5. ਮਈ ਦੇ ਕਿਹੜੇ ਹਫ਼ਤੇ ਦਿੱਲੀ ਵਲੋਂ ਜੱਥਾ ਆਇਆ?
6. ਦਿੱਲੀ ਤੋਂ ਆਏ ਜੱਥੇ ਵਿੱਚ ਬੰਗਾਲੀ ਪਹਿਰਾਵੇ ਵਾਲਾ ਕੌਣ ਸੀ?

**ਕਾਂਡ- 17**

1. ਨੱਥੇ ਤੇ ਦੀਨੇ ਨੇ ਮੋਰਚੇ ਨੂੰ ਫ਼ਤਹਿ ਕਰਨ ਲਈ ਕਿਸਦੇ ਆਉਣ ਬਾਰੇ ਸੁਣਿਆ?
2. ਪੰਡਿਤ ਨਹਿਰੂ ਮੋਰਚੇ ਨੂੰ ਫ਼ਤਹਿ ਕਰਨ ਲਈ ਕਿੱਥੇ ਪੁੱਜੇ?
3. ਪੰਡਿਤ ਨਹਿਰੂ ਨੂੰ 2●-22 ਸਾਲ ਪਹਿਲਾਂ ਕਿਥੇ ਪੁਲਿਸ ਨੇ ਹਿਰਾਸਤ ਵਿੱਚ ਲਿਆ ਸੀ?
4. ਨੱਥਾ, ਦੀਨਾ ਤੇ ਜਗਨਾ ਕਿਸ ਵਿੱਚ ਬੈਠ ਕੇ ਫਰੀਦਕੋਟ ਪਹੁੰਚੇ?
5. 'ਤੁਮ ਤੋ ਮੇਰੇ ਦੇਸ਼ ਦਾ ਭਵਿੱਖ ਹੋ!' ਇਹ ਸ਼ਬਦ ਪੰਡਿਤ ਨਹਿਰੂ ਨੇ ਕਿਸਨੂੰ ਕਹੇ?
6. ਕਿਸਦੇ ਆਉਣ ਨਾਲ ਮੋਰਚਾ ਜਿੱਤਿਆ ਗਿਆ?
7. ਜਗਨਾ ਕਿਸ ਦੀ ਹੱਲਾ-ਸ਼ੇਰੀ ਮਿਲਣ ਕਰਕੇ ਆਪਣੇ-ਆਪ ਨੂੰ ਸੱਤਵੇਂ ਅਸਮਾਨ ਉੱਤੇ ਪਹੁੰਚਿਆ ਕਿਉਂ ਮਹਿਸੂਸ ਕਰਦਾ ਸੀ?
8. ਪੰਡਿਤ ਨਹਿਰੂ ਨਾਲ ਮੁਲਾਕਾਤ ਮਗਰੋਂ ਨੱਥਾ, ਦੀਨਾ ਤੇ ਜਗਨਾ ਕਿੱਥੇ ਸੁੱਤੇ?
9. ਚੁਬਾਰੇ ਉੱਤੇ ਤਿਰੰਗਾ ਝੰਡਾ ਕਿਸਨੇ ਲਾਇਆ ਸੀ?

## ਪਾਠ ਪੁਸਤਕ – ਸਾਹਿਤ-ਮਾਲਾ

## ਵਾਰਤਕ ਭਾਗ

ਪ੍ਰਸ਼ਨ:- II

1. ਗੁਰਮਤਿ ਕਾਵਿ 3. ਬੀਰ ਕਾਵਿ

2. ਸੂਫ਼ੀ ਕਾਵਿ 4. ਕਿੱਸਾ ਕਾਵਿ

ਨੋਟ:- ਇਹਨਾਂ ਚਾਰ ਕਾਵਿਧਾਰਾਂ ਵਿੱਚੋਂ ਹਰੇਕ ਕਾਵਿ ਚੋਂ ਇੱਕ-ਇੱਕ ਕਾਵਿ ਟੋਟਾ ਆਵੇਗਾ। ਉਸਦੀ ਪ੍ਰਸੰਗ ਸਹਿਤ ਵਿਆਖਿਆ ਦੋ ਦੀ ਕਰਨੀ ਹੋਵੇਗੀ। ਵਿਦਿਆਰਥੀ ਹਰੇਕ ਕਾਵਿ ਧਾਰਾ ਨੂੰ ਧਿਆਨ ਨਾਲ ਪੜ੍ਹਕੇ ਅਭਿਆਸ ਕਰਨਗੇ।

ਪ੍ਰਸ਼ਨ:- III

1. ਗੁਰਮਤਿ ਕਾਵਿ 3. ਬੀਰ ਕਾਵਿ

2. ਸੂਫ਼ੀ ਕਾਵਿ 4. ਕਿੱਸਾ ਕਾਵਿ

ਨੋਟ:- ਚਾਰ ਕਾਵਿ ਧਾਰਾਂ ਵਿੱਚੋਂ ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਆਵੇਗਾ। ਵਿਦਿਆਰਥੀ ਧਿਆਨ ਨਾਲ ਸਾਰੀਆਂ ਕਵਿਤਾਵਾਂ ਦਾ ਅਭਿਆਸ ਕਰਨਗੇ।

ਪ੍ਰਸ਼ਨ:- IV

1. ਗੁਰਮਤਿ ਕਾਵਿ 3. ਬੀਰ ਕਾਵਿ

2. ਸੂਫ਼ੀ ਕਾਵਿ 4. ਕਿੱਸਾ ਕਾਵਿ

ਨੋਟ:- ਚਾਰ ਕਾਵਿ ਧਾਰਾਂ ਵਿੱਚੋਂ ਕਿਸੇ ਕਵਿਤਾ ਦੀ ਇੱਕ ਤੁੱਕ ਦੀ ਵਿਆਖਿਆ ਆਵੇਗੀ।

ਪ੍ਰਸ਼ਨ:- V

ਵਾਰਤਕ ਭਾਗ (ਸਾਰ)

ਲੇਖ:

1. ਰਬਾਬ ਮੰਗਾਉਣ ਦਾ ਵਿਰਤਾਂਤ 5. ਬਾਬਾ ਰਾਮ ਸਿੰਘ ਕੂਕਾ

2. ਘਰ ਦਾ ਪਿਆਰ 6. ਮਹਾਕਵੀ ਕਾਲੀ ਦਾਸ

3. ਬੋਲੀ 7. ਮੇਰੇ ਵੱਡੇ-ਵਡੇਰੇ

4. ਪ੍ਰਾਰਥਨਾ 8 ਤੁਰਨ ਦਾ ਹੁਨਰ

ਨੋਟ:- ਕੋਈ ਇੱਕ ਸਾਰ ਕਰਨਾ। ਵਿਦਿਆਰਥੀ ਸਾਹਿਤਮਾਲਾ ਦੀ ਪੁਸਤਕ ’ਚ ਵਾਰਤਕ ਭਾਗ ਦੇ ਲੇਖਾਂ ਨੂੰ ਧਿਆਨ ਨਾਲ ਪੜ੍ਹਕੇ ਅਭਿਆਸ ਕਰਨਗੇ।

## ਪਾਠ ਪੁਸਤਕ - ਸਾਹਿਤ-ਮਾਲਾ

## ਵਾਰਤਕ ਭਾਗ

**ਪ੍ਰਸ਼ਨ:- VI**

ਨੋਟ:- ਵਾਰਤਕ ਭਾਗ ਦੇ ਲੇਖਾਂ ’ਚੋਂ 2-2 ਨੰਬਰਾਂ ਦੇ ਪ੍ਰਸ਼ਨ ਬਣਾਏ ਗਏ ਹਨ। ਵਿਦਿਆਰਥੀ ਇਨ੍ਹਾਂ ਨੂੰ ਪੜ੍ਹਕੇ ਦੁਹਰਾਈ ਕਰਨਗੇ।

ਇਸ ਤੋਂ ਇਲਾਵਾ ਵਿਦਿਆਰਥੀ ਪਾਠ-ਪੁਸਤਕ ਵਾਰਤਕ ਭਾਗ ਦੇ ਲੇਖਾਂ ’ਚ ਦਿੱਤੇ ਗਏ ਅਭਿਆਸ ਪ੍ਰਸ਼ਨਾਂ ਦਾ ਵੀ ਅਭਿਆਸ ਕਰਨਗੇ।

**ਪ੍ਰਸ਼ਨ:- 6** **ਸਾਹਿਤਮਾਲਾ (ਵਾਰਤਕ ਭਾਗ)**

### ਸੰਖੇਪ ਉੱਤਰਾਂ ਵਾਲੇ ਪ੍ਰਸ਼ਨ:-

#### (1) ਰਬਾਬ ਮੰਗਾਉਨ ਦਾ ਵਿਰਤਾਂਤ

1. ਗੁਰੂ ਜੀ ਬਾਰੇ ਘਰ-ਘਰ ਕਿਹੋ ਜਿਹੀ ਚਰਚਾ ਹੋਣ ਲੱਗ ਪਈ?
2. ਗੁਰੂ ਜੀ ਨੇ ਮਰਦਾਨੇ ਨੂੰ ਬੀਬੀ ਜੀ ਕੋਲ ਕਿਉਂ ਭੇਜਿਆ?
3. ਮਰਦਾਨੇ ਨੇ ਗੁਰੂ ਜੀ ਨੂੰ ਖਾਲੀ ਮੁੜਨ ਬਾਰੇ ਕੀ ਦੱਸਿਆ?
4. ਗੁਰੂ ਜੀ ਨੇ ਮਰਦਾਨੇ ਨੂੰ ਜੱਟਾਂ ਦੇ ਪਿੰਡ ਕਿਉਂ ਭੇਜਣਾ ਚਾਹਿਆ?
5. ਗੁਰੂ ਜੀ ਕੋਲ ਪਹੁੰਚਣ ਤੇ ਫਰਹਿੰਦੇ ਨੇ ਗੁਰੂ ਜੀ ਨਾਲ ਕਿਹੋ ਜਿਹਾ ਵਰਤਾਉ ਕੀਤਾ?
6. ਰਬਾਬ ਦਾ ਠਾਟ ਨਾ ਬਣਨ ਤੇ ਗੁਰੂ ਜੀ ਨੇ ਮਰਦਾਨੇ ਨੂੰ ਕੀ ਕਿਹਾ?
7. ਗੁਰੂ ਜੀ ਦੇ ਕਹਿਣ ਤੋਂ ਬਾਅਦ ਦੁਬਾਰਾ ਰਬਾਬ ਵਜਾਉਣ ਤੇ ਮਰਦਾਨੇ ਨੇ ਕੀ ਮਹਿਸੂਸ ਕੀਤਾ?

## (2) **ਘਰ ਦਾ ਪਿਆਰ**

1. ਲੇਖਕ ਅਨੁਸਾਰ ਮਨੁੱਖ ਦਾ ਆਚਰਨ ਕਿਥੇ ਤੇ ਕਿਵੇਂ ਆਉਂਦੇ ਹਨ?
2. ਬਿਰਧ ਬੀਬੀ ਜੀ ਦੇ ਪਰਿਵਾਰਕ ਪਿਛੋਕੜ ਬਾਰੇ ਦੱਸੋ?
3. ਵੱਡੇ-ਵੱਡੇ ਕੱਥਕੜਾ ਬਾਰੇ ਲੇਖਕ ਦੇ ਕੀ ਵਿਚਾਰ ਹਨ?
4. ਸਾਨੂੰ ਕਿਹੜੀਆਂ ਗੱਲਾਂ ਤੋਂ ਬੇਬੇ ਨਾਨਕੀ ਦੇ ਗੁਰੂ ਨਾਨਕ ਦੇਵ ਜੀ ਨਾਲ ਪਿਆਰ ਬਾਰੇ ਪਤਾ ਚਲਦਾ ਹੈ?
5. ਅੱਜ ਕੱਲ ਦੁਰਾਚਾਰੀ ਦੇ ਕੀ ਕਾਰਨ ਹਨ?
6. ਬੋਰਡਿੰਗਾਂ ਵਿੱਚ ਰਹਿਣ ਵਾਲੇ ਵਿਦਿਆਰਥੀ ਸਮਾਜਿਕ ਪੱਖ ਤੋਂ ਵਾਂਝੇ ਰਹਿ ਜਾਂਦੇ ਹਨ, ਕਿਵੇਂ?

## (3) **ਬੋਲੀ**

1. ਬੋਲੀ ਤੇ ਮਨੁੱਖ ਅਮੀਰੀ ਦਾ ਮੇਚਾ ਕਿਵੇਂ ਲਿਆ ਜਾ ਸਕਦਾ ਹੈ?
2. ਬੋਲੀ ਤੇ ਬਚਪਨ ਦੇ ਆਪਸੀ ਸੰਬੰਧ ਵਿੱਚ ਚਾਨਣਾ ਪਾਉ?
3. ਦੁਨੀਆਂ ਦੇ ਅਨੇਕਾਂ ਲੋਕ ਆਪਣਾ ਮੁੱਲ ਪੂਰਾ ਕਿਉਂ ਨਹੀਂ ਪਾ ਸਕਦੇ?
4. ਲਫ਼ਜ਼ ਦਿਲ ਦੀ ਦੌਲਤ ਦੀਆਂ ਮੋਹਰਾਂ ਹੁੰਦੇ ਹਨ, ਸਮਝਾਓ?

## (4) **ਪ੍ਰਾਰਥਨਾ**

1. ਬੰਦੇ ਲਈ ਅਰਦਾਸ ਕਿਉਂ ਜਰੂਰੀ ਹੈ?
2. ਸੁਕਰਾਤ ਨੇ ਇੱਕ ਥਾਵੇਂ ਆਪਣੀ ਅਰਦਾਸ ਵਿੱਚ ਕੀ ਕਿਹਾ?
3. ਸੰਨ 1893 ਵਿੱਚ ਛਪੇ ਟ੍ਰੈਕਟ ਦਾ ਨਾ ਕੀ ਹੈ ਅਤੇ ਉਸ ਵਿੱਚ ਅਰਦਾਸ ਦੀ ਕੀ ਮਹੱਤਤਾ ਹੈ?
4. ਪੜ੍ਹੇ ਲਿਖੇ ਨੌਜਵਾਨ ਅਰਦਾਸ ਬਾਰੇ ਕੀ ਵਿਚਾਰ ਰੱਖਦੇ ਹਨ?
5. ਸਿੱਖ ਦੀ ਅਰਦਾਸ ਕਦੋਂ ਸਫ਼ਲ ਹੁੰਦੀ ਹੈ?
6. ਪਾਪੀ ਨੇ ਹੱਥ ਜੋੜ ਕੇ ਕੀ ਪ੍ਰਾਰਥਨਾ ਕੀਤੀ?
7. ਪਰਮੇਸ਼ਰ ਤੇ ਨਿਸ਼ਚਾ ਕਰਕੇ ਉਸਦੀ ਸੇਵਾ 'ਚ ਪ੍ਰਾਰਥਨਾ ਕਰਨ ਦਾ ਕੀ ਫ਼ਲ ਪ੍ਰਾਪਤ ਹੁੰਦਾ ਹੈ?

## (5) **ਬਾਬਾ ਰਾਮ ਸਿੰਘ ਕੂਕਾ**

1. ਪੰਜਾਬੀ ਬੋਲੀ ਵਿੱਚ 'ਬਾਬਾ' ਸ਼ਬਦ ਕਿਨ੍ਹਾਂ ਲਈ ਵਰਤਿਆ ਜਾਂਦਾ ਹੈ?
2. ਬਾਬਾ ਰਾਮ ਸਿੰਘ ਜੀ ਦੇ ਜਨਮ ਅਤੇ ਪਰਿਵਾਰ ਬਾਰੇ ਸੰਖੇਪ ਜਾਣਕਾਰੀ ਦਿਓ?
3. ਕੁੜੀਆਂ ਤੇ ਇਸਤਰੀਆਂ ਦੇ ਸੁਧਾਰ ਵਿੱਚ ਬਾਬਾ ਰਾਮ ਸਿੰਘ ਦਾ ਕੀ ਯੋਗਦਾਨ ਸੀ?
4. ਬਾਬਾ ਰਾਮ ਸਿੰਘ ਜੀ ਦਾ ਮੇਲ ਮਹਾਪੁਰਖਾਂ ਨਾਲ ਕਿਵੇਂ ਹੋਇਆ?
5. ਨਾਮਧਾਰੀ ਜਥੇਬੰਦੀ ਦੇ ਸੰਬੰਧ ਵਿੱਚ 'ਨਾਮਧਾਰੀ' ਅਤੇ 'ਕੂਕੇ' ਸ਼ਬਦ ਦੇ ਅਰਥ ਦੱਸੋ?
6. ਬਾਬਾ ਰਾਮ ਸਿੰਘ ਜੀ ਦੇ ਜੀਵਨ ਦੇ ਕੋਈ ਦੋ ਨਿਸ਼ਾਨੇ ਦੱਸੋ?

## ਮਹਾਂ ਕਵੀ ਕਾਲੀਦਾਸ

1. ਕਾਲੀਦਾਸ ਅਤੇ ਕਵਿਤਾ ਦਾ ਕਿਹੋ ਜਿਹਾ ਸੰਬੰਧ ਦੱਸਿਆ ਗਿਆ ਹੈ?
2. ਨਾਰੀ ਦੀ ਕਰਾਮਾਤ ਕੀ ਹੈ?
3. ਲੋਕਾਂ ਦੇ ਅਨੁਸਾਰ ਕਾਲੀਦਾਸ ਦਾ ਬ੍ਰਿਕਮਾਜੀਤ ਨਾਲ ਕੀ ਸੰਬੰਧ ਸੀ?
4. ਕਾਲੀਦਾਸ ਦੀ ਜਾਤ ਤੇ ਧਰਮਾਂ ਬਾਰੇ ਲੋਕਾਂ ਦੇ ਕਿਹੋ-ਜਿਹੇ ਵਿਚਾਰ ਹਨ?
5. ਕਾਲੀਦਾਸ ਦੀ ਰਚਨਾ 'ਕੁਮਾਰ ਸੰਭਵ' ਵਿੱਚ ਪਾਰਬਤੀ ਤੇ ਸ਼ਿਵ ਜੀ ਦੀ ਪ੍ਰੇਮ ਮਿਲਣੀ ਤੇ ਸੰਖੇਪ ਨੋਟ ਲਿਖੋ?
6. ਕਾਲੀਦਾਸ ਨੂੰ ਸੁੰਦਰਤਾ ਦਾ ਕਵੀ ਕਿਉਂ ਕਿਹਾ ਗਿਆ ਹੈ?

## (7) ਮੇਰੇ ਵੱਡੇ-ਵਡੇਰੇ

1. ਲੇਖਕ ਦੇ ਸਰੀਰ ਨੂੰ ਵੇਖ ਕੇ ਪਿੰਡ ਦੇ ਲੋਕ ਕੀ ਕਿਹਾ ਕਰਦੇ ਸਨ?
2. ਲੇਖਕ ਦੇ ਦਾਦੇ ਹੋਰੀਂ ਕਿੰਨੇ ਭਰਾ ਸਨ? ਉਹਨਾਂ ਦੇ ਕੀ ਨਾਂ ਸਨ?
3. ਲੇਖਕ ਦੇ ਦਾਦੇ ਹੋਰੀਂ ਇਕ-ਦਿਨ ਨਾਲ ਦੇ ਪਿੰਡ 'ਛਾਪੇ' ਕੀ ਕਰਨ ਗਏ?
4. ਚੌਧਰੀ ਚੜ੍ਹਤ ਸਿੰਘ ਬਾਬੇ ਪੁੰਨੂੰ ਕੋਲ ਕਿਉਂ ਆਇਆ?
5. ਦੂਜੇ ਦਿਨ ਚੌਧਰੀ ਨੇ ਪਹਿਲਵਾਨ ਨੂੰ ਕੀ ਕਿਹਾ?
6. ਬਾਬੇ ਪੁੰਨੂੰ ਨੂੰ ਧੀਰਜ ਨਾਲ ਕੀ ਕਿਹਾ?
7. ਡਿੱਗੇ ਹੋਏ ਸ਼ਹਿਤੂਤ ਦੇ ਦਰਖ਼ਤ ਨੂੰ ਬਾਬਾ ਆਪਣੇ ਘਰ ਕਿਵੇਂ ਲੈ ਗਿਆ?

## ਤੁਰਨ ਦਾ ਹੁਨਰ

1. ਕਿਹੜੇ ਲੋਕ ਸਦਾ ਗ਼ਲਤ ਨਿਸ਼ਾਨੇ ਤੇ ਪਹੁੰਚਦੇ ਹਨ?
2. ਪਹਾੜ ਜਾਂ ਸਮੁੰਦਰਾਂ ਦੇ ਕਿਨਾਰੇ ਸਾਨੂੰ ਕਿਉਂ ਚੰਗੇ ਲੱਗਦੇ ਹਨ?
3. ਲੇਖ ਅਨੁਸਾਰ ਕਿਸੇ ਸਿਆਣੇ ਨੇ ਤੁਰਨ ਬਾਰੇ ਕੀ ਵਿਚਾਰ ਪ੍ਰਗਟ ਕੀਤੇ ਹਨ?
4. ਆਤਮ-ਘਾਤੀ ਪ੍ਰਵਿਰਤੀ ਰੱਖਣ ਵਾਲੇ ਇਨਸਾਨਾਂ ਲਈ ਤੁਰਨ ਦਾ ਕੀ ਮਹੱਤਵ ਦੱਸਿਆ ਗਿਆ ਹੈ?
5. ਲੇਖਕ ਅਨੁਸਾਰ ਚਿਹਰੇ ਤੇ ਝੁਰੜੀਆਂ ਤੋਂ ਬਚਣ ਦਾ ਕੀ ਰਾਜ਼ ਹੈ?

**ਨੋਟ:- ਇਨ੍ਹਾਂ ਪ੍ਰਸ਼ਨਾਂ ਤੋਂ ਇਲਾਵਾ ਵਿਦਿਆਰਥੀ ਸਾਹਿਤ-ਮਾਲਾ ਦੀ ਪੁਸਤਕ ਦੇ ਵਾਰਤਕ ਭਾਗ 'ਚ ਲੇਖਾਂ 'ਚ ਦਿੱਤੇ ਅਭਿਆਸ ਦੇ ਪ੍ਰਸ਼ਨਾਂ ਦਾ ਵੀ ਅਭਿਆਸ ਕਰਨਗੇ।**

## ਇਕਾਂਗੀ ਭਾਗ

**ਪ੍ਰਸ਼ਨ:- VII ਇਕਾਂਗੀ 'ਚ ਪਾਤਰ ਉਸਾਰੀ**

1. **ਬੰਬ ਕੇਸ** (**ਇਕਾਂਗੀ**): ਵਜ਼ੀਰਾ, ਥਾਣੇਦਾਰ, ਸਿਪਾਹੀ, ਵੀਰਾਵਾਲੀ, ਦੀਪੋ ਆਦਿ
2. **ਨਾਇਕ** (**ਇਕਾਂਗੀ**): ਪਿਤਾ, ਪੁੱਤਰ
3. **ਸਮੁੰਦਰੋਂ ਪਾਰ** (**ਇਕਾਂਗੀ**): ਹਰਦੇਵ ਬਾਜਵਾ, ਸੁਖਦੇਵ, ਸ਼ਰਨ ਸਿੰਘ ਤੇ ਬਲਵੰਤ ਢਿਲੋਂ।
4. **ਜ਼ਫ਼ਰਨਾਮਾ** (**ਇਕਾਂਗੀ**): ਔਰੰਗਜ਼ੇਬ, ਜੀਨਤ-ਉਨ-ਨਿਸਾ, ਅਸਦ ਖਾਂਨ, ਬੇਗਮ ਉਦੈਪੁਰੀ ਤੇ ਸ਼ਾਹੀ ਹਕੀਮ।
5. **ਦੂਜਾ ਵਿਆਹ** (**ਇਕਾਂਗੀ**): ਮਨਜੀਤ, ਨਿਹਾਲ ਕੌਰ, ਸੁਖਦੇਵ ਸਿੰਘ, ਸੁਖਦੇਵ ਕੌਰ ਤੇ ਗੁਰਦਿੱਤ ਸਿੰਘ ਆਦਿ।

**ਨੋਟ:-** ਕਿਸੇ ਇੱਕ ਪਾਤਰ ਦੀ ਉਸਾਰੀ ਕਰਨੀ ਆਵੇਗੀ ਤੇ ਵਿਦਿਆਰਥੀ ਪੜ੍ਹ ਕੇ ਅਭਿਆਸ ਕਰਨਗੇ।

**ਪ੍ਰਸ਼ਨ:- VIII ਇਕਾਂਗੀ 'ਚ ਪ੍ਰਸੰਗ ਸਹਿਤ ਵਿਆਖਿਆ:**

ਇਹਨਾਂ ਸਾਰੀਆਂ ਇਕਾਂਗੀਆਂ ਵਿੱਚੋਂ ਕੋ **ਦੋ ਵਾਰਤਾਲਾਪ** ਆਉਣਗੀਆਂ। ਵਿਦਿਆਰਥੀਆਂ ਨੇ ਇੱਕ ਕਰਨੀ ਹੋਵੇਗੀ।

**ਉਦਾਹਰਨ ਦੇ ਤੌਰ ਤੇ:**

1. ਬੁੱਢੇ ਬਾਦਸ਼ਾਹ, ਭੁੱਲ ਗਿਆ ਹੈ? ਤੂੰ ਵੀ ਆਪਣੇ ਬਾਪ ਸ਼ਾਹ-ਜਹਾਨ ਦੀ ਮੌਤ ਦੀ ਇੰਤਜ਼ਾਰ ਨਹੀਂ ਸੀ ਕੀਤੀ।

ਪ੍ਰਸ਼ਨ:-1 ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਹਨ?

ਪ੍ਰਸ਼ਨ:-2 ਇਕਾਂਗੀ ਦੇ ਲੇਖਕ ਦਾ ਨਾਂ ਕੀਹੈ?

ਪ੍ਰਸ਼ਨ:-3 ਇਹ ਸ਼ਬਦ ਕਿਸਨੇ ਕਿਸਨੂੰ ਕਹੇ?

ਪ੍ਰਸ਼ਨ:-4 ਕਿਸ ਨੇ ਸ਼ਾਹ ਜਹਾਨ ਦੀ ਉਡੀਕ ਨਹੀਂ ਸੀ ਕੀਤੀ?

ਉੱਤਰ:-1 ਜ਼ਫ਼ਰਨਾਮਾ ਵਿੱਚੋ

ਉੱਤਰ:-2 ਡਾ. ਹਰਚਰਨ ਸਿੰਘ

ਉੱਤਰ:-3 ਇਹ ਸ਼ਬਦ ਅਵਾਜ਼ ਨੇ ਔਰੰਗਜ਼ੇਬ ਨੂੰ ਕਹੇ।

ਉੱਤਰ:-4 ਔਰੰਗਜ਼ੇਬ ਨੇ।

**ਨੋਟ:-** ਇਸ ਤਰ੍ਹਾਂ ਦੇ ਪ੍ਰਸ਼ਨਾਂ ਦੀ ਵਿਦਿਆਰਥੀ ਖ਼ੁਦ ਸਾਰੀਆਂ ਇਕਾਂਗੀਆਂ ਪੜ੍ਹਕੇ ਦੁਹਰਾਈ ਕਰਨਗੇ।

**ਪ੍ਰਸ਼ਨ:- IX ਵੰਨਗੀ ਪੁਸਤਕ**

**ਕਹਾਣੀ ਦਾ ਸਾਰ**

| | | |
|---|---|---|
| 1. ਕੁਲਫ਼ੀ | 4. ਬੰਮ ਬਹਾਦਰ | 7. ਇੱਕ ਪੈਰ ਘੱਟ ਤੁਰਨਾ |
| 2. ਮੜ੍ਹੀ ਤੋਂ ਦੂਰ | 5. ਬਾਗੀ ਦੀ ਧੀ | |
| 3. ਅੰਗ ਸੰਗ | 6. ਧਰਤੀ ਹੇਠਲਾ ਬਲਦ | |

**ਵਿਦਿਆਰਥੀ ਸਾਰੀਆਂ ਕਹਾਣੀਆਂ ਪੜ੍ਹਕੇ ਅਭਿਆਸ ਕਰਨਗੇ।**

**ਪ੍ਰਸ਼ਨ:-VII ਕਹਾਣੀ ਭਾਗ**

**ਨੋਟ:-** ਕਹਾਣੀਆਂ ਵਿੱਚੋਂ ਦੋ-ਦੋ ਨੰਬਰ ਦੇ ਪ੍ਰਸ਼ਨ ਬਣਾਏ ਗਏ ਹਨ। ਵਿਦਿਆਰਥੀ ਇਨ੍ਹਾਂ ਨੂੰ ਪੜ੍ਹਕੇ ਦੁਹਰਾਈ ਕਰਨਗੇ। ਕਹਾਣੀ ਭਾਗ ਵਿੱਚ ਕਹਾਣੀ 'ਚ ਦਿੱਤੇ ਗਏ ਅਭਿਆਸ ਪ੍ਰਸ਼ਨ ਦੀ ਦੁਹਰਾਈ ਕਰਨਗੇ।

## ਪ੍ਰਸ਼ਨ:- 10. ਪੁਸਤਕ - ਵੰਨਗੀ

# ਕਹਾਣੀਆਂ

## 1. ਕੁਲਫੀ

**ਸੰਖੇਪ ਪ੍ਰਸ਼ਨ:-**

1. ਕਹਾਣੀਕਾਰ (ਪ੍ਰਿੰ: ਸੁਜਾਨ ਸਿੰਘ) ਕੀ ਸੋਚ ਰਿਹਾ ਸੀ?
2. ਛੋਟੇ ਕਾਕੇ ਨੇ ਕਹਾਣੀਕਾਰ ਨੂੰ ਨੀਂਦ ਤੋਂ ਕਿਉਂ ਉਠਾਇਆ?
3. ਪਹਿਲੀ ਜੰਗ ਤੋਂ ਮਗਰੋਂ ਹੋਈ ਮਹਿੰਗਾਈ ਦੇ ਬਾਰੇ ਕਹਾਣੀਕਾਰ ਦੇ ਕੀ ਵਿਚਾਰ ਹਨ?
4. ਕਾਕੇ ਨੂੰ ਟਕਾ ਦੇਣ ਤੋਂ ਟਾਲਣ ਲਈ ਕਹਾਣੀਕਾਰ ਨੇ ਕੀ ਕਿਹਾ?
5. ਕਹਾਣੀਕਾਰ ਦੁਆਰਾ ਇੱਕ ਸਾਥੀ ਕੋਲੋਂ ਮੰਗੇ ਉਧਾਰੇ ਤਿੰਨ ਰੁਪਏ ਕਿੱਥੇ ਗਏ?
6. ਜਦੋਂ ਸ਼ਾਹਣੀ ਉਲਾਭਾ ਦੇਣ ਆਈ ਤਾਂ ਸ਼੍ਰੀਮਤੀ ਦਾ ਕੀ ਪ੍ਰਤੀਕਰਮ ਸੀ?

## 2. ਮੜ੍ਹੀਆਂ ਤੋਂ ਦੂਰ

1. ਕਹਾਣੀਕਾਰ ਨੂੰ ਟੈਲੀਫੋਨ ਕਿਸਦਾ ਆਇਆ ਤੇ ਕੀ ਗੱਲਬਾਤ ਹੋਈ?
2. ਆਪਣੀ ਮਾਂ ਦੀ ਦਰਦਨਾਕ ਖਾਹਿਸ਼ ਸੁਣ ਕੇ ਬਲਵੰਤ ਰਾਏ ਨੇ ਕੀ ਕਿਹਾ?
3. ਬਲਵੰਤ ਰਾਏ ਦੀ ਮਾਂ ਨੇ ਇੰਗਲੈਂਡ ਜਾਣ ਤੋਂ ਪਹਿਲਾਂ ਆਪਣੀਆਂ ਸਹੇਲੀਆਂ ਨੂੰ ਕੀ ਦੱਸਿਆ?
4. ਮਾਸੀ ਦੇ ਪੁੱਤਰ ਬਲਵੰਤ ਰਾਏ ਨੇ ਮਾਸੀ ਨਾਲ ਕਿਹੜੀ ਸਪੱਸ਼ਟ ਗੱਲ ਕੀਤੀ?
5. ਮਾਸੀ ਨੇ ਗੁਰਦੁਆਰੇ ਤੇ ਮੰਦਿਰ ਦੇ ਫ਼ਰਕ ਬਾਰੇ ਕੀ ਸਮਝਾਇਆ?
6. ਇੰਗਲੈਂਡ ਦੀ ਗਰਮੀ ਬਾਰੇ ਮਾਸੀ ਨੇ ਕੀ ਵਿਚਾਰ ਪ੍ਰਗਟਾਏ?
7. ਇੰਗਲੈਂਡ ਦੀ ਦੀਵਾਨੀ ਹੋਈ ਮਾਸੀ ਨੇ ਇੱਕ ਦਿਨ ਕਹਾਣੀਕਾਰ ਅਤੇ ਉਸਦੀ ਪਤਨੀ ਨੂੰ ਕੀ ਕਿਹਾ?
8. ਮਾਸੀ ਨੇ ਕਹਾਣੀਕਾਰ ਨੂੰ ਛੋਟੀ ਕੁੜੀ ਬਾਰੇ ਕੀ ਦੱਸਿਆ?
9. ਮਾਸੀ ਨੇ ਉਦਾਸ ਤੇ ਵਿਅੰਗਮਈ ਹਾਸਾ ਹੱਸਦਿਆਂ ਆਪਣੀ ਨੂੰਹ ਬਾਰੇ ਕਹਾਣੀਕਾਰ ਨੂੰ ਕੀ ਦੱਸਿਆ?
10. ਮਾਸੀ ਦੀਆਂ ਗੱਲਾਂ ਤੋਂ ਕਹਾਣੀਕਾਰ ਕਿਉਂ ਫਿਕਰਮੰਦ ਹੁੰਦਾ ਜਾ ਰਿਹਾ ਸੀ?

## 3. ਅੰਗ-ਸੰਗ

1. ਅਮਰੀਕ ਨੂੰ ਜੁੰਮੇਵਾਰੀ ਦੀ ਪੱਗ ਕਿਉਂ ਤੇ ਕਿਸਨੇ ਬੰਨ੍ਹਵਾਈ?
2. ਅਮਰੀਕ ਨੂੰ ਨਾਗ ਦਾ ਪਹਿਲਾ ਡੰਗ ਕਦੋਂ ਵੱਜਿਆ?
3. ਅਮਰੀਕ ਦੇ ਸਕੂਲ ਦਾਖ਼ਲ ਹੋਣ ਸਮੇਂ ਮਾਸਟਰ ਮੁਲਖ ਰਾਜ ਨੇ ਕੀ ਕਿਹਾ?
4. ਅਮਰੀਕ ਦੇ ਪਿਓ ਨੇ ਕਿਹੋ ਜਿਹੇ ਨਿੱਕੇ-2 ਸ਼ੁਗਲ ਪਾਲ ਰੱਖੇ ਸਨ?
5. ਅਮਰੀਕ ਦਾ ਦਾਦਾ ਜਦੋਂ ਆਖ਼ਰੀ ਵਾਰ ਘਰ ਆਇਆ ਤਾਂ ਉਸਨੇ ਕਰਤਾਰ ਸਿੰਘ ਨੂੰ ਕੀ ਕਿਹਾ?
6. ਅਮਰੀਕ ਕਿਸ ਗੱਲੋਂ ਖਿੱਝ ਕੇ ਆਪਣੇ ਬਾਪ ਨਾਲ ਝਗੜਿਆ ਤੇ ਬਾਪ ਨੇ ਅੱਗੋਂ ਕੀ ਜਵਾਬ ਦਿੱਤਾ?
7. ਨੌਕਰੀ ਤੇ ਜਾਣ ਤੋਂ ਪਹਿਲਾਂ ਅਮਰੀਕ ਨੇ ਆਪਣੇ ਛੋਟੇ ਭਰਾ ਮਹਿੰਦਰ ਨਾਲ ਵਾਹੀ ਬਾਰੇ ਕੀ ਗੱਲਾਂ ਕੀਤੀਆਂ?
8. "ਪਿਛੇ ਰਹਿ ਜਾਣਾ ਸੀ ਠੁਣ-ਠੁਣ ਗੋਪਾਲ" ਮਹਿੰਦਰ ਦੇ ਇਹਨਾਂ ਸ਼ਬਦਾਂ ਨੂੰ ਪਰਿਵਾਰ ਦੇ ਹੋਰ ਜੀਆਂ ਨੇ ਕਿਸ ਤਰ੍ਹਾਂ ਪ੍ਰਵਾਨ ਕੀਤਾ?

## 4. ਬੰਮ ਬਹਾਦਰ

1. ਮਹਾਰਾਜ ਠਰ੍ਹੰਮੇ ਨਾਲ ਮਾਤਾਦੀਨ ਨੂੰ ਕੀ ਬੋਲਿਆ?
2. ਮਹਾਰਾਜ ਜਦੋਂ ਉਦੈਪੁਰ ਤੋਂ ਵਿਆਹ ਕਰਾ ਕੇ ਆਪਣੀ ਰਿਆਸਤ ਵਿੱਚ ਪਹੁੰਚ ਰਹੇ ਸਨ ਤਾਂ ਬੰਮ ਬਹਾਦਰ ਦੀ ਸਜਾਵਟ ਕਿਸ ਤਰ੍ਹਾਂ ਲੱਗ ਰਹੀ ਸੀ?
3. ਮਹਾਰਾਜ ਨੇ ਨਵੀਂ ਮਹਾਰਾਣੀ ਦੀ ਜਾਣ-ਪਛਾਣ ਬੰਮ ਬਹਾਦਰ ਨਾਲ ਕਿਵੇਂ ਕਰਾਈ ਅਤੇ ਬੰਮ ਬਹਾਦਰ ਦਾ ਅੱਗੋਂ ਕੀ ਪ੍ਰਤੀਕਰਮ ਸੀ?

4. ਜਦੋਂ ਮਹਾਰਾਣੀ ਨੇ ਬੰਮ ਬਹਾਦਰ ਦੇ ਮੂੰਹ ਵਿੱਚ ਮੋਤੀਚੂਰ ਦੇ ਲੱਡੂ ਪਾਏ ਤਾਂ ਬੰਮ ਬਹਾਦਰ ਨਾਲ ਕਿਸ ਤਰ੍ਹਾਂ ਦਾ ਵਿਵਹਾਰ ਕੀਤਾ?
5. ਜਦੋਂ ਮਹਾਰਾਣੀ ਬੰਮ ਦੇ ਸੰਗਲ ਖੁਲ੍ਹਾ ਦਿੰਦੀ ਤਾਂ ਉਹ ਕੀ ਕਰਦਾ ਸੀ?
6. ਜਦੋਂ ਮਹਾਰਾਜ ਦੀ ਸਵਾਰੀ ਸ਼ਿਕਾਰ ਵਾਸਤੇ ਹਾਥੀਖ਼ਾਨੇ ਦੇ ਕੋਲੋਂ ਦੀ ਲੰਘੀ ਤਾਂ ਬੰਮ ਨੇ ਕੀ ਕੀਤਾ?
7. ਆਪਣੀ ਸੁੰਢ ਦੇ ਨਾਲ ਮਾਤਾਦੀਨ ਨੂੰ ਆਪਣੇ ਪੈਰਾਂ ਵਿੱਚ ਸੁੱਟਣ ਤੋਂ ਬਾਅਦ ਬੰਮ ਨੇ ਹੋਰ ਕੀ-ਕੀ ਨੁਕਸਾਨ ਕੀਤਾ?

## 5. ਬਾਗੀ ਦੀ ਧੀ

1. ਬੁਖ਼ਾਰ ਨਾਲ ਕੌਣ ਪਿਆ ਸੀ ਤੇ ਕਿਸ਼ਨ ਸਿੰਘ ਦਾ ਉਸ ਨਾਲ ਕੀ ਰਿਸ਼ਤਾ ਸੀ?
2. ਸ਼ਰਨ ਕੌਰ ਕੌਣ ਸੀ ਤੇ ਉਹ ਕਿੱਥੇ ਗਈ ਸੀ?
3. ਲਾਜ ਦੇ ਕਹਿਣ ਤੇ ਕਿ ਪਿਤਾ ਜੀ ਮੈਂ ਤਾਂ ਮਾੜੀ ਕੁੜੀ ਹੋਈ ਜਿਸਨੇ ਤੁਹਾਡੇ ਕੰਮ ਵਿੱਚ ਰੁਕਾਵਟ ਪਾਈ ਹੈ, ਪਿਤਾ ਨੇ ਲਾਜ ਨੂੰ ਕੀ ਕਿਹਾ?
4. ਵੀਰਾਂਵਾਲੀ ਨੇ ਜਦੋਂ ਲਾਜ ਨੂੰ ਕਿਹਾ ਕਿ ਤੇਰੇ ਪਿਤਾ ਜੀ ਫੜ੍ਹੇ ਗਏ ਤਾਂ ਤੇਰੀ ਦਵਾਈ ਕੌਣ ਕਰੇਗਾ, ਤੂੰ ਉਦਾਸ ਹੋ ਜਾਵੇਂਗੀ, ਲਾਜ ਦਾ ਕੀ ਉੱਤਰ ਸੀ?
5. ਭੂਆ ਨੇ ਲਾਜ ਦਾ ਇਲਾਜ ਕਿਸ ਤਰੀਕੇ ਨਾਲ ਕੀਤਾ ਤੇ ਉਸਨੂੰ ਕਿਥੇ ਲੈ ਗਈ?
6. ਜਮ੍ਹਾਦਾਰਨੀ ਨੇ ਜੇਲ੍ਹ ਦਾ ਨਾਂ ਸੁਣਕੇ ਸ਼ਰਨ ਕੌਰ ਨੂੰ ਲਾਜ ਬਾਰੇ ਕੀ-ਕੀ ਦੱਸਿਆ?

## 6. ਧਰਤੀ ਹੇਠਲਾ ਬਲਦ

1. ਠੱਠੀਖ਼ਾਰਾ ਕਿਸਦਾ ਪਿੰਡ ਸੀ ਤੇ ਕਿੱਥੇ ਸਥਿਤ ਸੀ?
2. ਮਾਨ ਸਿੰਘ ਅਤੇ ਕਰਮ ਸਿੰਘ ਨੇ ਕਿੱਥੇ ਤੇ ਕਿਹੜਾ ਕੰਮ ਇਕੱਠੇ ਕੀਤਾ?
3. ਕਰਮ ਸਿੰਘ ਇੱਕ ਬਹੁਤ ਵਧੀਆ ਨਿਸ਼ਾਨਚੀ ਸੀ, ਇਸ ਤੇ ਆਪਣੀ ਸਹਿਮਤੀ ਪ੍ਰਗਟਾਓ?
4. ਜਦੋਂ ਮਾਨ ਸਿੰਘ ਪਿਛਾਹ ਨੂੰ ਆਉਂਦੇ ਫ਼ੌਜੀ ਟਰੱਕ ਵਿੱਚ ਬੈਠਣ ਲੱਗੇ ਤਾਂ ਕਰਮ ਸਿੰਘ ਨੇ ਕੀ ਕਿਹਾ ਸੀ?
5. ਕਰਮ ਸਿੰਘ ਦੇ ਪਿੰਡ ਪਹੁੰਚ ਕੇ ਮਾਨ ਸਿੰਘ ਸਭ ਤੋਂ ਪਹਿਲਾਂ ਕਿਸਨੂੰ ਮਿਲਿਆ ਅਤੇ ਉਸਨੇ ਕੀ ਮਹਿਸੂਸ ਕੀਤਾ?
6. ਰਾਤ ਨੂੰ ਜਸਵੰਤ ਸਿੰਘ ਦੇ ਘਰ ਆਉਣ ਤੇ ਮਾਨ ਸਿੰਘ ਨੇ ਕਰਮ ਸਿੰਘ ਦੀ ਗੋਲੀ ਬਾਰੇ ਕੀ ਦੱਸਿਆ?
7. ਮਾਨ ਸਿੰਘ ਦੀ ਕਿਹੜੀ ਗੱਲ ਬਾਪੂ ਨੂੰ ਸੂਲ (ਕੰਡੇ) ਵਾਂਗ ਚੁੱਭੀ ਸੀ?
8. ਮੁੜਦੇ ਹੋਏ ਮਾਨ ਸਿੰਘ ਨੇ ਕੀ ਵੇਖਿਆ?

## 7. ਇੱਕ ਪੈਰ ਘੱਟ ਤੁਰਨਾ

1. ਜਦੋਂ ਰਸ਼ੀਦ ਹਸਪਤਾਲ ਗਿਆ ਤਾਂ ਡਾਕਟਰਾਂ ਨਾਲ ਉਸਦੀ ਕੀ ਗੱਲਬਾਤ ਹੋਈ?

2. ਰਸ਼ੀਦ ਨੇ ਡਾਕਟਰ ਨੂੰ ਆਪਣੀ ਬੀਵੀ ਤੇ ਬੱਚਿਆਂ ਬਾਰੇ ਕੀ ਦੱਸਿਆ?
3. ਰਮੇਸ਼ ਨੇ ਜਦੋਂ ਰਸ਼ੀਦ ਨੂੰ ਪੁੱਛਿਆ ਕੀ ਉਹ ਪਿੰਡ ਜਾ ਕੇ ਇਕੱਲਾ ਕੀ ਕਰੇਗਾ, ਰਸ਼ੀਦ ਨੇ ਕੀ ਜਵਾਬ ਦਿੱਤਾ?
4. ਸ਼ਹਿਰ ਤੋਂ ਪਿੰਡ ਤੱਕ ਦਾ ਸਫ਼ਰ ਰਸ਼ੀਦ ਨੇ ਕਿਸ ਤਰ੍ਹਾਂ ਤੈਅ ਕੀਤਾ?
5. ਰਸ਼ੀਦ ਨੇ ਜ਼ਿੰਦਰੇ ਨਾਲ ਕੀ ਮਸ਼ਕਰੀ ਕੀਤੀ ਤੇ ਇਸਨੂੰ ਕਿਸ ਤਰ੍ਹਾਂ ਖੋਲ੍ਹਿਆ?
6. ਰਸ਼ੀਦ ਦੁਆਰੇ ਪਾਲੇ ਗਏ ਕਬੂਤਰਾਂ ਬਾਰੇ ਜਾਣਕਾਰੀ ਦਿਓ?
7. ਬਿੱਲੀ ਦੇ ਬਲੂੰਗੜਿਆਂ ਨੂੰ ਰਸ਼ੀਦ ਕਿਵੇਂ ਪਿਆਰ ਕਰਦਾ ਹੈ?
8. ਰਸ਼ੀਦ ਨੇ ਸ਼ਾਮ ਨੂੰ ਕਿੰਨੇ ਪੈਸੇ ਦਿੱਤੇ ਅਤੇ ਕਿਉਂ?

**ਨੋਟ:- ਵੰਨਗੀ ਪੁਸਤਕ ’ਚ ਕਹਾਣੀਆਂ ’ਚ ਸ਼ਾਮਿਲ ਅਭਿਆਸ ਦੇ ਪ੍ਰਸ਼ਨਾਂ ਦਾ ਵੀ ਵਿਦਿਆਰਥੀ ਅਭਿਆਸ ਕਰਨਗੇ।**

**ਪ੍ਰਸ਼ਨ:- 11 ਨਾਵਲ ਪਹੁ-ਫੁਟਾਲੇ ਤੋਂ ਪਹਿਲਾਂ**

**ਪਾਤਰ-ਉਸਾਰੀ**

ਨੰਦ ਸਿੰਘ, ਨੱਥਾ, ਦੀਨਾ, ਜਗਨਾ, ਮਾਸਟਰ ਆਰ.ਸੀ. ਬੱਟਾ, ਰਾਜ ਕੌਰ, ਮਹੀਪਾਲ, ਚੰਦੂ ਚਪੜਾਸੀ, ਕਰਤਾ ਰਾਮ ਸੇਵਕ, ਖੇਮ ਚੰਦ, ਜੀਨਤ, ਮਾਹਲੂ, ਇੰਸਪੈਕਟਰ, ਪੰਡਿਤ ਜਵਾਹਰ ਲਾਲ ਨਹਿਰੂ, ਮਾਸਟਰ ਨੌਹਰੀਆ ਰਾਮ, ਨੌਜਵਾਨ ਕੁੜੀ ਆਦਿ।

**ਪ੍ਰਸ਼ਨ:- 12 ਨਾਵਲ ਪਹੁ-ਫੁਟਾਲੇ ਤੋਂ ਪਹਿਲਾਂ**

ਵਾਰਤਾਲਾਪ ਦਿੱਤੀ ਜਾਵੇਗੀ।

ਪ੍ਰਸੰਗ ਸਹਿਤ ਵਿਆਖਿਆ ਕਰਨੀ ਹੋਵੇਗੀ।

ਵਿਦਿਆਰਥੀ ਨਾਵਲ ਪੜ੍ਹ ਕੇ ਇਸਦਾ ਅਭਿਆਸ ਕਰਨਗੇ।

# ਪੇਪਰ- ਬੀ
# ਕਲਾਸ- ਦਸਵੀਂ (ਪੰਜਾਬੀ)
# ਵਿਆਕਰਨ

**ਪ੍ਰਸ਼ਨ:- 1**

ਵਿਆਕਰਨ 'ਚ ਆਉਣ ਵਾਲੇ ਇੱਕ-ਇੱਕ ਨੰਬਰ ਦੇ ਵਸਤੂ ਨਿਸ਼ਠ ਪ੍ਰਸ਼ਨ ਬਣਾਏ ਗਏ ਹਨ। ਵਿਦਿਆਰਥੀ ਇਨ੍ਹਾਂ ਨੂੰ ਪੜ੍ਹ ਕੇ ਦੁਹਰਾਈ ਕਰਨਗੇ।
**ਇਸ ਤੋਂ ਇਲਾਵਾ** ਵਿਆਕਰਨ ਦੀ ਪੁਸਤਕ ਅਜੋਕੀ-ਵਿਆਕਰਨ ਦੀ ਪੁਸਤਕ ਨੂੰ ਧਿਆਨ ਨਾਲ ਪੜ੍ਹਕੇ (ਦੁਹਰਾਈ) ਅਭਿਆਸ ਕਰਨਗੇ।

## ਪੇਪਰ- ਬੀ
## ਵਿਆਕਰਨ
## ਜਮਾਤ- ਦਸਵੀਂ

**ਪ੍ਰਸ਼ਨ:-1 ਵਿਆਕਰਨ ਭਾਗ ਵਿੱਚ ਵਸਤੂਨਿਸ਼ਠ ਪ੍ਰਸ਼ਨ:**

**1. ਵਿਆਕਰਨ ਅਤੇ ਉਸਦੇ ਅੰਗ:**

1. ਕਿਸੇ ਭਾਸ਼ਾ ਦੇ ਵਰਤਾਰੇ ਪਿਛੇ ਕੰਮ ਕਰਦੇ ਨਿਯਮ ਨੂੰ ਸਮਝਣ ਵਾਲੀ ਪੜ੍ਹਾਈ ਨੂੰ ਕੀ ਕਹਿੰਦੇ ਹਨ?
2. ਧੁਨੀਆਂ, ਸ਼ਬਦਾਂ, ਵਾਕਾਂ ਤੇ ਅਰਥਾਂ ਦਾ ਅਧਿਐਨ ਕਿਸ ਦੇ ਅੰਤਰਗਤ ਹੁੰਦਾ ਹੈ?
3. ਵਿਆਕਰਨ ਦੇ ਮੁੱਖ ਅੰਗ ਕਿੰਨੇ ਹਨ?
4. ਵਿਆਕਰਨ ਦੇ ਜਿਸ ਭਾਗ ਅਧੀਨ ਧੁਨੀਆਂ ਦਾ ਅਧਿਐਨ ਕੀਤਾ ਜਾਂਦਾ ਹੈ, ਉਸਨੂੰ ਕੀ ਕਹਿੰਦੇ ਹਨ?
5. ਵਿਆਕਰਨ ਦੇ ਜਿਸ ਭਾਗ ਅਧੀਨ ਸ਼ਬਦਾਂ ਦਾ ਅਧਿਐਨ ਕੀਤਾ ਜਾਂਦਾ ਹੈ, ਉਸਨੂੰ ਕੀ ਕਹਿੰਦੇ ਹਨ?
6. ਵਿਆਕਰਨ ਦੇ ਜਿਸ ਭਾਗ ਅਧੀਨ ਵਾਕਾਂ ਦਾ ਅਧਿਐਨ ਕੀਤਾ ਜਾਂਦਾ ਹੈ, ਉਸਨੂੰ ਕੀ ਕਹਿੰਦੇ ਹਨ?
7. ਕੀ ਕਿਸੇ ਭਾਸ਼ਾ ਉੱਤੇ ਕਿਸੇ ਬਾਹਰੀ ਭਾਸ਼ਾ ਦੇ ਨਿਯਮ ਲਾਗੂ ਹੁੰਦੇ ਹਨ?
8. ਸਮੇਂ ਦੇ ਬੀਤਣ ਨਾਲ ਵਿਆਕਰਨਿਕ ਨਿਯਮਾਂ ਵਿੱਚ ਤਬਦੀਲੀਆਂ ਹੁੰਦੀਆਂ ਹਨ ਜਾਂ ਨਹੀਂ?
9. ਭਾਸ਼ਾ ਦੇ ਸ਼ੁੱਧ ਤੇ ਮਿਆਰੀ ਰੂਪ ਸਮਝਣ ਲਈ ਕਿਸ ਚੀਜ਼ ਦੀ ਬੜੀ ਮਹੱਤਤਾ ਹੈ?

10. ਕਿਹੜੀ ਭਾਸ਼ਾ ਦੇ ਨਿਯਮ ਇੰਨੇ ਪੀਡੇ ਨਹੀਂ ਹੁੰਦੇ?
11. ਵਿਅਕਰਨ ਦੀ ਪੜ੍ਹਾਈ ਨਾਲ ਭਾਸ਼ਾ ਦਾ ਕਿਹੜਾ ਰੂਪ ਸਮਝਣ ਵਿੱਚ ਮੱਦਦ ਮਿਲਦੀ ਹੈ?

**2. ਭਾਸ਼ਾ ਤੇ ਪੰਜਾਬੀ ਭਾਸ਼ਾ:**

1. ਮਨੁੱਖ ਆਪਣੇ ਭਾਵਾਂ ਨੂੰ ਪ੍ਰਗਟਾਉਣ ਲਈ ਕਿਹੜੇ ਸਫਲ ਸਾਧਨ ਦੀ ਵਰਤੋਂ ਕਰਦਾ ਹੈ?
2. ਬੋਲੀ ਕਿੰਨੇ ਪ੍ਰਕਾਰ ਦੀ ਹੁੰਦੀ ਹੈ?
3. ਭਾਰਤ ਦੇ ਵੱਖ-ਵੱਖ ਇਲਾਕਿਆਂ ਵਿੱਚ ਲੋਕ ਇਕੋ ਭਾਸ਼ਾ ਬੋਲਦੇ ਹਨ ਜਾਂ ਵੱਖ-ਵੱਖ?
4. ਸਾਡੇ ਸੰਵਿਧਾਨ ਅਨੁਸਾਰ ਭਾਰਤ ਵਿੱਚ ਪ੍ਰਵਾਨਿਤ ਭਾਸ਼ਾਵਾਂ ਕਿੰਨੀਆਂ ਹਨ?
5. ਮੂੰਹ ਰਾਹੀਂ ਬੋਲੀ ਜਾਣ ਵਾਲੀ ਭਾਸ਼ਾ ਕਿਹੜੀ ਹੈ?
6. ਭਾਸ਼ਾ ਦੇ ਕਿਤਾਬਾਂ ਵਿੱਚ ਲਿਖੇ ਰੂਪ ਨੂੰ ਕੀ ਕਹਿੰਦੇ ਹਨ?
7. ਪੰਜਾਬੀ ਦੀ ਰਾਜ ਭਾਸ਼ਾ ਕਿਹੜੀ ਹੈ?
8. ਪੰਜਾਬੀ ਕਿਸ ਇਲਾਕੇ ਵਿੱਚ ਬੋਲੀ ਜਾਂਦੀ ਹੈ?
9. ਬੋਲੀ ਦੇ ਬੋਲ-ਚਾਲ ਦੇ ਇਲਾਕਾਈ ਰੂਪ ਨੂੰ ਕੀ ਕਹਿੰਦੇ ਹਨ?
10. ਇੱਕ ਭਾਸ਼ਾਈ ਖੇਤਰ ਵਿੱਚ ਪ੍ਰਤੀਤ ਹੋ ਰਹੇ ਭਿੰਨ-ਭਿੰਨ ਭਾਸ਼ਾ ਰੂਪਾਂ ਨੂੰ ਕੀ ਕਿਹਾ ਜਾਂਦਾ ਹੈ?
11. ਅੰਮ੍ਰਿਤਸਰ/ਤਰਨਤਾਰਨ/ਗੁਰਦਾਸਪੁਰ/ਲਾਹੌਰ ਵਿੱਚ ਬੋਲੀ ਜਾਣ ਵਾਲੀ ਉਪ ਭਾਸ਼ਾ ਕਿਹੜੀ ਹੈ?
12. ਮਾਝੀ ਬੋਲੀ ਜਾਣ ਵਾਲੀ ਉਪ ਭਾਸ਼ਾ ਕਿਹੜੇ ਇਲਾਕੇ ਵਿੱਚ ਬੋਲੀ ਜਾਂਦੀ ਹੈ? ਕੋਈ ਦੋ ਇਲਾਕਿਆਂ ਦੇ ਨਾਂ ਦੱਸੋ?
13. ਜ਼ਿਲ੍ਹਾ ਜਲੰਧਰ/ਕਪੂਰਥਲਾ/ਨਵਾਂ ਸ਼ਹਿਰ/ਹੁਸ਼ਿਆਰਪੁਰ ਵਿੱਚ ਕਿਹੜੀ ਉਪ ਭਾਸ਼ਾ ਬੋਲੀ ਜਾਂਦੀ ਹੈ?
14. ਦੁਆਬੀ ਬੋਲੀ ਜਾਣ ਵਾਲੀ ਉਪ ਭਾਸ਼ਾ ਕਿਹੜੇ ਇਲਾਕੇ ਵਿੱਚ ਬੋਲੀ ਜਾਂਦੀ ਹੈ ਤੇ ਕੋਈ ਦੋ ਇਲਾਕਿਆਂ ਦੇ ਨਾਂ ਦੱਸੋ?
15. ਲੁਧਿਆਣਾ/ਬਠਿੰਡਾ/ਮੋਗਾ/ਫਿਰੋਜਪੁਰ/ਮੁਕਤਸਰ/ਮਾਨਸ/ਫਤਿਹਗੜ੍ਹ ਸਾਹਿਬ/ਸੰਗਰੂਰ ਦਾ ਕੁੱਝ ਹਿੱਸਾ/ ਪਟਿਆਲੇ ਦਾ ਕੁਝ ਹਿੱਸੇ ਵਿੱਚ ਕਿਹੜੀ ਉਪ ਭਾਸ਼ਾ ਬੋਲੀ ਜਾਂਦੀ ਹੈ?
16. ਮਲਵਈ ਬੋਲੀਜਾਣ ਵਾਲੀ ਉਪ ਭਾਸ਼ਾ ਕਿਹੜੇ ਇਲਾਕੇ ਵਿੱਚ ਬੋਲੀ ਜਾਂਦੀ ਹੈ ਤੇ ਦੋ ਇਲਾਕਿਆਂ ਦੇ ਨਾਂ ਦੱਸੋ?
17. ਜਿਹਲਮ ਤੋਂ ਪਾਰ ਜ਼ਿਲ੍ਹਾ ਰਾਵਲਪਿੰਡੀ/ਜਿਹਲਮ ਵਿੱਚ ਕਿਹੜੀ ਉਪ ਭਾਸ਼ਾ ਬੋਲੀ ਜਾਂਦੀ ਹੈ?
18. ਪੰਜਾਬ ਦੀ ਟਕਸਾਲੀ ਬੋਲੀ ਕਿਹੜੀ ਹੈ?
19. ਪਾਕਿਸਤਾਨ ਵਿੱਚ ਬੋਲੀਆਂ ਜਾਂਦੀਆਂ ਦੋ ਪੰਜਾਬੀ ਉਪ ਭਾਸ਼ਾ ਦੇ ਨਾਂ ਲਿਖੋ?
20. ਕਿਹੜੀ ਭਾਸ਼ਾ ਸਿੱਖਿਆ ਦੀਆਂ ਜਰੂਰਤਾਂ ਪੂਰੀਆਂ ਕਰਦੀ ਹੈ?

### 3. ਧੁਨੀ ਬੋਧ:

1. ਧੁਨੀ ਦਾ ਕੀ ਅਰਥ ਹੈ?
2. ਬੋਲਣ ਵੇਲੇ ਮੂੰਹ ਵਿੱਚੋਂ ਨਿਕਲਣ ਵਾਲੀ ਆਵਾਜ਼ ਨੂੰ ਕੀ ਕਹਿੰਦੇ ਹਨ?
3. ਪੰਜਾਬੀ ਧੁਨੀਆਂ ਕਿੰਨੇ ਪ੍ਰਕਾਰ ਦੀਆਂ ਹਨ?
4. ਜਿਸ ਧੁਨੀ ਦੇ ਉਚਾਰਨ ਸਮੇਂ ਸਾਹ ਵਿੱਚੋਂ ਬੇਰੋਕ ਬਾਹਰ ਨਿਕਲਦਾ ਹੈ, ਉਸਨੂੰ ਕੀ ਕਹਿੰਦੇ ਹਨ?
5. ਜਿਨ੍ਹਾਂ ਧੁਨੀਆਂ ਨੂੰ ਉਚਾਰਨ ਸਮੇਂ ਉਚਾਰਨ ਅੰਗ ਵਿੱਚ ਥੋੜ੍ਹੀ ਬਹੁਤੀ ਰੁਕਾਵਟ ਪੈਦਾ ਹੁੰਦੀ ਹੈ, ਉਸਨੂੰ ਕੀ ਕਹਿੰਦੇ ਹਨ?
6. ਪੰਜਾਬੀ ਵਿੱਚ ਕਿੰਨ੍ਹੇ ਸੂਰ ਹਨ?
7. ਸੂਰ ਧੁਨੀਆਂ ਮੁੱਖ ਤੌਰ ਤੇ ਕਿੰਨੇ ਪ੍ਰਕਾਰ ਦੀਆਂ ਹੁੰਦੀਆਂ ਹਨ?
8. ਅ, ਇ, ਉ ਕਿਹੋ ਜਿਹੇ ਸੂਰ ਹਨ?
9. ਜਿਨ੍ਹਾਂ ਸੂਰਾਂ ਨੂੰ ਉਚਾਰਨ ਸਮੇਂ ਲਘੂ ਸੂਰਾਂ ਨਾਲੋਂ ਜਿਆਦਾ ਸਮਾਂ ਲੱਗਦਾ ਹੈ, ਉਸਨੂੰ ਕੀ ਕਹਿੰਦੇ ਹਨ?
10. ਸ ਤੋਂ ੜ ਅੱਖਰ ਕਿਹੜੀ ਧੁਨੀ ਪ੍ਰਗਟਾਉਂਦੇ ਹਨ?
11. ਙ, ਞ, ਣ, ਨ, ਮ ਕਿਹੜੀ ਕਿਸਮ ਦੇ ਵਿਅੰਜਨ ਹਨ?
12. ਪੰਜਾਬੀ ਦੀਆਂ ਨਾਸਿਕੀ ਧੁਨੀਆਂ ਸੂਰ ਹਨ ਜਾਂ ਵਿਅੰਜਨ ਹਨ?
13. ਨਾਸਿਕੀ ਧੁਨੀਆਂ ਨੂੰ ਪ੍ਰਗਟ ਕਰਨ ਵਾਲੇ ਪੰਜ ਅੱਖਰ ਲਿਖੋ?
14. ਪੰਜਾਬੀ ਵਿੱਚ ਫ਼ਾਰਸੀ ਸ਼ਬਦਾਂ ਨੂੰ ਲਿਖਣ ਲਈ ਕਿਹੜੀਆਂ ਧੁਨੀਆਂ ਸ਼ਾਮਿਲ ਕੀਤੀਆਂ ਗਈਆਂ ਹਨ?
15. ਗੁਰਮੁੱਖੀ ਲਿਪੀ ਦਾ ਦੂਜਾ ਨਾਂ ਕੀ ਹੈ?

### 4. ਲਿੱਪੀ ਅਤੇ ਗੁਰਮੁੱਖੀ ਲਿੱਪੀ:

1. ਕਿਹੜੀ ਚੀਜ਼ ਭਾਸ਼ਾ ਨੂੰ ਲਿਖਤੀ ਰੂਪ ਦਿੰਦੀ ਹੈ?
2. ਭਾਸ਼ਾ ਦੀ ਧੁਨੀ ਨੂੰ ਲਿਖਤੀ ਰੂਪ ਦੇਣ ਵਾਲੇ ਚਿੰਨ੍ਹ ਨੂੰ ਕੀ ਕਹਿੰਦੇ ਹਨ?
3. ਪੰਜਾਬੀ ਭਾਸ਼ਾ ਨੂੰ ਲਿਖਣ ਲਈ ਕਿਹੜੀ ਲਿੱਪੀ ਦੀ ਵਰਤੋਂ ਕਰਦੇ ਹਾਂ?
4. 'ੳ' ਤੋਂ 'ੜ' ਤੱਕ ਗੁਰਮੁੱਖੀ ਦੇ ਕਿੰਨੇ ਅੱਖਰ ਹਨ?
5. ਗੁਰਮੁੱਖੀ ਵਰਨਮਾਲਾ ਦਾ ਹੋਰ ਨਾਂ ਕੀ ਹੈ?
6. ਅਰਬੀ, ਫਾਰਸੀ ਧੁਨੀਆਂ ਨੂੰ ਅੰਕਿਤ ਕਰਨ ਲਈ ਪੈਂਤੀ ਵਿੱਚ ਕਿਹੜੇ ਨਵੇਂ ਅੱਖ਼ਰ ਸ਼ਾਮਿਲ ਕੀਤੇ ਗਏ ਹਨ?
7. 'ਲ' ਅੱਖਰ ਨੂੰ ਉਚਾਰਨ ਸਮੇਂ ਜੀਭ ਮੂੰਹ ਵਿੱਚ ਕਿੱਥੇ ਛੂੰਹਦੀ ਹੈ?
8. ਨਵੇਂ ਅੱਖਰ ਸ਼ਾਮਿਲ ਹੋਦ ਦੇ ਨਾਲ ਗੁਰਮੁਖੀ ਲਿਪੀ ਦੇ ਅੱਖਰਾਂ ਦੀ ਕੁੱਲ ਗਿਣਤੀ ਕਿੰਨੀ ਹੋ ਗਈ?
9. ਗੁਰਮੁੱਖੀ ਦੇ (ਸ ਤੋਂ ਲ ਤੱਕ) ਕਿੰਨੇ ਅੱਖਰ ਵਿਅੰਜਨ ਧੁਨੀਆਂ ਨੂੰ ਅੰਕਿਤ ਕਰਦੇ ਹਨ?
10. ਗੁਰਮੁੱਖੀ ਦੇ ਕਿੰਨੇ ਅੱਖਰ ਸੂਰ ਹਨ?
11. ਗੁਰਮੁੱਖੀ ਵਿੱਚ ਸੂਰ ਧੁਨੀਆਂ ਦੀ ਗਿਣਤੀ ਕਿੰਨੀ ਹੈ?

12. ਸੂਰ ਧੁਨੀਆਂ ਨੂੰ ਅੰਕਿਤ ਕਰਨ ਲਈ ਲਿਪੀ ਚਿੰਨ੍ਹਾਂ ਨੂੰ ਕੀ ਕਿਹਾ ਜਾਂਦਾ ਹੈ?
13. ਲਗਾਂ ਦੀ ਕਿਸ ਤੋਂ ਬਿਨ੍ਹਾਂ ਵਰਤੋਂ ਨਹੀਂ ਹੁੰਦੀ?
14. ੳ, ਅ ਤੇ ੲ ਅੱਖਰਾਂ ਵਿੱਚ ਕਿਸ ਨਾਲ ਔਂਕੜ, ਦੁਲੈਂਕੜ ਤੇ ਹੋੜਾ ਲਗ ਲਗਦੀ ਹੈ?
15. ਕਿਹੜੀ ਸੂਰ ਧੁਨੀ ਦਾ ਕੋਈ ਚਿੰਨ੍ਹ ਨਹੀਂ?
16. ਪੰਜਾਬੀ ਵਿੱਚ ਕਿਹੜੇ-ਕਿਹੜੇ ਅੱਖਰ ਪੈਰਾਂ ਵਿੱਚ ਲਿਖੇ ਜਾਂਦੇ ਹਨ?
17. ਦੁੱਤ ਅੱਖਰ ਕਿੰਨੇ ਅੱਖਰਾਂ ਦੇ ਮੇਲ ਤੋਂ ਬਣਿਆ ਹੈ?
18. ਕਿਹੜੇ ਅੱਖਰ ਉੱਤੇ ਹੋੜਾ ( ੋ ) ਪਾਉਣ ਨਾਲ ਉਸ ਦਾ ਮੂੰਹ ਖੁਲ੍ਹਾ ਰੱਖਿਆ ਜਾਂਦਾ ਹੈ?
19. ਨਾਸਿਕੀ ਸੂਰ ਚਿੰਨ੍ਹ ਕਿਹੜੇ-ਕਿਹੜੇ ਹਨ?
20. ਸੁੰਦਰ ਲਿਖਾਈ ਲਈ ਅੱਖਰਾਂ ਦਾ ਆਕਾਰ ਕਿਹੋ ਜਿਹਾ ਹੋਣਾ ਚਾਹੀਦਾ ਹੈ?

## 5. ਸ਼ਬਦ-ਬੋਧ

1. ਵਿਆਕਰਨ ਅਨੁਸਾਰ ਸ਼ਬਦ ਕਿੰਨੀ ਪ੍ਰਕਾਰ ਦੇ ਹੁੰਦੇ ਹਨ?
2. ਜਿਨ੍ਹਾਂ ਸ਼ਬਦਾਂ ਰਾਹੀਂ ਅਸੀਂ ਚੀਜ਼ਾਂ, ਮਨੁੱਖਾਂ ਅਤੇ ਥਾਵਾਂ ਦੇ ਨਾਂ ਲੈਂਦੇ ਹਾਂ, ਉਸਨੂੰ ਕੀ ਕਹਿੰਦੇ ਹਨ?
3. ਨਾਂਵ ਕਿੰਨੀ ਪ੍ਰਕਾਰ ਦੇ ਹਨ?
4. ਤਿੰਨ ਨਾਂਵ ਸ਼ਬਦ ਲਿਖੋ?
5. ਪਿੰਡ/ਆਦਮੀ/ਪਸ਼ੂ/ਮਕਾਨ/ਸਕੂਲ ਕਿਹੜੇ ਨਾਂਵ ਹਨ?
6. ਤਿੰਨ ਖਾਸ ਨਾਂਵ ਸ਼ਬਦ ਲਿਖੋ?
7. ਇਕੱਠ ਵਾਚਕ ਨਾਂਵ ਦੀਆਂ ਚਾਰ ਉਦਾਹਰਣਾਂ ਲਿਖੋ?
8. ਖੁਸ਼ੀ/ਗਮੀ/ਹੈਰਾਨੀ/ਸੁੰਦਰਤਾ/ਬਚਪਨ/ਹਵਾ ਸ਼ਬਦ ਕਿਸ ਪ੍ਰਕਾਰ ਦੇ ਨਾਂਵ ਹਨ?
9. ਜਿਹੜਾ ਸ਼ਬਦ ਨਾਂਵ ਦੀ ਥਾਂ ਵਰਤਿਆ ਜਾਵੇ, ਉਸਨੂੰ ਕੀ ਕਹਿੰਦੇ ਹਨ?
10. ਪੜਨਾਂਵ ਕਿੰਨੀ ਪ੍ਰਕਾਰ ਦੇ ਹਨ?
11. ਪੁਰਖ ਵਾਚਕ ਪੜਨਾਂਵ ਕਿੰਨੀ ਪ੍ਰਕਾਰ ਦੇ ਹੁੰਦੇ ਹਨ?
12. ਜਿਹੜੇ ਸ਼ਬਦ ਕਿਸੇ ਕੰਮ ਦਾ ਹੋਣਾ, ਕਰਨਾ ਜਾਂ ਵਾਪਰਨਾ ਆਦਿ ਕਾਲ ਸਹਿਤ ਪ੍ਰਗਟ ਕਰੇ, ਉਸਨੂੰ ਕੀ ਕਹਿੰਦੇ ਹਨ?
13. ਉੱਠਣਾ/ਜਾਗਣਾ/ਸੌਣਾ/ਖਾਣਾ ਸ਼ਬਦ ਕੀ ਹਨ?
14. ਕਿਰਿਆ ਕਿੰਨੀ ਪ੍ਰਕਾਰ ਦੀ ਹੈ?
15. ਨਾਂਵ ਦੀ ਵਿਸ਼ੇਸ਼ਤਾ, ਗੁਣ, ਔਗੁਣ ਦੀ ਗਿਣਤੀ ਮਿਣਤੀ ਦੱਸਣ ਵਾਲੇ ਸ਼ਬਦ ਨੂੰ ਕੀ ਕਹਿੰਦੇ ਹਨ?
16. 'ਮੇਰੀ ਚੁੰਨੀ ਦਾ ਰੰਗ ਪੀਲਾ ਹੈ' ਇਸ ਵਾਕ ਵਿੱਚ ਵਿਸ਼ੇਸ਼ਣ ਕਿਹੜਾ ਹੈ?
17. ਵਿਸ਼ੇਸ਼ਣ ਕਿੰਨੀ ਪ੍ਰਕਾਰ ਦੇ ਹਨ?
18. ਚਿੱਟਾ/ਕਾਲਾ/ਸੋਹਣਾ/ਵੱਡਾ/ਭੈੜਾ ਆਦਿ ਸ਼ਬਦ ਕਿਸ ਪ੍ਰਕਾਰ ਦੇ ਵਿਸ਼ੇਸ਼ਣ ਹਨ?

19. 'ਬਾਰ੍ਹਵੀਂ ਸਕੂਲ ਦੀ ਉੱਚਤਮ ਸ਼੍ਰੇਣੀ ਹੈ।' ਇਸ ਵਾਕ ਵਿੱਚ 'ਉਚਤਮ' ਗੁਣਵਾਚਕ ਵਿਸ਼ੇਸ਼ਣ ਦੀ ਕਿਹੜੀ ਅਵਸਥਾ ਹੈ?
20. 'ਮੇਰਾ ਚਾਕੂ ਤੇਰੇ ਚਾਕੂ ਨਾਲੋਂ ਤੇਜ਼ ਹੈ।' ਇਸ ਵਾਕ ਵਿੱਚ ਤੇਜ਼ ਗੁਣਵਾਚਕ ਵਿਸ਼ੇਸ਼ਣ ਕਿਹੜੀ ਅਵਸਥਾ ਵਿੱਚ ਹੈ?

**ਨੋਟ:- ਇਨ੍ਹਾਂ ਪ੍ਰਸ਼ਨਾਂ ਤੋਂ ਇਲਾਵਾ ਵਿਦਿਆਰਥੀ ਅਜੋਕੀ ਵਿਆਕਰਨ ਦੀ ਪੁਸਤਕ 'ਚੋਂ ਅਭਿਆਸ ਕਰਨਗੇ।**

## ਕਲਾਸ - ਦਸਵੀਂ

## ਵਿਆਕਰਨ

**ਪ੍ਰਸ਼ਨ:- 2 ਲੇਖ:-**

(ੳ) **ਜੀਵਨੀ:-** ਮਹਾਤਮਾ ਗਾਂਧੀ, ਸ਼ਹੀਦ ਭਗਤ ਸਿੰਘ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ।

(ਅ) **ਸਮੱਸਿਆਵਾਂ:-** ਮਹਿੰਗਾਈ ਦੀ ਸਮੱਸਿਆ, ਵੱਧ ਰਹੇ ਨੌਜਵਾਨਾਂ 'ਚ ਨਸ਼ੇ ਦੀ ਸਮੱਸਿਆ, ਪਾਣੀ ਦੀ ਵੱਧ ਰਹੀ ਸਮੱਸਿਆ।

(ੲ) **ਮੇਲੇ/ਤਿਉਹਾਰ:-** ਲੋਹੜੀ, ਰੱਖੜੀ, ਪੰਜਾਬ ਦੇ ਮੇਲੇ, ਕੋਈ ਪੇਂਡੂ ਮੇਲਾ, ਪੰਜਾਬ ਦੇ ਲੋਕ ਗੀਤ, ਪੰਜਾਬ ਦੀਆਂ ਖੇਡਾਂ।

(ਸ) **ਵਿਦਿਆਰਥੀ ਜੀਵਨ ਦੇ ਪੱਖ/ਯਾਤਰਾਵਾਂ ਨਾਲ ਸੰਬੰਧਿਤ:-** ਵਿਦਿਆਰਥੀ ਜੀਵਨ 'ਚ ਅਨੁਸ਼ਾਸ਼ਨ ਦੀ ਮਹੱਤਤਾ,ਵਿਦਿਆਰਥੀ ਜੀਵਨ 'ਚ ਮਿੱਤਰਤਾ ਦੀ ਮਹੱਤਤਾ, ਸਮੇਂ ਦਾ ਮਹੱਤਵ, ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆ ਤਤੁ, ਕੰਪਿਊਟਰ ਤੇ ਇੰਟਰਨੈਟ ਦੀ ਸਹੀ ਵਰਤੋਂ।

(ਹ) **ਵਿਗਿਆਨ ਅਤੇ ਵਿਗਿਆਨਕ ਚੇਤਨਾ:-** ਇਕਵੀਂ ਸਦੀ 'ਚ ਵਿਗਿਆਨ ਦੀ ਭੂਮਿਕਾ, ਡਾ. ਅਬਦੁਲ ਕਲਾਮ ਇੱਕ ਵਿਗਿਆਨੀ ਦੇ ਤੌਰ ਤੇ।

**ਪ੍ਰਸ਼ਨ:- 3 ਪੱਤਰ/ਬਿਨੈ ਪੱਤਰ**

**ਨਿੱਜੀ:-** (1) ਹੋਸਟਲ 'ਚ ਰਹਿੰਦੇ ਹੋਏ ਨਵੇਂ ਬਣੇ ਦੋਸਤਾਂ ਦੀ ਜਾਣਕਾਰੀ ਆਪਣੇ ਮਾਤਾ ਜੀ ਨੂੰ ਪੱਤਰ ਲਿਖੋ।

(2) ਆਪਣੇ ਭੈਣ/ਭਰਾ ਨੂੰ ਫੈਸ਼ਨਪ੍ਰਸਤੀ ਤੋਂ ਹੱਟ ਕੇ ਸਾਦਾ ਜੀਵਨ ਬਤੀਤ ਕਰਨ ਬਾਰੇ ਪੱਤਰ ਲਿਖੋ।

(3) ਟੂਰ ਤੇ ਜਾਣ ਲਈ ਮਾਤਾ ਜੀ ਤੋਂ ਆਗਿਆ ਪੱਤਰ।

(4) ਸਕੂਲ ਵਿੱਚ ਆਏ ਨਵੇਂ ਅਧਿਆਪਕ ਦੀਆਂ ਕਿਹੜੀਆਂ-2 ਚੰਗੀਆਂ ਗੱਲਾਂ ਲੱਗੀਆਂ ਉਸ ਬਾਰੇ ਆਪਣੇ ਮਾਤਾ-ਪਿਤਾ ਨੂੰ ਪੱਤਰ ਲਿਖੋ।

(5) ਆਪਣੇ ਪਿਤਾ ਜੀ ਤੋਂ 2●●● ਰੁਪਏ ਝੂਠ ਬੋਲਕੇ ਸਕੂਲ ਦੇ ਕਿਸੀ ਪ੍ਰੋਜੈਕਟ ਤੇ ਖ਼ਰਚ ਕਰਨ ਦੀ ਬਜਾਏ ਤੁਸੀਂ ਕਿਸੇ ਹੋਰ ਜਗ੍ਹਾ ਤੇ ਖ਼ਰਚ ਕਰਕੇ ਇਸ ਦੇ ਭੁੱਲ ਨੂੰ ਸਵੀਕਾਰ ਕਰਦੇ ਹੋਏ ਆਪਣੇ ਪਿਤਾ ਤੋਂ ਮੁਆਫ਼ੀ ਲਈ ਪੱਤਰ।

(6) ਤੁਹਾਨੂੰ ਆਪਣੇ ਦੋਸਤ ਵੱਲ ਭੇਜੀ ਗਈ 'ਕਿਤਾਬ' ਲਈ ਧੰਨਵਾਦ ਪੱਤਰ ਲਿਖੋ।

**ਰਿਸ਼ਤੇਦਾਰ**:- ਤੁਹਾਡੀ ਮਾਤਾ ਜੀ ਦੀ ਤਬੀਅਤ ਖ਼ਰਾਬ ਹੈ, ਤੁਸੀਂ ਇਸ ਲਈ ਮਾਮੇ ਨੂੰ ਸੂਚਨਾ ਦੇਣ ਲਈ ਪੱਤਰ ਲਿਖੋ।

**ਅਰਜੀਆਂ**:- (1) ਸੁਪਰਡੈਂਟ ਆਫ਼ ਪੁਲਿਸ ਨੂੰ ਸ਼ਹਿਰ ਵਿੱਚ ਵੱਧ ਰਹੀਆਂ ਹਤਿਆਵਾਂ, ਚੋਰੀਆਂ ਤੇ ਡਕੈਤੀਆਂ ਦੀ ਰੋਕਥਾਮ ਬਾਰੇ।

(2) ਬਿਜਲੀ ਵਿਭਾਗ ਦੇ ਉਪ ਮੰਡਲ ਦੇ ਅਧਿਕਾਰੀ ਨੂੰ ਪੱਤਰ ਲਿਖੋ ਜਿਸ ਵਿੱਚ ਵਾਰ-2 ਬਿਜਲੀ ਜਾਣ ਦੀ ਸ਼ਿਕਾਇਤ ਸੰਬੰਧੀ ਜਾਂ ਕੱਟ ਲੱਗਣ ਸੰਬੰਧੀ।

(3) ਪੰਜਾਬ ਰੋਡਵੇਜ਼ ਰੋਪੜ ਦੇ ਮੈਨੇਜਰ ਨੂੰ ਪੱਤਰ ਲਿਖੋ ਜਿਸ ਵਿੱਚ ਇਹ ਕਿਹਾ ਗਿਆ ਹੋਵੇ ਕਿ ਵਿਦਿਆਰਥੀਆਂ ਨੂੰ ਦੇਖਦੇ ਸਾਰ ਡਰਾਈਵਰ ਬੱਸਾਂ ਨਾ ਭਜਾਉਣ ਸਗੋਂ ਅਰਾਮ ਨਾਲ ਚਲਾਉਣ।

## ਨੋਟ:- ਪ੍ਰਸ਼ਨ 2 ਤੇ 3 ਵਿਦਿਆਰਥੀ ਪਾਠ-ਪੁਸਤਕ ਵਿਆਕਰਨ ਵਿੱਚੋਂ ਅਭਿਆਸ ਕਰਨਗੇ।

**ਪ੍ਰਸ਼ਨ:- 4 ਸੰਖੇਪ ਰਚਨਾ ਦੇ ਅਭਿਆਸ ਲਈ ਪੈਰ੍ਹੇ:**

1. ਮੇਰੀਆਂ ਨਜ਼ਰਾਂ ਵਿੱਚ ਸੱਚੀ ਖੁਸ਼ਹਾਲੀ ਉਹ ਹੈ, ਜਿਦ੍ਹੇ ਵਿੱਚ ਨਾ ਥੋੜ੍ਹ ਦੀ ਚਿੰਤਾ ਹੋਵੇ ਨਾ ਬਹੁਲਤਾ ਦਾ ਭਾਰ ਹੋਵੇ। ਮਨੁੱਖ ਆਪਣੀ ਚੰਗੀ ਖ਼ਿਦਮਤ ਦੁਨੀਆਂ ਨੂੰ ਦੇਵੇ ਤੇ ਉਸ ਖ਼ਿਦਮਤ ਲਈ ਲੋੜੀਂਦੇ ਸਵਾਦਾਂ ਸਮਾਨਾਂ ਉੱਤੇ ਹੱਕ ਸਮਝੇ। ਉਹਦੇ ਕੋਲ ਥੋੜ੍ਹੀ ਜਿਹੀ ਵਿਹਲ ਵੀ ਹੋਵੇ, ਤੇ ਉਹਦੇ ਕੋਲ ਉਹ ਸਾਰੇ ਸਮਾਨ ਹੋਣ ਜਿਨ੍ਹਾਂ ਨਾਲ ਆਪਣੀ ਆਤਮਾ ਦੇ ਅੰਦਰਲੇ ਦ੍ਰਿਸ਼ ਨੂੰ ਬਾਹਰ ਨਿਰੂਪਣ ਕੀਤਾ ਜਾ ਸਕੇ। ਜਦ ਤੱਕ ਏਨੀ ਕੁ ਖੁਸ਼ਹਾਲੀ ਮਨੁੱਖ ਕੋਲ ਨਹੀਂ ਹੁੰਦੀ, ਉਦੋਂ ਤੱਕ ਉਹ ਆਪਣੀ ਅਤਿ ਚੰਗੀ ਖ਼ਿਦਮਤ ਦੁਨੀਆਂ ਨੂੰ ਨਹੀਂ ਦੇ ਸਕਦਾ। ਨਾ ਧਨ ਜੋੜਨ ਵਿੱਚ ਖ਼ੁਸ਼ਹਾਲੀ ਹੈ, ਨਾ ਤਿਆਗ ਤੇ ਦਲਿੱਦਰ ਵਿੱਚ। ਸੱਚੀ ਖ਼ੁਸ਼ਹਾਲੀ ਇਹ ਹੈ ਕਿ ਸਿਹਤ ਚੰਗੀ ਹੋਵੇ, ਅਕਲ ਵਿੱਚ ਰੋਜ਼ਾਨਾ ਵਾਧਾ ਹੋਵੇ, ਘਰ ਸੋਹਣਾ, ਸਾਫ਼ ਤੇ ਨਾ ਲੋੜ ਨਾਲੋਂ ਛੋਟਾ ਤੇ ਨਾ ਲੋੜ ਨਾਲੋਂ ਵੱਡਾ ਹੋਵੇ, ਚੰਗਾ ਸਾਥ ਹੋਵੇ, ਭਾਵੇਂ ਇਹ ਸਾਥ ਪਤਨੀ ਦਾ ਹੋਵੇ ਤੇ ਭਾਵੇਂ ਕੋਈ ਹੋਰ। ਜੇ ਬੱਚੇ ਹੋਣ ਤਾਂ ਸਾਫ਼ ਕੱਪੜਿਆਂ ਵਿੱਚ ਹੱਸਦੇ-ਖੇਡਦੇ ਹੋਣ। ਕਰਨ ਲਈ ਕੰਮ ਹੋਵੇ, ਏਸ ਕੰਮ ਵਿੱਚ ਚਿਤ ਲਗਦਾ ਹੋਵੇ, ਇਹ ਕੰਮ ਦੁਨੀਆਂ ਦਾ ਕੁਝ ਸੁਆਰਦਾ ਹੋਵੇ, ਦੁਨੀਆਂ ਦਾ ਸੁੱਖ ਵਧਾਉਂਦਾ ਹੋਵੇ ਤਾਂ ਗਿਆਨ ਵਿੱਚ ਵਾਧਾ ਕਰਦਾ ਹੋਵੇ। ਮੁਹਤਾਜੀ ਦੀ ਚਿੰਤਾ ਨਾ ਹੋਵੇ, ਗੁਆਂਢੀ ਵੀ ਖੁਸ਼ਹਾਲ ਹੋਣ, ਆਲੇ ਦੁਆਲੇ ਖੇੜਾ ਹੋਵੇ ਤੇ ਏਸ ਖੇੜੇ ਵਿੱਚ ਅਸਾਂ ਵੀ ਹਿੱਸਾ ਪਾਇਆ ਹੋਵੇ।

2. ਅਸੀਂ ਇੱਕ ਕਤਈ ਯੁੱਧ ਵਿੱਚ ਰੁਝੇ ਹੋਏ ਹਾਂ। ਸਾਡੇ ਲਈ ਇਹ ਜ਼ਿੰਦਗੀ ਤੇ ਮੌਤ ਦੀ ਲੜਾਈ ਹੈ। ਭਾਵੇਂ ਹੁਣ ਖ਼ਤਰਾ ਉਨ੍ਹਾਂ ਨਹੀਂ ਜਿਨ੍ਹਾਂ ਕਿ 194● ਵਿੱਚ ਸੀ। ਕਿਉਂਕਿ ਉਦੋਂ ਅਸੀਂ ਬਿਲਕੁਲ ਇਕੱਲੇ ਸਾਂ। ਫਿਰ ਵੀ ਜੇ ਅਸੀਂ ਇੱਕ-ਮੁਠ ਹੋ ਕੇ ਕੰਮ ਨਾ ਕਰਦੇ, ਜੇ ਸਾਡੇ ਕਦਮ ਢਿੱਲੇ ਪੈ ਜਾਂਦੇ, ਜੇ ਅਸੀਂ ਅਲੱਗ ਹੋ ਜਾਂਦੇ, ਜੇ ਅਸੀਂ ਉਦਾਸੀਨਤਾ ਦਾ ਸ਼ਿਕਾਰ ਹੋ ਜਾਂਦੇ ਅਤੇ ਜੇ ਸਾਰੇ ਸੰਯੁਕਤ ਰਾਸ਼ਟਰਾਂ ਦਾ ਵੀ ਇਹੋ ਹਾਲ ਹੁੰਦਾ ਤਾਂ ਸਾਡੇ ਸਿਰ ਹੁਣ ਨਾਲੋਂ ਵੀ ਵੱਧ ਭਿਆਨਕ ਤੇ ਮਾਰੂ ਖਤਰੇ ਆ ਪੈਂਦੇ। ਅਜਿਹੀ ਸੂਰਤ ਵਿੱਚ ਅਸੀਂ ਥੱਕ ਜਾਂਦੇ। ਨਾ ਸਾਡੇ ਸੈਨਿਕਾਂ ਨੂੰ ਲੋੜੀਂਦਾ ਦਾਰੂ ਸਿੱਕਾ ਪਹੁੰਚਦਾ ਅਤੇ ਨਾ ਹੀ ਲੋੜ ਅਨੁਸਾਰ ਕੰਮ ਕਰਨ ਵਾਲੇ ਲੱਭਦੇ। ਸਾਡਾ ਵੈਰੀ ਸਾਡੇ ਨਾਲ ਕਿਸ ਆਸ ਉੱਤੇ ਲੜ ਰਿਹਾ ਹੈ? ਉਸ ਦੀ ਆਸ ਹੈ ਕਿ ਅਸੀਂ ਥੱਕ ਜਾਵਾਂਗੇ ਅਤੇ ਸਾਡੇ ਲੋਕਤੰਤਰ ਲੰਬੇ ਪੈਂਡਿਆਂ ਉੱਤੇ ਤੁਰ-ਤੁਰ ਕੇ ਹੰਭ ਜਾਣਗੇ। ਉਹਨਾਂ ਦਾ ਇਹ ਵੀ ਖ਼ਿਆਲ ਸੀ ਕਿ ਲੜਾਈ ਦਾ ਪੰਜਵਾਂ ਸਾਲ ਹੋਣ ਦੇ ਕਾਰਨ ਸਾਡੇ ਵਿੱਚ ਸ਼ੰਕੇ, ਨਿਰਾਸ਼ਾ ਤੇ ਢਿਲ-ਮੱਠ ਪੈਦਾ ਹੋ ਜਾਵੇਗੀ। ਜੇ ਤੀਵੀਆਂ ਸਾਡੇ ਕਦਮ ਨਾਲ ਕਦਮ ਜੋੜ ਕੇ ਨਾ

ਤੁਰਦੀਆਂ ਅਤੇ ਹਰ ਤਰ੍ਹਾਂ ਦੇ ਉਹਨਾਂ ਕੰਮਾਂ ਨੂੰ ਖੁਸ਼ੀ-ਖੁਸ਼ੀ ਨਾ ਸੰਭਾਲਦੀਆਂ ਜਿਨ੍ਹਾਂ ਲਈ ਉਹਨਾਂ ਨੂੰ ਆਮ ਤੌਰ 'ਤੇ ਯੋਗ ਨਹੀਂ ਸਮਝਿਆ ਜਾਂਦਾ ਤਾਂ ਸਾਡਾ ਯੁੱਧ ਯਤਨ ਸ਼ਾਇਦ ਇਨ੍ਹਾਂ ਸਫ਼ਲ ਨਾ ਹੁੰਦਾ। ਪਰ ਸਾਡੀਆਂ ਤੀਵੀਆਂ ਖੇਤਾਂ, ਵੱਡੇ ਕਾਰਖਾਨਿਆਂ, ਦੁਕਾਨਾਂ, ਰੇਡੀਓ-ਘਰਾਂ, ਹਸਪਤਾਲਾਂ ਆਦਿ ਵਿੱਚ ਕੰਮ ਕਰਦੀਆਂ ਹਨ। ਇਸ ਦੇ ਇਲਾਵਾ ਉਹ ਦਫ਼ਤਰਾਂ ਵਿੱਚ ਬੜੀ ਜ਼ਿੰਮੇਵਾਰੀ ਦੇ ਕੰਮ ਨੂੰ ਸੰਭਾਲਦੀਆਂ ਅਤੇ ਦਾਰੂ ਸਿੱਕੇ ਦੇ ਕਾਰਖਾਨਿਆਂ ਵਿੱਚ ਕੰਮ ਕਰਦੀਆਂ ਹਨ। ਇਸ ਨਾਲ ਸਾਡੇ ਮਰਦ ਬੱਝ ਕੇ ਬਹਿਣ ਵਾਲੇ ਕੰਮਾਂ ਤੋਂ ਮੁਕਤ ਹੋ ਕੇ ਸੈਨਿਕ ਕਰਮ ਦੇ ਯੋਗ ਹੋ ਗਏ ਹਨ।

3. ਅਰਦਾਸ ਦਾ ਅਸਲ ਮੰਤਵ ਦਾਤਾਂ ਮੰਗਣੀਆਂ ਨਹੀਂ। ਵਾਹਿਗੁਰੂ ਤਾਂ ਸਾਡੇ ਅੰਦਰ ਦੀਆਂ ਜਾਣਦਾ ਹੈ। ਸਾਡੇ ਮੰਗੇ ਬਗ਼ੈਰ ਹੀ ਉਸ ਨੂੰ ਸਾਡੀਆਂ ਲੋੜਾਂ ਦਾ ਪਤਾ ਹੈ। ਆਪਣੀਆਂ ਦਾਤਾਂ ਉਹ ਸਾਡੇ 'ਤੇ, ਬਿਨਾਂ ਮੰਗੇ ਹੀ ਲੁਟਾਂਦਾ ਫਿਰਦਾ ਹੈ। ਉਹ ਤਾਂ ਚੰਗੇ ਮੰਦੇ ਸਭ ਜੀਆਂ ਦਾ ਫ਼ਿਕਰ ਕਰਦਾ ਹੈ। ਉਸ ਦਾ ਸੂਰਜ ਪਾਪੀਆਂ ਤੇ ਪੁੰਨੀਆਂ ਦੋਨਾਂ ਲਈ ਇੱਕੋ ਜਿਹੀ ਧੁੱਪ ਵਰਤਾਂਦਾ ਹੈ। ਉਸ ਦੀ ਧਰਤੀ ਨਿਆਈਆਂ, ਅਨਿਆਈਆਂ ਸਭਨਾਂ ਨੂੰ ਇੱਕਸਾਰ ਠਾਰਦੀ ਹੈ। ਉਸ ਦੀ ਬਖ਼ਸ਼ਿਸ਼ ਤਾਂ ਅਵਿਰਲ ਬਰਸਦੀ ਹੈ। ਦਾਤਾਂ ਦੇਣ ਲਈ ਉਹ ਸਾਡੀਆਂ ਅਰਦਾਸਾਂ ਕਦੋਂ ਉਡੀਕਤਾ ਹੈ? ਪੂਰਨ ਪਿਆਰ ਉਸ ਦੀ ਰੀਤ ਹੈ। ਪਿਆਰ ਵਿੱਚ ਉਸ ਨੇ ਸਾਡੇ ਲਈ ਦਾਤਾਂ ਦੀ ਲੋਟ ਪਾਈ ਹੋਈ ਹੈ। ਮੰਦੇ ਉਸ ਪਾਸੋਂ ਮੰਗਦੇ ਵੀ ਨਹੀਂ, ਫਿਰ ਵੀ ਦਾਤਾਂ ਪ੍ਰਾਪਤ ਕਰਦੇ ਹਨ। ਚੰਗੇ ਮੰਗਦੇ ਹਨ, ਪਰ ਕਿਤਨਾ ਕੁਝ ਮੰਗਦੇ ਹਨ? ਮੰਗੇ ਤੋਂ ਵਧੀਕ ਉਹਨਾਂ ਨੂੰ ਕੁਝ ਨਹੀਂ ਮਿਲਦਾ। ਅਰਦਾਸ ਦਾ ਅਸਲ ਮੰਤਵ ਲੋੜਾਂ ਦੱਸਣਾ ਨਹੀਂ, ਵਾਹਿਗੁਰੂ ਦੀ ਨੇੜਤਾ ਪ੍ਰਾਪਤ ਕਰਨਾ ਹੈ। ਅਰਦਾਸ ਤਾਂ ਵਾਹਿਗੁਰੂ ਜੀ ਅੱਗੇ ਆਪਣਾ ਦਿਲ ਖੋਲ੍ਹਣ ਦਾ ਸਾਧਨ ਹੈ। ਦਿਲ ਦੇ ਤਾਕ ਖੋਲੀਏ ਤਾਂ ਦੈਵੀ ਪ੍ਰਕਾਸ਼ ਅੰਦਰ ਪ੍ਰਵੇਸ਼ ਕਰਦਾ ਹੈ। ਜਦੋਂ ਮਾਲਕ ਨੂੰ ਅਸੀਂ ਆਪਣੀਆਂ ਲੋੜਾਂ ਦੱਸਦੇ ਹਾਂ ਤਾਂ ਇਸ ਲਈ ਨਹੀਂ ਕਿ ਉਸ ਨੂੰ ਦਾਤਾਂ ਦੇਣ ਵਿੱਚ ਕੋਈ ਸੁਝਾਉ ਦੇਈਏ; ਸਗੋਂ ਇਸ ਲਈ ਕਿ ਉਸ ਪਿਆਰੇ ਨਾਲ ਗੱਲਾਂ ਕਰਨ ਦਾ ਅਵਸਰ ਪ੍ਰਾਪਤ ਕਰੀਏ। ਐਸਾ ਅਵਸਰ ਸਾਡੀ ਨਿਰਬਲਤਾ 'ਚੋਂ, ਸਾਡੀਆਂ ਲੋੜਾਂ-ਥੁੜਾਂ 'ਚੋਂ ਨਿੱਤ ਪੈਦਾ ਹੁੰਦਾ ਹੈ। ਇਸ ਨੂੰ ਅਸੀਂ ਵਾਹਿਗੁਰੂ ਜੀ ਨਾਲ ਆਪਣਾ ਦੁੱਖ-ਸੁੱਖ ਫੋਲਣ ਦੇ ਆਹਰ ਵਿੱਚ ਲਾ ਕੇ ਉਸ ਦੀ ਨੜਤਾ ਦੇ ਪਾਤਰ ਬਣ ਸਕਦੇ ਹਾਂ।

4. ਧਰਤੀ ਮਾਤਾ ਨੂੰ ਧਰਨੀ ਦੇਵੀ ਵੀ ਕਹਿੰਦੇ ਹਨ, ਇਸ ਦੀ ਪੂਜਾ ਪੂਰਵ-ਇਤਿਹਾਸਿਕ ਕਾਲ ਤੋਂ ਪ੍ਰਚਲਿਤ ਹੈ। ਧਰਤੀ ਸਿਰਫ਼ ਅੰਨ-ਦਾਤਾ ਦੇ ਫਲ਼-ਦਾਤਾ ਹੀ ਨਹੀਂ, ਧਰਤੀ ਉੱਪਰ ਵਸਦੇ ਸਭ ਪ੍ਰਾਣੀਆਂ ਤੇ ਬਨਸਪਤੀ ਦੀ ਰੱਖਿਅਕ ਤੇ ਪਾਲਕ ਵੀ ਹੈ। ਧਰਨੀ ਦੇਵੀ ਭੂਮੀ ਦੇ ਰੂਪ ਵਿੱਚ ਹਰ ਥਾਂ ਵਿਆਪਕ ਹੈ। ਉਸ ਨੂੰ ਛੂਹ ਕੇ ਪੂਜਿਆ ਜਾ ਸਕਦਾ ਹੈ। ਇਸ ਲਈ ਧਰਤੀ ਦੀ ਕੋਈ ਮੜ੍ਹੀ ਜਾਂ ਪੂਜਾ ਅਸਥਾਨ ਨਹੀਂ ਸਿਰਜਿਆ ਜਾਂਦਾ ਤੇ ਨਾ ਇਸ ਦੀ ਕੋਈ ਮੂਰਤੀ ਬਣਾਈ ਜਾਂਦੀ ਹੈ। ਫਿਰ ਵੀ ਕਈ ਪਿੰਡਾਂ ਵਿੱਚ ਕਿਸੇ ਪਵਿੱਤਰ ਦਰਖ਼ਤ ਹੇਠਾਂ ਪੱਥਰਾਂ ਗੀਟਿਆਂ ਜਾਂ ਠੀਕਰੀਆਂ ਦੀ ਢੇਰੀ ਜਿਹੀ ਵੇਖਣ ਨੂੰ ਮਿਲਦੀ ਹੈ। ਲੋਕੀਂ ਇਥੇ ਹੀ ਧਰਨੀ ਦੇਵੀ ਦੀਆਂ ਸੁੱਖਣਾ ਸੁੱਖਦੇ ਤੇ ਦੁੱਧ, ਫਲ਼ ਤੇ ਅੰਨ ਭੇਟ ਕਰਦੇ ਹਨ। ਇੱਥੇ ਹੀ ਧਰਨੀ ਨਮਿਤ ਘਿਉ ਦੀ ਦੀਵੇ ਬਾਲੇ ਜਾਂਦੇ ਹਨ। ਦੁੱਧ ਚੋਣ ਵੇਲ਼ੇ ਪਹਿਲਾਂ ਕੁਝ ਧਾਰਾਂ ਧਰਤੀ ਮਾਤਾ ਨੂੰ ਭੇਟ ਕੀਤੀਆਂ ਜਾਂਦੀਆਂ ਹਨ। ਹਲ਼ ਵਾਹੁਣ ਤੇ ਬੀਜ ਬੀਜਣ ਵੇਲ਼ੇ ਧਰਤੀ ਪੂਜੀ ਜਾਂਦੀ ਹੈ। ਇਸ ਮੌਕੇ ਉੱਤੇ ਗੁੜ ਦੀ ਭੇਲੀ ਜਾਂ ਕੁਝ ਰੋੜੀਆਂ ਧਰਤੀ ਨੂੰ ਭੇਟ ਕੀਤੀਆਂ ਜਾਂਦੀਆਂ ਹਨ। ਫ਼ਸਲ ਦੀ ਵਾਢੀ ਵੇਲ਼ੇ ਕੁਝ ਕੁ ਬੂਟੇ ਧਰਨੀ ਦੇਵੀ ਦੀ ਭੇਟਾ ਵਜੋਂ ਛੱਡ ਦਿੱਤੇ ਜਾਂਦੇ ਹਨ। ਇਸੇ ਤਰ੍ਹਾਂ ਨਵੇਂ ਮਕਾਨ ਦੀ ਨੀਂਹ ਰੱਖਣ ਲੱਗਿਆਂ ਪਹਿਲਾਂ ਨਾਰੀਅਲ, ਸੰਧੂਰ, ਚਾਂਦੀ ਦੇ ਸਿੱਕੇ, ਮੋਤੀ, ਘੋਗੇ ਤੇ ਕੌਡੀਆਂ ਆਦਿ ਮੌਲ਼ੀ ਦੇ ਧਾਗੇ ਵਿੱਚ ਪਰੋ ਕੇ ਧਰਨੀ ਮਾਈ ਦੀ ਭੇਟ ਚੜ੍ਹਾਏ ਜਾਂਦੇ ਹਨ। ਸੰਕਟ ਵੇਲ਼ੇ

ਔਰਤਾਂ ਧਰਤੀ ਮਾਂ ਨੂੰ ਰੱਖਿਆ ਲਈ ਦੁਹਾਈ ਦੇਂਦੀਆਂ ਹਨ। ਧਾਰਨਾ ਹੈ ਕਿ ਸਤਿ ਦੀ ਪਤ ਧਰਤੀ ਰੱਖਦੀ ਹੈ।

5. ਮਨੁੱਖੀ ਸੱਭਿਅਤਾ ਤੇ ਸਮਾਜਿਕ ਅਚਾਰ ਵਿੱਚ ਇਹ ਮੱਤ (ਬੁੱਧ ਮੱਤ) ਸਚਮੁੱਚ ਹੀ ਇੱਕ ਵਡਮੁੱਲਾ ਅਗੇਰਾ ਕਦਮ ਸੀ। ਇਸ ਦੇ ਪ੍ਰਧਾਨ ਅੰਗ ਇਹ ਸਨ: ਪਹਿਲਾ ਇਹ ਕਿ ਮਨੁੱਖੀ ਜੀਵਨ ਦੁੱਖ ਤੇ ਬਿਪਤਾ ਦਾ ਗ੍ਰੱਸਿਆ ਹੋਇਆ ਹੈ ਤੇ ਮਨੁੱਖ ਦਾ ਧਰਮ ਹੈ ਇਸ ਦੁੱਖ ਤੇ ਬਿਪਤਾ ਨੂੰ ਘਟਾਉਣ ਦਾ ਯਤਨ ਕਰਨਾ। ਇਸ ਮਨੋਰਥ ਦੀ ਪ੍ਰਾਪਤੀ ਦਾ ਮੁੱਖ ਸਾਧਨ ਇਹ ਹੈ ਕਿ ਮਨੁੱਖ ਆਪ ਕਿਸੇ ਮਨੁੱਖ, ਪਸ਼ੂ, ਪੰਛੀ, ਕੀੜੇ ਤੱਕ ਨੂੰ ਦੁੱਖ ਨਾ ਦੇਵੇ। ਇਹ ਅਹਿੰਸਾ ਦਾ ਸਿਧਾਂਤ ਹੈ। ਇਹ ਸਿਧਾਂਤ ਪ੍ਰਗਟ ਭਾਂਤ ਉਸ ਸਮੇਂ ਦੀ ਧਾਰਮਿਕ ਰੀਤੀ ਉੱਤੇ ਇੱਕ ਤਕੜਾ ਵਾਰ ਸੀ। ਇਸ ਰੀਤੀ ਅਨੁਸਾਰ ਕੀਤੀਆਂ ਪਸ਼ੂ ਬਲੀਆਂ ਆਦਿ, ਇਸ ਅਹਿੰਸਾ ਦੇ ਸਿਧਾਂਤ ਅਨੁਸਾਰ ਅਨੁਚਿਤ ਤੇ ਵਰਜਿਤ ਸਨ। ਮਾਸ ਖਾਣਾ ਵੀ ਇਸ ਸਿਧਾਂਤ ਅਨੁਸਾਰ ਵਰਜਿਤ ਸੀ। ਦੂਜਾ ਇਹ ਕਿ ਮਨੁੱਖ ਦੀ ਸਾਰੀ ਚੇਸ਼ਟਾ, ਕਰਮ, ਕਾਰਨ ਤੇ ਫਲ਼ ਦੇ ਨਿਯਮਾਂ ਵਿੱਚ ਬੱਧੀ ਹੋਈ ਹੈ। ਕੋਈ ਕਿਸੇ ਸਮੇਂ ਤੇ ਕਿਸੇ ਥਾਂਉਂ ਕੁਝ ਵੀ ਕਰੇ, ਉਸ ਨੂੰ ਕਦੀ ਨਾ ਕਦੀ ਤੇ ਕਿਤੇ ਨਾ ਕਿਤੇ ਜ਼ਰੂਰ ਇਸ ਦਾ ਫਲ਼ ਭੁਗਤਣਾ ਪਵੇਗਾ। ਇਸ ਕਰਮ ਦਾ ਨਿਯਮ ਕੇਵਲ ਪਦਾਰਥਕ ਜੀਵਨ ਉੱਤੇ ਹੀ ਨਹੀਂ, ਅਧਿਆਤਮਿਕ ਤੇ ਆਚਰਨਕ ਜੀਵਨ ਉੱਤੇ ਵੀ ਲਾਗੂ ਹੈ। ਇਸ ਕਾਰਨ ਇਸ ਬੁਰੇ ਜਾਂ ਹਿੰਸਾ ਭਰੇ ਕਰਮ ਦਾ ਫਲ਼ ਜੀਵ ਨੂੰ ਜਰੂਰ ਭੁਗਤਣਾ ਪਵੇਗਾ। ਅਸੀਂ ਆਪਣੇ ਪਾਪਾਂ ਦਾ ਫਲ਼ ਭੁਗਤਣ ਤੋਂ ਬਿਨਾਂ ਛੁੱਟ ਨਹੀਂ ਸਕਦੇ। ਇਸ ਨਿਯਮ ਦੇ ਅਧੀਨ ਵੀ ਸਮਾਜ ਵਿੱਚ ਅਹਿੰਸਾ, ਆਚਰਨ ਦੀ ਸ਼ੁੱਧੀ ਤੇ ਸਮਾਜਿਕ ਨਿਆਂ ਦੀ ਪੁਸ਼ਟੀ ਹੁੰਦੀ ਸੀ। ਤੀਜੇ ਜੀਵ ਨੂੰ ਮਨ, ਵਚਨ, ਕਰਮ, ਤਿੰਨਾਂ ਦੀ ਸ਼ੁੱਧੀ ਬਾਰੇ ਯਤਨ ਕਰਨਾ ਚਾਹੀਦਾ ਹੈ। ਇਹ ਨਿਯਮ ਪਹਿਲੇ ਦੋ ਨਿਯਮਾਂ ਦਾ ਸਮਰਥਨ ਕਰਦਾ ਹੈ।

6. ਧੰਨ ਨੇ ਉਹ ਨੈਣ ਜੋ ਕਦੇ ਕਦਾਈਂ ਪ੍ਰੇਮ-ਨੀਰ ਨਾਲ਼ ਭਰ ਆਉਂਦੇ ਹਨ। ਰੋਜ਼ ਗੰਗਾ-ਜਲ ਨਾਲ ਤਾਂ ਇਸ਼ਨਾਨ ਹੁੰਦਾ ਹੀ ਹੈ ਪਰੰਤੂ ਜਿਸ ਪੁਰਖ ਨੇ ਨੈਣਾਂ ਦੀ ਪ੍ਰੇਮ-ਧਾਰਾ ਵਿੱਚ ਕਦੀ ਇਸ਼ਨਾਨ ਕੀਤਾ ਹੈ, ਉਹੀ ਜਾਣਦਾ ਹੈ ਕਿ ਇਸ ਇਸ਼ਨਾਨ ਨਾਲ਼ ਮਨ ਦੇ ਮਲੀਨ ਭਾਵ ਕਿਸ ਤਰ੍ਹਾਂ ਵਗ ਜਾਂਦੇ ਹਨ, ਅਤੇ ਦਿਲ ਕਿਵੇਂ ਫੁੱਲ ਵਾਂਗ ਖਿੜ ਜਾਦਾ ਹੈ। ਮਨ ਦੀਆਂ ਗੰਢਾਂ ਕਿਸ ਪ੍ਰਕਾਰ ਖੁੱਲ੍ਹ ਜਾਂਦੀਆਂ ਹਨ। ਕੁਟਲਤਾ ਤੇ ਨੀਚਤਾ ਦਾ ਪਰਬਤ ਕਿਵੇਂ ਚਕਨਾਚੂਰ ਹੋ ਜਾਂਦਾ ਹੈ। ਸਾਵਣ-ਭਾਦੋਂ ਦੀ ਵਰਖਾ ਪਿੱਛੋਂ ਜਿਵੇਂ ਬ੍ਰਿਛ ਨਵੀਆਂ ਨਵੀਆਂ ਕਰੂੰਬਲਾਂ ਨਾਲ਼ ਭਰੇ ਇੱਕ ਵਚਿੱਤਰ ਮਨਮੋਹਨੀ ਸੋਭਾ ਦਿੰਦੇ ਹਨ, ਉਵੇਂ ਇਸ ਪ੍ਰੇਮ ਇਸ਼ਨਾਨ ਨਾਲ਼ ਮਨੁੱਖ ਦੇ ਅੰਦਰਲੇ ਦੀ ਅਵਸਥਾ ਸੁੱਚੀ, ਕੋਮਲ ਤੇ ਰਸ-ਭਿੰਨੀ ਹੋ ਜਾਂਦੀ ਹੈ। ਪ੍ਰੇਮ-ਧਾਰਾ ਦੇ ਜਨ ਨਾਲ਼ ਸਿੰਜਿਆ ਮਨ ਖਿੜ ਜਾਂਦਾ ਹੈ। ਮਨ ਦੀ ਵਾੜੀ ਵਿੱਚ ਪਵਿੱਤਰ ਭਾਵਾਂ ਦੇ ਬੂਟੇ ਉਗਦੇ, ਵਧਦੇ ਤੇ ਫੁਲਦੇ ਹਨ। ਵਰਖਾ ਤੇ ਨਦੀ ਦੇ ਜਲ ਕਾਰਨ ਤਾਂ ਅੰਨ ਪੈਦਾ ਹੁੰਦਾ ਹੈ, ਪਰ ਨੈਣਾਂ ਦੀ ਗੰਗਾ ਪ੍ਰੇਮ ਤੇ ਵੈਰਾਗ ਦੁਆਰਾ ਮਨੁੱਖੀ ਜੀਵਨ ਨੂੰ ਅੱਗ ਤੇ ਬਰਫ਼ ਦੀ ਪਾਹੁਲ ਦਿੰਦੀ ਹੈ ਤੇ ਇੱਕ ਨਵਾਂ ਜਨਮ ਹੁੰਦਾ ਹੈ। ਮਾਨੋ ਕੁਦਰਤ ਨੇ ਹਰ ਬੰਦੇ ਲਈ ਇਸ ਨੈਣ ਨੀਰ ਦੇ ਰੂਪ ਵਿੱਚ ਮਸੀਹਾ ਭੇਜਿਆ ਹੋਵੇ, ਜਿਸ ਹੱਥੀਂ ਹਰ ਕੋਈ ਨਰ ਤੇ ਨਾਰੀ ਕ੍ਰਿਤਾਰਥ ਹੋ ਸਕਦੇ ਹਨ। ਇਹ ਉਹੋ ਜਨੇਊ ਹੈ ਜਿਸ ਨੂੰ ਪਹਿਨ ਕੇ ਹਰ ਆਦਮੀ ਬ੍ਰਾਹਮਣ ਹੋ ਸਕਦਾ ਹੈ।

7. ਸਰੀਰਿਕ ਲੋੜਾਂ ਵਾਂਗ ਮਨੁੱਖ ਦੀਆਂ ਕੁਝ ਮਾਨਸਿਕ ਲੋੜਾਂ ਵੀ ਹਨ, ਜਿਨ੍ਹਾਂ ਦੀ ਤ੍ਰਿਪਤੀ ਸੁਹਜ ਰਸ ਨਾਲ਼ ਹੁੰਦੀ ਹੈ। ਸੁਹਜ ਨੂੰ ਮਾਨਣ ਦੀ ਇੱਛਾ ਨੇ ਕਲਾ ਨੂੰ ਜਨਮ ਦਿੱਤਾ। ਉਹ ਕਲਾ, ਜਿਸ ਨੂੰ ਆਦਿ ਕਾਲ ਤੋਂ ਅਨੇਕਾਂ ਕਿਰਤੀਆਂ ਨੇ, ਆਪਣੇ ਅਨੁਭਵ ਨਾਲ ਸਿੰਜ ਕੇ ਰਸਾਇਆ, ਪਕਾਇਆ ਤੇ

ਨਿਖਾਰਿਆ ਅਤੇ ਜੋ ਪਰੰਪਰਾ ਦੀ ਧਾਰਾ ਦਾ ਅੰਗ ਬਣ ਕੇ ਵਿਗਸੀ, ਲੋਕ-ਕਲਾ ਅਖਵਾਈ। ਲੋਕ-ਕਲਾ ਦੀ ਵੱਡੀ ਸਿਫ਼ਤ ਇਹ ਹੈ ਕਿ ਇਹ ਸੁਹਜ ਰਸ ਦੀ ਤ੍ਰਿਪਤੀ ਕਰਨ ਦੇ ਨਾਲ਼ ਉਪਯੋਗੀ ਵੀ ਹੁੰਦੀ ਹੈ ਅਤੇ ਜੀਵਨ ਵਿੱਚ ਸਹਿਜ ਰੂਪ ਵਿੱਚ ਰਹੀ ਹੁੰਦੀ ਹੈ। ਲੋਕ-ਕਲਾ ਜੀਵਨ ਦੀਆਂ ਲੋੜਾਂ ਵਿੱਚੋਂ ਉਪਜੀ ਹੋਣ ਕਰਕੇ ਜਨ-ਜੀਵਨ ਤੇ ਸੱਭਿਆਚਾਰ ਨਾਲ਼ ਇੱਕ ਰਸ ਹੁੰਦੀ ਹੈ। ਇਸ ਦਾ ਸੁਹਜ ਤੇ ਫਬਨ ਜਾਤੀ ਦੀਆਂ ਕਲ-ਰੁਚੀਆਂ ਦਾ ਬੌਧਿਕ ਹੈ। ਲੋਕ-ਕਲਾ ਪਿੰਡਾਂ ਦੇ ਅੱਲ੍ਹੜ ਲੋਕਾਂ ਦੀਆਂ ਅੰਤ੍ਰੀਵ ਖ਼ਾਹਿਸ਼ਾਂ, ਭਾਵਨਾਵਾਂ ਤੇ ਤਜਰਬਿਆਂ ਦਾ ਸੁਭਾਵਿਕ ਪ੍ਰਗਟਾਵਾ ਹੈ ਅਤੇ ਇਸ ਵਿੱਚ ਸਦੀਆਂ ਤੋਂ ਚਲੀਆਂ ਆ ਰਹੀਆਂ ਰੁਚੀਆਂ ਸਹਿਜ ਭਾਵ ਵਿੱਚ ਹੀ ਪ੍ਰਫੁਲਤ ਹੁੰਦੀਆਂ ਰਹੀਆਂ ਹਨ। ਪੀੜ੍ਹੀਆਂ ਦਾ ਅਨੁਭਵ ਖੁਰ-ਖੁਰ ਕੇ ਇਸ ਕਲਾ ਨੂੰ ਨਿਖਾਰਦਾ ਤੇ ਸੰਵਾਰਦਾ ਰਿਹਾ ਹੈ। ਭਾਵੇਂ ਵੇਖਣ ਵਿੱਚ ਲੋਕ-ਕਲਾ ਸਾਦੀ ਜਿਹੀ ਲਗਦੀ ਹੈ, ਪਰ ਇਸ ਵਿੱਚ ਕਲਾ ਦੀ ਇੱਕ ਪ੍ਰਬਲ ਕਣੀ ਹੁੰਦੀ ਹੈ, ਜੋ ਇਸ ਦੀ ਛਵੀ ਨੂੰ ਮਨਮੋਹਣਾ ਤੇ ਪ੍ਰਭਾਵਸ਼ਾਲੀ ਬਣਾਉਂਦੀ ਹੈ।

8. ਜਿਸ ਜ਼ਿੰਦਗੀ ਦਾ ਮਕਸਦ ਨਹੀਂ ਉਹ ਜ਼ਿੰਦਗੀ ਨਹੀਂ। ਜਿਨ੍ਹਾਂ ਨੂੰ ਜ਼ਿੰਦਗੀ ਇੱਕ ਮਕਸਦ ਨਜ਼ਰ ਆਉਂਦੀ ਹੈ, ਉਹ ਹੀ ਜ਼ਿੰਦਗੀ ਜਿਊਂਦੇ ਹਨ ਵਰਨਾ ਜ਼ਿੰਦਗੀ ਕੱਟ ਤਾਂ ਸਾਰੇ ਹੀ ਰਹੇ ਹਨ ਜਾਂ ਇਉਂ ਕਹੋ ਕਿ ਜ਼ਿੰਦਗੀ ਨੂੰ ਧੱਕਾ ਦੇ ਰਹੇ ਹਨ। ਮਕਸਦ ਭਰਪੂਰ ਜ਼ਿੰਦਗੀ ਜਿਊਣ ਵਾਲੇ ਵਿਅਕਤੀਆਂ ਨੂੰ ਕਾਇਨਾਤ ਦੀ ਹਰ ਸ਼ੈਅ ਕਿਸੇ ਆਹਰੇ ਲੱਗੀ ਨਜ਼ਰ ਆਉਂਦੀ ਹੈ, ਕੁਝ ਵੀ ਫਜ਼ੂਲ ਨਹੀਂ ਦਿਸਦਾ। ਉਹਨਾਂ ਨੂੰ ਕੁਦਰਤ ਵਿੱਚ, ਫੁੱਲਾਂ-ਪੱਤੀਆਂ ਵਿੱਚ, ਪੰਛੀਆਂ-ਜਨੌਰਾਂ ਵਿੱਚ, ਨਦੀਆਂ-ਸਮੁੰਦਰਾਂ ਵਿੱਚ, ਟਿੱਬਿਆਂ-ਪਹਾੜਾਂ ਵਿੱਚ, ਹਰ ਥਾਂ, ਹਰ ਚੀਜ਼, ਹਰ ਬਸ਼ਰ ਵਿੱਚ ਸਿਰਜਨਹਾਰ ਜ਼ਹੂਰ ਵਿੱਚ ਆਉਂਦਾ ਦਿਸਦਾ ਹੈ। ਹੋਰਨਾਂ ਦੀ ਸਹਾਇਤਾ, ਦੁਖੀਏ ਦੇ ਦੁੱਖ ਵਿੱਚ ਸਾਂਝ, ਰੋਂਦੀ ਅੱਖ ਨੂੰ ਪੂੰਝਣਾ, ਨਾ ਉਮੀਦ ਨੂੰ ਉਮੀਦ ਬੰਨ੍ਹਾਉਣਾ, ਢਹਿੰਦੀ ਡਿਗਦੀ ਆਤਮਾ ਨੂੰ ਸਹਾਰਾ ਦੇਣਾ ਆਦਿ ਅਜਿਹੇ ਮਕਸਦ ਹਨ ਜੋ ਮਨੁੱਖ ਦੇ ਅੰਦਰ ਚਾਨਣ ਅਤੇ ਸ਼ਾਂਤੀ ਪੈਦਾ ਕਰਦੇ ਹਨ ਅਤੇ ਮਨੁੱਖ ਨੂੰ ਅਹਿਸਾਸ ਦਿਵਾਉਂਦੇ ਹਨ ਕਿ ਕਿਸੇ ਨੂੰ ਉਸ ਦੀ ਲੋੜ ਹੈ ਅਤੇ ਉਹ ਕਿਸੇ ਦੇ ਕੰਮ ਆਉਣ ਲਈ, ਕੁਝ ਕਰਨ ਲਈ ਪੈਦਾ ਹੋਇਆ ਹੈ। ਜਦੋਂ ਜ਼ਿੰਦਗੀ ਨੂੰ ਮਕਸਦ ਮਿਲ ਜਾਂਦਾ ਹੈ, ਉਹ ਸੋਹਣੀ ਬਣ ਜਾਂਦੀ ਹੈ,ਅਜਿਹੀ ਜ਼ਿੰਦਗੀ ਨੂੰ ਜਿਊਣ ਲਈ ਜੀਅ ਕਰਦਾ ਹੈ।

9. ਤੁਹਾਡੇ ਭਾਗਾਂ ਵਿੱਚ ਧਨਾਢ ਹੋਣਾ ਜੇਕਰ ਨਾ ਵੀ ਆਇਆ ਹੋਵੇ ਤਾਂ ਵੀ ਤੁਹਾਡਾ ਛੋਟਾ ਜਿਹਾ ਮਕਾਨ ਜਾਂ ਗ਼ਰੀਬੀ-ਦਾਵੇ ਦੀ ਝੁੱਗੀ ਤੇ ਇਸ ਵਿਚ ਵੱਸਣ ਵਾਲੇ ਕਿਸੇ ਸਨੇਹੀ-ਸੰਬੰਧੀ ਦਾ ਮਧੁਰ ਚਿਹਰਾ, ਤੇ ਇਹਨਾਂ ਚੀਜ਼ਾਂ ਨਾਲ਼ ਤੁਹਾਡਾ ਪਿਆਰ, ਇਹ ਸਭ ਚੀਜ਼ਾਂ ਆਪਣੇ ਆਪ ਵਿੱਚ, ਤੁਹਾਡੀ ਦੁਨੀਆਂ ਬਣ ਜਾਂਦੀਆਂ ਹਨ। ਜਿਸ ਤਰ੍ਹਾਂ ਕਿਸੇ ਸਿਆਣੇ ਆਦਮੀ ਨੇ ਕਿਹਾ ਹੈ ਕਿ ਇਸ ਦੁਨੀਆਂ ਦੇ ਰਾਜ ਭਾਗ ਤਾਂ ਭਿਖਾਰੀਆਂ ਨੂੰ ਨਹੀਂ ਮਿਲ ਸਕਦੇ ਪਰ ਆਸਮਾਨੀ ਬਾਦਸ਼ਾਹੀ ਮਿਲ ਸਕਦੀ ਹੈ। ਇਹ ਹੈਰਾਨ ਕਰਨ ਵਾਲੀ ਗੱਲ ਹੈ ਕਿ ਕਿੰਨੇ  ਹੀ ਮਹਾਨ ਵਿਅਕਤੀ ਮਾਲੀ ਤੌਰ ’ਤੇ ਗ਼ਰੀਬ ਹੋਏ ਹਨ। ਰੁਪਏ ਪੈਸੇ ਦੀ ਉਪਯੋਗਤਾ ਬਾਰੇ ਅਨੁਮਾਨ ਲਾਉਣ ਵਿੱਚ, ਆਮ ਤੌਰ ’ਤੇ ਭੁਲੇਖਾ ਲਗਦਾ ਹੈ। ਇਹੋ ਭੁਲੇਖਾ ਲੋਕਾਂ ਨੂੰ ਖ਼ੁਰਾਕ ਬਾਰੇ ਲੱਗਦਾ ਹੈ। ਕਿਸੇ ਸਿਆਣੇ ਨੇ ਕਿਹਾ ਹੈ ਕਿ “ਕਿਸੇ ਅਮੀਰ ਆਦਮੀ ਦੀ ਮਰਜ਼ੀ ਜੇਕਰ ਨਿਰੋਆ ਰਹਿਣ ਦੀ ਹੋਵੇ ਤਾਂ ਉਸ ਨੂੰ ਇੱਕ ਗ਼ਰੀਬ ਵਾਂਗੂੰ ਜੀਵਨ ਬਤੀਤ ਕਰਨਾ ਚਾਹੀਦਾ ਹੈ।” ਸਾਦਾ ਜਿਹੀ ਰੋਟੀ, ਥੋੜ੍ਹੇ ਜਿਹੇ ਥਿੰਦੇ, ਚਾਹ, ਪਨੀਰ ਤੇ ਸਬਜ਼ੀ-ਭਾਜੀ ਨਾਲ਼ ਛਾਹ-ਵੇਲ਼ਾ ਦੇ ਦੁਪਹਿਰ ਦੀ ਰੋਟੀ ਵੀ ਕੀਤੀ ਜਾ ਸਕਦੀ ਹੈ। ਚੰਗੀ ਭੁੱਖ ਲੱਗਣ ’ਤੇ ਖਾਧੀ ਤੇ ਚੱਜ ਨਾਲ਼ ਰਿੰਨ੍ਹੀ ਪਕਾਈ ਸਾਦਾ ਜਿਹੀ ਖ਼ੁਰਾਕ ਵੀ ਆਦਮੀ ਨੂੰ ਇੰਨੀ ਖ਼ੁਸ਼ੀ ਦੇ ਸਕਦੀ ਹੈ ਜਿੰਨੀ ਕਿ ਕਿਸੇ ਅਮੀਰ ਆਦਮੀ ਦੇ ਘਰ ਚੰਗੀ-ਚੋਖੀ ਪਰੋਸੀ ਫੀਸਟ। ਮੌਸਮ ਅਨੁਸਾਰ ਨਿਰੋਈਆਂ ਤੋਂ ਨਿਰੋਈਆਂ ਤੇ ਚੰਗੀਆਂ ਤੋਂ ਚੰਗੀਆਂ ਚੀਜ਼ਾਂ ਉੱਤੇ ਬੜਾ ਥੋੜ੍ਹਾ ਖਰਚ ਬੈਠਦਾ ਹੈ ਤੇ ਮੌਸਮ ਲੰਘ ਜਾਣ ਮਗਰੋਂ ਇਹਨਾਂ ਦਾ ਕੋਈ ਸਵਾਦ ਹੀ ਨਹੀਂ ਰਹਿੰਦਾ।

10. ਅੱਜ ਚੰਨ ਨਹੀਂ ਚੜ੍ਹਿਆ, ਪਰ ਚੰਦਾ! ਸੁੰਦਰਤਾ ਨਿਰੀ ਤੇਰੀ ਹੀ ਤਾਂ ਮੁਹਤਾਜ਼ ਨਹੀਂ। ਸੁੰਦਰਤਾ ਇੱਕ ਇਲਾਹੀ ਜਲਵਾ ਹੈ, ਕਦੇ ਤੇਰੇ ਵਿੱਚੋਂ ਝਾਤੀਆਂ ਮਾਰਦੀ ਹੈ ਕਦੇ ਵਹਿੰਦੇ ਪਾਣੀਆਂ ਵਿੱਚੋਂ ਡਲ੍ਹਕਾਂ ਮਾਰਦੀ ਹੈ, ਕਦੇ ਪਹਾੜਾਂ ਵਿੱਚੋਂ ਉੱਮਲ-ਉੱਮਲ ਪੈਂਦੀ ਹੈ ਕਦੇ ਬਨਸਪਤੀ ਵਿੱਚੋਂ ਮੌਲ ਉੱਠਦੀ ਹੈ, ਕਦੇ ਬਿਜਲੀ ਦੀ ਡਰਾਉਣੀ ਗੜਗੱਜ ਵਿੱਚੋਂ ਲਿਸ਼ਕਾਰਾਂ ਮਾਰ ਜਾਂਦੀ ਹੈ, ਕਦੇ ਸਮੁੰਦਰੀ ਲਹਿਰਾਂ ਵਿੱਚੋਂ ਤਰ ਆਉਂਦੀ ਹੈ, ਕਦੇ ਗਲ਼ੇ ਦੀਆਂ ਨਾਲੀਆਂ ਤੇ ਸਾਜ਼ਾਂ ਦੀਆਂ ਤਾਰਾਂ ਤੋਂ ਪ੍ਰਕਾਸ਼ ਪਾਂਦੀ ਹੈ, ਕਦੇ ਮੈਦਾਨੇ-ਜੰਗ ਦੇ ਗੋਲ਼ਿਆਂ ਵਿੱਚੋਂ ਕੂਕ ਕੇ ਜਾਂਦੀ ਹੈ, ਕਦੇ ਸੁੰਦਰੀਆਂ ਦੇ ਨੈਣਾਂ ਵਿੱਚੋਂ ਪਲਕਾਰੇ ਮਾਰਦੀ ਹੈ, ਕਦੇ ਸੋਹਣਿਆਂ ਮੁਛੇਹਾਰਿਆਂ ਤੇ ਬਾਂਕੀਆਂ ਨੁਹਾਰਾਂ ਵਿੱਚੋਂ ਫੁੱਟ-ਫੁੱਟ ਨਿਕਲਦੀ ਹੈ। ਸੁੰਦਰਤਾ ਤੂੰ ਸਥੂਲ ਸ਼ੈ ਨਹੀਂ ਪਰ ਸਥੂਲ ਟਿਕਾਣਿਆਂ 'ਤੇ ਜਲਵੇ ਮਾਰਦੀ ਹੈਂ, ਤੂੰ ਦੈਵੀ ਹੈਂ ਕਿ ਦੈਵ ਹੈਂ, ਤੂੰ ਆਪ ਹੈਂ ਕਿ ਆਪੇ ਦਾ ਪ੍ਰਕਾਸ਼ ਹੈਂ? ਦੇਖ, ਇੱਕ ਸਿਆਣਾ ਪਿਆ ਆਖਦਾ ਹੈ ਕਿ ਜੋ ਸ਼ੈ ਲਾਭਦਾਇਕ ਹੈ ਉਹੀ ਸੁੰਦਰ ਹੈ। ਪਰ ਤੇਰੇ ਰਸੀਏ ਜਾਣਦੇ ਹਨ ਕਿ ਨਹੀਂ ਤੂੰ ਕੋਈ ਅਰਸ਼ਾਂ ਦੀ ਵੱਖਰੀ ਹੀ ਮਹਾਰਾਣੀ ਹੈਂ। ਜਿਸ ਮਨ ਵਿੱਚ ਗਰਜ਼ ਹੈ, ਜਿਸ ਵਿੱਚ ਲੋੜ ਹੈ ਉਸ ਲਈ 'ਲਾਭਦਾਇਕ ਸੁੰਦਰ' ਹੋਊ, ਜਿਨ੍ਹਾਂ ਨੂੰ ਲੋੜ ਨਹੀਂ, ਚਾਹ ਨਹੀਂ, ਓਹ ਅਸਲ ਤੇਰੇ ਸਰੂਪ ਤੋਂ ਜਾਣੂ ਹਨ। ਤੂੰ ਤਾਂ ਆਪਣੇ ਆਪ ਵਿੱਚ ਮੁਕੰਮਲ ਦੇਵੀ ਹੈਂ। ਤੇਰੇ ਟਿਕਾਣੇ ਫ਼ਕੀਰਾਂ, ਕਵੀਸ਼ਰਾਂ, ਗਵੱਯਾਂ, ਚਿੱਤਰਕਾਰਾਂ ਤੇ ਸੰਗਤ੍ਰਾਸ਼ਾਂ ਦੇ ਅੰਦਰ ਹਨ।

**ਪ੍ਰਸ਼ਨ:- 4. ਸੰਖੇਪ ਰਚਨਾ:**

**ਨੋਟ:-** ਇਸ ਤੋਂ ਇਲਾਵਾ ਵਿਦਿਆਰਥੀ ਅਜੋਕੀ ਪੰਜਾਬੀ ਵਿਅਕਰਨ ਦੀ ਪੁਸਤਕ 'ਚੋਂ ਅਭਿਆਸ ਕਰਨਗੇ।

**ਪ੍ਰਸ਼ਨ:- 5. ਅਣਡਿੱਠਾ ਪੈਰ੍ਹਾ:**

ਵਿਦਿਆਰਥੀ ਪੰਜਾਬੀ ਵਿਆਕਰਨ ਦੀ ਪੁਸਤਕ ਚੋਂ ਅਣਡਿੱਠੇ ਪੈਰ੍ਹਿਆਂ ਦਾ ਅਭਿਆਸ ਕਰਨਗੇ।

**ਪ੍ਰਸ਼ਨ:- 6 ਤੇ 7. ਮੁਹਾਵਰੇ/ਵਿਸ਼ਰਾਮ ਚਿੰਨ੍ਹ:**

ਵਿਆਕਰਨ ਦੀ ਪੁਸਤਕ ਤੇ ਪਾਠ ਪੁਸਤਕਾਂ ਚੋਂ ਇਨ੍ਹਾਂ ਦਾ ਅਭਿਆਸ ਕਰਨਗੇ।

**ਪ੍ਰਸ਼ਨ:- 8 ਅਤੇ 9**

**ਨੋਟ:-** ਵਿਆਕਰਨ ਚੋਂ 1-1 ਨੰਬਰਾਂ ਦੇ ਪ੍ਰਸ਼ਨ ਬਣਾਏ ਗਏ ਹਨ। ਇਨ੍ਹਾਂ ਨੂੰ ਪੜ੍ਹ ਕੇ ਦੁਹਰਾਈ ਕਰਨਗੇ।

ਇਸ ਤੋਂ ਇਲਾਵਾ ਵਿਆਕਰਨ ਦੀ ਪੁਸਤਕ ਨੂੰ ਧਿਆਨ ਨਾਲ ਪੜ੍ਹ ਕੇ ਅਭਿਆਸ ਕਰਨਗੇ।

## ਪ੍ਰਸ਼ਨ ਨੰ: 7, 8 ਤੇ 9 (1) ਲਿੱਪੀ ਅਤੇ ਗੁਰਮੁੱਖੀ ਲਿੱਪੀ

1. ਬੋਲੀ ਤੇ ਲਿਪੀ ਦਾ ਸੰਬੰਧ ਕੀ ਹੈ?
2. ਵਰਨ ਜਾਂ ਅੱਖਰ ਕਿਸਨੂੰ ਕਹਿੰਦੇ ਹਨ?
3. ਪੰਜਾਬੀ ਭਾਸ਼ਾ ਦੀ ਲਿਪੀ ਕਿਹੜੀ ਹੈ? ਇਸ ਦੇ ਕਿੰਨੇ ਵਰਨ ਹਨ?
4. ਪੰਜਾਬੀ ਵਰਨਮਾਲਾ ਦੀ ਨਵੀਨ ਟੋਲੀ ਨੂੰ ਲਿਖੋ?
5. ਲਗਾਖ਼ਰ ਕੀ ਹੁੰਦੇ ਹਨ?
6. ਬਿੰਦੀ ਅਤੇ ਟਿੱਪੀ ਦੀ ਵਰਤੋਂ ਕਦੋਂ ਅਤੇ ਕਿਨ੍ਹਾਂ-ਕਿਨ੍ਹਾਂ ਲਗਾਂ ਨਾਲ ਹੁੰਦੀ ਹੈ?
7. ੳ, ਅ ਤੇ ੲ ਨਾਲ ਕਿਹੜੇ ਨਾਸਿਕੀ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ?
8. ਗੁਰਮੁੱਖੀ ਲਿਪੀ ਦਾ ਦੂਜਾ ਨਾਂ ਕਿਹੜਾ ਹੈ? ਕੀ ਇਹ ਲਿਪੀ ਗੁਰੂ ਸਾਹਿਬ ਦੀ ਆਪਣੀ ਭਾਵ ਹੈ?

### (2) **ਸ਼ਬਦ-ਬੋਧ**

1. ਸ਼ਬਦ ਦੀਆਂ ਕਿੰਨੀਆਂ ਕਿਸਮਾਂ ਹਨ? ਉਦਾਹਰਨ ਸਹਿਤ ਉੱਤਰ ਦਿਓ।
2. ਸਾਰਥਕ ਸ਼ਬਦ ਕੀ ਹੁੰਦੇ ਹਨ?
3. ਨਿਰਾਰਥਕ ਸ਼ਬਦ ਕੀ ਹੁੰਦੇ ਹਨ? ਇਨ੍ਹਾਂ ਦੀ ਵਰਤੋਂ ਕਦੋਂ ਹੁੰਦੀ ਹੈ?
4. ਸਾਰਥਕ ਸ਼ਬਦ ਕਿੰਨੀ ਪ੍ਰਕਾਰ ਦੇ ਹਨ ਤੇ ਨਾਂ ਦੱਸੋ?

### (3) **ਵਿਆਕਰਨ**

1. ਵਿਆਕਰਨ ਦੇ ਨਿਯਮਾਂ ਵਿੱਚ ਤਬਦੀਲੀ ਕਿਉਂ ਕਰਨੀ ਪੈਂਦੀ ਹੈ?
2. ਪੰਜਾਬੀ ਵਿਆਕਰਨ ਕਿਸ ਨੂੰ ਕਹਿੰਦੇ ਹਨ?

### (4) **ਭਾਸ਼ਾ ਅਤੇ ਪੰਜਾਬੀ ਭਾਸ਼ਾ**

1. ਬੋਲੀ ਕਿੰਨੀ ਪ੍ਰਕਾਰ ਦੀ ਹੈ?
2. 'ਬੋਲਚਾਲ' ਦੀ ਬੋਲੀ ਤੋਂ ਕੀ ਭਾਵ ਹੈ?
3. ਮਾਤ ਬੋਲੀ ਕੀ ਹੁੰਦੀ ਹੈ?
4. ਪੰਜਾਬੀ ਦੀਆਂ ਉਪ ਭਾਸ਼ਾਵਾਂ ਕਿਹੜੀਆਂ ਹਨ ਤੇ ਕਿਹੜੇ-ਕਿਹੜੇ ਇਲਾਕੇ ਵਿੱਚ ਬੋਲੀਆਂ ਜਾਂਦੀਆਂ ਹਨ?
5. ਬੋਲੀ ਤੇ ਉਪ ਬੋਲੀ ਵਿੱਚ ਕੀ ਫ਼ਰਕ ਹੈ?

### (5) **ਧੁਨੀ ਬੋਧ**

1. ਪੰਜਾਬੀ ਵਿੱਚ ਲਘੂ ਅਤੇ ਦੀਰਘ ਸੂਰ ਧੁਨੀਆਂ ਕਿਹੜੀਆਂ-2 ਹਨ?
2. ਪੰਜਾਬੀ ਵਿੱਚ ਵਿਅੰਜਨ ਧੁਨੀਆਂ ਕਿਹੜੀ-ਕਿਹੜੀਆਂ ਹਨ?
3. ਪੰਜਾਬੀ ਭਾਸ਼ਾ ਦੀ ਵਰਨਮਾਲਾ ਦੀ ਵਰਗ ਵੰਡ ਕਰੋ।
4. ਪੰਜਾਬੀ ਵਿੱਚ ਫਾਰਸੀ ਭਾਸ਼ਾ ਦੀਆਂ ਕਿਹੜੀਆਂ ਧੁਨੀਆਂ ਸ਼ਾਮਿਲ ਕੀਤੀਆਂ ਗਈਆਂ ਹਨ?
5. ਲ ਅਤੇ ਲ਼ ਵਿੱਚ ਕੀ ਅੰਤਰ ਹੈ?
6. ਸੋਹਣਾ ਲਿਖਣ ਲਈ ਕਿਹੜੀਆਂ-2 ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?

**ਨੋਟ:- ਪ੍ਰਸ਼ਨ 8-9** ਦੇ ਵੀ ਵਿਦਿਆਰਥੀ ਵਿਆਕਰਨ ਚੋਂ ਅਭਿਆਸ ਕਰਨਗੇ।

**ਪ੍ਰਸ਼ਨ 1● (ੳ) ਤੇ (ਅ)**

ਪਾਠ-ਪੁਸਤਕ: ਅਜੋਕੀ ਪੰਜਾਬੀ ਦਾ ਵਿਆਕਰਨ ਅਤੇ ਲੇਖ ਰਚਨਾ ਵਿੱਚੋਂ ਵਿਦਿਆਰਥੀ ਅਭਿਆਸ ਕਰਨਗੇ।

**ਪ੍ਰਸ਼ਨ:- 9 ਲਿੰਗ ਬਦਲੋ:-**

1. ਮੇਰੀ ਭੈਣ ਪਿੰਡ ਵੱਲ ਵੇਖ ਰਹੀ ਸੀ।
2. ਗਭਰੂ ਟੋਲੀਆਂ ਬਣਾ ਕੇ ਘੁੰਮਦੇ ਆਮ ਦਿਖਾਈ ਦਿੰਦੇ ਹਨ।
3. ਸ਼ੇਰ ਜੰਗਲ ਵਿੱਚ ਘੁੰਮ ਰਿਹਾ ਹੈ।
4. ਬਕਰਾ ਅਤੇ ਹਿਰਨ ਘਾਹ ਖਾ ਰਹੇ ਹਨ।
5. ਬੱਚਾ ਗੇਂਦ ਨਾਲ ਖੇਡ ਰਿਹਾ ਹੈ।
6. ਮਾਲੀ ਕਿਆਰੀ ਪੁੱਟਦਾ ਹੈ।
7. ਉਹ ਪੰਜਾਬੀ ਦਾ ਪ੍ਰਸਿੱਧ ਲੇਖਕ ਹੈ।
8. ਬੱਦਲ ਵਰ੍ਹ ਕੇ ਚਲਾ ਗਿਆ।
9. ਕਾਲੀ ਘੋੜੀ ਦੌੜਦੀ ਹੈ।
10. ਅਧਿਆਪਕਾ ਪਾਠ ਪੜ੍ਹਾਉਂਦੀ ਹੈ।
11. ਮੇਰਾ ਦਿਉਰ ਅੱਜ ਸ਼ਹਿਰ ਗਿਆ ਹੈ।
12. ਝੀਉਰੀ ਦਾਣੇ ਭੁੰਨ ਰਹੀ ਹੈ।
13. ਬਿੱਲਾ ਦੁੱਧ ਪੀ ਰਿਹਾ ਹੈ।

14. ਮੁੰਡੇ ਖੇਡ ਰਹੇ ਹਨ।
15. ਰਾਜੇ ਕੋਲ ਦੋ ਨੌਕਰ, ਚਾਰ ਹਾਥੀ ਤੇ ਤਿੰਨ ਘੋੜੇ ਸਨ।
16. ਰੁੱਖ ਉੱਤੇ ਉੱਲੂ ਤੇ ਕਾਂ ਬੈਠੇ ਸੀ।
17. ਕੁੜੀ ਘੋੜੇ ਨੂੰ ਭਜਾਈ ਲੈ ਜਾ ਰਹੀ ਹੈ।
18. ਸ਼ੇਰ ਲੂੰਬੜੀ ਦਾ ਮਾਮਾ ਬਣ ਗਿਆ।
19. ਬੱਕਰੀ ਨੇ ਚੂਹੇ ਨੂੰ ਪੈਰ ਹੇਠ ਲੈ ਲਿਆ।
20. ਮੋਰ ਨੇ ਕਿਰਲੀ ਖਾ ਲਈ।
21. ਦਰਜੀ ਨੇ ਇੱਕ ਕੁੜਤਾ ਬਣਾਇਆ।
22. ਰਾਜੇ ਨੇ ਸੇਵਕ ਨੂੰ ਵਰਦੀ ਦਿੱਤੀ।
23. ਭਿਖਾਰੀ ਨੇ ਅਸ਼ੀਰਵਾਦ ਦਿੱਤਾ।
24. ਮੈਂ ਆਪਣੀ ਸੱਸ ਨਾਲ ਬਜ਼ਾਰ ਗਈ।
25. ਨੂੰਹ ਨੇ ਸੱਸ ਕੁੱਟੀ।
26. ਕਾਲਾ ਘੋੜਾ ਦੌੜਦਾ ਹੈ।
27. ਮਦਾਰੀ ਨੇ ਡੁਗਡੁਗੀ ਵਜਾਈ।

**ਪ੍ਰਸ਼ਨਃ- 10● ਵਚਨ ਬਦਲੋਃ**

1. ਮੈਂ ਉਸਦੀ ਕਿਤਾਬ ਲੈ ਕੇ ਪੜ੍ਹੀ।
2. ਉਸਨੇ ਮੈਨੂੰ ਧੋਖਾ ਦਿੱਤਾ।
3. ਮੱਝ ਤੇ ਗਾਂ ਖੇਤ ਵਿੱਚ ਘਾਹ ਚਰ ਰਹੀ ਸੀ।
4. ਕਾਲਾ ਘੋੜਾ ਦੌੜਦਾ ਹੈ।
5. ਘੋੜਾ ਭੱਜਿਆ ਜਾ ਰਿਹਾ ਹੈ।
6. ਕੁੜੀਆਂ ਪੀਂਘਾਂ ਝੂਟ ਰਹੀਆਂ ਹਨ।
7. ਇਹ ਕਹਾਣੀ ਬੜੀ ਲੰਬੀ ਹੈ।
8. ਮੁੰਡਾ ਪਤੰਗ ਉਡਾ ਰਿਹਾ ਹੈ।
9. ਕੁੜੀ ਕਵਿਤਾ ਪੜ੍ਹ ਰਹੀ ਹੈ।
10. ਮਦਾਰੀ ਨੇ ਡੁਗਡੁਗੀ ਵਜਾਈ।
11. ਚਿੜੀਆਂ ਚੀਂ-ਚੀਂ ਕਰਦੀਆਂ ਹਨ।
12. ਉਹ ਆਪਣੇ ਪਿਤਾ ਜੀ ਦੀ ਆਗਿਆ ਦਾ ਪਾਲਣ ਕਰਦਾ ਹੈ।
13. ਮਦਾਰੀ ਬਾਂਦਰ ਨੂੰ ਨਚਾ ਰਿਹਾ ਸੀ।
14. ਚਿੱਟਾ ਕੁੱਤਾ ਤੇਜ਼ ਦੌੜੇਗਾ।
15. ਗਭਰੂ ਭੰਗੜਾ ਪਾ ਰਿਹਾ ਹੈ।

16. ਗਵਾਲਾ ਮੱਝ ਚਾਰ ਰਿਹਾ ਹੈ।
17. ਮੇਲੇ ਵਿੱਚ ਮਦਾਰੀ ਤਮਾਸ਼ਾ ਦਿਖਾ ਰਿਹਾ ਹੈ।
18. ਛੋਟੀਆਂ ਕੁੜੀਆਂ ਖੇਡਦੀਆਂ ਹਨ।
19. ਮਾਲਣ ਬੂਟੇ ਨੂੰ ਪਾਣੀ ਦੇ ਰਹੀ ਹੈ।
20. ਬੱਦਲ ਵਰ੍ਹ ਕੇ ਚਲਾ ਗਿਆ।
21. ਨੂੰਹ ਨੇ ਸੱਸ ਕੁੱਟੀ।
22. ਮੋਰ ਨੇ ਕਿਰਲੀ ਖਾ ਲਈ।
23. ਮੁੰਡੇ ਖੇਡ ਰਹੇ ਹਨ।
24. ਬਿੱਲਾ ਦੁੱਧ ਪੀ ਰਿਹਾ ਹੈ।
25. ਮਾਲੀ ਕਿਆਰੀ ਪੁੱਟਦਾ ਹੈ।

## ਨੋਟ:- ਅਜਿਹੇ ਪ੍ਰਸ਼ਨ ਵਿਦਿਆਰਥੀ ਵਿਆਕਰਨ ਦੀ ਪੁਸਤਕ ਚੋਂ ਖ਼ੁਦ ਅਭਿਆਸ ਕਰਨਗੇ।

**ਪ੍ਰਸ਼ਨ:- 12. (ੳ) ਵਾਕਾਂ ਦੀਆਂ ਕਿਰਿਆਵਾਂ ਨੂੰ ਭਵਿੱਖਤ ਕਾਲ ਵਿੱਚ ਬਦਲੋ:-**

1. ਕੁੜੀਆਂ ਪੀਘਾਂ ਝੂਟਦੀਆਂ ਹਨ।
2. ਮੈਂ ਖੇਡਦਾ ਹਾਂ
3. ਉਹ ਆ ਰਿਹਾ ਹੈ। ਕੀ ਤੁਸੀਂ ਮਿਲਣਾ ਹੈ?
4. ਵਿਦਿਆਰਥੀ ਖੇਡਾਂ ਵਿੱਚ ਭਾਗ ਲੈਂਦੇ ਹਨ।ੀਂ
5. ਸੋਨੀਆ ਇੰਗਲੈਂਡ ਗਈ ਤੇ ਮੈਨੂੰ ਪੈੱਨ ਭੇਜਿਆ।
6. ਮਾਸਟਰ ਜੀ ਨੇ ਇਹ ਪਾਠ ਕਲ੍ਹ ਪੜ੍ਹਾਇਆ ਸੀ।
7. ਕਈ ਲੋਕ ਚੰਗਾ ਖਾਂਦੇ ਹਨ, ਪਰ ਮੰਦਾ ਬੋਲਦੇ ਹਨ।
8. ਖਿਡਾਰੀ ਆਪਣੇ ਸਾਥੀਆਂ ਨਾਲ ਖੇਡ ਰਹੇ ਹਨ।
9. ਕਿਸਾਨ ਖੇਤ ਵਿੱਚ ਹਲ ਵਾਹ ਰਿਹਾ ਹੈ।
10. ਜਪਲੀਨ ਬਹੁਤ ਹੋਣਹਾਰ ਮੁੰਡਾ ਹੈ।
11. ਰਸਲੀਨ ਹਰਮਨ ਪਿਆਰੀ ਵਿਦਿਆਰਥਣ ਹੈ।
12. ਚੰਗੇ ਵਿਦਿਆਰਥੀ ਲਗਨ ਨਾਲ ਪੜ੍ਹਦੇ ਹਨ।
13. ਮੁਲਕ ਮਾਹੀ ਦਾ ਵੱਸੇ-ਕੋਈ ਰੋਵੇ ਕੋਈ ਹੱਸੇ।
14. ਅੱਜ ਸੰਤ ਜੀ ਜਲਧਾਰਾ ਕਰ ਰਹੇ ਸਨ।
15. ਮੁੱਖ ਮੰਤਰੀ ਜੀ ਭਾਸ਼ਣ ਕਰ ਰਹੇ ਹਨ।

**(ਅ) ਭੂਤ ਕਾਲ ਵਿੱਚ ਬਦਲੋ:**

1. ਬੱਚਾ ਆਪਣੇ ਸਾਥੀਆਂ ਨਾਲ ਪੜ੍ਹ ਰਿਹਾ ਹੈ।
2. ਸੁਰਿੰਦਰ ਨੇ ਪ੍ਰੀਖਿਆ ਦੇਣ ਦਿੱਲੀ ਜਾਣਾ ਹੈ।
3. ਅਸੀਂ ਉਸ ਪਿੰਡ ਵਿੱਚ ਰਹਿੰਦੇ ਹਾਂ।
4. ਮੈਂ ਉਡੀਕ ਕਰਾਂਗਾ। ਤੁਸੀਂ ਕਦੋਂ ਆਉਗੇ?
5. ਘਰ-ਘਰ ਦੀਵਾਲੀ ਮਨਾਈ ਜਾਵੇਗੀ।
6. ਮੈਥੋਂ ਮੰਦਾ ਬੋਲਿਆ ਜਾਂਦਾ ਹੈ।
7. ਅਸ਼ੀਆ ਪਹਿਲੇ ਦਰਜੇ ਤੇ ਆਵੇਗੀ।
8. ਉਹ ਬਾਗ਼ ਵਿੱਚ ਸੈਰ ਕਰ ਰਹੇ ਹੋਣਗੇ।
9. ਪੰਛੀ ਸਵੇਰ ਵੇਲੇ ਚਹਿਚਹਾ ਰਹੇ ਹੋਣਗੇ।
10. ਅੱਜ ਮੀਂਹ ਬੜੇ ਜ਼ੋਰ ਦਾ ਪੈ ਰਿਹਾ ਹੈ।
11. ਰਾਜੂ ਦੱਸਵੀਂ ਜਮਾਤ ਵਿੱਚੋਂ ਫੇਲ਼ ਹੋ ਗਿਆ ਹੈ।
12. ਉਨ੍ਹਾਂ ਨੇ ਦਰਿਆ ਪਾਰ ਕਰ ਲਿਆ ਹੋਵੇਗਾ।
13. ਰਵਿੰਦਰ ਵਿਦੇਸ਼ ਜਾਵੇਗਾ ਤੇ ਚੰਗਾ ਧਨ ਕਮਾ ਕੇ ਲਿਆਵੇਗਾ।
14. ਵਿਦਿਆਰਥੀ ਆਪਣੇ ਸਾਥੀਆਂ ਨਾਲ ਗਰਾਉਂਡ ਵਿੱਚ ਖੇਡ ਰਿਹਾ ਹੈ ਕਿਉਂਕਿ ਉਸਨੇ ਮੈਚ ਖੇਡਣ ਲਈ ਬੰਗਲੌਰ ਜਾਣਾ ਹੈ।

**(ੲ) ਵਰਤਮਾਨ ਕਾਲ ਵਿੱਚ ਬਦਲੋ:-**

1. ਰਾਸ਼ਟਰਪਤੀ ਜੀ ਦਾ ਭਾਸ਼ਨ ਟੀ.ਵੀ. ਰਾਹੀਂ ਪ੍ਰਸਾਰਿਤ ਹੋਵੇਗਾ।
2. ਉਹ ਮੇਲਾ ਵੇਖਣ ਗਏ ਹੋਣਗੇ।
3. ਨੇਤਾ ਜੀ ਨੇ ਮੰਚ 'ਤੇ ਭਾਸ਼ਨ ਦਿੱਤਾ ਸੀ।
4. ਮੈਨੂੰ ਉਮੀਦ ਸੀ ਕਿ ਉਨ੍ਹਾਂ ਜਰੂਰ ਮੈਚ ਵੇਖਿਆ ਹੋਵੇਗਾ।
5. ਸਾਡੇ ਬਜ਼ੁਰਗ ਲੱਸੀ ਪੀਂਦੇ ਤੇ ਗੁੜ ਖਾਂਦੇ ਹਨ।
6. ਰਾਮ ਆਪਣੇ ਸਾਥੀਆਂ ਸਮੇਤ ਗਰਾਊਂਡ ਵਿੱਚ ਖੇਡ ਰਿਹਾ ਸੀ ਕਿਉਂ ਕਿ ਉਸਨੇ ਮੈਚ ਖੇਡਣ ਲਈ ਮੋਹਾਲੀ ਜਾਣਾ ਸੀ।
7. ਲੱਕੀ ਤੇ ਨੀਰਜ ਮੈਚ ਵੇਖਣ ਗਏ ਹੋਣਗੇ।
8. ਉਹ ਕਬੱਡੀ ਖੇਡਣ ਗਏ ਹੋਣਗੇ।
9. ਮੁਖ ਅਧਿਆਪਕ ਜੀ ਭਾਸ਼ਣ ਦੇਣਗੇ।
10. ਵਿਦਿਆਰਥੀ ਮਿਡ ਡੇ ਮੀਲ ਖਾਣਗੇ।
11. ਕੱਲ੍ਹ ਘਰ ਵਿੱਚ ਦਾਵਤ ਸੀ।

12. ਸਾਰੇ ਅਧਿਆਪਕ ਵਿਦਿਆਰਥੀਆਂ ਨੂੰ ਪਿਕਨਿਕ ਤੇ ਲੈ ਕੇ ਜਾਣਗੇ।

13. ਉਹ ਟੀ.ਵੀ. ਦੇਖ ਰਿਹਾ ਸੀ।

14. ਮੁੱਖ ਅਧਿਆਪਕ ਨੇ ਵਿਦਿਆਰਥੀਆਂ ਨੂੰ ਅੱਜ ਦਫ਼ਤਰ ਵਿੱਚ ਬੁਲਾਇਆ ਸੀ।

**ਨੋਟ:- ਅਜਿਹੇ ਹੋਰ ਪ੍ਰਸ਼ਨ ਵਿਦਿਆਰਥੀ ਵਿਆਕਰਨ ਦੀ ਕਿਤਾਬ ਚੋਂ ਅਭਿਆਸ ਕਰਨਗੇ।**

**ਪ੍ਰਸ਼ਨ:- 13 ਅਰਥ-ਬੋਧ**

**ਬਹੁ-ਆਰਥਕ ਸ਼ਬਦ**

| | | | | | | | | | | | |
|---|---|---|---|---|---|---|---|---|---|---|---|
| (1) | ਉੱਚਾ | 2. | ਉੱਲਟੀ | (3) | ਉੱਤਰ | (4) | ਉਠਾ | (5) | ਅੱਗਾ | (6) | ਅਰਕ |
| (7) | ਅੱਡਾ | (8) | ਆਕੜ | (9) | ਸਹੀ | (1●) | ਸਿੱਧ | (11) | ਹਾਰ | (12) | ਹਾਲ |
| (13) | ਕਹੀ | (14) | ਕੱਚਾ | (15) | ਕੱਛ | (16) | ਕਵੀ | (17) | ਕੰਡਾ | (18) | ਕਾਲ |
| (19) | ਖੱਟੀ | (2●) | ਗੋਡਾ | (21) | ਘੱਟ | (22) | ਘੜੀ | (23) | ਚਾਰ | (24) | ਚਾਕ |
| (25) | ਚੰਦ | (26) | ਛਾਪਾ | (27) | ਜਾਗ | (28) | ਜੋੜ | (29) | ਝੜ | (3●) | ਝਾੜ |
| (31) | ਟਿੱਕਾ | (32) | ਡੰਡੀ | (33) | ਡੰਗ | (34) | ਤਿਲਕ | (35) | ਮਾਰ | (36) | ਮੁਰੱਬਾ |
| (37) | ਝੂਕ | (38) | ਭੰਨ | (39) | ਵੱਟੀ | (4●) | ਲੀਹ | | | | |

**ਵਿਰੋਧੀ ਸ਼ਬਦ**

| | | | | | | | | | | | |
|---|---|---|---|---|---|---|---|---|---|---|---|
| (1) | ਉਜਾੜ | (2) | ਊਣਾ | (3) | ਓਪਰਾ | (4) | ਅੰਨ੍ਹਾਂ | (5) | ਅੰਤਲਾ | (6) | ਔਤਰਾ |
| (7) | ਔਖ | (8) | ਆਸਤਕ | (9) | ਆਈ | (1●) | ਆਦਿ | (11) | ਅੱਲਾ | (12) | ਅੱਡਿਆ |
| (13) | ਉੱਦਮ | (14) | ਉੱਘਾ | (15) | ਆਕੜ | (16) | ਅਗਾਂੜੀ | (17) | ਏਕਤਾ | (18) | ਇਕਹਿਰਾ |
| (19) | ਸਲਾਹੁਣਾ | (2●) | ਸੱਜਰਾ | (21) | ਸੱਤ | (22) | ਸਦੀਵੀ | (23) | ਸੱਭਿਆ | (24) | ਸੜੀਅਲ |
| (25) | ਸਾਕਾਰ | (26) | ਸੀਤ | (27) | ਸੁਆਦੀ | (28) | ਸਖੀ | (29) | ਸਮਰੱਥ | (3●) | ਸੰਮਤੀ |
| (31) | ਸੁਚੱਜੀ | (32) | ਸੋਤਲ | (33) | ਸੇਖੇਪ | (34) | ਅਨੁਕੂਲ | (35) | ਹਮਾਇਤ | (36) | ਹਮਾਤੜ |
| (37) | ਕੁਚਾਲ | (38) | ਕੱਸਿਆ | (39) | ਟਿਕਾਅ | (4●) | ਟਿੱਕਵਾਂ | (41) | ਖਰ੍ਵਾ | (42) | ਖੁੰਢਾ |
| (43) | ਜਤੀ ਸਤੀ | (44) | ਤਿਰਕਾਲ | (45) | ਖਾਂਘੜ | (46) | ਥਕਾਵਟ | (47) | ਪੋਲਾ | (48) | ਮੋਕਲਾ |
| (49) | ਜੋਗੀ | (5●) | ਯਕੀਨੀ | | | | | | | | |

**ਸਮਾਨਰਥਕ ਸ਼ਬਦ ਅਤੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ**

**ਨੋਟ:- ਵਿਦਿਆਰਥੀ ਵਿਆਕਰਨ ਦੀ ਕਿਤਾਬ ਚੋਂ ਅਭਿਆਸ ਕਰਨਗੇ।**

# ਪ੍ਰਸ਼ਨ – ਬੈਂਕ

## ਜਮਾਤ – 10+1

# ਵਿਸ਼ਾ: ਲਾਜ਼ਮੀ ਪੰਜਾਬੀ

**ਪਿਆਰੇ ਵਿਦਿਆਰਥੀਓ !**

ਲਾਜ਼ਮੀ ਪੰਜਾਬੀ-11 ਦੇ ਸਮੁੱਚੇ ਪਾਠ ਕ੍ਰਮ ਦੇ ਆਧਾਰ ਤੇ ਵਸਤੂਨਿਸ਼ਠ ਪ੍ਰਸ਼ਨ ਪੁੱਛੇ ਜਾਣਗੇ। ਇਹ ਪ੍ਰਸ਼ਨ ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ, ਠੀਕ/ਗ਼ਲਤ, ਖ਼ਾਲੀ ਥਾਵਾਂ ਅਤੇ ਬਹੁ-ਚੋਣ ਵਾਲੇ ਹੋਣਗੇ। ਵਿਦਿਆਰਥੀਆਂ ਦੀ ਸਹੂਲਤ ਲਈ ਸਮੁੱਚੇ ਪਾਠ ਕ੍ਰਮ ਦੇ ਆਧਾਰ ਤੇ ਵਸਤੂ ਨਿਸ਼ਠ ਪ੍ਰਸ਼ਨ ਬਣਾਏ ਗਏ ਹਨ। ਇਹ ਪ੍ਰਸ਼ਨ ਜਿੱਥੇ ਤੁਹਾਡੇ ਗਿਆਨ ਵਿੱਚ ਵਾਧਾ ਕਰਨਗੇ ਉੱਥੇ ਤੁਹਾਨੂੰ ਮੁਕਾਬਲੇ ਪ੍ਰੀਖਿਆਵਾਂ ਲਈ ਵੀ ਉਪਯੋਗੀ ਹੋਣਗੇ। ਸਾਨੂੰ ਪੂਰੀ ਉਮੀਦ ਹੈ ਕਿ ਤੁਸੀਂ ਇਸਦਾ ਪੂਰਾ ਲਾਭ ਪ੍ਰਾਪਤ ਕਰੋਗੇ ਅਤੇ ਆਪਣੇ ਆਪ ਨੂੰ ਤਰੱਕੀ ਦੇ ਰਾਹ ਤੇ ਲੈ ਕੇ ਜਾਓਗੇ।

## ਪੰਜਾਬੀ ਲੋਕ ਸਾਹਿਤ: ਲੋਕ ਗੀਤ

### ਪ੍ਰਸ਼ਨ ਨੰਬਰ 1

### (ੳ) ਸੁਹਾਗ

**I ਅੱਗੇ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ:-**

1. ਵਿਆਹ ਦੇ ਦਿਨਾਂ ਵਿੱਚ ਕੁੜੀ ਦੇ ਘਰ ਦੀਆਂ ਇਸਤਰੀਆਂ ਇਕੱਠੀਆਂ ਹੋ ਕੇ ਕਿਹੜੇ ਗੀਤ ਗਾਉਂਦੀਆਂ ਹਨ?
2. ਸੁਹਾਗ ਦੇ ਗੀਤਾਂ ਨੂੰ ਕੌਣ ਰਲ ਕੇ ਗਾਉਂਦੀਆਂ ਹਨ?
3. ਲੋਕ ਗੀਤ ਸੁਹਾਗ ਧੀ ਵੱਲੋਂ ਕਿਸ ਨੂੰ ਸੰਬੋਧਿਤ ਹੁੰਦੇ ਹਨ?
4. 'ਚੜ੍ਹ ਚੁਬਾਰੇ ਸੁੱਤਿਆ' ਸੁਹਾਗ ਵਿੱਚ ਕਿਸ-ਕਿਸ ਨੂੰ ਸੰਬੋਧਨ ਕੀਤਾ ਗਿਆ ਹੈ?
5. 'ਚੜ੍ਹ ਚੁਬਾਰੇ ਸੁੱਤਿਆ' ਵਿੱਚ ਧੀ ਦੇ ਮਨ ਵਿੱਚ ਕਿਸ ਗੱਲ ਦਾ ਚਾਅ ਹੈ?
6. 'ਚੜ੍ਹ ਚੁਬਾਰੇ ਸੁੱਤਿਆ' ਵਿੱਚ ਧੀ ਦੇ ਹਾਣਦੀਆਂ ਕਿੱਥੇ ਚਲੀਆਂ ਗਈਆਂ ਦਰਸਾਈਆਂ ਹਨ?
7. 'ਬੇਟੀ ਚੰਨਣ ਦੇ ਓਹਲੇ' ਸੁਹਾਗ ਵਿੱਚ ਧੀ ਕਾਹਦਾ ਓਹਲਾ ਤਕਾਉਂਦੀ ਹੈ?
8. 'ਬੇਟੀ ਚੰਨਣ ਦੇ ਓਹਲੇ' ਸੁਹਾਗ ਵਿੱਚ ਧੀ ਬਾਬਲ ਤੋਂ ਕਿਸ ਚੀਜ਼ ਦੀ ਮੰਗ ਕਰਦੀ ਹੈ?
9. ਚੰਦਨ ਦੇ ਓਹਲੇ ਖੜੀ ਧੀ ਕਿਹੋ ਜਿਹਾ ਵਰ ਚਾਹੁੰਦੀ ਹੈ?
10. 'ਦੇਈਂ ਦੇਈਂ ਵੇ ਬਾਬਲਾ' ਸੁਹਾਗ ਵਿੱਚ ਧੀ ਕਿਹੋ ਜਿਹਾ ਸਹੁਰਾ ਘਰ ਚਾਹੁੰਦੀ ਹੈ?

11. 'ਦੇਈਂ ਦੇਈਂ ਵੇ ਬਾਬਲਾ' ਵਿੱਚ ਕੁੜੀ ਸੱਸ ਦੇ ਬਾਹਲੇ ਪੁੱਤ ਹੋਣ ਦੀ ਕਾਮਨਾ ਕਿਉਂ ਕਰਦੀ ਹੈ?
12. 'ਅੱਸੂ ਦਾ ਕਾਜ ਰਚਾਇਆ' ਵਿੱਚ ਧੀ ਕਿਸਨੂੰ ਸੰਬੋਧਨ ਕਰਦੀ ਹੈ?
13. ਬੇਟੀ ਆਪਣੇ ਬਾਬਲ ਨੂੰ ਕਿਹੜੇ ਮਹੀਨੇ ਵਿਆਹ ਕਰਨ ਲਈ ਕਹਿੰਦੀ ਹੈ?
14. 'ਅੱਸੂ ਦਾ ਕਾਜ ਰਚਾਇਆ' ਵਿੱਚ ਧੀ ਨੂੰ ਦਾਜ ਵਿੱਚ ਕੀ ਦਿੱਤਾ ਗਿਆ ਹੈ?
15. 'ਹਰੀਏ ਨੀ ਰਸ ਭਰੀਏ ਖਜੂਰੇ' ਸੁਹਾਗ ਵਿੱਚ ਕਿਸ ਨੂੰ ਸੰਬੋਧਨ ਕੀਤਾ ਗਿਆ ਹੈ?
16. 'ਹਰੀਏ ਨੀ ਰਸ ਭਰੀਏ ਖਜੂਰੇ' ਵਿੱਚ ਕੁੜੀ ਦੇ ਕਿਹੜੇ-ਕਿਹੜੇ ਰਿਸ਼ਤਿਆਂ ਦਾ ਜ਼ਿਕਰ ਆਇਆ ਹੈ?
17. 'ਨਿਵੇਂ ਪਹਾੜਾਂ ਤੇ ਪਰਬਤ' ਵਿੱਚ ਕਿਸ-ਕਿਸ ਨੂੰ ਨਿੰਵਦੇ ਦਿਖਾਇਆ ਗਿਆ ਹੈ?
18. 'ਨਿਵੇਂ ਪਹਾੜਾਂ ਤੇ ਪਰਬਤ' ਵਿੱਚ ਪਰਿਵਾਰ ਨੂੰ ਦਿਲਾਸਾ ਕੌਣ ਦੇ ਰਿਹਾ ਹੈ?
19. 'ਸਾਡਾ ਚਿੜੀਆਂ ਦਾ ਚੰਬਾ' ਵਿੱਚ ਕਿਹੜੀਆਂ ਦੋ ਧਿਰਾਂ ਵਿਚਕਾਰ ਵਾਰਤਾਲਾਪ ਚੱਲ ਰਹੀ ਹੈ?
20. 'ਸਾਡਾ ਚਿੜੀਆਂ ਦਾ ਚੰਬਾ' ਵਿੱਚ ਧੀ ਬਾਬਲ ਅੱਗੇ ਤਰਲੇ ਕਿਉਂ ਕਰਦੀ ਹੈ?
21. 'ਸਾਡਾ ਚਿੜੀਆਂ ਦਾ ਚੰਬਾ' ਅਨੁਸਾਰ ਧੀ ਦੇ ਸਹੁਰੇ ਘਰ ਜਾਣ ਮਗਰੋਂ ਬਾਬਲ ਦੇ ਵਿਹੜੇ ਵਿੱਚ ਗੁੱਡੀਆਂ, ਚਰਖਾ, ਕਸੀਦਾ ਕੌਣ ਸੰਭਾਲੇਗਾ?
22. 'ਸ਼ਰੀਹਾਂ ਦੇ ਪੱਤੇ ਹਰੇ' ਸੁਹਾਗ ਵਿੱਚ 'ਕਿੱਕਰੇ ਨੀ ਕੰਡਿਆਲੀਏ' ਕਿਸਨੂੰ ਕਿਹਾ ਗਿਆ ਹੈ?
23. 'ਸ਼ਰੀਹਾਂ ਦੇ ਪੱਤੇ ਹਰੇ' ਵਿੱਚ ਚੁਬਾਰੇ ਨੂੰ ਤਿੱਤਰਾਂ-ਮੋਰਾਂ ਨਾਲ ਕਿਸਨੇ ਸ਼ਿੰਗਾਰਿਆ ਹੈ?
24. 'ਸ਼ਰੀਹਾਂ ਦੇ ਪੱਤੇ ਹਰੇ' ਵਿੱਚ ਰੁਕਮਣੀ ਸ਼ਬਦ ਕਿਸ ਲਈ ਵਰਤਿਆ ਹੈ?

## II ਕਿਹੜਾ ਕਥਨ ਠੀਕ ਜਾਂ ਗਲਤ ਹੈ:-

1. ਸੁਹਾਗ ਵਿੱਚ ਸ਼ਬਦਾਂ, ਵਾਕੰਸ਼ਾਂ ਜਾਂ ਵਾਕਾਂ ਦਾ ਦੁਹਰਾਓ ਨਹੀਂ ਹੁੰਦਾ।
2. ਵਿਆਹ ਦੇ ਦਿਨਾਂ ਵਿੱਚ ਕੁੜੀ ਦੇ ਵਿਆਹ ਤੇ ਘੋੜੀਆਂ ਗਾਈਆਂ ਜਾਂਦੀਆਂ ਹਨ।
3. 'ਚੜ ਚੁਬਾਰੇ ਸੁੱਤਿਆ' ਵਿੱਚ ਕੁੜੀ ਦੇ ਮਨ ਵਿੱਚ ਵੀਰ ਦੇ ਵਿਆਹ ਦਾ ਚਾਅ ਹੈ।
4. 'ਬੇਟੀ ਚੰਨਣ ਦੇ ਓਹਲੇ' ਵਿੱਚ ਧੀ ਆਪਣੇ ਲਈ ਵਰ ਦੀ ਮੰਗ ਕਰਦੀ ਹੈ।
5. 'ਦੇਈਂ ਦੇਈਂ ਵੇ ਬਾਬਲਾ' ਸੁਹਾਗ ਵਿੱਚ ਧੀ ਰੱਜਿਆ ਪੁੱਜਿਆ ਪੇਕਾ ਘਰ ਚਾਹੁੰਦੀ ਹੈ।
6. 'ਅੱਸੂ ਦਾ ਕਾਜ ਰਚਾਇਆ' ਅਨੁਸਾਰ ਅੱਸੂ ਦੇ ਮਹੀਨੇ ਵਿੱਚ ਵਿਆਹ ਕਰਨ ਲਈ ਕਿਹਾ ਗਿਆ ਹੈ?
7. 'ਹਰੀਏ ਨੀ ਰਸ ਭਰੀਏ ਖਜੂਰੇ ਵਿੱਚ ਵਿਆਹੁਣ-ਯੋਗ ਮੁਟਿਆਰ ਨੂੰ ਸੰਬੋਧਿਤ ਕੀਤਾ ਗਿਆ ਹੈ।
8. 'ਨਿਵੇਂ ਪਹਾੜਾਂ ਦੇ ਪਰਬਤ' ਅਨੁਸਾਰ ਬਾਬਲ ਨੂੰ ਧੀ ਵਿਆਹੁਣ ਸਮੇਂ ਨਿੰਵਦੇ ਦਿਖਾਇਆ ਗਿਆ ਹੈ।
9. 'ਸਾਡਾ ਚਿੜੀਆਂ ਦਾ ਚੰਬਾ' ਵਿੱਚ 'ਸ੍ਰੀ ਰਾਮ ਕ੍ਰਿਸ਼ਨ' ਸ਼ਬਦ ਭਰਾ ਲਈ ਵਰਤੇ ਗਏ ਹਨ।
10. 'ਸ਼ਰੀਹਾਂ ਦੇ ਪੱਤੇ ਹਰੇ' ਵਿੱਚ ਧੀ ਸਹੁਰੇ ਪਰਿਵਾਰ ਦੇ ਘਰ ਲਈ ਮਹਿਲ-ਮਾੜੀਆਂ ਸ਼ਬਦ ਵਰਤਦੀ ਹੈ।

## III ਖਾਲੀ ਥਾਵਾਂ ਭਰੋ:-

1. ਸੁਹਾਗ ਵਿੱਚ ਧੀ ਜ਼ਿਆਦਾਤਰ...................... ਨੂੰ ਸੰਬੋਧਨ ਕਰਦੀ ਦਿਖਾਈ ਦਿੰਦੀ ਹੈ।

2. ਸੁਹਾਗ ਦੇ ਗੀਤਾਂ ਵਿੱਚ ਧੀ ਬਾਬਲ ਦੇ ਘਰ ਨੂੰ.................. ਕਹਿੰਦੀ ਹੈ।
3. 'ਚੜ੍ਹ ਚੁਬਾਰੇ ਸੁੱਤਿਆ' ਵਿੱਚ ਧੀ ਬਹੁਤ................... ਹੈ।
4. 'ਬੇਟੀ ਚੰਨਣ ਦੇ ਓਹਲੇ' ਲੋਕ ਗੀਤ ਦਾ ਰੂਪ................... ਹੈ।
5. 'ਦੇਈਂ ਦੇਈਂ ਵੇ ਬਾਬਲਾ' ਸੁਹਾਗ ਅਨੁਸਾਰ ਧੀ ਸਹੁਰੇ ਘਰ ਵਿੱਚ .................. ਨਾਲ ਭਰੇ ਡੱਬੇ ਚਾਹੁੰਦੀ ਹੈ।
6. 'ਅੱਸੂ ਦਾ ਕਾਜ ਰਚਾਇਆ' ਅਨੁਸਾਰ.................. ਦੇ ਪੈਰੀਂ ਝਾਂਜਰਾਂ ਦਿਖਾਈਆਂ ਗਈਆਂ ਹਨ।
7. 'ਹਰੀਏ ਨੀ ਰਸ ਭਰੀਏ ਖਜੂਰੇ' ਵਿੱਚ ਕੁੜੀ ਆਪਣੀ ਮਾਂ ਨੂੰ ................... ਕਹਿੰਦੀ ਹੈ।
8. 'ਨਿਵੇਂ ਪਹਾੜਾਂ ਦੇ ਪਰਬਤ' ਵਿੱਚ................ ਅਤੇ................ ਨੂੰ ਨਿਉਂਦੇ ਦਿਖਾਇਆ ਗਿਆ ਹੈ।
9. 'ਸਾਡਾ ਚਿੜੀਆਂ ਦਾ ਚੰਬਾ' ਸੁਹਾਗ ਵਿੱਚ ਧੀ ਬਾਬਲ ਅੱਗੇ.................. ਲਈ ਤਰਲਾ ਕਰਦੀ ਹੈ।
10. 'ਸ਼ਰੀਹਾਂ ਦੇ ਪੱਤੇ ਹਰੇ' ਅਨੁਸਾਰ................... ਨੇ ਮਹਿਲ ਤੇ ਮਾੜੀਆ ਉਸਾਰੀਆਂ ਹਨ।

## IV ਸਹੀ ਉੱਤਰ ਦੀ ਚੋਣ ਕਰੋ:-

1. ਕਿਹੜੇ ਲੋਕ-ਗੀਤਾਂ ਵਿੱਚ ਕੁੜੀ ਦੇ ਮਨੋਭਾਵਾਂ ਅਤੇ ਸਹੁਰੇ ਘਰ ਦੀਆਂ ਕਲਪਨਾਵਾਂ ਦਾ ਜ਼ਿਕਰ ਹੁੰਦਾ ਹੈ?
   A. ਟੱਪੇ
   B. ਸਿੱਠਣੀਆਂ
   C. ਮਾਹੀਆ
   D. ਸੁਹਾਗ।
2. 'ਚੜ ਚੁਬਾਰੇ ਸੁੱਤਿਆ' ਸੁਹਾਗ ਵਿੱਚ ਬਾਬਲ ਨੂੰ ਕਿਸ ਤਰ੍ਹਾਂ ਸੁੱਤਾ ਦਿਖਾਇਆ ਗਿਆ ਹੈ?
   A. ਗੂੜੀ ਨੀਂਦ
   B. ਬੇਫਿਕਰ
   C. ਫਿਕਰਮੰਦ
   D. ਘੂਕ ਸੁੱਤਾ।
3. 'ਬੇਟੀ ਚੰਨਣ ਦੇ ਓਹਲੇ' ਅਨੁਸਾਰ ਧੀ ਚੰਦਨ ਦੇ ਓਹਲੇ ਕਿਉਂ ਖੜੀ ਹੈ?
   A. ਲੁਕ ਕੇ
   B. ਡਰ ਕਾਰਨ
   C. ਸੰਗ ਕਾਰਨ
   D. ਖੇਡਣ ਕਾਰਨ।
4. 'ਦੇਈਂ ਦੇਈਂ ਵੇ ਬਾਬਲਾ' ਅਨੁਸਾਰ ਕੁੜੀ ਕਿਸ ਦੇ ਬਹੁਤੇ ਪੁੱਤਾਂ ਵਾਲੀ ਹੋਣ ਦੀ ਕਾਮਨਾ ਕਰਦੀ ਹੈ?
   A. ਸੱਸ

B. ਦਰਾਣੀ

C. ਜਠਾਣੀ

D. ਨਨਾਣ।

5. 'ਨਿਵੇਂ ਪਹਾੜਾਂ ਦੇ ਪਰਬਤ' ਲੋਕ ਗੀਤ ਦਾ ਰੂਪ ਕੀ ਹੈ?

A. ਘੋੜੀ

B. ਟੱਪਾ

C. ਸਿੱਠਣੀ

D. ਸੁਹਾਗ।

## (ਅ) ਘੋੜੀਆਂ

**I. ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-**

1. ਵਿਆਹ ਦੇ ਦਿਨਾਂ ਵਿੱਚ ਮੁੰਡੇ ਦੇ ਘਰ ਇਸਤਰੀਆਂ ਵਲੋਂ ਗਾਏ ਜਾਣ ਵਾਲੇ ਲੋਕ ਗੀਤ ਨੂੰ ਕੀ ਕਹਿੰਦੇ ਹਨ?
2. ਵਿਆਹ ਦੇ ਦਿਨਾਂ ਵਿੱਚ ਮੁੰਡੇ ਦੇ ਘਰ ਕਿਹੜੇ ਲੋਕ ਗੀਤ ਗਾਏ ਜਾਂਦੇ ਹਨ?
3. ਘੋੜੀਆਂ ਵਿੱਚ ਵਿਆਹੇ ਜਾਣ ਵਾਲੇ ਮੁੰਡੇ ਨੂੰ ਜਨਮ ਤੋਂ ਹੀ ਕਿਹੋ ਜਿਹਾ ਦੱਸਿਆ ਜਾਂਦਾ ਹੈ?
4. ਵਿਆਂਹਦੜ ਮੁੰਡੇ ਦੇ ਵਸਤਰਾਂ, ਸਿਹਰੇ ਤੇ ਜੁੱਤੀ ਦੀ ਪ੍ਰਸ਼ੰਸ਼ਾ ਕਿਹੜੇ ਲੋਕ-ਗੀਤਾਂ ਵਿੱਚ ਹੁੰਦੀ ਹੈ?
5. ਭਾਵ ਬਣਤਰ ਦੇ ਪੱਖੋਂ ਘੋੜੀ ਕਿਹੋ ਜਿਹਾ ਲੋਕ ਗੀਤ ਹੈ?
6. 'ਹਰਿਆ ਨੀ ਮਾਲਣ' ਲੋਕ ਗੀਤ ਦਾ ਰੂਪ ਕੀ ਹੈ?
7. ਵਿਆਹੇ ਜਾਣ ਵਾਲੇ ਮੁੰਡੇ ਲਈ ਕਿਹੜਾ ਸ਼ਬਦ ਵਰਤਿਆ ਗਿਆ ਹੈ?
8. 'ਹਰਿਆ ਨੀ ਮਾਲਣ' ਘੋੜੀ ਵਿੱਚ 'ਹਰਿਆ ਤੇ ਭਾਗੀ ਭਰਿਆ' ਸ਼ਬਦ ਕਿਸ ਲਈ ਵਰਤਿਆ ਹੈ?
9. ਵਿਆਂਹਦੜ ਮੁੰਡੇ ਨੂੰ ਜੰਮਦਿਆਂ ਕਾਹਦੇ ਵਿੱਚ ਲਪੇਟਿਆ ਗਿਆ ਸੀ?
10. ਵਿਆਂਹਦੜ ਮੁੰਡੇ ਨੂੰ ਜੰਮਦੇ ਨੂੰ ਕਿਨ੍ਹਾਂ ਨੇ ਕੁੱਛੜ ਚੁੱਕਿਆ ਸੀ?
11. ਵਿਆਹ ਵਾਲੇ ਘਰ ਕਿਹੋ ਜਿਹੇ ਤੰਬੂ ਲੱਗੇ ਹੋਏ ਸਨ?
12. ਵਿਆਂਹਦੜ ਲਈ ਸਿਹਰਾ ਕੌਣ ਲੈ ਕੇ ਆਈ ਹੈ?
13. ਸਿਹਰੇ ਵਿੱਚ ਚੰਬੇ ਦੇ ਫੁੱਲ ਕਿੰਨੇ ਹਨੋ?
14. ਸਿਹਰੇ ਦਾ ਮੁੱਲ ਕਿੰਨਾ ਪਾਇਆ ਗਿਆ ਹੈ?
15. ਮਾਲਣ ਨੂੰ ਕਿੱਥੇ ਸਿਹਰਾ ਬੰਨ੍ਹਣ ਲਈ ਕਿਹਾ ਗਿਆ ਹੈ?
16. 'ਘੋੜੀ ਸੋਂਹਦੀ ਕਾਠੀਆਂ ਦੇ ਨਾਲ' ਘੋੜੀ ਕਿਸਨੂੰ ਸੰਬੋਧਿਤ ਹੈ?

17. 'ਘੋੜੀ ਸੋਂਹਦੀ ਕਾਠੀਆਂ ਦੇ ਨਾਲ' ਘੋੜੀ ਵਿੱਚ ਵਿਆਂਹਦੜ ਮੁੰਡੇ ਦੀ ਕਿਸ ਗੱਲੋਂ ਵਡਿਆਈ ਕੀਤੀ ਗਈ ਹੈ?
18. ਵਿਆਂਹਦੜ ਦੀ ਘੋੜੀ ਕਿਸ ਚੀਜ਼ ਨਾਲ ਸੋਭ ਰਹੀ ਹੈ?
19. ਘੋੜੀ ਉਪਰ ਪਾਈ ਕਾਠੀ ਦੀ ਕੀਮਤ ਕਿੰਨੀ ਹੈ?
20. ਘੋੜੀ ਉਪਰ ਬੈਠੇ ਵਿਆਂਹਦੜ ਦੀ ਚਾਲ ਢਾਲ ਕਿਹੋ ਜਿਹੀ ਹੈ?
21. ਵਿਆਂਹਦੜ ਦੇ ਉਪਰ ਕੌਣ ਕੁਰਬਾਨ ਜਾ ਰਿਹਾ ਹੈ?
22. ਵਿਆਂਹਦੜ ਦਾ ਚੀਰਾ ਕਾਹਦੇ ਨਾਲ ਸਜਿਆ ਹੋਇਆ ਹੈ?
23. 'ਚੁਗ ਲਿਆਇਉ' ਘੋੜੀ ਦੇ ਪਹਿਲੇ ਬੰਦ ਵਿੱਚ ਕੌਣ ਕਿਸ ਨੂੰ ਸੰਬੋਧਨ ਕਰ ਰਹੀ ਹੈ?
24. ਭੈਣ ਕਾਹਦੇ ਲਈ ਚੰਬਾ ਤੇ ਗ਼ੁਲਾਬ ਚੁਣ ਕੇ ਲਿਆਉਣ ਲਈ ਕਹਿੰਦੀ ਹੈ?
25. ਭੈਣ ਸਹੇਲੀਆਂ ਨੂੰ ਕੀ ਗੁੰਦ ਕੇ ਲਿਆਉਣ ਲਈ ਕਹਿੰਦੀ ਹੈ?
26. ਵੀਰ ਦੀ ਵਹੁਟੀ ਕਿਹੋ ਜਿਹੀ ਹੈ?
27. ਵੀਰ ਅਨੁਸਾਰ ਉਸਦੀ ਨਾਰ ਕੀ ਕੱਢਦੀ ਹੈ?
28. 'ਨਿੱਕੀ-ਨਿੱਕੀ ਬੂੰਦੀ' ਘੋੜੀ ਕਿਸਨੂੰ ਸੰਬੋਧਿਤ ਹੈ?
29. ਨਿੱਕੀ-ਨਿੱਕੀ ਬੂੰਦੀ ਘੋੜੀ ਵਿੱਚ ਮੌਸਮ ਕਿਹੋ ਜਿਹਾ ਹੈ?
30. ਵਿਆਂਹਦੜ ਦੇ ਸ਼ਗਨ ਕੌਣ ਕਰਦੀ ਹੈ?
31. ਦੰਮਾਂ ਦੀ ਬੋਰੀ ਕਿਸ ਦੇ ਹੱਥ ਵਿੱਚ ਹੈ?
32. ਵਿਆਂਹਦੜ ਮੁੰਡੇ ਦੀ ਘੋੜੀ ਕਿਹੋ ਜਿਹੀ ਦਾਲ ਚਰ ਰਹੀ ਹੈ?
33. 'ਨਿੱਕੀ-ਨਿੱਕੀ ਬੂੰਦੀ' ਘੋੜੀ ਵਿੱਚ ਕਿਹੜੇ-ਕਿਹੜੇ ਮਰਦ ਪਾਤਰਾਂ ਦਾ ਜ਼ਿਕਰ ਹੈ?
34. ਰੱਤੇ ਡੋਲੇ ਵਿੱਚ ਬੈਠ ਕੇ ਕੌਣ ਆਵੇਗਾ?
35. 'ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ' ਘੋੜੀ ਵਿੱਚ ਵਿਆਹ ਦੇ ਕਿਹੜੇ ਮੌਕੇ ਦਾ ਵਰਣਨ ਹੈ?
36. ਵਿਆਂਹਦੜ ਦੀ ਸ਼ਿੰਗਾਰੀ ਹੋਈ ਘੋੜੀ ਕਿਹੋ ਜਿਹੀ ਲੱਗ ਰਹੀ ਹੈ?
37. ਘੋੜੀ ਨੂੰ ਕਾਹਦੀਆਂ ਡੋਰਾਂ ਨਾਲ ਸ਼ਿੰਗਾਰਿਆ ਹੋਇਆ ਹੈ?
38. 'ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ' ਘੋੜੀ ਵਿੱਚ ਮੁੰਡੇ ਨੂੰ ਵਿਆਹੁਣ ਲਈ ਜਾ ਰਹੇ ਜਿਨ੍ਹਾਂ ਰਿਸ਼ਤਿਆਂ ਦਾ ਜ਼ਿਕਰ ਹੈ, ਉਨ੍ਹਾਂ ਵਿੱਚੋਂ ਕੋਈ ਤਿੰਨ ਲਿਖੋ?
39. 'ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ' ਵਿੱਚ ਕਿਹੜੇ ਪਸ਼ੂਆਂ ਦਾ ਜਿਕਰ ਹੈ?

**II ਖਾਲੀ ਸਥਾਨ ਭਰੋ:-**

1. ਹੇ ਮਾਲਣ, ਹੇ ਭੈਣੇ ਵਿਆਹਿਆ ਜਾਣ ਵਾਲਾ ਮੁੰਡਾ.................. ਭਰਿਆ ਹੈ।
2. ਜਦੋਂ ਵਿਆਹ ਵਾਲਾ ਮੁੰਡਾ ਜੰਮਿਆ ਸੀ ਤਾਂ ਉਸਨੂੰ ਜੰਮਦੇ ਨੂੰ ਹੀ ................. ਦੇ ਕੱਪੜਿਆਂ ਵਿੱਚ ਲਪੇਟ ਕੇ ਰੱਖਿਆ।
3. ਮੁੰਡੇ ਨੂੰ ਨੁਹਾ ਧੁਆ ਕੇ ਰੇਸ਼ਮ ਵਿੱਚ ਲਪੇਟ ਕੇ ਖਿਡਾਉਣ ਲਈ............ ਦੇ ਕੁੱਛੜ ਚੁਕਾਇਆ ਜਾਂਦਾ ਸੀ।

4. ਦਾਈਆਂ ਤੇ ਮਾਈਆਂ ਨੂੰ.................... ਰੁਪਏ ਦਿੱਤੇ ਗਏ।
5. ਤੇਰੀ ਘੋੜੀ............. ਨਾਲ ਬਹੁਤ ਸੋਹਣੀ ਲੱਗ ਰਹੀ ਹੈ।
6. ਵਿਆਂਹਦੜ ਘੋੜੀ ਉਪਰ ਬੈਠ ਕੇ............... ਦੀ ਚਾਲੇ ਤੁਰ ਰਿਹਾ ਹੈ।
7. ਕੈਂਠਾ.................... ਨਾਲ ਸਜਾ ਕੇ ਬਣਾਇਆ ਗਿਆ ਹੈ।
8. ਵਿਆਂਹਦੜ ਦਾ ਪਹਿਰਾਵਾ................ ਤਣੀਆਂ ਲਾ ਕੇ ਬਣਾਇਆ ਗਿਆ ਹੈ।
9. ਵਿਆਂਹਦੜ ਮੁੰਡੇ ਦੀ ਜੁੱਤੀ................ ਨਾਲ ਜੜੀ ਹੋਈ ਹੈ।
10. ਭੈਣ ਆਪਣੀਆਂ ਸਹੇਲੀਆਂ ਨੂੰ ਚੰਬੇ ਤੇ................. ਦੇ ਫੁਲ ਚੁਗ ਕੇ ਲਿਆਉਣ ਲਈ ਕਹਿੰਦੀ ਹੈ।
11. ਵੀਰ ਦੀ ਨਾਰ............... ਦੀ ਤਾਰ ਵਰਗੀ ਗੋਰੀ ਹੈ।
12. ਵੀਰ ਦੀਆਂ ਸਾਲੀਆਂ................. ਪੜ੍ਹ ਲੈਂਦੀਆਂ ਹਨ।
13. ਵੀਰ ਦੀ ਪਤਨੀ.................. ਕੱਢ ਰਹੀ ਹੈ।
14. ਨਿੱਕੀਆਂ-ਨਿੱਕੀਆਂ ਕਣੀਆਂ ਦਾ ............... ਪੈ ਰਿਹਾ ਹੈ।
15. ਵਿਆਂਹਦੜ ਦੀ ਸੁਹਾਗਣ ਮਾਂ ਜੰਞ ਚੜ੍ਹਨ ਦੇ ਸਮੇਂ.................. ਕਰ ਰਹੀ ਹੈ।
16. ਵਿਆਂਹਦੜ ਉੱਤੇ ਪੈਸੇ ਸੁੱਟਣ ਲਈ ਪੈਸਿਆਂ ਦੀ ਬੋਰੀ ਤੇਰੇ................. ਨੇ ਹੱਥਾਂ ਵਿੱਚ ਫੜ ਲਈ ਹੈ।
17. ਵਿਆਂਹਦੜ ਦੇ ਬਾਪ ਨੇ................ ਦੇ ਸੰਗਲ ਫੜ ਕੇ ਉਨ੍ਹਾਂ ਨੂੰ ਜੰਞ ਵਿੱਚ ਸ਼ਾਮਲ ਕਰ ਲਿਆ ਹੈ।
18. ਵਿਆਂਹਦੜ ਦੀ ਸੁੰਦਰਤਾ ਨਿਖ਼ਾਰਨ ਲਈ ਭਾਬੀ ਨੇ ਉਸਦੀਆਂ............... ਵਿੱਚ ਸੁਰਮਾ ਪਾਇਆ।
19. ਘੋੜੀ ਦੀਆਂ ਡੋਰਾਂ.................. ਦੀਆਂ ਬਣੀਆਂ ਹੋਈਆਂ ਹਨ।
20. ਬਾਬੇ ਦੇ............... ਪਹਿਰਾਵੇ ਦੀ ਖੜ-ਖੜ ਸਭ ਨੂੰ ਹੈਰਾਨ ਕਰ ਰਹੀ ਹੈ।
21. ਬਾਪ ਦੇ ਹੱਥ ਵਿੱਚ ਫੜੀ ਪੈਸਿਆਂ ਦੀ ਬੋਰੀ.............. ਰਹੀ ਹੈ।
22. ਸ਼ਾਨਾਂ ਭਰੀ ਘੋੜੀ ਉਪਰ ਸਵਾਰ ਭਤੀਜੇ ਨੂੰ ਉਸਦਾ................. ਵਿਆਹੁਣ ਚੱਲਿਆ ਹੈ।

**III ਕਿਹੜਾ ਕਥਨ ਠੀਕ ਜਾਂ ਗਲਤ ਹੈਃ-**

1. 'ਘੋੜੀਆਂ' ਕੁੜੀ ਦੇ ਵਿਆਹ ਤੇ ਗਾਈਆਂ ਜਾਂਦੀਆਂ ਹਨ।
2. ਘੋੜੀਆਂ ਵਿੱਚ ਵਿਆਹੇ ਜਾਣ ਵਾਲੇ ਮੁੰਡੇ ਨੂੰ ਜਨਮ ਤੋਂ ਹੀ ਭਾਗਾਂ ਵਾਲਾ ਦੱਸਿਆ ਜਾਂਦਾ ਹੈ।
3. ਸਿਹਰੇ ਵਿੱਚ ਚੰਬੇ ਦੇ ਫੁੱਲ ਤਿੰਨ ਲੱਖ ਹਨ।
4. ਮਾਲਣ ਨੂੰ ਵਿਆਂਹਦੜ ਦੇ ਮੱਥੇ ਉੱਤੇ ਸਿਹਰਾ ਬੰਨ੍ਹਣ ਲਈ ਕਿਹਾ ਜਾਦਾ ਹੈ।
5. ਵਿਆਂਹਦੜ ਮੁੰਡੇ ਦੀ ਘੋੜੀ ਕਾਠੀ ਨਾਲ ਬਹੁਤ ਸੋਹਣੀ ਲਗਦੀ ਹੈ।
6. ਇਹ ਕਾਠੀ ਪੰਜ ਰੁਪਏ ਦੇ ਮੁੱਲ ਦੀ ਹੈ।
7. ਵਿਆਂਹਦੜ ਮੁੰਡੇ ਦਾ ਚੀਰਾ ਕਲਗੀ ਨਾਲ ਸਜਿਆ ਹੋਇਆ ਹੈ।
8. ਵਿਆਂਹਦੜ ਦਾ ਪਹਿਰਾਵਾ ਸਾਦਾ ਹੁੰਦਾ ਹੈ।
9. ਵਿਆਂਹਦੜ ਮੁੰਡੇ ਤੋਂ ਉਸਦੇ ਦੋਸਤ ਕੁਰਬਾਨ ਜਾਂਦੇ ਹਨ।
10. ਭੈਣ ਚੰਬਾ ਤੇ ਗੁਲਾਬ ਚੁਣ ਕੇ ਵੀਰ ਦੇ ਸਿਹਰੇ ਲਈ ਲਿਆਉਂਦੀ ਹੈ।

11. ਵੀਰ ਦੀ ਵਹੁਟੀ ਗ਼ੁਲਾਬ ਦੇ ਫੁੱਲ ਵਰਗੀ ਹੈ।

12. ਵੀਰ ਅਨੁਸਾਰ ਉਸਦੀਆਂ ਸਾਲੀਆਂ ਚਾਦਰਾਂ ਕੱਢਦੀਆਂ ਹਨ।

13. ਵੀਰ ਅਨੁਸਾਰ ਉਸਦੀ ਪਤਨੀ ਧਾਰਮਿਕ ਪੋਥੀਆਂ ਪੜ੍ਹਦੀ ਹੈ।

14. ਸਭ ਤੋਂ ਪਹਿਲਾਂ ਵਿਆਂਹਦੜ ਮੁੰਡੇ ਦੇ ਸ਼ਗਨ ਉਸਦੀ ਮਾਂ ਕਰਦੀ ਹੈ।

15. ਦੰਮਾਂ ਦੀ ਬੋਰੀ ਭੈਣ ਦੇ ਹੱਥ ਵਿੱਚ ਹੈ।

16. ਨਿੱਕਿਆਂ ਸ਼ਬਦ ਲਾੜੇ ਲਈ ਵਰਤਿਆ ਗਿਆ ਹੈ।

17. ਰੱਤੇ ਡੋਲ਼ੇ ਵਿੱਚ ਲਾੜਾ ਬੈਠ ਕੇ ਆਵੇਗਾ।

18. ਲਾੜੇ ਦੀ ਮਾਂ ਪਾਣੀ ਵਾਰ ਕੇ ਪੀਵੇਗੀ।

19. 'ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ' ਘੋੜੀ ਵਿੱਚ ਜੰਞ ਚੜ੍ਹਨ ਦੇ ਮੌਕੇ ਦਾ ਵਰਣਨ ਹੈ।

20. ਘੋੜੀ ਨੂੰ ਕੱਚੇ ਧਾਗੇ ਦੀਆਂ ਡੋਰਾਂ ਨਾਲ ਸ਼ਿੰਗਾਰਿਆ ਹੋਇਆ ਸੀ।

21. ਘੋੜੀ ਦੇ ਪੈਂਖੜ ਚਾਂਦੀ ਦੇ ਸਨ।

22. 'ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ' ਵਿੱਚ ਬੱਕਰੀ ਤੇ ਸ਼ੇਰ ਦਾ ਜ਼ਿਕਰ ਹੈ।

23. ਵਿਆਂਹਦੜ ਦੀ ਸ਼ਿੰਗਾਰੀ ਹੋਈ ਘੋੜੀ ਸੋਨੇ ਦੀ ਲਗ ਰਹੀ ਹੈ।

**III. ਸਹੀ ਉੱਤਰ ਦੀ ਚੋਣ ਕਰੋ:–**

1. 'ਹਰਿਆ ਨੀ ਮਾਲਣ' ਲੋਕ ਗੀਤ ਦਾ ਰੂਪ ਕੀ ਹੈ?

   A ਘੋੜੀ    C ਢੋਲਾ

   B ਟੱਪਾ    D ਸਿੱਠਣੀ।

2. ਵਿਆਹ ਦੇ ਦਿਨਾਂ ਵਿੱਚ ਮੁੰਡੇ ਦੇ ਘਰ ਇਸਤਰੀਆਂ ਵਲੋਂ ਗਾਏ ਜਾਣ ਵਾਲੇ ਲੋਕ ਗੀਤ ਨੂੰ ਕੀ ਕਹਿੰਦੇ ਹਨ?

   A ਸੁਹਾਗ    C ਟੱਪੇ

   B ਘੋੜੀ    D ਮਾਹੀਆ।

3. 'ਘੋੜੀ ਸੋਂਹਦੀ ਕਾਠੀਆਂ ਦੇ ਨਾਲ' ਲੋਕ ਗੀਤ ਦਾ ਰੂਪ ਕੀ ਹੈ?

   A ਘੋੜੀ    C ਸੁਹਾਗ

   B ਢੋਲਾ    D ਟੱਪਾ।

4. ਵਿਆਂਹਦੜ ਉੱਤੇ ਕੌਣ ਕੁਰਬਾਨ ਜਾ ਰਿਹਾ ਹੈ?

   A ਦੋਸਤ    C ਮਾਂ

   B ਭਰਾ    D ਚਾਚੇ।

5. ਵਿਆਂਹਦੜ ਦੇ ਗਲ ਵਿੱਚ ਕੀ ਪਾਇਆ ਹੋਇਆ ਹੈ?

A ਮਾਲਾ C ਤਵੀਤ

B ਗਾਨੀ D ਕੈਂਠਾ।

6. ਵਿਆਂਹਦੜ ਮੁੰਡੇ ਅਤੇ ਸਾਥੀ ਜਾਂਞੀਆਂ ਨੂੰ ਮਾਂ ਬਾਗ ਵਿੱਚ ਆ ਕੇ ਡੱਗੇ ਮਾਰ ਕੇ ਕੀ ਵਜਾਉਣ ਲਈ ਕਹਿੰਦੀ ਹੈ?

   A ਡਰੱਮ C ਨਗਾਰਾ

   B ਢੋਲ D ਬੈਂਡ।

7. 'ਚੁਗ ਲਿਆਇਉ' ਲੋਕ-ਗੀਤ ਦਾ ਰੂਪ ਕੀ ਹੈ?

   A ਟੱਪਾ C ਮਾਹੀਆ

   B ਸੁਹਾਗ D ਘੋੜੀ।

8. ਵੀਰ ਅਨੁਸਾਰ ਉਸਦੀ ਪਤਨੀ ਕੀ ਪੜ੍ਹ ਲੈਂਦੀ ਹੈ?

   A ਰਸਾਲੇ C ਸ੍ਰੀ ਗੁਰੂ ਗ੍ਰੰਥ ਸਾਹਿਬ

   B ਕਿਤਾਬਾਂ D ਧਾਰਮਿਕ ਪੋਥੀਆਂ।

9. ਵੀਰ ਅਨੁਸਾਰ ਉਸਦੀ ਪਤਨੀ ਕੀ ਕੱਢਦੀ ਹੈ?

   A ਚਾਦਰਾਂ C ਸੂਟ

   B ਸਿਰਹਾਣੇ D ਰੁਮਾਲ।

10. ਵਿਆਂਹਦੜ ਮੁੰਡੇ ਦੀ ਘੋੜੀ ਕਿਹੋ ਜਿਹੀ ਦਾਲ ਚਰ ਰਹੀ ਹੈ?

    A ਪੀਲੀ-ਪੀਲੀ C ਹਰੀ-ਹਰ

    B ਲਾਲ-ਲਾਲ D ਕਾਲੀ-ਕਾਲੀ

11. ਵਿਆਂਹਦੜ ਮੁੰਡੇ ਨੇ ਕਿਹੋ-ਜਿਹੀ ਘੋੜੀ ਉੱਤੇ ਚੜ੍ਹ ਕੇ ਤੁਰਨਾ ਹੈ?

    A ਕਾਲੀ C ਨੀਲੀ

    B ਸਫੈਦ D ਭੂਰਾ

12. 'ਨਿੱਕੀ-ਨਿੱਕੀ ਬੂੰਦੀ' ਘੋੜੀ ਵਿੱਚ ਕਿਹੜੇ-ਕਿਹੜੇ ਮਰਦ ਪਾਤਰਾਂ ਦਾ ਜ਼ਿਕਰ ਹੈ?

    A ਦੋਸਤ C ਸਹੁਰਾ

    B ਜੀਜਾ-ਸਾਲਾ D ਬਾਪ ਤੇ ਬਾਬਾ

13. 'ਨਿੱਕੀ-ਨਿੱਕੀ ਬੂੰਦੀ' ਘੋੜੀ ਵਿੱਚ ਵਿਆਹ ਦੀਆਂ ਜਿਹੜੀਆਂ ਰਸਮਾਂ ਹੁੰਦੀਆਂ ਹਨ ਉਨ੍ਹਾਂ ਵਿੱਚੋਂ ਭਾਬੀ ਕਿਹੜੀ ਰਸਮ ਨਿਭਾਉਂਦੀ ਹੈ?

    A ਵਿਆਂਹਦੜ ਦੇ ਲੱਡੂ ਖੁਆਉਣ ਦੀ C ਵਿਆਂਹਦੜ ਦੇ ਸੁਰਮਾ ਪਾਉਣ ਦੀ

B ਵਿਆਂਹਦੜ ਨੂੰ ਰੋਟੀ ਖੁਆਉਣ ਦੀ D ਵਿਆਂਹਦੜ ਨੂੰ ਕੈਂਠਾ ਪਾਉਣ ਦੀ।

14. 'ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ' ਲੋਕ ਗੀਤ ਕੀ ਹੈ?

A ਸੁਹਾਗ C ਘੋੜੀ

B ਟੱਪਾ D ਮਾਹੀਆ।

15. 'ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ' ਘੋੜੀ ਵਿੱਚ ਕਿਹੜੇ ਕੱਪੜੇ ਦਾ ਜ਼ਿਕਰ ਹੈ?

A ਲੱਠਾ C ਰੇਸ਼ਮ

B ਖੱਦਰ D ਸੂਤੀ।

16. 'ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ' ਵਿੱਚ ਕਿਹੜੇ ਗਹਿਣੇ ਦਾ ਜ਼ਿਕਰ ਹੈ?

A ਵਾਲੀਆਂ C ਛਾਪਾਂ

B ਮੁੰਦਰੀ D ਕੈਂਠਾ।

17. 'ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ' ਵਿੱਚ ਕਿਹੜੇ ਪਸ਼ੂਆਂ ਦਾ ਜ਼ਿਕਰ ਹੈ?

A ਘੋੜੀ ਤੇ ਊਠ C ਬੱਕਰੀ ਤੇ ਘੋੜੀ

B ਸ਼ੇਰ ਤੇ ਚੀਤਾ D ਮੱਝ ਤੇ ਬਲਦ

## (ੲ) ਸਿੱਠਣੀਆਂ

### I ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-

1. ਸਿੱਠਣੀਆਂ ਕਿਸ ਮੌਕੇ ਤੇ ਗਾਈਆਂ ਜਾਂਦੀਆਂ ਹਨ?
2. ਕਿਹੜੇ ਲੋਕ-ਗੀਤ ਨੂੰ ਮਿੱਠੀਆਂ-ਗਾਲਾਂ ਕਿਹਾ ਜਾਂਦਾ ਹੈ?
3. ਕਿਹੜੇ ਲੋਕ-ਗੀਤਾਂ ਵਿੱਚ ਲਾੜੇ ਅਤੇ ਉਸਦੇ ਰਿਸ਼ਤੇਦਾਰਾਂ ਦਾ ਮਜ਼ਾਕ ਉਡਾਇਆ ਜਾਂਦਾ ਹੈ?
4. ਸਿੱਠਣੀਆਂ ਕਿਨ੍ਹਾਂ ਵੱਲੋਂ ਗਾਈਆਂ ਜਾਂਦੀਆਂ ਹਨ?
5. ਜਾਂਞੀ ਕਿਹੋ ਜਿਹੇ ਪਿੰਡ ਵਿੱਚ ਆਏ ਦਰਸਾਏ ਗਏ ਹਨ?
6. ਸਿੱਠਣੀਆਂ ਵਿੱਚ ਜਾਂਞੀਆਂ ਦੇ ਮੂੰਹ ਕਿਸ ਤਰ੍ਹਾਂ ਦੇ ਦਿਖਾਏ ਗਏ ਹਨ?
7. ਸਿੱਠਣੀਆਂ ਵਿੱਚ ਨਿਲੱਜਿਓ ਕਿਨ੍ਹਾਂ ਨੂੰ ਕਿਹਾ ਗਿਆ ਹੈ?
8. ਸਿੱਠਣੀਆਂ ਵਿੱਚ ਲਾੜੇ ਦਾ ਰੰਗ ਰੂਪ ਕਿਹੋ ਜਿਹਾ ਦਿਖਾਇਆ ਗਿਆ ਹੈ?
9. ਸਿੱਠਣੀਆਂ ਵਿੱਚ ਲਾੜੇ ਨੂੰ ਬੁੱਲ੍ਹੀਆਂ ਕੱਢਦੇ ਕਿਉਂ ਦਿਖਾਇਆ ਗਿਆ ਹੈ?
10. ਸਿੱਠਣੀ ਵਿੱਚ ਲਾੜੇ ਦੀ ਬੇਬੇ ਕਿਸ ਤਰ੍ਹਾਂ ਬੈਠੀ ਦਿਖਾਈ ਗਈ ਹੈ?
11. ਸਿੱਠਣੀਆਂ ਵਿੱਚ ਜਾਂਞੀਆਂ ਦੇ ਢਿੱਡ ਲਈ ਕਿਹੜੇ ਸ਼ਬਦ ਵਰਤੇ ਗਏ ਹਨ?

12. ਸਿੱਠਣੀਆਂ ਵਿੱਚ ਵਿਆਹ ਵਾਲੀ ਕੁੜੀ ਦੇ ਬਾਪ ਨੂੰ ਕਿਸ ਤਰ੍ਹਾਂ ਬੈਠਾ ਦੱਸਿਆ ਗਿਆ ਹੈ?

**II ਕਿਹੜੇ ਕਥਨ ਠੀਕ ਜਾਂ ਗਲਤ ਹਨ:-**

1. ਸਿੱਠਣੀਆਂ ਲਾੜੇ ਦੇ ਪਰਿਵਾਰ ਦੀਆਂ ਔਰਤਾਂ ਵੱਲੋਂ ਦਿੱਤੀਆਂ ਜਾਂਦੀਆਂ ਹਨ।
2. ਸਿੱਠਣੀਆਂ ਵਿਆਹ ਦੇ ਵਾਤਾਵਰਣ ਵਿੱਚ ਹਾਸ-ਰਸ ਪੈਦਾ ਕਰਦੀਆਂ ਹਨ।
3. ਸਿੱਠਣੀਆਂ ਵਿੱਚ ਲਾੜੇ ਦੇ ਰਿਸ਼ਤੇਦਾਰਾਂ ਦੇ ਮੂੰਹਾਂ ਨੂੰ ਕਾਲੇ ਅਤੇ ਭੱਦੇ ਕਿਹਾ ਜਾਂਦਾ ਹੈ?
4. ਸਿੱਠਣੀ ਵਿੱਚ ਲਾੜੇ ਦੇ ਗੋਰੇ ਰੰਗ ਨੂੰ ਸਲਾਹਿਆ ਗਿਆ ਹੈ।
5. ਨਿਲੱਜਿਓ ਸ਼ਬਦ ਧੀ ਦੇ ਪੇਕੇ ਪਰਿਵਾਰ ਲਈ ਵਰਤਿਆ ਜਾਂਦਾ ਹੈ।
6. ਸਿੱਠਣੀ ਵਿੱਚ ਲਾੜੇ ਨੂੰ ਚੂਹੇ ਦੀ ਮੁੱਛ ਲਾਉਣ ਦੀ ਸਲਾਹ ਦਿੱਤੀ ਗਈ ਹੈ।
7. ਸਿੱਠਣੀ ਵਿੱਚ ਜਾਂਞੀਆਂ ਨੂੰ ਉਹਨਾਂ ਦੀਆਂ ਵਧੇਰੇ ਖਾਣ ਦੀਆਂ ਆਦਤਾਂ ਕਰਕੇ ਖਲ ਕੁੱਟ ਕੇ ਦੇਣ ਲਈ ਕਿਹਾ ਗਿਆ ਹੈ।

**III ਖਾਲੀ ਥਾਵਾਂ ਭਰੋ:-**

1. ਜਾਂਞੀ ਉਸ ਪਿੰਡੋਂ ਆਏ ਜਿੱਥੇ.................... ਨਾ।
2. ਸਿੱਠਣੀਆਂ ਵਿੱਚ ਲਾੜਾ ਭੁੱਖ ਲੱਗਣ ਤੇ.................... ਕੱਢਦਾ ਦਿਖਾਇਆ ਗਿਆ ਹੈ।
3. ਸਿੱਠਣੀਆਂ ਅਨੁਸਾਰ ਜੰਞ................. ਤੋਂ ਬਿਨਾਂ ਸੱਜਦੀ ਨਹੀਂ।
4. ਸਿੱਠਣੀ ਅਨੁਸਾਰ ਲਾੜਾ ਅੱਧੀ ਰਾਤੀਂ.................... ਮੰਗਦਾ ਹੈ।
5. ਸਿੱਠਣੀ ਵਿੱਚ ਲਾੜੇ ਨੂੰ................ ਦੀ ਦਾੜ੍ਹੀ ਲਾਉਣ ਲਈ ਕਿਹਾ ਗਿਆ ਹੈ।
6. ਸਿੱਠਣੀ ਵਿੱਚ ਲਾੜੇ ਦੇ ਚਾਚੇ ਨੂੰ.................... ਵਾਂਗ ਝਾਕਦੇ ਦੱਸਿਆ ਗਿਆ ਹੈ।

**IV ਸਹੀ ਉੱਤਰ ਦੀ ਚੋਣ ਕਰੋ:-**

1. ਸਿੱਠਣੀਆਂ ਕਿਹੜੇ ਮੌਕੇ ਦਿੱਤੀਆਂ ਜਾਂਦੀਆਂ ਹਨ?
   - A. ਵਿਆਹ
   - B. ਜਨਮ
   - C. ਮੌਤ
   - D. ਤਿਉਹਾਰ।
2. ਨਿਲੱਜਿਓ ਸ਼ਬਦ ਕਿਸ ਲੋਕ-ਗੀਤ ਵਿੱਚ ਵਰਤਿਆ ਗਿਆ ਹੈ?
   - A. ਸੁਹਾਗ

B. ਮਾਹੀਆ

C. ਢੋਲੇ

D. ਸਿੱਠਣੀਆਂ।

3. ਸਿੱਠਣੀਆਂ ਵਿੱਚ ਕੁੜਮ ਨੂੰ ਕਿਸ ਤਰ੍ਹਾਂ ਦਾ ਦੱਸਿਆ ਗਿਆ ਹੈ?

A. ਸੂਰਜ ਵਰਗਾ

B. ਸਰਦਾਰਾਂ ਵਰਗਾ

C. ਘੋਟਣੇ ਵਰਗਾ

D. ਰਾਜਿਆਂ ਵਰਗਾ।

4. 'ਪੈਸਾ ਪੈਸਾ ਸਾਡੇ ਪਿੰਡ ਦਿਓ ਪਾਓ,
ਲਾੜੇ ਜੋਗਾ ਤੁਸੀਂ ਵਾਜਾ ਮੰਗਾਓ।
ਜੰਞ ਤੇ ਸੱਜਦੀ ਨਹੀਂ,
ਨਿਲੱਜਿਓ ਲੱਜ ਤੁਹਾਨੂੰ ਨਹੀਂ।'
ਉਪਰੋਕਤ ਲੋਕ ਗੀਤ ਦਾ ਰੂਪ ਕੀ ਹੈ?

A. ਸੁਹਾਗ

B. ਟੱਪੇ

C. ਸਿੱਠਣੀਆਂ

D. ਘੋੜੀਆਂ।

5. ਜਾਂਞੀਆਂ ਦੇ ਮੂੰਹ ਕਿਸ ਤਰ੍ਹਾਂ ਦੇ ਹਨ?

A. ਗੋਰੇ

B. ਮੁੱਛਾ ਤੋਂ ਬਿਨ੍ਹਾਂ

C. ਝੁਰੜੀਆਂ ਵਾਲੇ

D. ਦਾੜੀਆਂ ਵਾਲੇ।

## (ਸ) ਟੱਪਾ

### I ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-

1. 'ਟੱਪਾ' ਕਿੰਨੀਆਂ ਤੁਕਾਂ ਵਾਲਾ ਲੋਕ-ਗੀਤ ਹੈ?

2. 'ਇਕਹਿਰੀ ਬੋਲੀ' ਕਿਸਨੂੰ ਕਿਹਾ ਜਾਂਦਾ ਹੈ?
3. ਕਿਹੜੇ ਲੋਕ-ਗੀਤ ਨੂੰ ਕਾਵਿ-ਤੁਕਾਂ ਵਾਂਗ ਵਰਤਿਆ ਜਾਂਦਾ ਹੈ?
4. ਕੀ ਟੱਪਿਆਂ ਵਿੱਚ ਲੋਕ-ਸਿਆਣਪ ਅਤੇ ਲੋਕ-ਨੀਤੀਆਂ ਨੂੰ ਪ੍ਰਗਟਾਇਆ ਜਾਂਦਾ ਹੈ?
5. 'ਨਹੀਓ ਲੱਭਣੇ ਲਾਲ ਗੁਆਚੇ, ਮਿੱਟੀ ਨਾ ਫਰੋਲ ਜੋਗੀਆ।' ਇਸ ਟੱਪੇ ਵਿੱਚ ਕਿਹੜਾ ਭਾਵ ਹੈ?

## II ਕਿਹੜਾ ਕਥਨ ਠੀਕ ਜਾਂ ਗਲਤ ਹੈ:-

1. ਟੱਪੇ ਵਿੱਚ ਅਕਸਰ ਇੱਕ ਸ਼ਾਬਦਿਕ-ਚਿੱਤਰ ਹੁੰਦਾ ਹੈ।
2. ਟੱਪੇ ਨੂੰ ਲਮਕਾ ਕੇ ਗਾਉਣ ਲਈ ਬੱਲੇ-ਬੱਲੇ ਨਹੀਂ ਜੋੜਿਆ ਜਾਂਦਾ।
3. ਟੱਪੇ ਵਿੱਚ ਕਈ ਭਾਵ ਪ੍ਰਗਟਾਏ ਜਾਂਦੇ ਹਨ।
4. ਟੱਪਿਆਂ ਵਿੱਚ ਜੀਵਨ ਦੇ ਅਨੇਕ ਰੰਗਾਂ ਤੇ ਸਥਿਤੀਆਂ ਬਾਰੇ ਨਿੱਕੀਆਂ-2 ਟਿੱਪਣੀਆਂ ਹੁੰਦੀਆਂ ਹਨ।
5. ਟੱਪੇ ਦੇ ਪਹਿਲੇ ਅੱਧ ਤੇ ਅੰਤ ਉੱਤੇ ਦੀਰਘ ਸਵਰ ਆਉਂਦਾ ਹੈ।

## III ਖ਼ਾਲੀ ਸਥਾਨ ਭਰੋ:-

1. ਗੋਰੇ ਰੰਗ ਨੂੰ ਕੋਈ ਨਾ ਪੁੱਛਦਾ, ..........................।
2. .........................., ਟੁੱਟ ਕੇ ਨਾ ਬਹਿਜੀਂ ਵੀਰਨਾ।
3. ਪੁੱਤ ਵੀਰ ਦਾ ਭਤੀਜਾ ਮੇਰਾ................ ਕਹਿ ਕੇ ਮੱਥਾ ਟੇਕਦਾ।
4. ਤੇਰੇ ਦਿਲ ਦੀ .................. ਨਾ ਜਾਵੇ, ਨ੍ਹਾਉਂਦਾ ਫਿਰੇ..................... ਤੇ।
5. ਤਿੰਨ ਰੰਗ ਨਹੀਂਓਂ ਲੱਭਣੇ, ਹੁਸਨ,...........,.............।

## IV ਸਹੀ ਉੱਤਰ ਦੀ ਚੋਣ ਕਰੋ:-

1. ਟੱਪੇ ਵਿੱਚ ਆਮ ਤੌਰ ਤੇ ਕਿੰਨੇ ਭਾਵਾਂ ਦਾ ਪ੍ਰਗਟਾਵਾ ਹੁੰਦਾ ਹੈ?

   A ਦੂਹਰੇ C ਇਕਹਿਰਾ

   B ਤੀਹਰਾ D ਬਹੁ-ਭਾਵ।

2. ਰਚਨਾ ਪੱਖੋਂ ਟੱਪੇ ਵਿੱਚ ਸੰਜਮ, ਸਹਿਜ, ਸਰਲਤਾ,.............. ਹੁੰਦੀ ਹੈ?

   A ਤਿੱਖਾਪਣ B ਮਿੱਠਾਪਣ

   C ਫਿੱਕਾਪਣ D ਰਸੀਲਾਪਣ

3. ............ ਜਿਨ੍ਹਾਂ ਨੇ ਪੁੰਨ ਕੀਤੇ, ਰੱਬ ਨੇ ਬਣਾਈਆਂ ਜੋੜੀਆਂ।

A ਪੀਲੇ ਚੌਲ    C ਚਿੱਟੇ ਚੌਲ

B ਰੰਗ-ਬਿਰੰਗੇ ਚੌਲ    D ਹਰੇ ਚੌਲ।

## (ਹ) ਬੋਲੀਆਂ

### I ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-

1. ਬੋਲੀਆਂ ਕਿਸ ਰੂਪ ਵਿੱਚ ਗਾਇਆ ਜਾਣ ਵਾਲਾ ਲੋਕ-ਗੀਤ ਹੈ?
2. ਬੋਲੀਆਂ ਦੀ ਆਖਰੀ ਤੁਕ ਨੂੰ ਕੀ ਕਿਹਾ ਜਾਂਦਾ ਹੈ?
3. ਕੀ ਔਰਤਾਂ ਅਤੇ ਮਰਦਾਂ ਵੱਲੋਂ ਗਾਈਆਂ ਜਾਣ ਵਾਲੀਆਂ ਬੋਲੀਆਂ ਵਿੱਚ ਵਿਸ਼ੇ ਪੱਖੋਂ ਵਖਰੇਵਾਂ ਹੁੰਦਾ ਹੈ?
4. ਔਰਤਾਂ ਕਿਹੜੇ ਲੋਕ-ਨਾਚ ਵਿੱਚ ਬੋਲੀਆਂ ਗਾਉਂਦੀਆਂ ਹਨ?
5. 'ਪਿੰਡ ਤਾਂ ਸਾਡੇ' ਬੋਲੀ ਵਿੱਚ ਕਿਹੜਾ ਜੀਵਨ-ਸੱਚ ਪੇਸ਼ ਕੀਤਾ ਗਿਆ ਹੈ?
6. 'ਕਾਲਿਆ ਹਰਨਾ' ਬੋਲੀ ਵਿੱਚ ਕਾਲਾ ਹਿਰਨ ਕਿਹੜੇ ਅਰਥਾਂ ਵਿੱਚ ਆਇਆ ਹੈ?
7. 'ਦੇਸ ਮੇਰੇ ਦੇ ਬਾਂਕੇ ਗੱਭਰੂ' ਬੋਲੀ ਵਿੱਚ ਪੰਜਾਬ ਬਾਰੇ ਕੀ ਸ਼ੁਭ-ਕਾਮਨਾ ਪ੍ਰਗਟ ਕੀਤੀ ਗਈ ਹੈ?
8. 'ਤਾਰਾਂ-ਤਾਰਾਂ-ਤਾਰਾਂ' ਬੋਲੀ ਵਿੱਚ 'ਜਿਊਂਦੀ ਮੈਂ ਮਰ ਗਈ' ਤੋਂ ਕੀ ਭਾਵ ਹੈ?

### II ਕਿਹੜਾ ਕਥਨ ਠੀਕ ਜਾਂ ਗਲਤ ਹੈ:-

1. ਮਰਦ ਬੋਲੀਆਂ ਨੂੰ ਭੰਗੜੇ ਵਿੱਚ ਗਾਉਂਦੇ ਹਨ।
2. ਬੋਲੀਆਂ ਦੀ ਆਖਰੀ ਤੁਕ ਨੂੰ ਤੋੜਾ ਕਿਹਾ ਜਾਂਦਾ ਹੈ ਅਤੇ ਇਹ ਤੁਕ ਲਗ-ਭਗ ਅੱਧੀ ਹੁੰਦੀ ਹੈ।
3. ਬੋਲੀਆਂ ਵਿੱਚ ਪਹਿਲੀਆਂ ਤੁਕਾਂ ਦਾ ਤੋਲ-ਤੁਕਾਂਤ ਬਰਾਬਰ ਨਹੀਂ ਹੁੰਦਾ।

### III ਖ਼ਾਲੀ ਸਥਾਨ ਭਰੋ:-

1. ਦੇਸ............... ਦੀਆਂ, ਖਿੜੀਆਂ ਰਹਿਣ ਬਹਾਰਾਂ।
2. ਮਹਿੰਦੀ ਸ਼ਗਨਾਂ ਦੀ, ਬਿਨ................... ਨੀ ਲਹਿੰਦੀ।
3. ਕਾਲਿਆ ਹਰਨਾ ਰੋਹੀਏਂ ਫਿਰਨਾ, ਤੇਰੇ ............. ਝਾਂਜਰਾਂ ਪਾਈਆਂ।
4. .................. ਜੇਡ ਗਰੀਬ ਨਾ ਕੋਈ, ਇੰਦਰ ਜੇਡ ਨਾ ਦਾਤਾ।
5. ਜੇਹੜਾ ਫੁੱਲ ਵਿੱਛੜ ਗਿਆ, ਮੁੜ ਨੀ............. 'ਤੇ ਚੜ੍ਹਦਾ।

## IV ਠੀਕ ਉੱਤਰ ਦੀ ਚੋਣ ਕਰੋ:–

1. 'ਮਹਿੰਦੀ ਮਹਿੰਦੀ ਹਰ ਕੋਈ ਕਹਿੰਦਾ' ਬੋਲੀ ਵਿੱਚ ਵਕਤਾ ਕੌਣ ਹੈ?

   A ਮੁਟਿਆਰ   C ਨੌਜਵਾਨ

   B ਬਜੁਰਗ   D ਬੱਚਾ।

2. 'ਕਾਲੇ ਹਿਰਨ' ਦੇ ਪੈਰੀਂ ਕੀ ਪਾਇਆ ਹੈ?

   A ਝਾਂਜਰਾਂ   C ਪਟਾ

   B ਘੁੰਗਰੂ   D ਮੋਤੀ।

# (ਕ) ਢੋਲਾ

## I ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:–

1. 'ਢੋਲਾ' ਕਿਹੜੇ ਇਲਾਕੇ ਦਾ ਲੋਕ-ਗੀਤ ਹੈ?
2. 'ਢੋਲੇ' ਦੇ ਰਚਨਹਾਰਿਆਂ ਨੂੰ ਕੀ ਕਹਿੰਦੇ ਹਨ?
3. ਢੋਲਿਆਂ ਦੀ ਬਣਤਰ ਕਿਹੋ ਜਿਹੀ ਹੁੰਦੀ ਹੈ?
4. ਢੋਲੇ ਗਾਉਣ ਲਈ ਕੰਨ ਤੇ ਕੀ ਰੱਖਿਆ ਜਾਂਦਾ ਹੈ?
5. ਢੋਲਿਆਂ ਦੇ ਵਿਸ਼ੇ ਕਿਹੋ ਜਿਹੇ ਹੁੰਦੇ ਹਨ?
6. 'ਕਦੇ ਨੇਹੁੰ ਨ ਲਗਦੇ ਜ਼ੋਰ ਦੇ' ਤੁਕ ਦਾ ਕੀ ਭਾਵ ਹੈ?
7. ਮੀਆ ਰਾਂਝਾ, ਢੋਲੇ ਵਿੱਚ ਰਾਂਝੇ ਦੇ ਭਰਾਵਾਂ ਨੇ ਕੀ ਕਿਹਾ?
8. 'ਦੁਖਿਆਰੇ ਮਰ ਕਿਉਂ ਨ ਵੈਂਦੇ' ਤੁਕ ਦਾ ਕੀ ਭਾਵ ਹੈ?

## II ਕਿਹੜਾ ਕਥਨ ਠੀਕ ਜਾਂ ਗਲਤ ਹੈ:–

1. ਢੋਲਿਆਂ ਨੂੰ ਪੁਰਾਤਨ ਪੰਜਾਬ ਦੀ ਖੁੱਲੀ ਕਵਿਤਾ ਵੀ ਕਿਹਾ ਜਾ ਸਕਦਾ ਹੈ।
2. ਕਈ ਢੋਲਿਆਂ ਵਿੱਚ ਪੰਜਾਬ ਦੇ ਇਤਿਹਾਸ ਨਾਲ ਸਬੰਧਿਤ ਘਟਨਾਵਾਂ ਅਤੇ ਨਾਇਕ-ਨਾਇਕਾਵਾਂ ਦਾ ਕਲਾਤਮਿਕ ਚਿਤਰਨ ਹੈ।
3. ਢੋਲਿਆਂ ਦੇ ਵਿਸ਼ੇ ਪਿਆਰ ਅਤੇ ਪ੍ਰੇਮੀਆਂ ਦੇ ਗਿਲੇ-ਸ਼ਿਕਵੇ ਆਦਿ ਨਹੀਂ ਹੁੰਦੀ।
4. ਢੋਲੇ ਬਾਰ ਦੇ ਸਮੁੱਚੇ ਜੀਵਨ ਨੂੰ ਪੇਸ਼ ਕਰਦੇ ਹਨ।

### III ਖ਼ਾਲੀ ਸਥਾਨ ਭਰੋ:-

1. ਸੌਦੇ ਦਿਲਾਂ ਦੇ ਹੁੰਦੇ ਨੇ, ਕਦੀ............. ਨਾ ਲੱਗਦੇ ਜ਼ੋਰ ਦੇ।
2. ਕੋਲ ਵਸੰਦਿਆਂ ਦੀਆਂ................ ਚੰਗੀਆਂ।
3. ਉਹ ਤਾਂ ਭੈੜੇ ਲੱਦੀ ਜਾਂਦੇ ਨੁ, ਜਿਨ੍ਹਾਂ ਆਂਦੇ ਨੇ................ ਰਲਾ ਕੇ।
4. ਮੱਝੀਂ ਮਾਲ ਵਰਿਆਮਾਂ ਦਾ,.............. ਕੋਲ ਨਾ ਰਹਿੰਦੀਆਂ।
5. ਕੈਲੀਆਂ ਤੇ ਕਾਲੀਆਂ ਮੱਝਾਂ, ਅੱਲ੍ਹਾ ............ ਤੋਂ ਆਂਦੀਆਂ।

### IV ਸਹੀ ਉੱਤਰ ਦੀ ਚੋਣ ਕਰੋ:-

1. ਪੱਛਮੀ ਪੰਜਾਬ ਦਾ ਪ੍ਰਮੁੱਖ ਲੋਕ-ਗੀਤ ਕਿਹੜਾ ਹੈ?

   A ਟੱਪਾ     C ਢੋਲਾ

   B ਬੋਲੀਆਂ     D ਘੋੜੀਆਂ।

2. 'ਕੈਲੀਆਂ ਤੇ ਕਾਲੀਆਂ ਮੱਝਾਂ' ਢੋਲੇ ਵਿੱਚ ਕਿਸਦੀ ਤਾਰੀਫ਼ ਹੋਈ ਹੈ?

   A ਬਲਦਾਂ ਦੀ     C ਗਾਵਾਂ ਦੀ

   B ਮੱਝਾਂ ਦੀ     D ਘੋੜਿਆਂ ਦੀ।

## (ਖ) ਮਾਹੀਆ

### I ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-

1. ਮਾਹੀਆ ਕਿੰਨੀਆਂ ਸਤਰਾਂ ਦਾ ਕਾਵਿ-ਰੂਪ ਹੈ?
2. ਮਾਹੀਏ ਵਿੱਚ ਆਮ ਤੌਰ ਤੇ ਕੀ ਵਿਸ਼ਾ ਹੁੰਦਾ ਹੈ?
3. ਕੀ ਮਾਹੀਏ ਤੇ ਟੱਪੇ ਵਿੱਚ ਕੋਈ ਅੰਤਰ ਹੈ?
4. ਮਾਹੀਆ ਜ਼ਿਆਦਾਤਰ ਕਿਹੜੇ ਇਲਾਕੇ ਵਿੱਚ ਪ੍ਰਚਲਿਤ ਰਿਹਾ?
5. ਮਾਹੀਏ ਵਿੱਚ ਪਹਿਲੀ ਛੋਟੀ ਤੁਕ ਦਾ ਕੀ ਮੰਤਵ ਹੁੰਦਾ ਹੈ?

### II ਕਿਹੜਾ ਕਥਨ ਠੀਕ ਜਾਂ ਗਲਤ ਹੈ:-

1. ਮਾਹੀਏ ਵਿੱਚ ਚਾਰ ਸਤਰਾਂ ਹੁੰਦੀਆਂ ਹਨ।
2. ਟੱਪਿਆਂ ਵਿੱਚ ਬਹੁ-ਭਾਂਤੀ ਵਿਸ਼ੇ ਮਿਲਦੇ ਹਨ, ਮਾਹੀਏ ਵਿੱਚ ਜ਼ਿਆਦਾਤਰ ਪ੍ਰੇਮ-ਭਾਵਾਂ ਦਾ ਰੰਗ ਹੀ ਮਿਲਦਾ ਹੈ।

**III ਖ਼ਾਲੀ ਸਥਾਨ ਭਰੋ:-**

1. ਦੁਨੀਆਂ 'ਚ ਸਭ ਸੋਹਣੇ, ................ ਮਿਲੇ ਦੀਆਂ ਬਾਤਾਂ ਨੇ।
2. ਚਿੱਠੀ ਸਾਡੇ ਮਾਹੀਏ ਦੀ, ਵਿੱਚ................ ਨਾ ਬੋਲੇ।
3. ਉਹ ਦਿਨ ਖ਼ੁਸ਼ੀਆਂ ਦਾ, ਜਦੋਂ.................... ਦਾ ਮੇਲ ਹੋਸੀ।

**IV ਸਹੀ ਉੱਤਰ ਦੀ ਚੋਣ ਕਰੋ:-**

1. ਤਿੰਨ ਸਤਰਾਂ ਦਾ ਕਾਵਿ-ਰੂਪ ਕਿਹੜਾ ਹੈ?

   A ਟੱਪਾ    C ਬੋਲੀਆਂ

   B ਮਾਹੀਆ    D ਢੋਲਾ।

2. ਮਾਹੀਏ ਵਿੱਚ ਆਮ ਤੌਰ ਤੇ ਕਿਹੜਾ ਭਾਵ ਪ੍ਰਗਟਾਇਆ ਜਾਂਦਾ ਹੈ?

   A ਲੋਕ-ਨੀਤੀ    C ਪ੍ਰੇਮ-ਭਾਵ

   B ਬਹਾਦਰੀ ਭਾਵ    D ਗਿਲੇ-ਸ਼ਿਕਵੇ।

## ਪੰਜਾਬੀ ਲੋਕ ਸਾਹਿਤ : ਮਿੱਥ ਕਥਾਵਾਂ

## (ੳ) ਪ੍ਰਹਿਲਾਦ ਭਗਤ

**I ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-**

1. ਪ੍ਰਹਿਲਾਦ ਭਗਤ ਦਾ ਮੁੱਖ ਪਾਤਰ ਕੌਣ ਹੈ?
2. ਹਰਨਾਖਸ਼ ਤੇ ਪਰਨਾਖ਼ਸ਼ ਦਾ ਆਪਸ 'ਚ ਕੀ ਰਿਸ਼ਤਾ ਹੈ?
3. ਹਰਨਾਖ਼ਸ਼ ਅਤੇ ਪਰਨਾਖ਼ਸ਼ ਕਿਥੇ ਰਹਿੰਦੇ ਸਨ?
4. ਪ੍ਰਹਿਲਾਦ, ਹਰਨਾਖ਼ਸ਼ ਦਾ ਕੀ ਲੱਗਦਾ ਹੈ?
5. ਹਰਨਾਖ਼ਸ਼ ਰਾਜ ਭਾਗ ਛੱਡ ਕੇ ਤਪੱਸਿਆ ਕਰਨ ਕਿੱਥੇ ਗਿਆ?
6. ਪਾਠਸ਼ਾਲਾ ਦੇ ਪਾਂਧੇ ਨੇ ਪ੍ਰਹਿਲਾਦ ਨੂੰ ਕਿਸ ਦਾ ਨਾਮ ਜਪਣ ਲਈ ਕਿਹਾ?
7. ਹਰਨਾਖਸ਼ ਨੇ ਜਲਾਦਾਂ ਨੂੰ ਹੁਕਮ ਦਿੱਤਾ ਕਿ ਪ੍ਰਹਿਲਾਦ ਨੂੰ ਕਿਸ ਵਿੱਚ ਡੋਬ ਕੇ ਮਾਰ ਦੇਣ?

8. ਹਰਨਾਖਸ਼ ਦੇ ਕਹਿਣ ਤੇ ਜਦੋਂ ਜਲਾਦਾਂ ਨੇ ਪ੍ਰਹਿਲਾਦ ਨੂੰ ਪਰਬਤ ਤੋਂ ਹੇਠਾਂ ਸੁੱਟਿਆ ਤਾਂ ਪ੍ਰਹਿਲਾਦ ਕਿਸ ਉੱਤੇ ਡਿੱਗਿਆ?
9. ਹਰਨਾਖਸ਼ ਨੇ ਪ੍ਰਹਿਲਾਦ ਨੂੰ ਕਿਸਦੇ ਪੈਰਾਂ ਹੇਠ ਕੁਚਲਣ ਲਈ ਸੁੱਟਿਆ?
10. ਹਰਨਾਖਸ਼ ਦੀ ਭੈਣ ਦਾ ਕੀ ਨਾਂ ਸੀ?
11. ਪ੍ਰਹਿਲਾਦ ਨੂੰ ਗਰਮ ਥੰਮ ਉੱਤੇ ਕੀ ਤੁਰਦੀ ਨਜ਼ਰ ਆਈ?
12. ਪ੍ਰਹਿਲਾਦ ਭਗਦ ਦੀ ਕਥਾ 'ਚ ਪ੍ਰਮਾਤਮਾ ਕਿਸ ਰੂਪ ਵਿੱਚ ਪ੍ਰਗਟ ਹੋਏ?
13. ਹਰਨਾਖਸ਼ ਨੂੰ ਨਰ ਸਿੰਘ ਨੇ ਕਿਸ ਤਰ੍ਹਾਂ ਮਾਰਿਆ?

**II ਖ਼ਾਲੀ ਸਥਾਨ ਭਰੋ:-**

1. ਹਰਨਾਖਸ਼ ਅਤੇ ਪਰਨਾਖਸ਼ ਨੂੰ ਦੇਵਤਿਆਂ ਦੇ.................. ਕਾਰਨ ਬੈਕੁੰਠ ਵਿੱਚੋਂ ਨਿਕਲਣਾ ਪਿਆ।
2. ਹਰਨਾਖਸ਼ ਭਾਵੇਂ ਬਲਵਾਨ ਸੀ ਪਰ ਉਸਨੂੰ................. ਤੋਂ ਡਰ ਲਗਦਾ ਸੀ।
3. ਹਰਨਾਖਸ਼ ਦੇ ਘਰ.................... ਨੇ ਜਨਮ ਲਿਆ।
4. ਪਾਂਧੇ ਨੇ ਪ੍ਰਹਿਲਾਦ ਦੀ ਹਰਨਾਖਸ਼ ਕੋਲ.................... ਕੀਤੀ।
5. ਪ੍ਰਹਿਲਾਦ ਦੀ ਮਾਂ ਉਸਨੂੰ ਆਪਣੇ ਕੋਲ ਬਿਠਾ ਕੇ ਕਹਿਣ ਲੱਗੀ, "ਤੇਰੇ ਪਿਤਾ ਜੀ ਇਸ ਧਰਤੀ 'ਤੇ ਸਭ ਤੋਂ.............. ਹਨ।
6. ਪ੍ਰਹਿਲਾਦ ਆਪਣੇ................ ਵਿੱਚ ਦ੍ਰਿੜ ਰਿਹਾ।
7. ਹੋਲਕਾ ਆਪਣੇ ਭਰਾ ਹਰਨਾਖਸ਼ ਦੀ............... ਦੂਰ ਕਰਨਾ ਚਾਹੁੰਦੀ ਸੀ।
8. ਬਾਲਣ ਨੂੰ ਅੱਗ ਲਗਾ ਦਿੱਤੀ ਗਈ ਪਰ ਇਸ ਅੱਗ ਵਿੱਚ.................. ਸੜ ਗਈ ਤੇ ਪ੍ਰਹਿਲਾਦ ਬਚ ਗਿਆ।
9. ਤਦ ਹਰਨਾਖਸ਼ ਨੇ ਪ੍ਰਹਿਲਾਦ ਨੂੰ ਕਿਹਾ ਕਿ ਜੇ ਪਰਮਾਤਮਾ ਇਸ ਥੰਮ ਵਿੱਚ ਵੀ ਹੈ ਤਾਂ ਉਹ ਇਸ ਥੰਮ ਨੂੰ................. ਪਾ ਲਵੇ।
10. ਮਰਨ ਸਮੇਂ ਹਰਨਾਖਸ਼ ਨਾ ਅੰਦਰ ਸੀ ਨਾ ਬਾਹਰ, ਉਹ................. ਉੱਤੇ ਸੀ।

**III ਕਿਹੜਾ ਕਥਨ ਠੀਕ ਜਾਂ ਗਲਤ ਹੈ:-**

1. ਹਰਨਾਖਸ਼ ਅਤੇ ਪਰਨਾਖਸ਼ ਦੋਵੇਂ ਭਰਾ ਨਹੀਂ ਸਨ।
2. ਪ੍ਰਹਿਲਾਦ ਦਾ ਪਿਤਾ ਹਰਨਾਖਸ਼ ਸੀ।
3. ਪਾਠਸ਼ਾਲਾ ਦੇ ਪਾਂਧੇ ਨੇ ਪ੍ਰਹਿਲਾਦ ਨੂੰ ਪ੍ਰਮਾਤਮਾ ਦਾ ਨਾਮ ਜਪਣ ਲਈ ਕਿਹਾ।
4. ਹਰਨਾਖਸ਼ ਨੇ ਜਲਾਦਾਂ ਨੂੰ ਪ੍ਰਹਿਲਾਦ ਨੂੰ ਪਰਬਤ ਤੋਂ ਹੇਠਾਂ ਸੁੱਟਣ ਲਈ ਕਿਹਾ।
5. ਹਰਨਾਖਸ਼ ਨੇ ਪ੍ਰਹਿਲਾਦ ਨੂੰ ਮਾਰਨ ਲਈ ਤਲਵਾਰ ਕੱਢੀ।
6. ਪਰਮਾਤਮਾ ਹਰਨਾਖਸ਼ ਨੂੰ ਮਾਰਨ ਲਈ ਇੱਕ ਸ਼ੇਰ ਦੇ ਰੂਪ 'ਚ ਸੀ।
7. ਨਰ ਸਿੰਘ ਦੀਆਂ ਨਹੁੰਦਰਾਂ ਨੇ ਹਰਨਾਖਸ਼ ਨੂੰ ਸਦਾ ਦੀ ਨੀਂਦ ਸੁਲਾ ਦਿੱਤਾ।

8. ਪ੍ਰਹਿਲਾਦ ਧਰਤੀ ਤੇ ਰਾਜ ਕਰਨ ਲੱਗਾ ਉਸਦੇ ਰਾਜ ਵਿੱਚ ਸਾਰੇ ਸੁਖੀ ਸਨ।

### IV ਸਹੀ ਉੱਤਰ ਦੀ ਚੋਣ ਕਰੋ:-

1. ਪ੍ਰਹਿਲਾਦ ਭਗਤ ਦੀ ਕਹਾਣੀ ਕਿਹੜੀਆਂ ਕਥਾਵਾਂ ਵਿੱਚ ਹੈ?

   A ਪਰੀਕਥਾਵਾਂ C ਦੰਤ ਕਥਾਵਾਂ

   B ਨੀਤੀ ਕਥਾਵਾਂ D ਮਿੱਥ ਕਥਾਵਾਂ।

2. ਹਰਨਾਖਸ਼ ਭਾਵੇਂ ਬਲਵਾਨ ਸੀ ਪਰ ਉਸਨੂੰ ਕਿਸ ਤੋਂ ਡਰ ਲੱਗਦਾ ਸੀ?

   A ਅੱਗ C ਸਰਾਪ

   B ਪਾਣੀ D ਮੌਤ।

3. ਹਰਨਾਖਸ਼ ਨੂੰ ਖਤਰਾ ਪੈਦਾ ਹੋ ਗਿਆ ਕਿ ਕਿਤੇ ਬਾਕੀ ਦੇ ਲੋਕ ਵੀ ਉਸ ਤੋਂ ਆਕੀ ਨਾ ਹੋ ਜਾਣ। ਇਸ ਲਈ ਉਸਨੇ ਗਰਜ ਕੇ ਕੀ ਕਿਹਾ?

   A ਮੈਂ ਸਭ ਤੋਂ ਵੱਧ ਡਰਪੋਕ ਹਾਂ C ਮੈਂ ਸਭ ਤੋਂ ਵੱਧ ਸ਼ਕਤੀਸ਼ਾਲੀ ਹਾਂ

   B ਮੈਂ ਸਭ ਤੋਂ ਵੱਧ ਕਮਜ਼ੋਰ ਹਾਂ D ਮੈਂ ਸਭ ਤੋਂ ਵੱਧ ਇਮਾਨਦਾਰ ਹਾਂ

4. ਹਰਨਾਖਸ਼ ਨੂੰ ਮਾਰਨ ਵਾਲੇ ਦਾ ਰੂਪ ਕਿਹੋ ਜਿਹਾ ਸੀ?

   A ਰਾਖਸ਼ ਦੇ ਰੂਪ C ਪਸ਼ੂ ਦੇ ਰੂਪ

   B ਸ਼ੇਰ ਦੇ ਰੂਪ D ਨਾ ਪੂਰਾ ਮਨੁੱਖੀ ਰੂਪ ਵਿੱਚ ਸੀ ਤੇ ਨਾ ਪਸ਼ੂ ਰੂਪ ਵਿੱਚ।

## (ਅ) ਨਲ ਅਤੇ ਦਮਿਅੰਤੀ

### I ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-

1. ਨਲ ਅਤੇ ਦਮਿਅੰਤੀ ਕਿਸ ਕਥਾ ਵਿੱਚੋਂ ਲਈ ਗਈ ਹੈ?
2. ਵੀਰਸੈਨ ਦੇ ਪੁੱਤਰ ਦਾ ਕੀ ਨਾਂ ਸੀ?
3. ਨਲ ਨੂੰ ਕਿਸ ਚੀਜ਼ 'ਚ ਖ਼ਾਸ ਮੁਹਾਰਤ ਸੀ?
4. ਭੀਮ ਕਿਥੋਂ ਦਾ ਰਾਜਾ ਸੀ?
5. ਭੀਮ ਦੀ ਪੁੱਤਰੀ ਦਾ ਨਾਂ ਕੀ ਸੀ?
6. ਨਲ ਅਤੇ ਦਮਿਅੰਤੀ ਕਿਨ੍ਹਾਂ ਕਾਰਨਾਂ ਕਰਕੇ ਛੇਤੀ ਹੀ ਲੋਕਾਂ ਵਿੱਚ ਜਾਣੇ-ਜਾਣ ਲੱਗੇ?
7. ਦਮਿਅੰਤੀ ਦੇ ਜਵਾਨ ਹੋਣ ਤੇ ਉਸਦੇ ਪਿਤਾ ਨੇ ਉਸਦਾ ਵਿਆਹ ਕਰਨ ਲਈ ਕੀ ਆਯੋਜਨ ਕੀਤਾ?

8. ਦਮਿਅੰਤੀ ਪਹਿਲਾਂ ਹੀ ਮਨੋ-ਮਨੀ ਕਿਸਨੂੰ ਆਪਣਾ ਪਤੀ ਸਵੀਕਾਰ ਕਰ ਚੁੱਕੀ ਸੀ?
9. ਦਮਿਅੰਤੀ ਨੇ ਵਰਮਾਲਾ ਕਿਸ ਦੇ ਗਲ ਵਿੱਚ ਪਾ ਦਿੱਤੀ?
10. ਨਲ ਅਤੇ ਦਮਿਅੰਤੀ ਦੇ ਘਰ ਕਿੰਨੇ ਬੱਚੇ ਹੋਏ?
11. ਕਿਸ ਤੋਂ ਨਲ ਅਤੇ ਦਮਿਅੰਤੀ ਦੀ ਖ਼ੁਸ਼ੀ ਬਰਦਾਸ਼ਤ ਨਾ ਹੋਈ?
12. ਸਮਾਂ ਪਾ ਕੇ ਰਾਜਾ ਨਲ ਦੇ ਮਨ ਵਿੱਚ ਕੀ ਖੇਡਣ ਦਾ ਭੂਤ ਸਵਾਰ ਹੋ ਗਿਆ?
13. ਜੂਏ ਵਿੱਚ 'ਨਲ' ਹਾਰਦਾ ਚਲਾ ਗਿਆ ਤੇ ਕੌਣ ਜਿੱਤਦਾ ਚਲਾ ਗਿਆ?
14. ਨਲ ਆਪਣਾ ਰਾਜ ਛੱਡ ਕੇ ਕਿੱਥੇ ਜਾਣ ਲਈ ਤੁਰ ਪਿਆ?
15. ਜੰਗਲ ਵਿੱਚ ਅਜਗਰ ਨੇ ਦਮਿਅੰਤੀ ਨੂੰ ਕਿਸ ਪਾਸੇ ਤੋਂ ਨਿਗਲਣਾ ਸ਼ੁਰੂ ਕੀਤਾ?
16. ਸ਼ਿਕਾਰੀ ਦੀ ਆਪਣੇ ਪ੍ਰਤੀ ਮੰਦੀ ਭਾਵਨਾ ਦੇਖਦੇ ਹੋਏ ਦਮਿਅੰਤੀ ਨੇ ਸ਼ਿਕਾਰੀ ਨੂੰ ਕੀ ਕੀਤਾ?
17. ਜਦੋਂ ਦਮਿਅੰਤੀ ਜੰਗਲ 'ਚੋਂ ਇੱਕ ਕਾਫ਼ਲੇ ਨਾਲ ਚੇਦੀ ਰਾਜ ਦੀ ਰਾਜਧਾਨੀ ਪਹੁੰਚੀ ਤਾਂ ਉਥੋਂ ਦੀ ਰਾਜ ਮਾਤਾ ਦਮਿਅੰਦੀ ਦੀ ਕੀ ਲੱਗਦੀ ਸੀ?
18. ਰਾਜਾ ਨਲ ਅਨੇਕ ਤਰ੍ਹਾਂ ਦੇ ਕਸ਼ਟ ਝੱਲਦਾ ਹੋਇਆ ਕਿਸ ਰਾਜੇ ਕੋਲ ਚਲਾ ਗਿਆ?
19. ਰਿਤੂਪਰਣ ਕੀ ਖੇਡਣ ਵਿੱਚ ਮਾਹਿਰ ਸੀ?
20. ਰਿਤੂਪਰਣ ਨੇ ਰਾਜੇ ਨਲ ਨੂੰ ਕਿਸ ਦੇ ਗੁਰ ਦੱਸੇ?
21. ਰਾਜੇ ਨਲ ਨੇ ਰਿਤੂਪਰਣ ਨੂੰ ਕਿਸ ਦਾ ਭੇਤ ਦੱਸਿਆ?

**II ਖ਼ਾਲੀ ਸਥਾਨ ਭਰੋ:-**

1. ਨਿਸ਼ਧ ਦੇਸ਼ ਦੇ................. ਨਾਂ ਦੇ ਰਾਜੇ ਦਾ ਇੱਕ ਪੁੱਤਰ ਨਲ ਸੀ।
2. ਦਮਿਅੰਤੀ ਨਾਲ ਵਿਆਹ ਦੀ ਇੱਛਾ ਲੈ ਕੇ ਕਈ ਦੇਵਤੇ ਵੀ ਰਾਜਿਆਂ ਦਾ ਰੂਪ ਧਾਰ ਕੇ ਵੀ ਉਸ ................ ਵਿੱਚ ਪਹੁੰਚੇ।
3. ਦਮਿਅੰਤੀ ਨੇ ਵਰਮਾਲਾ ਨਲ ਦੇ ਗਲ ਵਿੱਚ ਪਾ ਦਿੱਤੀ ਤਾਂ ਦੇਵਤਿਆਂ ਨੇ ਵੀ ............. ਦਿੱਤੇ।
4. ਨਲ ਆਪਣਾ ਸਭ ਕੁਝ............. ਵਿੱਚ ਹਾਰ ਚੁੱਕਾ ਸੀ।
5. ਪੁਸ਼ਕਰ ਨੇ ਨਲ ਦਾ ਰਾਜ ਜਿੱਤਣ ਪਿੱਛੋਂ ਜਨਤਾ ਨੂੰ ਹੁਕਮ ਕਰ ਦਿੱਤਾ ਕਿ ਨਲ ਅਤੇ ਦਮਿਅੰਤੀ ਨੂੰ ਕਿਸੇ ਪ੍ਰਕਾਰ ਦੀ .............. ਨਾ ਦਿੱਤੀ ਜਾਵੇ।
6. ਨਲ ਅਤੇ ਦਮਿਅੰਤੀ ਕਈ ਦਿਨਾਂ ਤੱਕ................. ਭਾਣੇ ਰਹੇ।
7. ਸਵੇਰ ਹੋਣ ਤੇ ਜਦੋਂ ਦਮਿਅੰਤੀ ਦੀ ਜਾਗ ਖੁਲ੍ਹੀ ਤਾਂ ਆਪਣੇ ਨਾਲ ਰਾਜੇ ਨਲ ਨੂੰ ਨਾ ਵੇਖ ਕੇ ਉਸਦਾ ਮਨ ............... ਹੋ ਗਿਆ।

## III ਕਿਹੜਾ ਕਥਨ ਠੀਕ ਜਾਂ ਗਲਤ ਹੈ:-

1. ਨਲ ਅਤੇ ਦਮਿਅੰਤੀ ਦੋਵੇਂ ਦੋਸਤ ਸਨ।
2. ਨਲ ਨੂੰ ਘੋੜੇ ਦੁੜਾਉਣ ਵਿੱਚ ਉਸਦੀ ਖਾਸ ਮੁਹਾਰਤ ਸੀ।
3. ਦਮਿਅੰਤੀ ਕਰੂਪ ਤੇ ਬੇਅਕਲ ਸੀ।
4. ਦਮਿਅੰਤੀ ਪਹਿਲਾਂ ਹੀ ਮਨੋ-ਮਨੀ ਨਲ ਨੂੰ ਆਪਣਾ ਪਤੀ ਸਵੀਕਾਰ ਕਰ ਚੁੱਕੀ ਸੀ।
5. ਨਲ ਨੂੰ ਪੁਸ਼ਕਰ ਨੇ ਜੂਏ ਵਿੱਚ ਹਰਾ ਕੇ ਸਭ ਰਾਜ ਭਾਗ ਹਾਸਲ ਕਰ ਲਿਆ।
6. ਨਲ ਅਤੇ ਦਮਿਅੰਤੀ ਆਪਣਾ ਰਾਜ ਛੱਡ ਕੇ ਜੰਗਲ ਜਾਣ ਲਈ ਤੁਰ ਪਏ।
7. ਨਲ ਦਮਿਅੰਤੀ ਨੂੰ ਜੰਗਲ ਵਿੱਚ ਬਾਵਲਾ ਹੋਇਆ ਲੱਭਦਾ ਰਿਹਾ।

## IV ਸਹੀ ਉੱਤਰ ਦੀ ਚੋਣ ਕਰੋ:-

1. ਨਲ ਅਤੇ ਦਮਿਅੰਤੀ ਦੀ ਕਥਾ ਕਿਹੜੀਆਂ ਕਥਾਵਾਂ ਵਿੱਚੋਂ ਲਈ ਗਈ ਹੈ?

   A ਦੰਤ ਕਥਾਵਾਂ C ਨੀਤੀ ਕਥਾਵਾਂ

   B ਪ੍ਰੀਤ ਕਥਾਵਾਂ D ਮਿੱਥ ਕਥਾਵਾਂ।

2. ਨਲ ਅਤੇ ਦਮਿਅੰਤੀ ਦੀ ਖੁਸ਼ੀ ਕਿਸ ਤੋਂ ਬਰਦਾਸ਼ਤ ਨਾ ਹੋਈ?

   A ਸਤਿਯੁਗ ਤੋਂ C ਕਲਯੁਗ ਤੋਂ

   B ਰਾਖਸ਼ਾਂ ਤੋਂ D ਰਾਜਿਆਂ ਤੋਂ।

3. ਸਮਾਂ ਪਾ ਕੇ ਰਾਜਾ ਨਲ ਦੇ ਮਨ ਵਿੱਚ ਕੀ ਖੇਡਣ ਦਾ ਭੂਤ ਸਵਾਰ ਹੋਇਆ?

   A ਫੁੱਟਬਾਲ ਖੇਡਣ ਦਾ C ਜੂਆ ਖੇਡਣ ਦਾ

   B ਕੁਸ਼ਤੀ ਖੇਡਣ ਦਾ D ਮੁਰਗੇ ਲੜਾਉਣ ਦਾ।

4. ਦਮਿਅੰਤੀ ਨੇ ਆਉਣ ਵਾਲੇ ਮਾੜੇ ਸਮੇਂ ਦਾ ਅਨੁਮਾਨ ਕਰਕੇ ਆਪਣੇ ਦੋਵੇਂ ਬੱਚੇ ਕਿਸ ਕੋਲ ਛੱਡੇ?

   A ਸਹੁਰੇ ਘਰ C ਪਿਤਾ ਕੋਲ

   B ਸਹੇਲੀ ਘਰ D ਨਲ ਕੋਲ।

5. ਅਸਲ ਵਿੱਚ ਦਮਿਅੰਤੀ ਨੇ ਦੂਜੀ ਵਾਰ ਸਵੰਬਰ ਕਿਸ ਦੀ ਪਛਾਣ ਕਰਨ ਲਈ ਰੱਖਿਆ ਸੀ?

   A ਰਿਤੂਪਰਣ ਦੀ C ਨਲ ਦੀ

   B ਰਸਾਲੂ ਦੀ D ਅਮਰਨਾਥ ਦੀ

# II ਪਰੀ ਕਥਾਵਾਂ

## 1. ਨੀਲ ਕਮਲ

### I ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-

1. ਸੁਦਾਗਰ ਆਪਣੀ ਪਤਨੀ ਨੂੰ ਸ਼ਹਿਰ ਜਾਣ ਲੱਗਿਆਂ ਕੀ ਦੇ ਕੇ ਗਿਆ?
2. ਜੇਕਰ ਛੁਰੀ ਦਾ ਰੰਗ ਕਾਲਾ ਪੈ ਜਾਵੇ ਤਾਂ ਕੀ ਸਮਝ ਲੈਣਾ?
3. ਸੁਦਾਗਰ ਨੇ ਆਪਣੀ ਪਤਨੀ ਨੂੰ ਕਿਹਾ ਜੇਕਰ ਛੁਰੀ ਉੱਤੇ ਲਹੂ ਦੀਆਂ ਬੂੰਦਾਂ ਸਿੰਮ ਜਾਣ ਤਾਂ ਕੀ ਸਮਝ ਲੈਣਾ?
4. ਸੁਦਾਗਰ ਵਪਾਰ ਕਰਨ ਲਈ ਆਪਣੇ ਨਾਲ ਕੀ ਲੈ ਕੇ ਗਿਆ?
5. ਜਦੋਂ ਸੁਦਾਗਰ ਨੇ ਰਾਜੇ ਨੂੰ ਆਪਣੀ ਪਤਨੀ ਦੇ ਸੁੰਦਰ ਅਤੇ ਗੁਣਵਾਨ ਹੋਣ ਬਾਰੇ ਦੱਸਿਆ ਤਾਂ ਰਾਜੇ ਦੇ ਮਨ ’ਚ ਕੀ ਹਸਰਤ ਪੈਦਾ ਹੋਈ?
6. ਰਾਜੇ ਨੇ ਸੁਦਾਗਰ ਦੀ ਪਤਨੀ ਨੂੰ ਲਿਆਉਣ ਵਾਸਤੇ ਕਿਸਨੂੰ ਭੇਜਿਆ?
7. ਜਦੋਂ ਫੱਫੇ ਕੁੱਟਣੀਆਂ ਵਾਪਸ ਨਾ ਆਈਆਂ ਤਾਂ ਰਾਜੇ ਨੇ ਦੁਬਾਰਾ ਸੁਦਾਗਰ ਦੀ ਪਤਨੀ ਨੂੰ ਲਿਆਉਣ ਵਾਸਤੇ ਕਿਸਨੂੰ ਭੇਜਿਆ?

### II ਖ਼ਾਲੀ ਸਥਾਨ ਭਰੋ:-

1. ਇੱਕ ਸ਼ਹਿਰ ਵਿੱਚ ਇੱਕ................ ਅਤੇ ਉਸਦੀ ਪਤਨੀ ਰਹਿੰਦੇ ਸਨ?
2. ਸੁਦਾਗਰ ਬਹੁਤ ਸਾਰੇ.................. ਅਤੇ ਹੋਰ ਮਾਲ ਲੈ ਕੇ ਵਪਾਰ ਲਈ ਦੂਜੇ ਦੇਸ਼ ਗਿਆ।
3. ਰਾਜੇ ਨੇ ਆਪਣੇ ਮਨ ਦੀ ਹਸਰਤ ਆਪਣੇ................ ਨੂੰ ਦੱਸੀ।
4. ਸੁਦਾਗਰ ਦੀ ਪਤਨੀ ਨੂੰ ਯਕੀਨ ਹੋ ਗਿਆ ਕਿ ਇਹ ਔਰਤਾਂ................. ਹਨ ਕਿਉਂਕਿ ਠੋਡੀ ਵਾਲਾ ਤਿਲ ਤਾਂ ਉਸਨੇ ਉਸ ਦਿਨ ਸੁਰਮੇ ਨਾਲ ਬਣਾਇਆ ਸੀ।
5. ਸੁਦਾਗਰ ਦੀ ਪਤਨੀ ਨੇ ਫੱਫੇ ਕੁੱਟਣੀਆਂ ਨੂੰ.................... ਦੇ ਪਕੌੜੇ ਖੁਆਂਦੀ ਜਾਂਦੀ ਅਤੇ ਉਹ ਸਾਰਾ ਦਿਨ ਘੂਕ ਸੁੱਤੀਆਂ ਰਹਿੰਦੀਆਂ।
6. ਤੁਸੀਂ ਇੱਕ ਵੱਡਾ ਸਾਰਾ ਡੋਲ਼ਾ ਤਿਆਰ ਕਰੋ ਜਿਸ ਵਿੱਚ ਸਾਡੀ................... ਅਤੇ ਤਿੰਨ ਗੋਲੀਆਂ ਬੈਠ ਸਕੀਏ।
7. ਰਾਜਾ ਅਤੇ ਵਜ਼ੀਰ ਬੜੇ ਖ਼ੁਸ਼ ਸਨ। ਉਹ ਕਾਹਲੀ-ਕਾਹਲੀ ................. ਨੂੰ ਲੈ ਕੇ ਮਹਿਲਾਂ ਵਿੱਚ ਆ ਗਏ।

## III ਕਿਹੜਾ ਕਥਨ ਠੀਕ ਜਾਂ ਗਲਤ ਹੈ:–

1. ਸੁਦਾਗਰ ਨੇ ਆਪਣੀ ਪਤਨੀ ਨੂੰ ਤਲਵਾਰ ਦਿੱਤੀ।
2. ਸੁਦਾਗਰ ਦੀ ਪਤਨੀ ਨੇ ਸੁਦਾਗਰ ਨੂੰ ਨੀਲ ਕਮਲ ਦਿੱਤਾ।
3. ਸੁਦਾਗਰ ਦੀ ਪਤਨੀ ਬੜੀ ਸੁੰਦਰ ਅਤੇ ਗੁਣਵਾਨ ਸੀ।
4. ਦੋਹੇ ਫੱਫੇ ਕੁੱਟਣੀਆਂ ਨੇ ਯੋਜਨਾ ਮੁਤਾਬਿਕ ਸਫ਼ੈਦ ਰੰਗ ਦੇ ਕੱਪੜੇ ਪਾ ਕੇ ਸੁਦਾਗਰ ਦੇ ਸ਼ਹਿਰ ਵੱਲ ਚੱਲ ਪਈਆਂ।
5. ਸੁਦਾਗਰ ਦੀ ਪਤਨੀ ਦੀਆਂ ਤਿੰਨ ਭੈਣਾਂ ਹੋਰ ਸਨ।
6. ਸੁਦਾਗਰ ਦੀ ਪਤਨੀ ਨੇ ਰਾਜੇ ਨੂੰ ਸ਼ੀਰੇ ਵਾਲੇ ਟੋਏ ਵਿੱਚ ਛੁਪਾ ਦਿੱਤਾ।
7. ਸੁਦਾਗਰ ਦੀ ਪਤਨੀ ਨੇ ਰਾਜੇ ਨੂੰ ਫੇਰ ਪਾਣੀ ਵਾਲੇ ਟੋਏ ਵਿੱਚ ਧੱਕ ਦਿੱਤਾ।

## IV ਸਹੀ ਉੱਤਰ ਦੀ ਚੋਣ ਕਰੋ:–

1. ਨੀਲ ਕਮਲ ਦੀ ਕਥਾ ਕਿਹੜੀਆਂ ਕਥਾਵਾਂ ਚੋਂ ਲਈ ਹੈ?

   A ਪ੍ਰੀਤ ਕਥਾਵਾਂ   C ਪਰੀ ਕਥਾਵਾਂ

   B ਮਿੱਥ ਕਥਾਵਾਂ   D ਨੀਤੀ ਕਥਾਵਾਂ।

2. ਸੁਦਾਗਰ ਕੀ ਲੈ ਕੇ ਵਪਾਰ ਕਰਨ ਲਈ ਗਿਆ ਸੀ?

   A ਕਪੜਾ   C ਹੀਰੇ ਮੋਤੀ

   B ਸ਼ਹਿਦ   D ਲੋਹਾ।

3. ਜਦੋਂ ਫੱਫੇ ਕੁੱਟਣੀਆਂ ਰੋਟੀਆਂ ਖਾ ਰਹੀਆਂ ਸਨ ਤਾਂ ਉਹਨਾਂ ਨੂੰ ਕਿਸ ਚੀਜ਼ ਦਾ ਨਸ਼ਾ ਚੜ੍ਹਨ ਲੱਗ ਪਿਆ?

   A ਸ਼ਰਾਬ ਦਾ   C ਭੰਗ ਦਾ

   B ਸੰਗੀਤ ਦਾ   D ਡੋਡਿਆਂ ਦਾ।

4. ਸੁਦਾਗਰ ਦੇ ਸਿਰ ਤੇ ਕੀ ਬਣਨ ਦਾ ਭੂਤ ਸਵਾਰ ਸੀ?

   A ਚੰਗਾ ਵਪਾਰੀ   C ਮੰਤਰੀ

   B ਸੈਨਾਪਤੀ   D ਜਰਨੈਲ।

5. ਸੁਦਾਗਰ ਅਤੇ ਉਸਦੀ ਪਤਨੀ ਨੇ ਰਲ ਕੇ ਕਿਸ ਚੀਜ਼ ਦੇ ਦੋ ਟੋਏ ਪੁੱਟੇ ਸਨ?

   A ਪਾਣੀ ਅਤੇ ਖਾਦ ਦੇ   C ਗੁੜ ਦਾ ਸ਼ੀਰਾ ਤੇ ਪੰਛੀਆਂ ਦੇ ਖੰਭ ਤੇ ਰੂੰ

   B ਰੋੜੇ ਅਤੇ ਰੇਤਾ ਦਾ   D ਝਾੜੀਆਂ ਅਤੇ ਘਾਹ ਦੇ।

## 2. ਸਬਜ਼ ਪਰੀ

### I ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-

1. ਮੀਰਜਾਦਾ ਵਿਆਹਿਆ ਸੀ ਜਾਂ ਕੁਆਰਾ?
2. ਮੀਰਜ਼ਾਦੇ ਦੀ ਭਰਜਾਈ ਉਸਦਾ ਵਿਆਹ ਕਿਸ ਨਾਲ ਕਰਾਉਣਾ ਚਾਹੁੰਦੀ ਸੀ?
3. ਮੀਰਜ਼ਾਦੇ ਦੀ ਭਰਜਾਈ ਨੇ ਉਸਨੂੰ ਕਿਸ ਨਾਲ ਵਿਆਹ ਕਰਾਉਣ ਦਾ ਮਿਹਣਾ ਮਾਰਿਆ ਸੀ?
4. ਮੀਰਜ਼ਾਦਾ ਘੋੜੇ ਉੱਤੇ ਬੈਠ ਕੇ ਕਿਸਨੂੰ ਲੱਭਣ ਲਈ ਚਲ ਪਿਆ?
5. ਮੀਰਜ਼ਾਦਾ ਸੰਘਣੇ ਜੰਗਲ ਵਿੱਚ ਜਦੋਂ ਇੱਕ ਰੁੱਖ ਹੇਠਾਂ ਅਰਾਮ ਕਰ ਰਿਹਾ ਸੀ ਤਾਂ ਕਿਸ ਦੇ ਫੁੰਕਾਰੇ ਦੀ ਆਵਾਜ਼ ਆਈ?
6. ਰੁੱਖ ਉੱਤੇ ਕੌਣ ਰਹਿੰਦਾ ਸੀ?
7. ਹੰਸ ਤੇ ਹੰਸਣੀ ਦੇ ਬੱਚਿਆਂ ਨੂੰ ਕੌਣ ਮਾਰ ਕੇ ਖਾ ਜਾਂਦਾ ਸੀ?
8. ਮੀਰਜ਼ਾਦੇ ਨੂੰ ਸਬਜ਼ਪਰੀ ਦੇ ਦੇਸ਼ ਦਾ ਪਤਾ ਕਿਸਨੇ ਦਿੱਤਾ ਸੀ?
9. ਹੰਸ ਮੀਰਜ਼ਾਦੇ ਨੂੰ ਕਿਸ ਉੱਤੇ ਬਿਠਾ ਕੇ ਲੈ ਗਿਆ?
10. ਹੰਸ ਨੇ ਨਦੀ ਵਿੱਚ ਕਿਸਨੂੰ ਨਹਾਉਂਦੇ ਵੇਖਿਆ?
11. ਹੰਸ ਨੇ ਦਰਿਆ ਦੇ ਕੰਢੇ ਤੋਂ ਮੀਰਜ਼ਾਦੇ ਨੂੰ ਪਰੀਆਂ ਦੀ ਕਿਹੜੀ ਚੀਜ. ਚੁੱਕ ਕੇ ਲਿਆਉਣ ਲਈ ਕਿਹਾ?
12. ਸਬਜ਼ਪਰੀ ਤੇ ਮੀਰਜ਼ਾਦੇ ਨਾਲ ਵਿਆਹ ਕਰਾਉਣ ਤੋਂ ਬਾਅਦ ਉਹ ਕਿਸ ਰਸਤੇ ਰਾਹੀਂ ਮੀਰਜ਼ਾਦੇ ਦੇ ਦੇਸ਼ ਵਲ ਚੱਲ ਪਏ?
13. ਸਮੁੰਦਰ ਵਿੱਚ ਭਿਆਨਕ ਤੂਫਾਨ ਆਉਣ ਨਾਲ ਕੀ ਡੁੱਬ ਗਈ?
14. ਸਬਜ਼ਪਰੀ ਨੇ ਆਪਣੇ ਪਤੀ ਅਤੇ ਹੰਸ ਨੂੰ ਲੱਭਣ ਲਈ ਕੀ ਸੋਚਿਆ?
15. ਹੰਸ ਕੀ ਖਾਂਦੇ ਹਨ?
16. ਮੀਰਜ਼ਾਦਾ ਕਿਸ ਦੇ ਘਰ ਰਹਿਣ ਲੱਗ ਪਿਆ?
17. ਮੀਰਜ਼ਾਦਾ ਅਤੇ ਸਬਜ਼ਪਰੀ ਹੰਸ ਦੀ ਮੱਦਦ ਨਾਲ ਰਾਜੇ ਤੋਂ ਚੋਰੀ ਮਹਿਲ ਵਿੱਚੋਂ ਕਦੋਂ ਨਿਕਲੇ?
18. ਬਾਗ਼ ਵਿੱਚ ਕੌਣ ਰਹਿੰਦੀ ਸੀ?
19. ਮਾਲਣ ਨੇ ਕਿਸਦੇ ਕੱਪੜੇ ਪਹਿਨ ਲਏ?
20. ਇੱਕ ਪਰੀ ਨੇ ਕਿਸ ਜਾਤ ਉੱਤੇ ਭਰੋਸਾ ਨਾ ਕਰਨ ਦੀ ਸਲਾਹ ਦਿੱਤੀ?

### II ਖ਼ਾਲੀ ਸਥਾਨ ਭਰੋ:-

1. ਮੀਰਜ਼ਾਦਾ ਘੋੜੇ ਉੱਤੇ ਬੈਠ ਕੇ................ ਲੱਭਣ ਚੱਲ ਪਿਆ।
2. ਮੀਰਜ਼ਾਦੇ ਨੇ ਸਬਜ਼ਪਰੀ ਨਾਲ ਵਿਆਹ ਕਰਵਾਉਣ ਵਾਲੀ ਗੱਲ.................... ਨੂੰ ਦੱਸੀ।

3. ਹੰਸ ਨੇ ਵੇਖਿਆ ਕਿ ਨਦੀ ਵਿੱਚ ਪਰੀਆਂ ਨ੍ਹਾ ਰਹੀਆਂ ਹਨ ਤੇ ਉਹਨਾਂ ਦੇ .............. ਕਿਨਾਰੇ ’ਤੇ ਪਏ ਸਨ।
4. ਸਬਜ਼ਪਰੀ ਇੱਕ ਸ਼ਹਿਰ ਜਾ ਪਹੁੰਚੀ ਅਤੇ ਮੀਰਜ਼ਾਦਾ ਕਿਸੇ ਦੂਜੇ....................।
5. ਸਬਜ਼ਪਰੀ ਨੇ ਮਹਿਲ ਦੀ ਛੱਤ ਉੱਤੇ ਪੰਛੀਆਂ ਲਈ ਭਾਂਤ-ਭਾਂਤ ਦੇ............... ਖਿਲਾਰ ਦਿੱਤੇ ਅਤੇ ਨਾਲ ਹੀ ਸੁੱਚੇ ਮੋਤੀਆਂ ਦੀ ਢੇਰੀ ਲਾ ਦਿੱਤੀ।
6. ਭਾਵੇਂ..................... ਬਹੁਤ ਲਿੱਸਾ ਹੋ ਗਿਆ ਸੀ ਪਰ ਹੰਸ ਨੇ ਉਸਨੂੰ ਪਛਾਣ ਲਿਆ।
7. ਇੱਕ ਦਿਨ ਮੀਰਜ਼ਾਦਾ ਉਸ ਬਾਗ਼ ਦੇ ਖ਼ੂਹ ਨੇੜੇ ਘੁੰਮ ਰਿਹਾ ਸੀ ਜਿੱਥੇ................ ਨੇ ਸਬਜ਼ਪਰੀ ਨੂੰ ਖ਼ੂਹ ਵਿੱਚ ਧੱਕਾ ਦਿੱਤਾ ਸੀ।
8. ਕੁਝ ਦਿਨਾਂ ਬਾਅਦ ਮੀਰਜ਼ਾਦਾ ਸ਼ਿਕਾਰ ਖੇਡਦਾ-ਖੇਡਦਾ ਜੰਗਲ ਦੇ ਉਸ ਪਾਸੇ ਚਲਾ ਗਿਆ ਜਿਥੇ ਉਸਨੇ ................ਤਰੋੜ ਮਰੋੜ ਕੇ ਸੁੱਟਿਆ ਸੀ।

## III ਕਿਹੜਾ ਕਥਨ ਠੀਕ ਜਾਂ ਗਲਤ ਹੈ:-

1. ਮੀਰਜ਼ਾਦਾ ਕੁਆਰਾ ਸੀ।
2. ਮੀਰਜ਼ਾਦਾ ਸਬਜ਼ਪਰੀ ਨੂੰ ਲੱਭਣ ਲਈ ਇੱਕ ਰਾਜ ਤੋਂ ਦੂਜੇ ਰਾਜ ਘੁੰਮਦਾ ਰਿਹਾ।
3. ਜਦੋਂ ਸੱਪ ਮੀਰਜ਼ਾਦੇ ਨੂੰ ਡੰਗਣ ਹੀ ਲੱਗਾ ਸੀ ਤਾਂ ਮੀਰਜ਼ਾਦੇ ਨੇ ਆਪਣੀ ਤਲਵਾਰ ਨਾਲ ਉਸਦੇ ਟੁੱਕੜੇ-ਟੁੱਕੜੇ ਕਰ ਦਿੱਤੇ।
4. ਮੀਰਜ਼ਾਦਾ, ਸਬਜ਼ਪਰੀ ਤੇ ਹੰਸ ਬੇੜੀ ਵਿੱਚ ਬੈਠ ਕੇ ਸਮੁੰਦਰ ਦੇ ਰਸਤੇ ਮੀਰਜ਼ਾਦੇ ਦੇ ਦੇਸ਼ ਵੱਲ ਚੱਲ ਪਏ।
5. ਮੀਰਜ਼ਾਦਾ ਭਠਿਆਰਨ ਦੇ ਘਰ ਲੱਕੜਾਂ ਕੱਟ ਕੇ ਲਿਆਉਂਦਾ ਸੀ।
6. ਜਦੋਂ ਮਾਲਣ ਨੂੰ ਪਤਾ ਚੱਲਿਆ ਕਿ ਸਬਜ਼ਪਰੀ ਮੀਰਜ਼ਾਦੇ ਦੀ ਪਤਨੀ ਹੈ ਤਾਂ ਮਾਲਣ ਨੇ ਸਬਜ਼ਪਰੀ ਦੀ ਖ਼ੂਬ ਸੇਵਾ ਕੀਤੀ।
7. ਪਰੀਆਂ ਨੱਚ ਕੇ ਉੱਡਣ ਲੱਗੀਆਂ ਤਾਂ ਇੱਕ ਪਰੀ ਨੇ ਕਿਹਾ, “ਕਦੀ ਵੀ ਆਦਮ ਜਾਤ ’ਤੇ ਭਰੋਸਾ ਨਾ ਕਰਨਾ।”

## IV ਸਹੀ ਉੱਤਰ ਦੀ ਚੋਣ ਕਰੋ:-

1. ਸਬਜ਼ਪਰੀ ਦੀ ਕਹਾਣੀ ਕਿਹੜੀਆਂ ਕਥਾਵਾਂ ’ਚੋਂ ਲਈ ਗਈ ਹੈ?

   A ਮਿੱਥ ਕਥਾਵਾਂ   C ਪਰੀ ਕਥਾਵਾਂ

   B ਪ੍ਰੀਤ ਕਥਾਵਾਂ   D ਨੀਤੀ ਕਥਾਵਾਂ।

2. ਹੰਸ ਨੇ ਮੀਰਜ਼ਾਦੇ ਨੂੰ ਕਿਹਾ, “ਸਬਜ਼ਪਰੀ ਦੇ ਮਹਿਲ ਤੱਕ ਕੌਣ ਪਹੁੰਚਾ ਸਕਦਾ ਹੈ?”

   A ਦੇਵਤੇ   C ਪਰੀਆਂ

   B ਰਾਜਾ   D ਰਾਖਸ਼।

3. ਜਦੋਂ ਸਬਜ਼ਪਰੀ ਨਹਾਉਣ ਲੱਗੀ ਤਾਂ ਮਾਲਣ ਨੇ ਉਸਨੂੰ ਕਿੱਥੇ ਧੱਕਾ ਦਿੱਤਾ।

   A ਦਰਿਆ　　C ਖੂਹ

   B ਨਦੀ　　D ਸਮੁੰਦਰ

# ਨੀਤੀ ਕਥਾਵਾਂ

## (ੳ) ਲਾਲਸਾ ਦੀ ਚੱਕੀ

**I　ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-**

1. ਸੰਤਾਂ ਨੇ ਕਿਸ ਦਿਸ਼ਾ ਵੱਲ ਦੀਵਾ ਨਾ ਲੈ ਜਾਣ ਦੀ ਗੱਲ ਕੀਤੀ?
2. ਜਦੋਂ ਲਾਲਚੀ ਬੰਦਾ ਪਹਿਲਾ ਦੀਵਾ ਬਾਲ ਕੇ ਪੂਰਬ ਦਿਸ਼ਾ ਵੱਲ ਤੁਰ ਪਿਆ ਤਾਂ ਜਦੋਂ ਦੀਵਾ ਬੁੱਝਿਆ ਉਸ ਥਾਂ ਪੁੱਟੀ ਜਗ੍ਹਾ ਤੋਂ ਕੀ ਮਿਲਿਆ?
3. ਜਦੋਂ ਲਾਲਚੀ ਬੰਦਾ ਦੂਜਾ ਦੀਵਾ ਬਾਲ ਕੇ ਪੱਛਮ-ਦਿਸ਼ਾ ਵਲ ਤੁਰ ਪਿਆ, ਦੀਵਾ ਬੁੱਝਣ ਤੇ ਉਸ ਥਾਂ ਪੁੱਟੀ ਜਗ੍ਹਾ ਤੋਂ ਕੀ ਮਿਲਿਆ?
4. ਲਾਲਚੀ ਬੰਦੇ ਦੁਆਰਾ ਬਾਲਿਆ ਹੋਇਆ ਚੌਥਾ ਦੀਵਾ ਕਿੱਥੇ ਬੁੱਝ ਗਿਆ?
5. ਲਾਲਚੀ ਬੰਦੇ ਨੂੰ ਮਹਿਲ ਦੇ ਇੱਕ ਕਮਰੇ ਅੰਦਰ ਕੀ ਚੱਲਣ ਦੀ ਅਵਾਜ਼ ਸੁਣਾਈ ਦਿੱਤੀ?
6. ਬੁੱਢੇ ਆਦਮੀ ਨੇ ਲਾਲਚੀ ਬੰਦੇ ਨੂੰ ਕੀ ਚਲਾਉਣ ਲਈ ਕਿਹਾ?
7. ਬੁੱਢੇ ਅਨੁਸਾਰ ਜੇ ਚੱਕੀ ਚਲਣੀ ਬੰਦ ਹੋ ਗਈ ਤਾਂ ਕੀ ਹੋਵੇਗਾ?
8. ਬੁੱਢਾ ਮਹਿਲ 'ਚੋਂ ਨਿਕਲ ਕੇ ਲੋਕਾਂ ਨੂੰ ਉੱਚੀ-ਉੱਚੀ ਕੀ ਕਹਿਣਾ ਚਾਹੁੰਦਾ ਹੈ?

**II　ਖ਼ਾਲੀ ਸਥਾਨ ਭਰੋ:-**

1. ਲਾਲਚੀ ਦੇ ਸੁਣਨ ਅਨੁਸਾਰ ਜੇ ਸੰਤਾਂ-ਸਾਧਾਂ ਦੀ ਸੇਵਾ ਕਰੀਏ ਤਾਂ ਬੜਾ............... ਪ੍ਰਾਪਤ ਹੁੰਦਾ ਹੈ।
2. ਲਾਲਚੀ ਬੰਦੇ ਨੇ.................. ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ।
3. ਸੰਤ ਅਨੁਸਾਰ ਦੀਵਾ ਬੁਝਣ ਤੇ ਜਦੋਂ ਤੂੰ ਜਮੀਨ ਪੁੱਟੇਂਗਾ ਤਾਂ ਤੈਨੂੰ.............. ਧਨ ਮਿਲੇਗਾ।
4. ਹੋਰ ਜ਼ਿਆਦਾ ਧਨ ਪ੍ਰਾਪਤ ਕਰਨ ਦੇ ਲਾਲਚ ਨੇ ਬੰਦੇ ਨੂੰ .............. ਦੇ ਬਚਨਾਂ ਬਾਰੇ ਮੁੜ ਸੋਚਣ ਹੀ ਨਾ ਦਿੱਤਾ।
5. ਲਾਲਚੀ ਬੰਦਾ ਮਹਿਲ ਦੇ ਹਰੇਕ ................. ਵਿੱਚ ਗਿਆ।
6. ਲਾਲਚੀ ਬੰਦੇ ਨੂੰ ਕਮਰੇ ਵਿੱਚ .................. ਚੱਲਣ ਦੀ ਅਵਾਜ਼ ਸੁਣਾਈ ਦਿੱਤੀ।
7. ਬੁੱਢਾ ਚੱਕੀ ਤੋਂ ਹੱਟ ਕੇ ਉੱਚੀ-ਉੱਚੀ ................. ਲੱਗਾ।

**III ਕਿਹੜਾ ਕਥਨ ਠੀਕ ਜਾਂ ਗਲਤ ਹੈ:-**

1. ਲਾਲਚੀ ਬੰਦਾ ਪਹਿਲਾ ਦੀਵਾ ਬਾਲ ਕੇ ਪੂਰਬ ਦਿਸ਼ਾ ਵਲ ਤੁਰ ਪਿਆ।
2. ਪੱਛਮ ਦਿਸ਼ਾ ਵਿੱਚ ਲਾਲਚੀ ਬੰਦੇ ਨੂੰ ਸੋਨੇ ਦੀਆਂ ਮੋਹਰਾਂ ਨਾਲ ਭਰਿਆ ਇੱਕ ਘੜਾ ਮਿਲਿਆ।
3. ਉੱਤਰ ਦਿਸ਼ਾ ਵਿੱਚ ਮਿਲੇ ਮਹਿਲ ਦਾ ਦਰਵਾਜ਼ਾ ਖੁੱਲ੍ਹਾ ਪਿਆ ਸੀ।
4. ਮਹਿਲ ਦੇ ਇੱਕ ਕਮਰੇ ਅੰਦਰ ਬੁੱਢੀ ਔਰਤ ਚੱਕੀ ਚਲਾ ਰਹੀ ਸੀ।
5. ਜੇ ਚੱਕੀ ਚੱਲਣੀ ਬੰਦ ਹੋ ਗਈ ਤਾਂ ਮਹਿਲ ਡਿੱਗ ਪਵੇਗਾ।
6. 'ਲਾਲਸਾ ਦੀ ਚੱਕੀ' ਕਹਾਣੀ ਵਿੱਚ ਲਾਲਚ ਨੂੰ ਚੰਗਾ ਗੁਣ ਦੱਸਿਆ ਹੈ।

**IV ਸਹੀ ਉੱਤਰ ਦੀ ਚੋਣ ਕਰੋ:-**

1. 'ਲਾਲਸਾ ਦੀ ਚੱਕੀ' ਦੀ ਕਹਾਣੀ ਕਿਹੜੀਆਂ ਕਥਾਵਾਂ 'ਚੋਂ ਲਈ ਗਈ ਹੈ?

   A ਮਿੱਥ ਕਥਾਵਾਂ    C ਨੀਤੀ ਕਥਾਵਾਂ

   B ਪਰੀ ਕਥਾਵਾਂ    D ਦੰਤ ਕਥਾਵਾਂ।

2. ਲਾਲਚੀ ਬੰਦੇ ਦੀ ਸੇਵਾ ਤੋਂ ਖੁਸ਼ ਹੋ ਕੇ ਸੰਤਾਂ ਨੇ ਉਸਨੂੰ ਕੀ ਦਿੱਤਾ?

   A ਚਾਰ ਮੋਮਬੱਤੀਆਂ    C ਚਾਰ ਦੀਵੇ

   B ਚਾਰ ਘੜੇ    D ਚਾਰ ਲਾਲਟੈਣਾਂ।

3. ਅਗਲੇ ਦਿਨ ਸਵੇਰੇ ਹੀ ਉਸਨੇ ਚੌਥਾ ਦੀਵਾ ਬਾਲਿਆ ਤੇ ਉਹ ਕਾਹਲੀ-ਕਾਹਲੀ ਕਿੱਥੇ ਚੱਲ ਪਿਆ?

   A ਉੱਤਰ ਵੱਲ    C ਪੱਛਮ ਵੱਲ

   B ਦੱਖਣ ਵੱਲ    D ਪੂਰਬ ਵੱਲ।

4. "ਮੈਂ ਵੀ ਤੇਰੇ ਵਾਂਗ ਲਾਲਚ ਕਰਕੇ ਸੰਤਾਂ ਦੀ ਗੱਲ ਨਹੀਂ ਸੀ ਮੰਨੀ" ਇਹ ਕਥਨ ਕਿਸਨੇ ਕਹੇ?

   A ਬੁੱਢੇ ਨੇ    C ਲਾਲਚੀ ਬੰਦੇ ਨੇ

   B ਜਵਾਨ ਨੇ    D ਸੰਤਾਂ ਨੇ

# 4. ਦੰਤ-ਕਥਾਵਾਂ

## (ੳ) ਪੂਰਨ ਭਗਤ

### I ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-

1. ਸਲਵਾਨ ਕਿੱਥੋਂ ਦਾ ਰਾਜਾ ਸੀ?
2. ਸਲਵਾਨ ਦੀਆਂ ਕਿੰਨੀਆਂ ਰਾਣੀਆਂ ਸਨ?
3. ਸਲਵਾਨ ਦੀਆਂ ਦੋਨਾਂ ਰਾਣੀਆਂ ਦੇ ਨਾਂ ਲਿਖੋ?
4. ਪੂਰਨ ਨੇ ਕਿਸ ਮਾਂ ਦੀ ਕੁੱਖੋਂ ਜਨਮ ਲਿਆ?
5. ਸਲਵਾਨ ਦਾ ਪੂਰਨ ਕੀ ਲੱਗਦਾ ਸੀ?
6. ਕਿਸਨੇ ਰਾਜਾ ਸਲਵਾਨ ਨੂੰ ਪੂਰਨ ਨੂੰ ਬਾਰਾਂ ਵਰ੍ਹੇ ਭੋਰੇ ਵਿੱਚ ਬੰਦ ਰੱਖਣ ਦਾ ਹੁਕਮ ਦਿੱਤਾ?
7. ਪੂਰਨ ਦੀ ਸੁੰਦਰਤਾ ਦੇਖ ਕੇ ਕੌਣ ਦੰਗ ਰਹਿ ਗਈ?
8. ਲੂਣਾ ਪੂਰਨ ਨੂੰ ਪੁੱਤਰ ਦੀ ਥਾਂ ਹੋਰ ਕਿਸ ਰੂਪ ਵਿੱਚ ਵੇਖਣ ਲੱਗ ਪਈ?
9. ਲੂਣਾਂ ਦੀ ਝੂਠੀ ਕਹਾਣੀ ਅਖੁਸਾਰ ਪੂਰਨ ਉਸਦੀ ਕਿਸ ਚੀਜ਼ ਤੇ ਡੁੱਲ ਗਿਆ ਸੀ?
10. ਰਾਜਾ ਸਲਵਾਨ ਨੇ ਲੂਣਾਂ ਦੀ ਝੂਠੀ ਕਹਾਣੀ ਨੂੰ ਸੱਚ ਮੰਨ ਕੇ ਪੂਰਨ ਨੂੰ ਕਿਸਦੇ ਹਵਾਲੇ ਕਰ ਦਿੱਤਾ?
11. ਜਲਾਦਾਂ ਨੂੰ ਰਾਜੇ ਨੇ ਪੂਰਨ ਨੂੰ ਕਿੱਥੇ ਸੁੱਟਣ ਲਈ ਕਿਹਾ?
12. ਜਲਾਦਾਂ ਨੇ ਪੂਰਨ ਨੂੰ ਜਾਨੋ ਮਾਰਨ ਦੀ ਥਾਂ ਕੀ ਕੱਟ ਕੇ ਖੂਹ ਵਿੱਚ ਸੁੱਟ ਦਿੱਤਾ?
13. ਖੂਹ ਵਿੱਚੋਂ 'ਹਾਏ-ਹਾਏ' ਦੀ ਦਰਦ ਭਰੀ ਅਵਾਜ਼ ਸੁਣ ਕੇ ਪੂਰਨ ਨੂੰ ਕਿਸਨੇ ਕੱਢਿਆ?
14. ਪੂਰਨ ਖੂਹ ਵਿੱਚੋਂ ਕਿਸ ਨੂੰ ਫੜ ਕੇ ਬਾਹਰ ਆਇਆ?
15. ਪੂਰਨ ਗੋਰਖ ਨਾਥ ਤੋਂ ਜੋਗ ਧਾਰਨ ਤੋਂ ਬਾਅਦ ਕੀ ਬਣ ਗਿਆ?
16. ਪੂਰਨ ਕਿਸ ਦੇ ਮਹਿਲੀਂ ਭਿੱਖਿਆ ਮੰਗਣ ਗਿਆ?
17. ਜਦੋਂ ਗੋਰਖ ਨਾਥ ਸੁੰਦਰਾਂ ਦੀ ਸ਼ਰਧਾ ਵੇਖ ਕੇ ਪ੍ਰਸੰਨ ਹੋਇਆ ਤਾਂ ਸੁੰਦਰਾਂ ਨੂੰ ਕੋਈ ਵਰਦਾਨ ਮੰਗਣ ਲਈ ਕਿਹਾ ਤਾਂ ਸੁੰਦਰਾਂ ਨੇ ਕੀ ਵਰਦਾਨ 'ਚ ਮੰਗਿਆ?
18. ਰਾਣੀ ਇੱਛਰਾਂ ਕਿਸਦੇ ਵਿਯੋਗ ਵਿੱਚ ਅੰਨ੍ਹੀ ਹੋ ਗਈ ਸੀ?
19. ਪੂਰਨ ਨੇ ਲੂਣਾਂ ਨੂੰ ਅਸ਼ੀਰਵਾਦ ਦਿੰਦਿਆਂ ਉਸ ਨੂੰ ਕੀ ਖਾਣ ਨੂੰ ਦਿੱਤਾ?

### II ਖ਼ਾਲੀ ਸਥਾਨ ਭਰੋ:-

1. ਸਲਵਾਨ ਦੇ ਘਰ ਰਾਣੀ ਇੱਛਰਾਂ ਦੀ ਕੁੱਖੋਂ ਇੱਕ................. ਨੇ ਜਨਮ ਲਿਆ।
2. ਬਾਰ੍ਹਾਂ ਵਰ੍ਹੇ ਬੀਤ ਜਾਣ ਪਿੱਛੋਂ ਪੂਰਨ ਭੋਰਿਉਂ ਨਿਕਲ ਕੇ ਆਪਣੇ ਪਿਤਾ ਰਾਜਾ................. ਨੂੰ ਮਿਲਣ ਲਈ ਗਿਆ।
3. ਲੂਣਾਂ ਦੇ ਮਹਿਲਾਂ ਵਿੱਚੋਂ ਪੂਰਨ ਦੇ ਵਾਪਸ ਜਾਣ ਪਿੱਛੋਂ................. ਨੇ ਇੱਕ ਨਵੀਂ ਸਾਜਸ਼ ਰਚੀ।

4. ਰਾਜੇ ਦੀ ਸੰਤੁਸ਼ਟੀ ਲਈ ਉਹਨਾਂ ਨੇ ਪੂਰਨ ਦੇ ਕੁਝ ਕੱਪੜੇ............. ਨਾਲ ਲਿੱਬੜੇ ਵਿਖਾ ਦਿੱਤੇ।
5. ਗੋਰਖ ਨਾਥ ਨੇ ਪੂਰਨ ਦੇ ਸਿਰ ਤੇ ਹੱਥ ਫੇਰਿਆ ਤੇ ਆਪਣੀ ਸ਼ਕਤੀ ਨਾਲ ਉਸਨੂੰ................ ਕਰ ਦਿੱਤਾ।
6. ਸੁੰਦਰਾਂ ਬੜੇ ਚੰਗੇ............ ਤਿਆਰ ਕਰਵਾ ਕੇ ਆਪ ਗੋਰਖ ਨਾਥ ਦੇ ਡੇਰੇ ਆ ਪੁੱਜੀ।

**III ਕਿਹੜਾ ਕਥਨ ਠੀਕ ਜਾਂ ਗ਼ਲਤ ਹੈ:–**

1. ਰਾਜਾ ਸਲਵਾਨ ਦੀਆਂ ਦੋ ਰਾਣੀਆਂ ਸਨ।
2. ਪੂਰਨ ਲੂਣਾ ਦਾ ਪੁੱਤਰ ਸੀ।
3. ਜੋਤਸ਼ੀਆਂ ਦੇ ਕਹਿਣ ਤੇ ਰਾਜਾ ਸਲਵਾਨ ਨੇ ਪੂਰਨ ਨੂੰ ਬਾਰਾਂ ਵਰ੍ਹਿਆਂ ਤੱਕ ਭੋਰੇ ਵਿੱਚ ਰੱਖਣ ਦਾ ਹੁਕਮ ਦੇ ਦਿੱਤਾ।
4. ਰਾਜਾ ਸਲਵਾਨ ਨੇ ਪੂਰਨ ਨੂੰ ਮਾਰ ਕੇ ਸਮੁੰਦਰ ਵਿੱਚ ਸੁੱਟਣ ਦਾ ਹੁਕਮ ਦਿੱਤਾ।
5. ਰਾਣੀ ਸੁੰਦਰਾਂ ਨੇ ਮਹਿਲਾਂ ਉੱਤੋਂ ਪੂਰਨ ਨੂੰ ਵੇਖਿਆ।

**IV ਸਹੀ ਉੱਤਰ ਦੀ ਚੋਣ ਕਰੋ :**

1. ਪੂਰਨ ਭਗਤ ਦੀ ਕਹਾਣੀ ਕਿਹੜੀਆਂ ਕਥਾਵਾਂ 'ਚ ਲਈ ਗਈ ਹੈ?

   A ਮਿੱਥ ਕਥਾਵਾਂ　C ਪ੍ਰੀਤ ਕਥਾਵਾਂ

   B ਨੀਤੀ ਕਥਾਵਾਂ　D ਦੰਤ ਕਥਾਵਾਂ।

2. ਰਾਜੇ ਦੇ ਹੁਕਮਾਂ ਦੀ ਪਾਲਣਾ ਕਰਦੇ ਜਲਾਦਾਂ ਦੀ ਨਜ਼ਰ ਵਿੱਚ ਪੂਰਨ ਕਿਹੋ ਜਿਹਾ ਸੀ?

   A ਦੋਸ਼ੀ　C ਨਿਰਦੋਸ਼

   B ਬੇਈਮਾਨ　D ਬਲਵਾਨ।

3. ਲੰਮਾ ਸਮਾਂ ਬੀਤ ਜਾਣ 'ਤੇ ਇੱਕ ਵਾਰੀ ਪੂਰਨ ਜੋਗੀ ਦੇ ਰੂਪ ਵਿੱਚ ਕਿੱਥੇ ਗਿਆ?

   A ਰਾਜ ਕੋਟ　C ਫਰੀਦਕੋਟ

   B ਪੂਰਨ ਕੋਟ　D ਸਿਆਲਕੋਟ।

4. ਔਲਾਦ ਨਾ ਹੋਣ ਕਾਰਨ ਨਿਰਾਸ਼ ਹੋਈ ਲੂਣਾਂ ਰਾਜਾ ਸਲਵਾਨ ਨੂੰ ਨਾਲ ਲੈ ਕੇ ਕਿਸ ਕੋਲ ਪਹੁੰਚੀ?

   A ਪੂਰਨ ਭਗਤ ਕੋਲ　C ਗੋਰਖਨਾਥ ਕੋਲ

   B ਰਾਜਾ ਰਸਾਲੂ ਕੋਲ　D ਹਰਨਾਖਸ਼ ਕੋਲ।

# (ਅ) ਰਾਜਾ ਰਸਾਲੂ

## I ਅੱਗੇ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ:-

1. ਪੂਰਨ ਭਗਤ ਦੇ ਆਸ਼ੀਰਵਾਦ ਨਾਲ ਸਿਆਲਕੋਟ ਦੇ ਰਾਜਾ ਸਲਵਾਨ ਦੇ ਘਰ ਤੇ ਰਾਣੀ ਲੂਣਾਂ ਦੀ ਕੁੱਖੋਂ ਕਿਸ ਦਾ ਜਨਮ ਹੋਇਆ?
2. ਰਾਜੇ ਦੇ ਜੋਤਸ਼ੀਆਂ ਨੇ ਰਾਜੇ ਨੂੰ ਕਿੰਨੇ ਵਰ੍ਹੇ ਤੱਕ ਰਸਾਲੂ ਦਾ ਮੂੰਹ ਵੇਖਣਾ ਅਸ਼ੁੱਭ ਦੱਸਿਆ?
3. ਜਿਸ ਦਿਨ ਰਸਾਲੂ ਨੇ ਜਨਮ ਲਿਆ ਸੀ ਉਸੇ ਦਿਨ ਸਲਵਾਨ ਦੇ ਅਸਤਬਲ ਵਿੱਚ ਕਿਸ ਦਾ ਜਨਮ ਹੋਇਆ?
4. ਰਸਾਲੂ ਦੇ ਬਚਪਨ ਦੇ ਸਾਥੀ ਕੌਣ ਸਨ?
5. ਜਦੋਂ ਰਸਾਲੂ ਐਕ ਨਦੀ ਵਿੱਚ ਇਸ਼ਨਾਨ ਕਰਨ ਗਿਆ ਤਾਂ ਕਿਹੜੀ ਰਾਜਕੁਮਾਰੀ ਉਸ ਪ੍ਰਤੀ ਖਿੱਚੀ ਗਈ?
6. ਰਸਾਲੂ ਪਾਣੀ ਭਰਨ ਆਈਆਂ ਕੁੜੀਆਂ ਦੇ ਘੜੇ ਕਿਸ ਨਾਲ ਤੋੜ ਦਿੰਦਾ ਹੈ?
7. ਰਾਜੇ ਕੋਲ ਸ਼ਿਕਾਇਤ ਕਰਨ ਤੇ ਕੁੜੀਆਂ ਨੂੰ ਪਾਣੀ ਭਰਨ ਲਈ ਕਿਹੜੇ ਘੜੇ ਦੀ ਵਰਤੋਂ ਕਰਨ ਲਈ ਕਿਹਾ?
8. ਰਸਾਲੂ ਨੇ ਕਿਹੜੇ ਤੀਰਾਂ ਨਾਲ ਗਾਗਰਾਂ ਦੇ ਵੀ ਨਿਸ਼ਾਨੇ ਵਿੰਨ੍ਹਣੇ ਸ਼ੁਰੂ ਕਰ ਦਿੱਤੇ?
9. ਜਦੋਂ ਰਸਾਲੂ ਨੂੰ ਰਾਜੇ ਨੇ ਦਰਬਾਰ ਵਿੱਚ ਬੁਲਾਇਆ ਤਾਂ ਉਸਨੂੰ ਕੀ ਸਜ਼ਾ ਦਿੱਤੀ?
10. ਹਰੀ ਚੰਦ ਦੀ ਲੜਕੀ ਦਾ ਕੀ ਨਾਂ ਸੀ?
11. ਸਰੂਪਾਂ ਆਪਣੀ ਸਹੇਲੀਆਂ ਨਾਲ ਕਿੱਥੇ ਖੇਡ ਰਹੀ ਸੀ?
12. ਰਸਾਲੂ ਕਿਸਨੂੰ ਦੇਖਕੇ ਉਸ ਤੇ ਮੋਹਿਤ ਹੋ ਗਿਆ?
13. ਸਰੂਪਾਂ ਕਿਸਨੂੰ ਪਿਆਰ ਕਰਦੀ ਸੀ?
14. ਸਿਰਕੱਪ ਰਾਜਾ ਲੋਕਾਂ ਉੱਤੇ ਕੀ ਕਰ ਰਿਹਾ ਸੀ?
15. ਸਿਰਕੱਪ ਨੇ ਰਸਾਲੂ ਦਾ ਧਿਆਨ ਚੌਪੜ ਦੀ ਬਾਜ਼ੀ ਤੋਂ ਹਟਾਉਣ ਲਈ ਉਸਦੇ ਆਲ਼ੇ-ਦੁਆਲ਼ੇ ਕੀ ਘੁਮਾਉਣੀਆਂ ਸ਼ੁਰੂ ਕੀਤੀਆਂ?
16. ਰਸਾਲੂ ਕੋਲ ਕੀ ਸੀ?
17. ਸਿਰਕੱਪ ਕੋਲ ਕੀ ਸੀ ਜਿਹੜੀ ਉਸਦੀ ਮੱਦਦ ਨਾ ਕਰ ਸਕਿਆ?
18. ਰਸਾਲੂ ਨੇ ਕਿਸ ਨਾਲ ਚੌਪੜ ਖੇਡੀ?
19. ਜਦੋਂ ਰਸਾਲੂ ਸਿਰਕੱਪ ਨੂੰ ਮਾਰਨ ਲੱਗਾ ਤਾਂ ਉਸਨੇ ਕਿਸ ਦਾ ਵਾਸਤਾ ਪਾ ਕੇ ਆਪਣੀ ਜਾਨ ਦੀ ਖ਼ੈਰ ਮੰਗੀ?
20. ਸਿਰਕੱਪ ਦੀ ਨਵੀਂ ਜੰਮੀ ਧੀ ਦਾ ਨਾਂ ਕੀ ਰੱਖਿਆ ਗਿਆ?

## II ਖ਼ਾਲੀ ਸਥਾਨ ਭਰੋ:-

1. ਰਾਜਾ ਸਲਵਾਨ ਨੇ ਜੋਤਸ਼ੀਆਂ ਦਾ ਕਹਿਣਾ ਮੰਨ ਕੇ ਪੂਰਨ ਨੂੰ............ ਭੋਰੇ ਵਿੱਚ ਪਾਈ ਰੱਖਿਆ ਸੀ।
2. ਰਸਾਲੂ ਬਹੁਤ ਸੁੰਦਰ ਤੇ ਜਵਾਨ ਸੀ, ਉਸਦੀ ਤੱਕਣੀ ਤੋਂ ਹੀ ਵੇਖਣ ਵਾਲਾ........... ਜਾਂਦਾ ਸੀ।
3. ਰਸਾਲੂ ਦੇ ਸ਼ਹਿਰ ਛੱਡਣ ਤੇ ਉਸ ਨਾਲ ਫੌਲਾਦੀ ਨਾਂ ਦਾ ............ ਤੇ ਤੋਤਾ ਵੀ ਸਨ।

4. ਰਸਾਲੂ ਨੇ ਨਾਗ ਦੀਆਂ ਅੱਖਾਂ ਵਿੱਚੋਂ.................. ਕੱਢ ਦਿੱਤੀ।
5. ਰਸਾਲੂ ਨੇ ਆਪਣੀ ਤੀਰ ਅੰਦਾਜ਼ੀ ਦੇ ਹੁਨਰ ਸਦਕਾ............ ਨੂੰ ਫੁੰਡ ਦਿੱਤਾ।
6. ਰਸਾਲੂ ਨੇ ਰਾਜੇ ਹਰੀ ਚੰਦ ਨੂੰ ਸਮਝਾ ਬੁਝਾ ਕੇ ਸਰੂਪਾਂ ਦਾ ਵਿਆਹ.............. ਨਾਲ ਕਰਵਾ ਦਿੱਤਾ।
7. ਰਾਜਾ ਸਿਰਕੱਪ ਦੇ ਸ਼ਹਿਰ ਦੇ ਬਾਹਰ ਇੱਕ ................ ਦਾ ਘਰ ਸੀ।
8. ਰਸਾਲੂ ਨੇ ਘੁਮ੍ਹਿਆਰ ਨੂੰ ਆਵੇ ਦੇ ਸਾਰੇ ਭਾਂਡਿਆਂ ਦੀ ............... ਦੇ ਦਿੱਤੀ ਤੇ ਆਵੇ ਦੀ ਅੱਗ ਬੁਝਾ ਦਿੱਤੀ।
9. ਕੋਕਲਾਂ ਹੁਣ ਜਵਾਨ ਹੋ ਚੁੱਕੀ ਸੀ ਤੇ.............. ਦੀ ਰਾਣੀ ਬਣ ਕੇ ਰਹਿਣਾ ਚਾਹੁੰਦੀ ਸੀ।

**III ਕਿਹੜਾ ਕਥਨ ਠੀਕ ਜਾਂ ਗਲਤ ਹੈ:–**

1. ਸਲਵਾਨ ਦੇ ਅਸਤਬਲ ਵਿੱਚ ਇੱਕ ਵਛੇਰਾ ਜੰਮਿਆ ਜਿਸ ਦਾ ਨਾਂ ਫੌਲਾਦੀ ਰੱਖਿਆ।
2. ਰਸਾਲੂ ਸ਼ੁਰੂ ਤੋਂ ਹੀ ਗ਼ੁਲਾਮ ਰਹਿਣ ਵਾਲਾ ਸੀ।
3. ਨਾਗ ਦੀ ਅੱਖਾਂ 'ਚ ਰੇਤ ਪੈ ਗਈ ਸੀ ਜਿਸ ਕਾਰਨ ਉਸ ਨੂੰ ਬੜੀ ਤਕਲੀਫ਼ ਹੋ ਰਹੀ ਸੀ।
4. ਸਿਰਕੱਪ ਨਾਂ ਦਾ ਰਾਜਾ ਲੋਕਾਂ ਨਾਲ ਬਹੁਤ ਪਿਆਰ ਕਰਦਾ ਸੀ।
5. ਜਦੋਂ ਰਸਾਲੂ ਸਿਰਕੱਪ ਦੇ ਮਹਿਲੀਂ ਜਾ ਪਹੁੰਚਿਆ ਤੇ ਉਸਨੂੰ ਚੋਪੜ ਖੇਡਣ ਲਈ ਲਲਕਾਰਿਆ।
6. ਰਾਜਾ ਰਸਾਲੂ ਨੂੰ ਆਪਣੇ ਤੋਤੇ ਤੋਂ ਹੋਡੀ ਤੇ ਕੋਕਲਾਂ ਦੀ ਕਰਤੂਤ ਦਾ ਪਤਾ ਲੱਗਾ ਤਾਂ ਉਸਨੂੰ ਗੁੱਸਾ ਨਹੀਂ ਆਇਆ।

**IV ਸਹੀ ਉੱਤਰ ਦੀ ਚੋਣ ਕਰੋ:–**

1. ਰਾਜਾ ਰਸਾਲੂ ਦੀ ਕਥਾ ਕਿਹੜੀਆਂ ਕਥਾਵਾਂ ਵਿੱਚੋਂ ਲਈ ਗਈ ਹੈ?

   A ਮਿੱਥ ਕਥਾਵਾਂ C ਦੰਤ ਕਥਾਵਾਂ

   B ਨੀਤੀ ਕਥਾਵਾਂ D ਪ੍ਰੀਤ ਕਥਾਵਾਂ।

2. ਰਾਜਾ ਸਲਵਾਨ ਨੇ ਜੋਤਸ਼ੀਆਂ ਦਾ ਕਹਿਣਾ ਮੰਨ ਕੇ ਪੂਰਨ ਨੂੰ ਕਿੰਨੇ ਸਾਲ ਲਈ ਭੋਰੇ ਵਿੱਚ ਰੱਖਿਆ?

   A ਪੰਜ ਸਾਲ ਲਈ C ਬਾਰਾਂ ਸਾਲ ਲਈ

   B ਦੋ ਸਾਲ ਲਈ D ਦੱਸ ਸਾਲ ਲਈ।

3. ਸਿਰਕੱਪ ਰਾਜਾ ਕਿਹੋ ਜਿਹਾ ਸੀ?

   A ਇਮਾਨਦਾਰ ਰਾਜਾ C ਕਪਟੀ ਰਾਜਾ

   B ਬਲਵਾਨ ਰਾਜਾ D ਬੇਈਮਾਨ ਰਾਜ।

4. ਰਾਜਾ ਰਸਾਲੂ ਨੇ ਕੋਕਲਾਂ ਲਈ ਕਿਸ ਦੀ ਉਸਾਰੀ ਕੀਤੀ?

   A ਸੁੰਦਰ ਬਾਗ਼ C ਸੁੰਦਰ ਤਲਾਬ ਦੀ

   B ਸੁੰਦਰ ਮਹਿਲ D ਸੁੰਦਰ ਮੰਦਰ ਦੀ।

# (ੲ) ਦੁੱਲਾ ਭੱਟੀ

## I ਅੱਗੇ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ:-

1. ਦੁੱਲਾ ਕਿੱਥੋਂ ਦਾ ਜੰਮਪਲ ਸੀ?
2. ਦੁੱਲਾ ਦੇ ਪਿਤਾ ਦਾ ਨਾਂ ਕੀ ਸੀ?
3. ਦੁੱਲਾ ਭੱਟੀ ਕਿਸ ਪਰਿਵਾਰ ਨਾਲ ਸੰਬੰਧ ਰੱਖਦਾ ਸੀ?
4. ਜਦੋਂ ਦੁੱਲੇ ਦਾ ਜਨਮ ਹੋਇਆ, ਉਨ੍ਹਾਂ ਦਿਨੀ ਅਕਬਰ ਦੀ ਇੱਕ ਰਾਜਪੂਤ ਰਾਣੀ ਦੀ ਕੁੱਖੋਂ ਇੱਕ ਪੁੱਤਰ ਨੇ ਜਨਮ ਲਿਆ, ਉਸਦਾ ਕੀ ਨਾਂ ਸੀ?
5. ਦੁੱਲਾ ਭੱਟੀ ਆਉਂਦੇ ਜਾਂਦੇ ਸ਼ਾਹੀ ਕਾਫ਼ਲਿਆਂ ਨੂੰ ਕੀ ਕਰਦਾ ਸੀ?
6. ਦੁੱਲਾ ਲੁੱਟ ਦੇ ਪੈਸੇ ਨੂੰ ਕੀ ਕਰਦਾ ਸੀ?
7. ਦੁੱਲੇ ਦੇ ਚਾਚੇ ਦਾ ਨਾਂ ਕੀ ਸੀ?
8. ਕਿਸਨੇ ਦੁੱਲੇ ਨੂੰ ਫੜਨ ਲਈ ਆਪਣੀ ਫ਼ੌਜ ਭੇਜੀ?
9. ਕਿਸਨੇ ਦੁੱਲੇ ਨੂੰ ਬਚਾਉਣ ਲਈ ਫੌਜ ਦੇ ਸੈਨਾਪਤੀ ਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ?
10. ਦੁੱਲੇ ਨੂੰ ਕਿਥੇ ਲਿਜਾ ਕੇ ਫਾਂਸੀ ਦੇ ਦਿੱਤੀ?

## II ਖ਼ਾਲੀ ਸਥਾਨ ਭਰੋ:-

1. ਦੁੱਲੇ ਦੇ ਪਿਉ-ਦਾਦੇ ਵੀ ਆਪਣੇ ਸਮੇਂ ਦੇ ਤਕੜੇ ਅਣਖੀਲੇ ਤੇ............ ਵਿਅਕਤੀ ਸਨ।
2. ਸਲੀਮ ਕਾਫ਼ੀ ਕਮਜ਼ੋਰ ਸੀ, ਬਾਦਸ਼ਾਹ ਉਸਨੂੰ................ ਬਣਾਉਣਾ ਚਾਹੁੰਦਾ ਸੀ।
3. ਦੁੱਲਾ ਅਤੇ ਸ਼ਹਿਜਾਦਾ ਸਲੀਮ ਇੱਕੋ ਮਾਂ ਦਾ ................ ਚੁੰਘ ਕੇ ਪਲੇ।
4. ਦੁੱਲਾ ਪਹਿਲਾਂ ਤੋਂ ਹੀ .............. ਸੁਭਾਅ ਵਾਲਾ ਸੀ।
5. ਦੁੱਲੇ ਦਾ ਚਾਚਾ ਜਲਾਲਦੀਨ ਉਸ ਨਾਲ............ ਰੱਖਦਾ ਸੀ।

## III ਕਿਹੜਾ ਕਥਨ ਠੀਕ ਜਾਂ ਗ਼ਲਤ ਹੈ:-

1. ਦੁੱਲਾ ਸਾਂਦਲ ਬਾਰ ਦਾ ਜੰਮਪਲ ਸੀ।
2. ਦੁੱਲੇ ਦੇ ਪਿਤਾ ਦਾ ਨਾਂ ਨਾਨਕ ਸੀ।
3. ਅਕਬਰ ਦੀ ਇੱਕ ਰਾਜਪੂਰ ਰਾਣੀ ਨੇ ਇੱਕ ਪੁੱਤਰੀ ਨੂੰ ਜਨਮ ਦਿੱਤਾ।
4. ਦੁੱਲਾ ਪਹਿਲਾਂ ਤੋਂ ਹੀ ਬਾਗੀ ਸੁਭਾਅ ਵਾਲਾ ਸੀ।
5. ਫੌਜ ਨੇ ਦੁੱਲੇ ਦੇ ਪਿੰਡ ਉੱਤੇ ਧਾਵਾ ਬੋਲ ਦਿੱਤਾ ਅਤੇ ਦੁੱਲੇ ਦੇ ਪਰਿਵਾਰ ਨੂੰ ਬੰਦੀ ਬਣਾ ਲਿਆ।

**IV ਸਹੀ ਉੱਤਰ ਦੀ ਚੋਣ ਕਰੋ:–**

1. ਦੁੱਲੇ ਦੇ ਪਰਿਵਾਰ ਦਾ ਸੰਬੰਧ ਕਿਸ ਨਾਲ ਸੀ?

   A ਰਾਜਪੂਤਾਂ ਨਾਲ  C ਜੱਟਾਂ ਨਾਲ

   B ਸੁਨਿਆਰ ਨਾਲ  D ਤਰਖਾਣ ਨਾਲ।

2. ਅਕਬਰ ਦੀ ਇੱਕ ਰਾਜਪੂਤ ਰਾਣੀ ਦੀ ਕੁੱਖੋਂ ਕਿਸ ਪੁੱਤਰ ਨੇ ਜਨਮ ਲਿਆ?

   A ਕਾਦਮ  C ਸਲੀਮ

   B ਰਹੀਮ  D ਪੱਲਵ।

3. ਦੁੱਲਾਭੱਟੀ ਦੀ ਗਾਥਾ ਦਾ ਵਰਨਣ ਕਿਹੜੇ ਤਿਉਹਾਰ ਦੇ ਗੀਤਾਂ 'ਚ ਮਿਲਦਾ ਹੈ?

   A ਦੀਵਾਲੀ  C ਲੋਹੜੀ

   B ਦੁਸਹਿਰਾ  D ਵਿਸਾਖੀ।

4. ਸਿਰਕੱਪ ਰਾਜਾ ਕਿਹੋ ਜਿਹਾ ਸੀ?

   A ਇਮਾਨਦਾਰ  C ਕਪਟੀ

   B ਬਲਵਾਨ  D ਬੇਈਮਾਨ।

5. ਰਾਜਾ ਰਸਾਲੂ ਨੇ ਕੋਕਲਾਂ ਲਈ ਕਿਸ ਦੀ ਉਸਾਰੀ ਕੀਤੀ?

   A ਸੁੰਦਰ ਬਾਗ਼  C ਸੁੰਦਰ ਤਲਾਬ ਦੀ

   B ਸੁੰਦਰ ਮਹਿਲ  D ਸੁੰਦਰ ਮੰਦਰ ਦੀ।

## ਪ੍ਰੀਤ–ਕਥਾਵਾਂ

## (ੳ) ਹੀਰ–ਰਾਂਝਾ

**I ਅੱਗੇ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ:–**

1. ਝੰਗ ਸਿਆਲ ਦੇ ਇੱਕ ਸਰਦਾਰ ਮਲਕ ਚੂਚਕ ਦੇ ਘਰ ਕਿਸਨੇ ਜਨਮ ਲਿਆ?
2. ਚੌਧਰੀ ਮੌਜੂ ਕਿੱਥੇ ਰਹਿੰਦਾ ਸੀ?
3. ਤਖਤ ਹਜ਼ਾਰਾ ਕਿਸ ਦਾ ਪਿੰਡ ਸੀ?
4. ਚੌਧਰੀ ਮੌਜੂ ਦੇ ਕਿੰਨੇ ਪੁੱਤਰ ਸਨ?
5. ਚੌਧਰੀ ਮੌਜੂ ਦੇ ਸਭ ਤੋਂ ਛੋਟੇ ਪੁੱਤਰ ਦਾ ਨਾਂ ਕੀ ਸੀ?

6. ਪਿਤਾ ਦੀ ਮੌਤ ਤੋਂ ਬਾਅਦ ਭਰਾਵਾਂ ਦਾ ਕਿਸ ਵੰਡ-ਵੰਡਾਈ ਕਰਕੇ ਝਗੜਾ ਹੋਇਆ?
7. ਰਾਂਝੇ ਦੇ ਹਿੱਸੇ ਕਿਹੜੀ ਜ਼ਮੀਨ ਆਈ?
8. ਹੀਰ ਦੀਆਂ ਸਹੇਲੀਆਂ ਨੇ ਉਸਨੂੰ ਪਲੰਘ ਤੇ ਕਿਸ ਦੇ ਸੁੱਤੇ ਹੋਣ ਬਾਰੇ ਦੱਸਿਆ?
9. ਹੀਰ ਨੇ ਰਾਂਝੇ ਨੂੰ ਆਪਣੇ ਨੇੜੇ ਰੱਖਣ ਲਈ ਆਪਣੇ ਪਿਉ ਕੋਲ ਕਿਹੜੀ ਨੌਕਰੀ ਦਿਵਾ ਦਿੱਤੀ?
10. ਹੀਰ ਦਾ ਵਿਆਹ ਕਿੱਥੇ ਹੋ ਗਿਆ?
11. ਹੀਰ ਦਾ ਵਿਆਹ ਕਿਸ ਨਾਲ ਹੋਇਆ?
12. ਹੀਰ ਦੀ ਨਨਾਣ ਦਾ ਕੀ ਨਾਂ ਸੀ?
13. ਸਹਿਤੀ ਕਿਸਨੂੰ ਪਿਆਰ ਕਰਦੀ ਸੀ?

**II ਖ਼ਾਲੀ ਸਥਾਨ ਭਰੋ:-**

1. ਸਰਦਾਰ ਮਲਕ ਚੂਚਕ ਦੇ ਘਰ ਇੱਕ ਲੜਕੀ ਪੈਦਾ ਹੋਈ, ਜਿਸ ਦਾ ਨਾਂ.......... ਰੱਖਿਆ ਗਿਆ।
2. ਰਾਂਝੇ ਨੂੰ ਸਭ ਤੋਂ ਮਾੜੀ ਜਮੀਨ ਦਿੱਤੀ ਗਈ। ਰਾਂਝਾ ਆਪਣੇ ਭਰਾਵਾਂ ਦੇ ਇਸ ਵਿਹਾਰ ਤੋਂ............ ਸੀ।
3. ਰਾਂਝਾ ਥੱਕਿਆ ਹੋਇਆਸੀ ਕਿ ਪਲੰਘ ਉੱਤੇ ਲੇਟਦਿਆਂ ਹੀ ਉਸਨੂੰ ਗੂੜ੍ਹੀ ............. ਆ ਗਈ।
4. ਰਾਂਝੇ ਨੇ ਹੀਰ ਨੂੰ ਉਹਦੇ ਸਹੁਰੇ ਪਿੰਡ ਜਾ ਕੇ ਮਿਲਣ ਦੀ ............ ਸੋਚੀ।

**III ਕਿਹੜਾ ਕਥਨ ਠੀਕ ਜਾਂ ਗਲਤ ਹੈ:-**

1. ਹੀਰ ਮਲਕ ਚੂਚਕ ਦੀ ਧੀ ਸੀ।
2. ਰਾਂਝਾ ਚੌਧਰੀ ਮੌਜੂ ਦਾ ਸਭ ਤੋਂ ਵੱਡਾ ਪੁੱਤਰ ਸੀ।
3. ਹੀਰ ਨੇ ਰਾਂਝੇ ਨੂੰ ਆਪਣੇ ਨੇੜੇ ਰੱਖਣ ਲਈ ਪਿਉ ਕੋਲ ਮੱਝਾਂ ਦੇ ਚਾਰੂ ਵਜੋਂ ਨੌਕਰੀ ਦਿਵਾ ਦਿੱਤੀ।
4. ਹੀਰ ਦਾ ਵਿਆਹ ਰਾਂਝੇ ਨਾਲ ਹੋ ਗਿਆ ਸੀ।
5. ਸਹਿਤੀ ਮੁਰਾਦ ਨਾਂ ਦੇ ਕਿਸੇ ਬਲੋਚ ਨੂੰ ਪਿਆਰ ਕਰਦੀ ਸੀ।

**IV ਸਹੀ ਉੱਤਰ ਦੀ ਚੋਣ ਕਰੋ:-**

1. ਰਾਂਝੇ ਦੇ ਬਾਪ ਦਾ ਨਾਂ ਕੀ ਸੀ?

   A ਮੌਜੂ C ਲੱਭੂ

   B ਖੋਜੂ D ਮੋਟੂ।

2. ਰਾਂਝੇ ਨੂੰ ਤਾਹਨਾ ਕਿਸ ਨੇ ਮਾਰਿਆ?

   A ਬਾਪ ਨੇ C ਭਾਬੀਆਂ ਨੇ

B ਭਰਾ ਨੇ D ਚਾਚੀ ਨੇ

3. ਰਾਂਝਾ ਨੇ ਕਿੰਨੇ ਸਾਲ ਹੀਰ ਦੇ ਪਿਉ ਦੀਆਂ ਮੱਝਾਂ ਚਾਰੀਆਂ?

A ਦਸ ਸਾਲ C ਪੰਜ ਸਾਲ

B ਸੱਤ ਸਾਲ D ਬਾਰਾਂ ਸਾਲ।

## (ਅ) ਮਿਰਜ਼ਾ ਸਾਹਿਬਾਂ

### I ਅੱਗੇ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ:-

1. ਖੀਵਾ ਖ਼ਾਨ ਦੀ ਧੀ ਕੌਣ ਸੀ?
2. ਖੀਵਾ ਖ਼ਾਨ ਕੌਣ ਸੀ?
3. ਮਿਰਜ਼ਾ ਕਿੱਥੇ ਜੰਮਿਆ ਸੀ?
4. ਸਾਹਿਬਾਂ ਰਿਸ਼ਤੇ ਵਿੱਚ ਮਿਰਜ਼ੇ ਦੀ ਕਿਸ ਰਿਸ਼ਤੇਦਾਰ ਦੀ ਧੀ ਸੀ?
5. ਮਿਰਜ਼ੇ ਦੇ ਬਚਪਨ ਸਮੇਂ ਉਸਦੇ ਸਿਰ ਤੋਂ ਕਿਸ ਦਾ ਸਾਇਆ ਉੱਠ ਗਿਆ ਸੀ?
6. ਨਾਨਕੇ ਘਰ ਰਹਿੰਦਿਆਂ ਮਿਰਜ਼ਾ ਕਿਥੇ ਪੜ੍ਹਨ ਜਾਣ ਲੱਗਾ?
7. ਮਸੀਤ ਵਿੱਚ ਪੜਦਿਆਂ ਰਾਂਝੇ ਦਾ ਕਿਸ ਨਾਲ ਲਗਾਉ ਹੋ ਗਿਆ?
8. ਸਾਹਿਬਾਂ ਦੇ ਮਾਪਿਆਂ ਨੇ ਉਸ ਦਾ ਵਿਆਹ ਕਿਸ ਖ਼ਾਨਦਾਨ ਦੇ ਗੱਭਰੂ ਨਾਲ ਤੈਅ ਕਰ ਦਿੱਤਾ?
9. ਮਿਰਜ਼ਾ ਸਾਹਿਬਾਂ ਨੂੰ ਮਿਲਣ ਲਈ ਕਿਸ ਤੇ ਸਵਾਰ ਹੋ ਕੇ ਸਾਹਿਬਾਂ ਦੇ ਪਿੰਡ ਪਹੁੰਚਿਆ?
10. ਸਾਹਿਬਾਂ ਨੇ ਮਿਰਜ਼ੇ ਦਾ ਤੀਰਾਂ ਵਾਲਾ ਭੱਥਾ ਅਤੇ ਕਮਾਨ ਕਿੱਥੇ ਟੰਗ ਦਿੱਤੇ?

### II ਖ਼ਾਲੀ ਸਥਾਨ ਭਰੋ:-

1. ਮਿਰਜ਼ਾ ਦਾਨਾਬਾਦ ਪਿੰਡ ਵਿੱਚ............ ਨਾਂ ਦੇ ਵਿਅਕਤੀ ਦੇ ਘਰ ਜੰਮਿਆ।
2. ਮਿਰਜ਼ਾ ਅਤੇ ਸਾਹਿਬਾਂ ਨੇ ਵਿਆਹ ਤੋਂ ਪਹਿਲਾਂ ਹੀ................ ਜਾਣ ਦਾ ਮਤਾ ਪਕਾ ਲਿਆ।
3. ਸਾਹਿਬਾਂ ਉਸਦੇ............... ਜਾਗਦੀ ਬੈਠੀ ਸੀ।
4. ਕੁਝ ਸਫ਼ਰ ਦੀ ਥਕਾਵਟ ਕਾਰਨ ਅਤੇ ਕੁਝ ਨਿਸ਼ਚਿੰਤ ਹੋ ਜਾਣ ਕਾਰਨ................ ਇੱਕ ਜੰਡ ਦੇ ਹੇਠਾਂ ਅਰਾਮ ਕਰਨ ਲਈ ਰੁਕ ਗਿਆ।
5. ਮਿਰਜ਼ਾ ਜੰਡ ਦੇ ਹੇਠਾਂ................. ਗਿਆ।

**III ਕਿਹੜਾ ਕਥਨ ਠੀਕ ਜਾਂ ਗਲਤ ਹੈ:-**

1. ਸਾਹਿਬਾਂ ਰਿਸ਼ਤੇ ਵਿੱਚ ਮਿਰਜ਼ੇ ਦੇ ਮਾਮੇ ਦੀ ਧੀ ਸੀ।
2. ਮਸੀਤ ਵਿੱਚ ਇਕੱਠੇ ਪੜ੍ਹਦਿਆਂ ਮਿਰਜ਼ਾ ਤੇ ਸਾਹਿਬਾਂ ਦਾ ਆਪਸੀ ਵੈਰ ਹੋ ਗਿਆ।
3. ਸਾਹਿਬਾਂ ਚੰਧੜਾਂ ਦੇ ਗੱਭਰੂ ਨਾਲ ਵਿਆਹ ਲਈ ਰਾਜ਼ੀ ਨਹੀਂ ਸੀ।
4. ਮਿਰਜ਼ਾ ਸਾਹਿਬਾਂ ਨੂੰ ਉਧਾਲ ਕੇ ਨਹੀਂ ਲੈ ਕੇ ਗਿਆ।
5. ਮਿਰਜ਼ੇ ਦਾ ਤੀਰ ਵਾਲਾ ਭੱਥਾ ਅਤੇ ਕਮਾਨ ਜੰਡ ਉੱਤੇ ਟੰਗ ਦਿੱਤੇ।

**IV ਸਹੀ ਉੱਤਰ ਦੀ ਚੋਣ ਕਰੋ:-**

1. ਸਾਹਿਬਾਂ ਨੇ ਕਿਸਦੇ ਹੱਥ ਮਿਰਜ਼ੇ ਨੂੰ ਦਾਨਾਬਾਦ ਸੁਨੇਹਾ ਭੇਜਿਆ?

   A ਧਰਮੂ     C ਕਰਮੂ

   B ਚਰਨਾ     D ਪਰਮ।

2. ਮਿਰਜ਼ਾ ਬਿਨਾਂ ਕਿਸੇ ਢਿੱਲ ਤੋਂ ਆਪਣੀ ਕਿਸ ਚੀਜ਼ ਤੇ ਸਵਾਰ ਹੋ ਕੇ ਵਾਹੋ-ਦਾਹੀ ਸਾਹਿਬਾਂ ਦੇ ਪਿੰਡ ਪਹੁੰਚ ਗਿਆ?

   A ਸਾਈਕਲ     C ਬੱਕੀ

   B ਗੱਡਾ     D ਊਠ।

3. ਸਾਹਿਬਾਂ ਦਾ ਵਿਆਹ ਕਿਸ ਖ਼ਾਨਦਾਨ ਦੇ ਗੱਭਰੂ ਨਾਲ ਤੈਅ ਹੋ ਗਿਆ?

   A ਰਾਜਪੂਤਾਂ     C ਚੰਧੜ

   B ਵੰਝਲਾ     D ਭੱਟੀ।

**ਨੋਟ:-**

## ਪ੍ਰਸ਼ਨ ਨੰਬਰ- 2

ਲਾਜ਼ਮੀ ਪੰਜਾਬੀ-11 ਦੇ ਲੋਕ ਗੀਤ ਭਾਗ ਦੇ ਅਭਿਆਸ ਵਿੱਚੋਂ ਪ੍ਰਸ਼ਨ ਪੁੱਛੇ ਜਾਣਗੇ। ਇਸ ਲਈ ਵਿਦਿਆਰਥੀ ਪਾਠਾਂ ਦੇ ਅਭਿਆਸਾਂ ਵਿੱਚ ਦਿੱਤੇ ਪ੍ਰਸ਼ਨਾਂ ਦੀ ਤਿਆਰੀ ਵਿਦਿਆਰਥੀ ਕਰਨਗੇ।

## ਪ੍ਰਸ਼ਨ ਨੰਬਰ- 3

ਲਾਜ਼ਮੀ ਪੰਜਾਬੀ-11 ਦੇ ਲੋਕ-ਕਥਾਵਾਂ ਭਾਗ ਵਿੱਚੋਂ ਕਥਾਵਾਂ ਦੇ ਸਾਰ ਪੁੱਛੇ ਜਾਣਗੇ। ਇਸ ਦੀ ਤਿਆਰੀ ਲਈ ਵਿਦਿਆਰਥੀ ਸਾਰੀਆਂ ਲੋਕ-ਕਥਾਵਾਂ ਦੀ ਦੁਹਰਾਈ ਕਰਨਗੇ।

## ਪ੍ਰਸ਼ਨ ਨੰਬਰ- 4

ਲਾਜ਼ਮੀ ਪੰਜਾਬੀ-11 ਦੇ ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ ਭਾਗ ਵਿੱਚੋਂ ਅੰਗਰੇਜ਼ੀ ਵਾਕਾਂ ਅਤੇ ਸ਼ਬਦਾਂ ਨੂੰ ਪੰਜਾਬੀ ਵਿੱਚ ਅਨੁਵਾਦ ਕਰਨ ਲਈ ਕਿਹਾ ਜਾਵੇਗਾ। ਇਸ ਲਈ ਵਿਦਿਆਰਥੀ ਪਾਠ ਪੁਸਤਕ ਵਿੱਚ ਦਿੱਤੇ ਵਾਕਾਂ ਅਤੇ ਸ਼ਬਦਾਂ ਦੀ ਵਿਦਿਆਰਥੀ ਦੁਹਰਾਈ ਕਰਨਗੇ।

## ਪ੍ਰਸ਼ਨ ਨੰਬਰ- 5

ਲਾਜ਼ਮੀ ਪੰਜਾਬੀ-11 ਦੀ ਪਾਠ ਪੁਸਤਕ ਵਿੱਚੋਂ ਅਖ਼ਬਾਰ ਦੇ ਸੰਪਾਦਕ ਨੂੰ ਸਮੱਸਿਆਵਾਂ/ਘਟਨਾਵਾਂ ਸੰਬੰਧੀ ਪੱਤਰ ਲਿਖਣ ਸੰਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ। ਪਾਠ ਪੁਸਤਕ ਵਿੱਚ ਵੱਖ-ਵੱਖ ਵਿਸ਼ਿਆਂ ਸੰਬੰਧੀ ਦਿੱਤੇ ਪੱਤਰਾਂ ਦੀ ਵਿਦਿਆਰਥੀ ਦੁਹਰਾਈ ਕਰਨਗੇ।

## ਪ੍ਰਸ਼ਨ ਨੰਬਰ - 6

ਲਾਜ਼ਮੀ ਪੰਜਾਬੀ-11 ਵਿੱਚੋਂ ਇਸ਼ਤਿਹਾਰ ਅਤੇ ਸੱਦਾ ਪੱਤਰ ਸੰਬੰਧੀ ਪ੍ਰਸ਼ਨ ਪੁੱਛੇ ਜਾਣਗੇ। ਇਸਦੀ ਤਿਆਰੀ ਲਈ ਵਿਦਿਆਰਥੀ ਪਾਠ-ਪੁਸਤਕ ਵਿੱਚ ਦਿੱਤੇ ਇਸ਼ਤਿਹਾਰਾਂ ਅਤੇ ਸੱਦਾ-ਪੱਤਰਾਂ ਦੀ ਦੁਹਰਾਈ ਕਰਨਗੇ।

## ਪ੍ਰਸ਼ਨ ਨੰਬਰ- 7

ਲਾਜ਼ਮੀ ਪੰਜਾਬੀ-11 ਵਿੱਚੋਂ ਵੱਖ-2 ਵਿਸ਼ਿਆਂ ਸੰਬੰਧੀ ਪੈਰ੍ਹਾ ਰਚਨਾ ਲਿਖਣ ਲਈ ਪ੍ਰਸ਼ਨ ਪੁੱਛੇ ਜਾਣਗੇ। ਇਸ ਦੀ ਤਿਆਰੀ ਲਈ ਵਿਦਿਆਰਥੀ ਪਾਠ ਪੁਸਤਕ ਵਿੱਚ ਦਿੱਤੇ ਵੱਖ-2 ਵਿਸ਼ਿਆਂ ਦੇ ਪੈਰ੍ਹਿਆਂ ਦੀ ਦੁਹਰਾਈ ਕਰਨਗੇ।

## ਪ੍ਰਸ਼ਨ ਨੰਬਰ- 8

ਲਾਜ਼ਮੀ ਪੰਜਾਬੀ-11 ਵਿੱਚੋਂ ਮੁਹਾਵਰਿਆਂ ਦੇ ਵਾਕਾਂ ਸੰਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ। ਇਸ ਲਈ ਪਾਠ ਪੁਸਤਕ ਵਿੱਚ ਦਿੱਤੇ ਮੁਹਾਵਰਿਆਂ ਦੀ ਵਿਦਿਆਰਥੀ ਦੁਹਰਾਈ ਕਰਨਗੇ।

**ਨੋਟ**:- ਲਾਜ਼ਮੀ ਪੰਜਾਬੀ-11 ਦੀ ਪਾਠ-ਪੁਸਤਕ ਦੇ ਅੰਗਰੇਜ਼ੀ ਤੋਂ ਪੰਜਾਬੀ ਵਿੱਚ ਸ਼ਬਦਾਂ ਦੇ ਅਨੁਵਾਦ ਸੰਬੰਧੀ ਪੁੱਛਿਆ ਜਾਵੇਗਾ। ਇਸਦੀ ਤਿਆਰੀ ਲਈ ਵਿਦਿਆਰਥੀ ਪਾਠ-ਪੁਸਤਕ ਵਿੱਚ ਦਿੱਤੀ ਸਮੁੱਚੀ ਸ਼ਬਦਾਵਲੀ ਦੀ ਦੁਹਰਾਈ ਕਰਨਗੇ।

# ਪ੍ਰਸ਼ਨ ਬੈਂਕ

# ਜਮਾਤ - 10+2

# ਵਿਸ਼ਾ:- ਲਾਜ਼ਮੀ ਪੰਜਾਬੀ

**ਪਿਆਰੇ ਵਿਦਿਆਰਥੀਓ**!

ਲਾਜ਼ਮੀ ਪੰਜਾਬੀ-12 ਦੇ ਸਮੁੱਚੇ ਪਾਠ-ਕ੍ਰਮ ਦੇ ਆਧਾਰ ਤੇ ਸੰਖੇਪ ਉੱਤਰਾਂ ਵਾਲੇ 10 ਪ੍ਰਸ਼ਨ ਪੁੱਛੇ ਜਾਣਗੇ। ਜਿਹੜੇ ਕਿ ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ, ਕਵਿਤਾਵਾਂ, ਕਹਾਣੀਆਂ, ਅਖਾਉਤਾਂ ਵਿੱਚੋਂ ਲਏ ਜਾਣਗੇ। ਇਹ ਪ੍ਰਸ਼ਨ ਇੱਕ ਦੋ ਸ਼ਬਦਾਂ ਦੇ ਉੱਤਰ, ਗਲਤ/ਠੀਕ, ਖ਼ਾਲੀ ਥਾਵਾਂ ਅਤੇ ਬਹੁ-ਚੋਣ ਵਾਲੇ ਹੋਣਗੇ।

ਉਪਰੋਕਤ ਪ੍ਰਸ਼ਨਾਂ ਦੀ ਤਿਆਰੀ ਅਤੇ ਵਿਦਿਆਰਥੀਆਂ ਦੀ ਸਹੂਲਤ ਲਈ ਸਮੁੱਚੇ ਪਾਠ ਕ੍ਰਮ ਵਿੱਚੋਂ ਪ੍ਰਸ਼ਨ ਬਣਾਏ ਗਏ ਹਨ। ਇਹ ਪ੍ਰਸ਼ਨ ਜਿੱਥੇ ਤੁਹਾਡੇ ਗਿਆਨ ਵਿੱਚ ਵਾਧਾ ਕਰਨਗੇ ਉੱਥੇ ਤੁਹਾਨੂੰ ਮੁਕਾਬਲਾ ਪ੍ਰੀਖਿਆਵਾਂ ਲਈ ਵੀ ਉਪਯੋਗੀ ਹੋਣਗੇ। ਸਾਨੂੰ ਪੂਰੀ ਉਮੀਦ ਹੈ ਕਿ ਤੁਸੀਂ ਇਸਦਾ ਪੂਰਾ ਲਾਭ ਪ੍ਰਾਪਤ ਕਰੋਗੇ ਅਤੇ ਆਪਣੇ ਆਪ ਨੂੰ ਤਰੱਕੀ ਦੇ ਰਾਹ ਤੇ ਲੈ ਕੇ ਜਾਓਗੇ।

# ਪਾਠ–1

# ਲੇਖ: ਪੰਜਾਬੀ ਸੱਭਿਆਚਾਰ

# ਲੇਖਕ : ਡਾ. ਜਸਵਿੰਦਰ ਸਿੰਘ

**ਪ੍ਰਸ਼ਨ ਨੰ: 1. ਵਸਤੂਨਿਸ਼ਠ/ਸੰਖੇਪ ਉੱਤਰਾਂ ਵਾਲੇ ਪ੍ਰਸ਼ਨ:–**

**I ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:–**

1. ਪੰਜਾਬੀ ਸੱਭਿਆਚਾਰ ਪਾਠ ਦਾ ਲੇਖਕ ਕੌਣ ਹੈ?
2. ਲੋਕ ਸਮੂਹ ਦੁਆਰਾ ਸਿਰਜੀ ਜੀਵਨ ਜਾਂਚ ਨੂੰ ਕੀ ਕਹਿੰਦੇ ਹਨ?
3. ਪੰਜਾਬ ਸੱਭਿਆਚਾਰ ਕਿਸ ਭੂਗੋਲਿਕ ਖਿੱਤੇ ਦੀ ਪੈਦਾਵਾਰ ਹੈ?
4. ਭਾਰਤ ਵਿੱਚ ਜਿੰਨੇ ਵੀ ਹਮਲਾਵਰ ਆਏ ਉਹ ਕਿਹੜੇ ਪ੍ਰਵੇਸ਼ ਦੁਆਰ ਰਾਹੀਂ ਦਾਖਲ ਹੋਏ?
5. ਪੰਜਾਬ ਦੀ ਜ਼ਮੀਨ ਕਿਸ ਤਰ੍ਹਾਂ ਦੀ ਹੈ?
6. ਪੰਜਾਬ ਨੂੰ ਸੱਭਿਆਚਾਰ ਦਾ ਪੰਘੂੜਾ ਹੋਣ ਦਾ ਮਾਣ ਕੌਣ ਦਿੰਦੇ ਹਨ?
7. ਸੰਘੋਲ ਅਤੇ ਢੋਲਬਾਹਾ ਦੀ ਖੁਦਾਈ ਤੋਂ ਕਿਹੜੀ ਸੱਭਿਅਤਾ ਦੇ ਪ੍ਰਾਚੀਨ ਨਮੂਨੇ ਮਿਲੇ ਹਨ?
8. 15●●–3●●● ਈਸਵੀ ਪੂਰਵ ਪੰਜਾਬ ਵਿੱਚ ਕਿਹੜੇ ਲੋਕਾਂ ਨੇ ਪ੍ਰਵੇਸ਼ ਕੀਤਾ?
9. ਪੰਜਾਬ ਦੀ ਧਰਤੀ ਤੇ ਜਿਹੜੇ ਵੇਦਾਂ ਦੀ ਰਚਨਾ ਹੋਈ ਉਨ੍ਹਾਂ ਵਿੱਚੋਂ ਦੋ ਦੇ ਨਾਮ ਦੱਸੋ?
10. 'ਪੰਜਾਬੀ ਸੱਭਿਆਚਾਰ' ਦੇ ਲੇਖਕ ਅਨੁਸਾਰ ਪੰਜਾਬ ਦਾ ਇਸ ਤੋਂ ਪਹਿਲਾਂ ਨਾਂ ਕੀ ਸੀ?
11. ਆਰੀਆ ਸੱਭਿਅਤਾ ਦਾ ਪ੍ਰਸਿੱਧ ਸਿੱਖਿਆ ਕੇਂਦਰ ਕਿਹੜਾ ਸੀ?
12. ਲੇਖਕ ਦੁਆਰਾ ਦੱਸੇ ਗਏ ਪੰਜਾਬੀ ਚਰਿੱਤਰ ਦੇ ਕੋਈ ਦੋ ਪਛਾਣ ਚਿੰਨ੍ਹ ਦੱਸੋ?
13. ਪੰਜਾਬੀ ਸੱਭਿਆਚਾਰ ਦੇ ਕਿਸ ਦੌਰ ਨੂੰ ਸੁਨਹਿਰੀ ਦੌਰ ਕਿਹਾ ਜਾਂਦਾ ਹੈ?
14. ਸੱਭਿਆਚਾਰ ਵਿੱਚ ਪਰਿਵਰਤਨ ਦੇ ਕੋਈ ਦੋ ਮੁੱਖ ਕਾਰਨ ਦੱਸੋ?

**II ਕਿਹੜੇ ਕਥਨ ਠੀਕ ਹਨ ਜਾਂ ਗ਼ਲਤ ਹਨ:–**

1. ਸੱਭਿਆਚਾਰ ਸੱਚੀ, ਸੁੱਚੀ, ਵਡੇਰੀ ਅਤੇ ਸੂਝਭਰੀ ਸ਼ਖ਼ਸੀਅਤ ਸਿਰਜਣ ਲਈ ਉਸਾਰਿਆ ਗਿਆ ਇੱਕ ਨਿੱਜੀ ਪ੍ਰਬੰਧ ਹੈ।
2. ਸੱਭਿਆਚਾਰ ਗਤੀਸ਼ੀਲ ਵਰਤਾਰਾ ਨਹੀਂ ਹੈ।
3. ਪੰਜਾਬ ਨੂੰ ਭਾਰਤ ਦਾ ਪ੍ਰਵੇਸ਼ ਦੁਆਰ ਮੰਨਿਆ ਜਾਂਦਾ ਹੈ।
4. ਪੰਜਾਬ ਦੀ ਧਰਤੀ ਦਾ ਇਹ ਨਾਂ ਮੁਸਲਮਾਨਾਂ ਦੇ ਆਉਣ ਤੇ ਹੀ ਪੰਜ + ਆਬ ਤੋਂ ਪ੍ਰਚੱਲਿਤ ਹੋਇਆ।
5. ਪੰਜਾਬ ਦੀ ਧਰਤੀ ਤੇ ਪਾਣਿਨੀ ਦੀ ਪ੍ਰਸਿੱਧ ਰਚਨਾ ਅਸ਼ਟਾਧਿਆਈ ਲਿਖੀ ਗਈ।

6. ਮੁਹੰਮਦ ਬਿਨ ਕਾਸਿਮ ਨੇ 712 ਈ: ਵਿੱਚ ਭਾਰਤ ਤੇ ਹਮਲਾ ਕੀਤਾ।
7. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤੀ।
8. ਕਰੜੀ ਮਿਹਨਤ ਕਰਕੇ ਉਸ ਉੱਤੇ ਹੱਕ ਨਾ ਜਤਾਉਣਾ ਹੀ ਪੰਜਾਬੀਆਂ ਦਾ ਖਾਸਾ ਹੈ।
9. ਪੰਜਾਬੀਆਂ ਨੇ ਕਿਰਤ ਕਰਨਾ, ਨਾਮ ਜਪਣਾ ਅਤੇ ਵੰਡ ਛਕਣਾ ਦਾ ਸੰਕਲਪ ਇਸਲਾਮ ਧਰਮ ਤੋਂ ਲਿਆ ਹੈ।
10. ਪੰਜਾਬੀ ਜ਼ਿੰਦਗੀ ਨੂੰ ਜਨੂੰਨ ਵਾਂਗ ਨਹੀਂ ਜਿਉਂਦੇ।
11. ਲੇਖਕ ਅਨੁਸਾਰ ਪੰਜਾਬੀ ਸੁਭਾਅ ਤੋਂ ਭੜਕੀਲੇ ਹਨ।
12. ਪੰਜਾਬੀ ਸੱਭਿਆਚਾਰ ਦਾ ਲੋਕ ਨਾਇਕ ਰਾਜਾ ਹੈ।
13. ਰੇਲ, ਡਾਕ-ਤਾਰ ਅਤੇ ਹੋਰ ਨਵੀਨ ਵਸੀਲਿਆਂ ਨੇ ਸਾਡੀ ਜੀਵਨ-ਗਤੀ ਵਿੱਚ ਤੇਜ਼ੀ ਲਿਆਂਦੀ ਹੈ।

**III ਖ਼ਾਲੀ ਥਾਵਾਂ ਭਰੋ:-**

1. ਮਨੁੱਖ ਦੀਆਂ ਨਿੱਜੀ ਅਤੇ........... ਸੰਭਾਵਨਾਵਾਂ ਨੂੰ ਪ੍ਰਫੁੱਲਿਤ ਕਰਨਾ ਸੱਭਿਆਚਾਰ ਦਾ ਲਕਸ਼ ਹੈ।
2. ਸੱਭਿਆਚਾਰ ਸੱਚੀ ਅਤੇ ਸੁੱਚੀ ਅਤੇ ਸੂਝ ਭਰੀ ਸ਼ਖ਼ਸੀਅਤ ਸਿਰਜਣ ਲਈ ਮਨੁੱਖਾਂ ਵੱਲੋਂ ਉਸਾਰਿਆ ........... ਪ੍ਰਬੰਧ ਹੈ।
3. ਪੰਜਾਬ ਸੱਭਿਆਚਾਰ ਦੇ .............. ਸਾਲ ਪੁਰਾਣੇ ਹੋਣ ਦੇ ਵੀ ਪ੍ਰਮਾਣ ਮਿਲੇ ਹਨ।
4. ਪ੍ਰਾਚੀਨ ਪੰਜਾਬੀ ਸੱਭਿਆਚਾਰ ਵਿੱਚ ............ ਸਿੱਖਿਆ ਕੇਂਦਰ ਬਹੁਤ ਚਰਚਿਤ ਰਿਹਾ ਹੈ।
5. ਸ੍ਰੀ ਗੁਰੂ ਨਾਨਕ ਜੀ ਦੁਆਰਾ ਕਿਰਤ ਕਰਨ, ਨਾਮ ਜਪਣ ਅਤੇ ........... ਦਾ ਸੰਕਲਪ ਦਿੱਤਾ ਗਿਆ।
6. ਪੰਜਾਬ ਵਿੱਚ............. ਦੇ ਆਗਮਨ ਨਾਲ ਰਾਜਸੀ ਸਰਦਾਰੀ ਦਾ ਅਤੇ ਗੁਲਾਮ ਸੱਭਿਆਚਾਰ ਦਾ ਦੌਰ ਸ਼ੁਰੂ ਹੋਇਆ।
7. ........... ਭੂਮੀ ਕਾਰਨ ਭੁੱਖੇ ਮਰਨਾ ਪੰਜਾਬੀਆਂ ਦੇ ਹਿੱਸੇ ਨਹੀਂ ਆਇਆ।
8. ਪੰਜਾਬੀ ਆਪਣੀ ਜ਼ਿੰਦਗੀ ਨੂੰ................ ਵਾਂਗ ਜਿਉਂਦੇ ਹਨ।
9. ਪੰਜਾਬੀ ਸੱਭਿਆਚਾਰ ਵਿੱਚ ਰਾਜਾ................ ਦਾ ਪਾਤਰ ਹੈ।
10. ............... ਵਿੱਚ ਪਿਛਲੀ ਇੱਕ ਸਦੀ ਤੋਂ ਬਹੁਤ ਤੇਜ਼ੀ ਨਾਲ ਪਰਿਵਰਤਨ ਆਏ ਹਨ।
11. .............. ਨੇ ਖਾਲਸੇ ਦੀ ਸਿਰਜਣਾ ਕਰਕੇ ਪੰਜਾਬ ਦੀ ਧਰਤੀ ਨੂੰ ਇੱਕ ਨਵੀਂ ਪੁੱਠ ਦਿੱਤੀ।
12. ਹੁਣ........... ਆਪਣੇ ਮਾਹੀ ਨੂੰ ਨਹੀਂ ਕਹੇਗੀ ਕਿ 'ਲੈ ਦੇ ਮੈਨੂੰ ਮਖ਼ਮਲ ਦੀ ਪੱਖੀ ਘੁੰਗਰੂਆਂ ਵਾਲੀ।

**IV ਸਹੀ ਉੱਤਰ ਦੀ ਚੋਣ ਕਰੋ:-**

1. ਪੰਜਾਬੀ ਸੱਭਿਆਚਾਰ ਪਾਠ ਦਾ ਲੇਖਕ ਕੌਣ ਹੈ?
   A. ਪ੍ਰੋ. ਮਨਜੀਤ ਸਿੰਘ
   B. ਡਾ. ਜੋਗਿੰਦਰ ਸਿੰਘ ਕੈਰੋਂ
   C. ਡਾ. ਜਸਵਿੰਦਰ ਸਿੰਘ

D. ਗੁਲਜ਼ਾਰ ਸਿੰਘ ਸੰਧੂ।

2. ਸੱਭਿਆਚਾਰ ਦਾ ਲਕਸ਼ ਮਨੁੱਖ ਦੀਆਂ ਕਿਹੜੀਆਂ ਲੋੜਾਂ ਨੂੰ ਪੂਰਾ ਕਰਨਾ ਹੈ?

   A. ਧਾਰਮਿਕ ਲੋੜਾਂ

   B. ਸਰੀਰਕ ਲੋੜਾਂ

   C. ਬੁਨਿਆਦੀ ਲੋੜਾਂ

   D. ਵਿੱਦਿਅਕ ਲੋੜਾਂ।

3. ਕਿਹੜੇ ਪਰਬਤ ਤੋਂ ਵਹਿੰਦੇ ਦਰਿਆਵਾਂ ਨੇ ਪੰਜਾਬ ਦੀ ਧਰਤੀ ਨੂੰ ਰਹਿਣ ਦੇ ਅਨੁਕੂਲ ਬਣਾਈ ਰੱਖਿਆ?

   A. ਹਿਮਾਲਾ ਪਰਬਤ

   B. ਸ਼ਿਵਾਲਿਕ

   C. ਸਤਪੁੜਾ ਪਰਬਤ

   D. ਅਰਾਵਲੀ।

4. ਕਿਸਦੇ ਆਉਣ ਨਾਲ ਪੰਜਾਬ ਦਾ ਨਾਂ ਪੰਜ-ਆਬ ਤੋਂ ਪ੍ਰਚੱਲਿਤ ਹੋਇਆ?

   A. ਆਰੀਆ ਸੱਭਿਅਤਾ

   B. ਸਪਤ-ਸਿੰਧੂ ਸੱਭਿਅਤਾ

   C. ਮੁਸਲਮਾਨੀ ਸੱਭਿਆਚਾਰ

   D. ਇਸਲਾਮੀ ਸੱਭਿਆਚਾਰ।

5. ਰੇਲ, ਡਾਕ-ਤਾਰ ਅਤੇ ਸੱਭਿਆਚਾਰਕ ਨਵੀਨਤਾ ਕਿਸ ਸੱਭਿਆਚਾਰ ਦੇ ਪ੍ਰਭਾਵ ਅਧੀਨ ਪੰਜਾਬ ਵਿੱਚ ਹੋਂਦ ਵਿੱਚ ਆਏ?

   A. ਹੜੱਪਾ ਸੱਭਿਆਚਾਰ

   B. ਅੰਗਰੇਜ਼ੀ ਸੱਭਿਆਚਾਰ

   C. ਆਰੀਆ ਸੱਭਿਆਚਾਰ

   D. ਮੁਸਲਮਾਨੀ ਸੱਭਿਆਚਾਰ।

# ਪਾਠ-2

## ਲੇਖ: ਪੰਜਾਬ ਦਾ ਰਹਿਣ ਸਹਿਣ

## ਲੇਖਕ : ਪ੍ਰੋ: ਮਨਜੀਤ ਸਿੰਘ

### I ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-

1. 'ਪੰਜਾਬ ਦਾ ਰਹਿਣ-ਸਹਿਣ' ਪਾਠ ਦਾ ਲੇਖਕ ਕੌਣ ਹੈ?
2. ਰਹਿਣ-ਸਹਿਣ ਦੇ ਹੋਰ ਦੋ ਸਮਾਨਾਰਥੀ ਸ਼ਬਦ ਕਿਹੜੇ ਹਨ?
3. ਰਹਿਣ-ਸਹਿਣ, ਰਹਿਤਲ-ਬਹਿਤਲ ਅਤੇ ਰਹਿਣੀ-ਬਹਿਣੀ ਸ਼ਬਦਾਂ ਦੇ ਕਿਹੜੇ ਦੋ ਅਰਥ ਵਰਤੇ ਜਾਂਦੇ ਹਨ?
4. ਲੇਖਕ ਨੇ ਮਨੁੱਖੀ ਰਹਿਣ-ਸਹਿਣ ਉੱਤੇ ਕੁਦਰਤ ਦੇ ਪ੍ਰਭਾਵ ਨੂੰ ਕਿਹੜੇ ਦੋ ਭਾਗਾਂ ਵਿੱਚ ਵੰਡਿਆ ਹੈ?
5. ਕਿਹੜੇ ਮੌਸਮ ਵਿੱਚ ਤੀਆਂ ਲੱਗਦੀਆਂ ਹਨ ਅਤੇ ਖੀਰ-ਪੂੜੇ ਬਣਾਏ ਜਾਂਦੇ ਹਨ?
6. ਲੇਖਕ ਅਨੁਸਾਰ ਕਿਸ ਮੌਸਮ ਤੋਂ ਪੰਜਾਬੀ ਛੇਤੀ ਹੀ ਅੱਕ ਜਾਂਦੇ ਹਨ?
7. ਲੇਖਕ ਅਨੁਸਾਰ ਜਿੱਥੇ ਅੱਜਕਲ੍ਹ ਪੰਜਾਬ ਦੇ ਮੈਦਾਨ ਹਨ, ਇੱਥੇ ਪਹਿਲਾਂ ਕੀ ਸੀ?
8. ਪਸ਼ੂ ਪੰਜਾਬੀ ਜੀਵਨ ਵਿੱਚ ਕਿਸ ਤਰ੍ਹਾਂ ਦਾ ਦਰਜਾ ਰੱਖਦੇ ਸਨ?
9. ਪੰਜਾਬ ਵਿੱਚ ਕਿਸ ਪਸ਼ੂ ਨੂੰ ਮਾਤਾ ਦਾ ਦਰਜਾ ਦਿੱਤਾ ਗਿਆ?
10. ਪੰਜਾਬ ਵਿੱਚ ਪਹਿਲਾਂ ਹਰ ਘਰ, ਮੁਹੱਲਾ, ਪਿੰਡ ਜਾਂ ਕਸਬਾ ਕਿਹੋ ਜਿਹਾ ਹੁੰਦਾ ਸੀ?
11. ਪੰਜਾਬੀ ਜੀਵਨ ਨੂੰ ਸੁੱਚ ਦਾ ਸੰਕਲਪ ਕਿਸਨੇ ਦਿੱਤਾ?

### II ਕਿਹੜੇ ਕਥਨ ਠੀਕ ਹਨ ਜਾਂ ਗਲਤ ਹਨ:-

1. ਰਹਿਣ-ਸਹਿਣ ਸ਼ਾਂਤ ਪਾਣੀ ਵਾਂਗ ਠਹਿਰਿਆ ਸੰਕਲਪ ਹੈ।
2. ਰਹਿਣ-ਸਹਿਣ ਸੰਕਲਪ ਦੋ-ਧਾਰੀ ਸ਼ਾਸਤਰ ਵਾਂਗ ਸਮੇਂ ਦੀ ਸ਼ਤਰੰਜ 'ਤੇ ਚਾਲਾਂ ਚਲਦਾ ਹੈ।
3. ਕਾਦਰ ਦੀ ਕੁਦਰਤ ਦਾ ਮਨੁੱਖ ਦੇ ਰਹਿਣ ਸਹਿਣ ਉੱਤੇ ਕੋਈ ਪ੍ਰਭਾਵ ਨਹੀਂ ਪੈਂਦਾ।
4. ਲੇਖਕ ਅਨੁਸਾਰ ਲੋਕ ਬਾਰਾਂ ਸਾਲ ਦਾ ਸੋਕਾ ਬਰਦਾਸ਼ਤ ਨਹੀਂ ਕਰ ਸਕਦੇ ਬਾਰਾਂ ਘੜੀਆਂ ਦਾ ਮੀਂਹ ਤਾਂ ਬਰਦਾਸ਼ਤ ਕਰ ਸਕਦੇ ਹਨ।
5. ਪੰਜਾਬ ਦੇ ਮੈਦਾਨ ਵਿੱਚ ਸਿੰਧ ਨਦੀ ਆਪਣੀਆਂ ਸਹਾਇਕ ਨਦੀਆਂ ਨਾਲ ਦੱਖਣ-ਪੱਛਮ ਨੂੰ ਵਹਿਣ ਲੱਗੀ।
6. ਪੰਜਾਬ ਵਿੱਚ ਪਸ਼ੂਆਂ ਦੀ ਮੱਦਦ ਨਾਲ ਖੇਤੀ ਹੋਣ ਲੱਗੀ।
7. ਲੇਖਕ ਅਨੁਸਾਰ ਪੰਚ-ਨਦ (ਪੰਜਾਬ) ਇਸ ਸ਼ਾਂਤ ਅਤੇ ਰਮਣੀਕ ਧਰਤੀ ਉੱਤੇ ਵੇਦ, ਸ਼ਾਸਤਰ ਅਤੇ ਪੁਰਾਣ ਰਚੇ ਗਏ।
8. ਲੇਖਕ ਅਨੁਸਾਰ ਆਰੀਅਨ ਮੂਲ ਦੇ ਲੋਕਾਂ ਨੇ ਪੰਜਾਬ ਦੇ ਇਲਾਕੇ ਵਾਹੁਣ-ਸੰਵਾਰਨ ਲਈ ਧਾਰਮਿਕ ਵਿਸ਼ਵਾਸਾਂ ਅਤੇ ਅਕੀਦਿਆਂ ਨੂੰ ਆਧਾਰ ਨਹੀਂ ਬਣਾਇਆ।
9. ਸੱਭਿਆਚਾਰ ਦੇ ਮਾਹਿਰ ਮੰਨਦੇ ਹਨ ਕਿ ਹਰ ਪ੍ਰਮੁੱਖ ਫਸਲ ਇੱਕ ਨਿਵੇਕਲਾ ਰਹਿਣ ਸਹਿਣ ਸਿਰਜਦੀ ਹੈ।

10. ਸਦੀਆਂ ਤੋਂ ਵਿਦੇਸ਼ੀ ਹਮਲਿਆਂ ਦੇ ਝੱਖੜ ਨੂੰ ਝਲਦੇ ਪੰਜਾਬੀਆਂ ਦੇ ਸੁਭਾਅ ਵਿੱਚ ਈਨ ਮੰਨਣਾ ਸਹਿਜੇ ਹੀ ਵਿਕਸਤ ਹੋ ਗਿਆ।
11. ਲੇਖਕ ਅਨੁਸਾਰ ਰਹਿਣ ਸਹਿਣ ਨਿਰੰਤਰ ਗਤੀਸ਼ੀਲ ਹੈ ਪਰ ਇਹ ਨਿਰੰਤਰ ਬਦਲ ਨਹੀਂ ਰਿਹਾ।

## III ਖ਼ਾਲੀ ਥਾਵਾਂ ਭਰੋ:-

1. ਰਹਿਣ-ਸਹਿਣ ਤੋਂ ਦੂਸਰਾ ਅਰਥ.............. ਵਜੋਂ ਲਿਆ ਅਤੇ ਸਮਝਿਆ ਜਾਂਦਾ ਹੈ।
2. ਰਹਿਣ-ਸਹਿਣ ਸਮਾਜਿਕ ਬਣਤਰ ਦਾ ਉਹ ਤਾਣਾ ਪੇਟਾ ਹੈ ਜਿਸ ਅਧੀਨ ਲੋਕਾਂ ਦਾ ਸਮਾਜ ਵਿੱਚ......... ਅਤੇ ਕੰਮ ਧੰਦਿਆਂ ਦੀ.............. ਮਿੱਥੀ ਜਾਂਦੀ ਹੈ।
3. ਹਰ ਸਮਾਜ ਆਪਣੀਆਂ ਲੋੜਾਂ ਮੁਤਾਬਕ ਚਿੰਨ੍ਹਾਂ ਪ੍ਰਤੀਕਾਂ ਬਿੰਬਾਂ ਦੀ ਭਾਸ਼ਾ ਦਾ ਇੱਕ........... ਸਿਰਜਦਾ ਹੈ।
4. ਰਹਿਣ-ਸਹਿਣ ਸੰਕਲਪ......... ਸ਼ਾਸਤਰ ਵਾਂਗ ਸਮੇਂ ਦੀ ਸ਼ਤਰੰਜ 'ਤੇ ਚਾਲਾਂ ਚੱਲਦਾ ਹੈ।
5. ਮੁਟਿਆਰਾਂ............. ਨਾਲ ਪਿੱਪਲ ਦੀਆਂ ਟੀਸੀਆਂ ਨੂੰ ਛੋਂਹਦੀਆਂ ਹਨ।
6. ਦਾਲਾਂ, ਕਣਕ, ਛੋਲਿਆਂ ਨੂੰ............ ਲੱਗ ਜਾਂਦੇ ਹਨ।
7. ਜਿੱਥੇ ਅੱਜਕੱਲ੍ਹ ਪੰਜਾਬ ਦੇ ਮੈਦਾਨ ਹਨ ਇੱਥੇ ਕਦੀ.............. ਦਾ ਸਾਗਰ ਲਹਿਰਾਉਂਦਾ ਸੀ।
8. ਭਾਰਤ ਦੇ ਦੋ ਮਹਾਨ ਗ੍ਰੰਥਾਂ.......... ਅਤੇ .............. ਦੇ ਕਈ ਪਾਤਰ ਪੰਜਾਬ ਦੇ ਇਲਾਕੇ ਵਿੱਚ ਵਿਚਰਦੇ ਕਿਆਸੇ ਜਾਂਦੇ ਹਨ।
9. ................. ਖੇਤੀਬਾੜੀ ਵਿੱਚ ਊਰਜਾ ਦਾ ਮੁੱਖ ਸਰੋਤ ਹੋਣ ਦੇ ਨਾਲ-ਨਾਲ਼............ ਦਾ ਮੁੱਖ ਵਸੀਲਾ ਬਣ ਗਏ।
10. ਪੰਜਾਬੀਆਂ ਨੇ ਹਰ ਕੰਮ, ਹਰ ਧੰਦੇ ਵਿੱਚ ਆਪਣੀ........... ਨਾਲ ਨਾਮ ਖੱਟਿਆ।

## IV ਸਹੀ ਉੱਤਰ ਦੀ ਚੋਣ ਕਰੋ:-

1. ਮਨੁੱਖ ਦੇ ਰਹਿਣ-ਸਹਿਣ ਉੱਤੇ ਕਿਸਦਾ ਡੂੰਘਾ ਪ੍ਰਭਾਵ ਹੈ?
   - A. ਗੀਤਾਂ ਦਾ
   - B. ਕੁਦਰਤ ਦਾ
   - C. ਨਾਚਾਂ ਦਾ
   - D. ਪਸ਼ੂਆਂ ਦਾ।
2. ਸਾਡੇ ਰਹਿਣ ਸਹਿਣ ਨੂੰ ਸਭ ਤੋਂ ਵੱਧ ਕੌਣ ਪ੍ਰਭਾਵਿਤ ਕਰਦਾ ਹੈ?
   - A. ਚੰਦਰਮਾ
   - B. ਧਰਤੀ
   - C. ਸੂਰਜ

D. ਮੌਸਮ।

3. ਸਮਾਜ ਨੂੰ ਚਾਰ ਵਰਗਾਂ ਵਿੱਚ ਕਿਸਨੇ ਵੰਡਿਆ?

   A. ਮਨੂੰ ਸਮ੍ਰਿਤੀ ਨੇ

   B. ਮੁਸਲਮਾਨਾਂ ਨੇ

   C. ਅੰਗਰੇਜ਼ਾਂ ਨੇ

   D. ਗ੍ਰੰਥਾਂ ਨੇ।

4. ਸਿੰਧ ਘਾਟੀ ਦੀ ਸੱਭਿਅਤਾ ਸਮੇਂ ਕਿਹੜਾ ਸ਼ਹਿਰ ਵਿਕਿਸਤ ਹੋਇਆ?

   A. ਤਕਸ਼ਿਲਾ

   B. ਟੈਥੀਜ਼

   C. ਹੜੱਪਾ

   D. ਮਹਿੰਜੋਦੜੋ

5. ਸਚਿਆਰਾ ਜੀਵਨ ਜੀਣ ਵਾਲੇ ਨੂੰ ਕੀ ਕਹਿ ਕੇ ਸਤਿਕਾਰਿਆ ਜਾਂਦਾ ਹੈ?

   A. ਗੁਰਸਿੱਖ

   B. ਭਗਤ

   C. ਗੁਰਮੁਖ ਪਿਆਰਾ

   D. ਮੁਰਸ਼ਦ।

## ਪਾਠ–3

## ਲੇਖ: ਪੰਜਾਬ ਦੇ ਲੋਕ ਕਿੱਤੇ

## ਲੇਖਕ : ਡਾ. ਜੋਗਿੰਦਰ ਸਿੰਘ ਕੈਰੋਂ

### I ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-

1. ਪੰਜਾਬ ਦੇ ਲੋਕ-ਕਿੱਤੇ ਕਿਸ ਲੇਖਕ ਦੀ ਰਚਨਾ ਹੈ?
2. 'ਕਿੱਤਾ' ਕਿਸ ਸ਼ਬਦ ਦਾ ਸੰਖੇਪ ਰੂਪ ਹੈ?
3. ਲੋਕ-ਕਿੱਤੇ ਦਾ ਸਮਾਨਾਰਥਕ ਸ਼ਬਦ ਕਿਹੜਾ ਹੈ?
4. ਸ਼ਿਲਪ ਅਤੇ ਕਲਾ ਦੇ ਸੁਮੇਲ ਨੂੰ ਮਿਲਾ ਕੇ ਉਪਜੀਵਕਾ ਕਮਾਉਣ ਲਈ ਕੀਤੇ ਜਾਂਦੇ ਕੰਮ ਨੂੰ ਕੀ ਕਹਿੰਦੇ ਹਨ?
5. ਲੋਕ ਕਿੱਤਾ ਵਿਅਕਤੀਗਤ ਹੁੰਦੇ ਹੋਏ ਵੀ ਕਿਹੜਾ ਦਰਜਾ ਪ੍ਰਾਪਤ ਕਰ ਲੈਂਦਾ ਹੈ?
6. ਜਿਹੜੇ ਲੋਕ ਲੋਕ-ਕਿੱਤਾਕਾਰਾਂ ਦੀ ਸ਼੍ਰੇਣੀ ਵਿੱਚ ਆਉਂਦੇ ਹਨ ਉਨ੍ਹਾਂ ਵਿੱਚੋਂ ਕਿਸੇ ਦੋ ਦੇ ਨਾਮ ਦੱਸੋ?

7. ਲੋਕ ਕਿੱਤਿਆਂ ਨੂੰ ਕਿੰਨੇ ਵਰਗਾਂ ਵਿੱਚ ਵੰਡਿਆ ਜਾਂਦਾ ਹੈ?
8. ਲੋਕ ਕਿੱਤੇ ਕਿਹੜੇ ਰਾਜ ਪ੍ਰਬੰਧ ਵਿੱਚ ਸਿਖਰਾਂ ਤੇ ਸਨ?
9. ਲੋਕ ਕਿੱਤਿਆਂ ਦੀ ਸਿਖਲਾਈ ਕਿੱਥੋਂ ਲਈ ਜਾਂਦੀ ਹੈ?
10. ਲੋਕ ਕਿੱਤਾਕਾਰਾਂ ਨੂੰ ਪਹਿਲੇ ਸਮਿਆਂ ਵਿੱਚ ਇਵਜ਼ਾਨਾ ਕਿਸ ਰੂਪ ਵਿੱਚ ਮਿਲਦਾ ਸੀ?
11. ਕਿਸੇ ਸਮਾਜ ਅਤੇ ਸੱਭਿਆਚਾਰ ਦੇ ਕਿੱਤਿਆਂ ਦਾ ਸੰਬੰਧ ਉੱਥੋਂ ਦੀ ਕਿਸ ਸਥਿਤੀ ਨਾਲ ਹੁੰਦਾ ਹੈ?
12. ਲੋਕ ਕਿੱਤਿਆਂ ਵਿੱਚ ਵਰਤੀ ਜਾਂਦੀ ਕੱਚੀ ਸਮੱਗਰੀ ਵਿੱਚੋਂ ਕਿਸੇ ਦੋ ਦੇ ਨਾਂ ਲਿਖੋ?
13. ਲੋਕ ਕਿੱਤਿਆਂ ਵਿੱਚ ਵਰਤੀਆਂ ਜਾਂਦੀਆਂ ਧਾਤਾਂ ਵਿੱਚੋਂ ਕਿਸੇ ਦੋ ਦੇ ਨਾਮ ਦੱਸੋ?
14. ਲੋਕ ਕਿੱਤਿਆਂ ਵਿੱਚ ਮਿੱਟੀ ਦੀ ਵਰਤੋਂ ਨਾਲ ਤਿਆਰ ਕੀਤੀਆਂ ਜਾਂਦੀਆਂ ਵਸਤਾਂ ਵਿੱਚੋਂ ਕਿਸੇ ਦੋ ਦੇ ਨਾਮ ਦੱਸੋ?

## II ਕਿਹੜੇ ਕਥਨ ਠੀਕ ਹਨ ਜਾਂ ਗਲਤ ਹਨਃ-

1. ਲੋਕ ਕਿੱਤਿਆਂ ਵਿੱਚ ਖ਼ਾਸ ਅਤੇ ਕੀਮਤੀ ਸੰਦਾਂ ਦੀ ਵਰਤੋਂ ਕੀਤੀ ਜਾਂਦੀ ਹੈ।
2. ਲੋਕ ਕਿੱਤਿਆਂ ਵਿੱਚ ਉਸਤਾਦੀ ਸ਼ਾਗਿਰਦੀ ਦੀ ਪਰੰਪਰਾ ਚਲਦੀ ਹੈ।
3. ਲੋਕ ਕਿੱਤਿਆਂ ਵਿੱਚ ਸੂਝ ਸਖ਼ਤ-ਮਿਹਨਤ ਅਤੇ ਕਾਰਜ-ਕੁਸ਼ਲਤਾ ਦੀ ਖ਼ਾਸ ਲੋੜ ਰਹਿੰਦੀ ਹੈ।
4. ਲੋਕ-ਕਿੱਤੇ ਅਤੇ ਲੋਕ-ਧੰਦੇ ਸਮਾਨਾਰਥਕ ਸ਼ਬਦ ਨਹੀਂ ਹਨ।
5. ਲੋਕ-ਕਿੱਤੇ ਪੀੜ੍ਹੀ-ਦਰ-ਪੀੜ੍ਹੀ ਚਲਦੇ ਹਨ।
6. ਲੋਕ ਕਿੱਤਿਆਂ ਵਿੱਚ ਧਰਤੀ ਦਾ ਕੋਈ ਮਹੱਤਵ ਨਹੀਂ ਹੈਂ।
7. ਲੋਕ-ਕਿੱਤਾ ਸਮੂਹਿਕ ਹੁੰਦਾ ਹੋਇਆ ਵੀ ਵਿਅਕਤੀਗਤ ਸਿਰਜਣਾ ਦਾ ਦਰਜਾ ਲੈ ਲੈਂਦਾ ਹੈ।
8. ਲੋਕ ਕਿੱਤਿਆਂ ਵਿੱਚ ਉਚੇਚੀ ਸਿਖਲਾਈ ਜਾਂ ਵਿੱਦਿਆ ਦੀ ਜ਼ਰੂਰਤ ਹੁੰਦੀ ਹੈ।
9. ਲੋਕ ਕਿੱਤਿਆਂ ਵਿੱਚ ਕਾਗਜ਼ ਅਤੇ ਗੱਤੇ ਦੀ ਵਰਤੋਂ ਕੀਤੀ ਜਾਂਦੀ ਹੈ।
10. ਲੋਕ ਕਿੱਤੇ ਰੋਜ਼ੀ ਰੋਟੀ ਦਾ ਸਾਧਨ ਹਨ।
11. ਪੁਰਾਤਨ ਮਨੁੱਖ ਚਮੜੇ ਦੀ ਵਰਤੋਂ ਨਹੀਂ ਸੀ ਕਰਦਾ।
12. ਪੁਰਾਣੇ ਸਮਿਆਂ ਵਿੱਚ ਕਿੱਤਾਕਾਰਾਂ ਨੂੰ ਨਕਦੀ ਦੇ ਰੂਪ ਵਿੱਚ ਇਵਜ਼ਾਨਾ ਦਿੱਤਾ ਜਾਂਦਾ ਸੀ।
13. ਕਿੱਤੇ ਤੋਂ ਭਾਵ ਹੱਥ-ਧੰਦੇ ਜਾਂ ਸ਼ਿਲਪ ਤੋਂ ਨਹੀਂ ਲਿਆ ਜਾਂਦਾ।
14. ਪੰਜਾਬ ਦੇ ਸੱਭਿਆਚਾਰ ਵਿੱਚ ਕਿੱਤਾ-ਮੁੱਖੀ ਵਿਵਸਥਾ ਦਾ ਖ਼ਾਸ ਮਹੱਤਵ ਰਿਹਾ ਹੈ।

## III ਖਾਲੀ ਥਾਵਾਂ ਭਰੋਃ-

1. ਧੰਦੇ ਤੋਂ ਭਾਵ ਉਹ ਕਿਰਤ ਸਾਧਨ ਹੈ ਜਿਸਤੋਂ............. ਦੀ ਪ੍ਰਾਪਤੀ ਹੁੰਦੀ ਹੈ।
2. ਲੋਕ ਕਿੱਤਿਆਂ ਤੋਂ ਭਾਵ ਉਹ ਕਿਰਤ ਹੈ ਜਿਹੜੀ............. ਆਪਣੇ ਹੱਥਾਂ ਨਾਲ ਕਰਦੇ ਹਨ।
3. ਲੋਕ ਕਿੱਤਾ............. ਹੁੰਦਾ ਹੋਇਆ ਵੀ.............. ਸਿਰਜਣਾ ਦਾ ਦਰਜਾ ਪ੍ਰਾਪਤ ਕਰ ਲੈਂਦਾ ਹੈ।

4. ........... ਬਾਜ਼ੀਆਂ ਪਾ ਕੇ ਲੋਕਾਂ ਦਾ ................. ਕਰਦੇ ਹਨ।
5. ਪੀੜ੍ਹੀ ਦਰ ਪੀੜ੍ਹੀ ਚੱਲਣ ਕਾਰਨ............. ਦਾ ਪ੍ਰਮੁੱਖ ਲੱਛਣ ਪੰਰਪਰਾ ਮੁੱਖੀ ਹੋਣਾ ਮੰਨਿਆ ਜਾਂਦਾ ਹੈ।
6. ਕਿੱਤਾ................ ਕੰਮ ਹੁੰਦਾ ਹੈ ਜਿਸਨੂੰ ਅਗਲੀ ਪੀੜ੍ਹੀ ਬਗੈਰ ਕਿਸੇ ਉਚੇਚੀ ਸਿਖਲਾਈ ਦੇ ਪਹਿਲੀ ਪੀੜ੍ਹੀ ਤੋਂ ਸਿੱਖਦੀ ਹੈ।
7. ਲੋਕ ਕਿੱਤੇ ਜਿੱਥੇ ਲੋਕਾਂ ਦੀ ਰੋਜ਼ੀ ਰੋਟੀ ਦਾ ਸਾਧਨ ਹਨ ਉੱਥੇ ਇਹ ਲੋਕ-ਮਨ ਦੀ.............. ਦੀ ਤ੍ਰਿਪਤੀ ਵੀ ਕਰਦੇ ਹਨ।
8. ਪਿਛਲੇ ਸਮੇਂ ਵਿੱਚ ਕਿੱਤਾਕਾਰਾਂ ਨੂੰ ਨਕਦੀ ਦੇ ਰੂਪ ਵਿੱਚ ਨਹੀਂ ਸਗੋਂ......... ਦੇ ਰੂਪ ਵਿੱਚ ਸਮੱਗਰੀ ਦਿੱਤੀ ਜਾਂਦੀ ਸੀ।
9. ਕਿਸੇ ਭੂਗੋਲਿਕ ਖਿੱਤੇ ਵਿੱਚ ਜਿਹੋ ਜਿਹੀ ਸਮੱਗਰੀ ਪ੍ਰਾਪਤ ਹੁੰਦੀ ਹੈ ਉੱਥੋਂ ਦੇ ਲੋਕ ਉਹੋ ਜਿਹੇ............ ਅਪਣਾਉਂਦੇ ਹਨ।
10. ਪੱਥਰ ਦੀ ਵਰਤੋਂ ਮੂਰਤੀਆਂ, ਜਾਲੀਆਂ ਅਤੇ .......... ਬਣਾਉਣ ਲਈ ਕੀਤੀ ਜਾਂਦੀ ਹੈ।
11. ਕਈ ਕਿੱਤਾਕਾਰਾਂ ਨੇ ਕਾਗਜ਼ ਦੇ........... ਬਣਾਉਣ ਦਾ ਕਿੱਤਾ ਵੀ ਅਪਣਾਇਆ ਹੋਇਆ ਹੈ।

## IV ਸਹੀ ਉੱਤਰ ਦੀ ਚੋਣ ਕਰੋ:-

1. ਡਾ. ਜੋਗਿੰਦਰ ਸਿੰਘ ਕੈਰੋਂ ਦਾ ਲਿਖਿਆ ਲੇਖ ਕਿਹੜਾ ਹੈ?
   - A. ਪੰਜਾਬੀ ਸੱਭਿਆਚਾਰ
   - B. ਪੰਜਾਬ ਦੇ ਲੋਕ ਕਿੱਤੇ
   - C. ਪੰਜਾਬ ਦੀਆਂ ਲੋਕ ਖੇਡਾਂ
   - D. ਪੰਜਾਬ ਦਾ ਰਹਿਣ-ਸਹਿਣ।
2. ਉਪਜੀਵਿਕਾ ਦੇ ਉਸ ਸਾਧਨ ਨੂੰ ਕੀ ਕਹਿੰਦੇ ਹਨ ਜਿਸ ਵਿੱਚ ਮਸ਼ੀਨਾਂ ਦੀ ਵਰਤੋਂ ਨਾ ਕੀਤੀ ਜਾਵੇ?
   - A. ਲੋਕ-ਕਿੱਤਾ
   - B. ਕਾਰੋਬਾਰ
   - C. ਧੰਦਾ
   - D. ਵਪਾਰ
3. ਲੋਕ ਕਿੱਤੇ ਕਾਹਦੀ ਤ੍ਰਿਪਤੀ ਕਰਦੇ ਹਨ?
   - A. ਇਛਾਵਾਂ ਦੀ
   - B. ਕਾਰੋਬਾਰ ਦੀ
   - C. ਸੁਹਜ ਭੁੱਖ ਦੀ
   - D. ਮਿਹਨਤ ਦੀ

4. ਲੋਕ ਕਿੱਤੇ ਕਦੋਂ ਸਿਖਰਾਂ ਦੇ ਸਨ?

   A. ਸਮਾਜਵਾਦੀ ਪ੍ਰਬੰਧ ਵਿੱਚ

   B. ਸਾਮਵਾਦੀ ਪ੍ਰਬੰਧ ਵਿੱਚ

   C. ਜਾਗੀਰਦਾਰੀ ਪ੍ਰਬੰਧ ਵਿੱਚ

   D. ਮਾਰਕਸਵਾਦੀ ਪ੍ਰਬੰਧ ਵਿੱਚ।

5. ਲੋਕ ਕਿੱਤਿਆਂ ਵਿੱਚ ਕਿਹੜੀ ਕੱਚੀ ਸਮੱਗਰੀ ਵਰਤੀ ਜਾਂਦੀ ਸੀ?

   A. ਪਲਾਸਟਿਕ

   B. ਸਟੀਲ

   C. ਕਾਗਜ਼

   D. ਲੋਹਾ।

6. ਲੋਕ ਕਿੱਤਾ ਵਿਅਕਤੀਗਤ ਹੁੰਦਾ ਹੋਇਆ ਵੀ ਕਾਹਦਾ ਦਰਜਾ ਪ੍ਰਾਪਤ ਕਰ ਲੈਂਦਾ ਹੈ?

   A. ਸਮਾਜਿਕ ਸਿਰਜਣਾ ਦਾ

   B. ਧਾਰਮਿਕ ਸਿਰਜਣਾ ਦਾ

   C. ਸਮੂਹਿਕ ਸਿਰਜਣਾ ਦਾ

   D. ਭਾਈਚਾਰਕ ਸਿਰਜਣਾ ਦਾ।

7. ਕਿੱਤਾ ਕਿਹੋ ਜਿਹਾ ਕੰਮ ਹੁੰਦਾ ਹੈ?

   A. ਵਪਾਰਮੁਖੀ

   B. ਸੁਹਜਮੁਖੀ

   C. ਰੁਜ਼ਗਾਰਮੁਖੀ

   D. ਪਿਤਾ-ਪੁਰਖੀ।

8. ਜਦੋਂ ਕੋਈ ਕਾਰੀਗਰ ਕਿਸੇ ਵਸਤੂ ਦਾ ਨਿਰਮਾਣ ਆਪਣੇ ਹੱਥਾਂ ਨਾਲ ਕਰਦਾ ਹੈ ਤਾਂ ਇਸ ਪ੍ਰਕਿਰਿਆ ਨੂੰ ਕੀ ਕਿਹਾ ਜਾਂਦਾ ਹੈ?

   A. ਕਲਾਕਾਰੀ

   B. ਸ਼ਿਲਪ

   C. ਕਲਾ

   D. ਹੁਨਰ।

9. ਸ਼ਿਲਪ ਕਲਾ ਵਿੱਚ ਮੁਕਾਬਲੇ ਦੀ ਭਾਵਨਾ ਨੇ ਲੋਕ-ਕਿੱਤਿਆਂ ਵਿੱਚ ਕੀ ਭਰਿਆ ਹੈ?

A. ਭਾਵਾਤਮਿਕ ਸੁਹਜ

B. ਕਲਾਤਮਿਕ ਸੁਹਜ

C. ਨਿਰਮਾਣਾਤਮਿਕ ਸੁਹਜ

D. ਕਲਾਕਾਰੀ।

10. ਲੋਕ ਕਿੱਤੇ ਕਿਉਂ ਅਲੋਪ ਹੋ ਰਹੇ ਹਨ?

A. ਕੱਚੀ ਸਮੱਗਰੀ ਨਾ ਮਿਲਣ ਕਾਰਨ

B. ਉਚੇਰੀ ਸਿੱਖਿਆ ਨਾ ਹੋਣ ਕਾਰਨ

C. ਨਵੇਂ ਤਕਨੀਕੀ ਸਾਧਨਾਂ ਕਾਰਨ

D. ਕਿੱਤਾਕਾਰਾਂ ਦੀ ਘਾਟ ਕਾਰਨ।

## ਪਾਠ-4

## ਲੇਖ: ਪੰਜਾਬ ਦੀਆਂ ਲੋਕ ਕਲਾਵਾਂ

## ਲੇਖਕ : ਡਾ. ਜਸਵਿੰਦਰ ਸਿੰਘ ਭੁੱਲਰ

**I ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-**

1. ਪੰਜਾਬ ਦੀਆਂ ਲੋਕ ਕਲਾਵਾਂ ਲੇਖ ਕਿਸ ਲੇਖਕ ਦੀ ਰਚਨਾ ਹੈ?
2. ਆਦਿ-ਕਾਲ ਤੋਂ ਮਨੁੱਖ ਸੁਹਜ ਅਤੇ ਆਨੰਦ ਦੀ ਪ੍ਰਾਪਤੀ ਕਿਹੜੀ ਚੀਜ਼ ਤੋਂ ਕਰਦਾ ਆ ਰਿਹਾ ਹੈ?
3. ਆਦਿ-ਮਾਨਵ ਨੇ ਜਿਸ ਕਲਾ ਨੂੰ ਆਪਣੇ ਜਾਦੂਈ ਮਨੋਰਥ ਦੀ ਸਿੱਧੀ ਲਈ ਵਰਤਿਆ ਹੈ ਉਸਨੂੰ ਕੀ ਕਹਿੰਦੇ ਹਨ?
4. ਲੇਖਕ ਅਨੁਸਾਰ ਲੋਕ-ਕਲਾ ਦੀ ਸਿਖਲਾਈ ਕਿੱਥੋਂ ਲਈ ਜਾਂਦੀ ਹੈ?
5. ਲੇਖਕ ਅਨੁਸਾਰ ਮਨੁੱਖ ਨੇ ਲੋਕ ਕਲਾ ਦੇ ਭਾਸ਼ਾਈ ਰੂਪ ਕਿਸ ਤਰ੍ਹਾਂ ਗ੍ਰਹਿਣ ਕੀਤੇ?
6. ਪੰਜਾਬ ਦੀ ਕਿਹੜੀ ਕਲਾ ਨਿਰੰਤਰ ਪ੍ਰਗਤੀਸ਼ੀਲ ਅਤੇ ਪਰਿਵਰਤਨਸ਼ੀਲ ਰਹੀ ਹੈ?
7. ਪੰਜਾਬ ਦੀ ਲੋਕ-ਚਿੱਤਰ ਕਲਾ ਦੀ ਜਿਹੜੀ ਵੰਡ ਕੀਤੀ ਗਈ ਹੈ ਉਨ੍ਹਾਂ ਵਿੱਚੋਂ ਕਿਸੇ ਦੋ ਦੇ ਨਾਮ ਦੱਸੋ?
8. ਪੰਜਾਬ ਵਿੱਚ ਜਿਨ੍ਹਾਂ ਥਾਂਵਾਂ ਤੇ ਮਿਉਰਲ ਚਿੱਤਰਕਾਰੀ ਮਿਲਦੀ ਹੈ ਉਨ੍ਹਾਂ ਵਿੱਚੋਂ ਕਿਸੇ ਦੋ ਦੇ ਨਾਮ ਦੱਸੋ?
9. ਕਲਮੀ ਚਿੱਤਰਾਂ ਦੇ ਨਮੂਨੇ ਕਿੱਥੇ ਮਿਲਦੇ ਹਨ?
10. ਪੰਜਾਬ ਵਿੱਚ ਲੋਕ ਦੇਵੀਆਂ ਵਿੱਚੋਂ ਸਭ ਤੋਂ ਜ਼ਿਆਦਾ ਕਿਸ ਦੇਵੀ ਦੀਆਂ ਮੂਰਤੀਆਂ ਬਣਾਈਆਂ ਜਾਂਦੀਆਂ ਹਨ?

11. ਕਿਸ ਦੇਵੀ ਨੂੰ ਪੌਰਾਣਿਕ ਦੇਵੀ ਮੰਨਿਆ ਜਾਂਦਾ ਹੈ?
12. ਕੱਤਕ ਦੇ ਮਹੀਨੇ ਵਿੱਚ ਕਿਸ ਮਾਤਾ ਦੀ ਮੂਰਤੀ ਬਣਾ ਕੇ ਪੂਜਾ ਕੀਤੀ ਜਾਂਦੀ ਹੈ?
13. ਚੇਚਕ ਤੋਂ ਬਚਣ ਲਈ ਕਿਸ ਦੇਵੀ ਦੀ ਪੂਜਾ ਕੀਤੀ ਜਾਂਦੀ ਹੈ?
14. ਪੰਜਾਬ ਵਿੱਚ ਲੋਕ ਕਲਾਵਾਂ ਦਾ ਨਿਭਾਓ ਬਹੁਤਾ ਕਰਕੇ ਕਿਸ ਵੱਲੋਂ ਹੋਇਆ ਹੈ?

### II ਕਿਹੜੇ ਕਥਨ ਠੀਕ ਹਨ ਜਾਂ ਗਲਤ ਹਨ:-

1. ਕਲਾ ਆਦਿ-ਕਾਲ ਤੋਂ ਮਨੁੱਖ ਦੀ ਮਾਨਸਿਕ ਤ੍ਰਿਪਤੀ ਦਾ ਸਾਧਨ ਰਹੀ ਹੈ।
2. ਸਿੰਧੂ ਘਾਟੀ ਦੀ ਖੁਦਾਈ ਤੋਂ ਪ੍ਰਾਪਤ ਮੂਰਤੀਆਂ ਅਤੇ ਚਿੱਤਰਕਾਰੀ ਦੇ ਨਮੂਨਿਆਂ ਦਾ ਮਿੱਥਾਂ ਨਾਲ ਕੋਈ ਸੰਬੰਧ ਨਹੀਂ।
3. ਲੋਕ ਕਲਾ ਦਾ ਵਿਰਸਾ ਪਰੰਪਰਾ ਤੋਂ ਪ੍ਰਾਪਤ ਨਹੀਂ ਹੁੰਦਾ।
4. ਲੋਕ ਕਲਾਵਾਂ ਗੈਰ-ਭਾਸ਼ਾਈ ਮਨੁੱਖ ਨੇ ਵਡੇਰਿਆਂ ਤੋਂ ਦੇਖਾ-ਦੇਖੀ ਪ੍ਰਾਪਤ ਕੀਤੇ।
5. ਕਲਮੀ ਚਿੱਤਰ ਜਨਮ-ਸਾਖੀਆਂ ਵਿੱਚ ਮਿਲਦੇ ਹਨ।
6. ਫਰੈਸਕੋ ਚਿੱਤਰਾਂ ਵਿੱਚ ਗਿੱਲੇ ਪਲੱਸਤਰ ਨੂੰ ਛਿੱਲ ਕੇ ਬਾਅਦ ਵਿੱਚ ਰੰਗ ਭਰ ਲਏ ਜਾਂਦੇ ਹਨ।
7. ਸਾਂਝੀ ਦੇਵੀ ਨੂੰ ਦੁਰਗਾ ਦਾ ਕਲਿਆਣੀ ਰੂਪ ਮੰਨਿਆ ਜਾਂਦਾ ਹੈ।
8. ਲੇਖਕ ਅਨੁਸਾਰ ਖਸ਼ਟੀ ਦੇਵੀ ਦੀ ਪੂਜਾ ਨਾਲ ਦੀਰਘ ਆਯੂ ਵਾਲਾ ਪਤੀ ਮਿਲਦਾ ਹੈ।
9. ਲੇਖਕ ਅਨੁਸਾਰ ਪੌਰਾਣਿਕ ਕਥਾਵਾਂ ਵਿੱਚ ਖਸ਼ਟੀ ਨੂੰ ਕਾਰਤਿਕੇਯ ਦੀ ਪਤਨੀ ਮੰਨਿਆ ਜਾਂਦਾ ਹੈ।
10. ਲੇਖਕ ਅਨੁਸਾਰ ਅੱਜਕੱਲ੍ਹ ਪਲਾਸਟਿਕ ਦੇ ਖਿਡੌਣੇ ਨਹੀਂ ਬਣਦੇ।
11. ਬਾਗ਼, ਚੋਪ ਤੇ ਸੁੱਭਰ ਫੁਲਕਾਰੀ ਦੇ ਹੀ ਰੂਪ ਹਨ।
12. ਫੁਲਕਾਰੀ ਦੀ ਕਢਾਈ ਸਮੇਂ ਸ਼ਗਨਾਂ ਦੇ ਗੀਤ ਨਹੀਂ ਗਾਏ ਜਾਂਦੇ।
13. ਪੰਜਾਬ ਦੀਆਂ ਲੋਕ ਕਲਾਵਾਂ ਨਾਲ ਇਸਤਰੀ ਵਰਗ ਦਾ ਕੋਈ ਸੰਬੰਧ ਨਹੀਂ ਹੈ।

### III ਖ਼ਾਲੀ ਥਾਵਾਂ ਭਰੋ:-

1. ਆਦਿ ਮਾਨਵ ਸੁਹਜ ਅਤੇ ਆਨੰਦ ਦੀ ਪ੍ਰਾਪਤੀ ................ ਤੋਂ ਕਰਦਾ ਰਿਹਾ ਹੈ।
2. ਆਦਿ ਮਾਨਵ ਨੇ ਕਲਾ ਨੂੰ ਆਪਣੀ.............. ਮਨੋਰਥ ਦੀ ਸਿੱਧੀ ਲਈ ਵਰਤਿਆ ਹੈ।
3. ਲੋਕ-ਕਲਾ ਦਾ ਇਹ ਵਿਰਸਾ........... ਤੋਂ ਪ੍ਰਾਪਤ ਹੁੰਦਾ ਹੈ।
4. ਲੋਕ-ਕਲਾਵਾਂ, ............ ਨਾਲ ਇੰਨੀਆਂ ਰਲਗੱਡ ਹੁੰਦੀਆਂ ਹਨ ਕਿ ਇਹਨਾਂ ਨੂੰ ਵੱਖਰਿਆਂ ਕਰਨਾ ਔਖਾ ਹੈ।
5. ਪੰਜਾਬ ਦੀ............ ਕਲਾ ਖ਼ਾਸ ਵਰਗ, ਧਰਮ ਜਾਂ ਸੰਪਰਦਾਇ ਦੀ ਕਲਾ ਨਹੀਂ।
6. ਲੋਕ-ਮੂਰਤੀਕਾਰੀ ਤਹਿਤ ਲੋਕ-ਦੇਵੀਆਂ ਦੀਆਂ ਕੰਧਾਂ ਉੱਪਰ ਮੂਰਤੀਆਂ ਬਣਾ ਕੇ ਉਨ੍ਹਾਂ ਦੀ.......... ਦਾ ਕਾਫੀ ਪ੍ਰਚਲਨ ਰਿਹਾ ਹੈ।

7. ………… ਨੂੰ ਪੌਰਾਣਿਕ ਦੇਵੀ ਮੰਨ ਕੇ ਇਸਦਾ ਏਕੀਕਰਨ ਬ੍ਰਹਮਾ ਦੀ ਪੁੱਤਰੀ……… ਨਾਲ ਕੀਤਾ ਗਿਆ ਹੈ।
8. ਨਵਰਾਤਿਆਂ ਦੌਰਾਨ ਕੁੜੀਆਂ ਕੰਧ ਉਪਰ………… ਦੀ ਮੂਰਤੀ ਬਣਾਉਂਦੀਆਂ ਹਨ।
9. ਮਾਘ ਦੇ ਮਹੀਨੇ ………… ਦੇ ਰੋਗ ਤੋਂ ਬਚਣ ਲਈ……… ਦੇਵੀ ਦੀ ਮੂਰਤੀ ਬਣਾ ਕੇ ਉਸਦੀ ਪੂਜਾ ਕੀਤੀ ਜਾਂਦੀ ਹੈ।
10. ……….. ਹੈ ਕਿ ਖਸ਼ਟੀ ਦੀ ਪੂਜਾ ਨਾਲ ਬੱਚੇ ਦੇ ਨੇੜੇ ………. ਨਹੀਂ ਢੁੱਕਦੀਆਂ।
11. ਪੁਰਾਤਨ ਸਮਿਆਂ ਵਿੱਚ…………. ਪਿੰਡ ਦੇ ਕਿਸੇ ਘਰ ਜੰਮੇ ਬੱਚੇ ਲਈ ਕੋਈ ਪੰਛੀ ਜਾਂ ਮੂਰਤੀ ਤੋਹਫੇ ਦੇ ਰੂਪ ਵਿੱਚ ਦੇ ਜਾਂਦਾ ਸੀ।

**IV ਸਹੀ ਉੱਤਰ ਦੀ ਚੋਣ ਕਰੋ:-**

1. ਆਦਿ-ਕਾਲੀਨ ਕਲਾ-ਅਵਸ਼ੇਸ਼ਾਂ ਵਿੱਚੋਂ ਕਾਹਦੇ ਪ੍ਰਮਾਣ ਮਿਲਦੇ ਹਨ?
   A. ਸੰਗੀਤ-ਕਲਾ ਦੇ
   B. ਨਾਟਕ-ਕਲਾ ਦੇ
   C. ਕੋਮਲ-ਕਲਾ ਦੇ
   D. ਲੋਕ-ਕਲਾ ਦੇ।
2. ਆਦਿ-ਕਾਲੀਨ ਸੰਸਕ੍ਰਿਤੀ ਦੇ ਵਿੱਚ ਲੋਕ-ਕਲਾ ਦੇ ਪ੍ਰਮਾਣ ਕਿੱਥੇ ਮਿਲਦੇ ਹਨ?
   A. ਆਰੀਆ ਸੱਭਿਅਤਾ ਤੋਂ
   B. ਸਿੰਧੂ ਘਾਟੀ ਦੀ ਸੱਭਿਅਤਾ ਤੋਂ
   C. ਮੁਸਲਮਾਨੀ ਸੱਭਿਅਤਾ ਤੋਂ
   D. ਅਜਾਇਬ ਘਰਾਂ ਤੋਂ।
3. ਲੇਖਕ ਨੇ ਲੋਕ ਚਿੱਤਰਕਾਰੀ ਨੂੰ ਕਿੰਨੇ ਵਰਗਾਂ ਵਿੱਚ ਵੰਡਿਆ ਹੈ?
   A. ਇੱਕ
   B. ਪੰਜ
   C. ਚਾਰ
   D. ਸੱਤ।
4. ਸੁਆਣੀਆਂ ਕੰਧਾਂ ਨੂੰ ਚਿੱਤਰਕਾਰੀ ਨਾਲ ਕਦੋਂ ਸਜਾਉਂਦੀਆਂ ਹਨ?
   A. ਬੱਚੇ ਦੇ ਜਨਮ ਸਮੇਂ
   B. ਸਵੇਰ ਸਮੇਂ

C. ਮੇਲੇ-ਤਿਉਹਾਰ ਸਮੇਂ

D. ਨਵੇਂ ਵਰ੍ਹੇ ਤੇ।

5. ਸਿਰਹਾਨਿਆਂ/ਚਾਦਰਾਂ/ਰੁਮਾਲਾਂ ਉੱਤੇ ਕੀਤੀ ਜਾਣ ਵਾਲੀ ਕਢਾਈ ਨੂੰ ਕੀ ਕਿਹਾ ਜਾਂਦਾ ਹੈ?

A. ਮੂਰਤੀਕਾਰੀ

B. ਫੁਲਕਾਰੀ

C. ਕਸੀਦਾਕਾਰੀ

D. ਚਿੱਤਰਕਾਰੀ।

## ਪਾਠ-5
## ਲੇਖ: ਪੰਜਾਬ ਦੇ ਰਸਮ ਰਿਵਾਜ
## ਲੇਖਕ : ਗੁਲਜ਼ਾਰ ਸਿੰਘ ਸੰਧੂ

**I ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-**

1. ਪੰਜਾਬ ਦੇ ਰਸਮ ਰਿਵਾਜ ਪਾਠ ਦਾ ਲੇਖਕ ਕੌਣ ਹੈ?
2. ਭਾਈਚਾਰਿਕ ਜੀਵਾਂ ਦੇ ਮਨਾਂ ਦੀਆਂ ਸਿੱਕਾਂ ਅਤੇ ਸੱਧਰਾਂ ਦੀ ਤਰਜਮਾਨੀ ਕੌਣ ਕਰਦਾ ਹੈ?
3. ਰਸਮ ਰਿਵਾਜਾਂ ਦਾ ਅਸਲੀ ਰੂਪ ਕਦੋਂ ਸਾਹਮਣੇ ਆਉਂਦਾ ਹੈ?
4. ਕਿਸਨੂੰ ਪਤਿਆਉਣ ਜਾਂ ਰਿਝਾਉਣ ਲਈ ਦੈਵੀ ਤਾਕਤਾਂ ਦਾ ਆਰੰਭ ਹੋਇਆ?
5. ਜਿਹੜੀਆਂ ਚੀਜ਼ਾਂ ਦੀ ਮੱਦਦ ਨਾਲ ਰਸਮ ਰਿਵਾਜ ਨੇਪਰੇ ਚਾੜ੍ਹੇ ਜਾਂਦੇ ਹਨ, ਉਨ੍ਹਾਂ ਵਿੱਚੋਂ ਕਿਸੇ ਦੋ ਦੇ ਨਾਮ ਦੱਸੋ।
6. ਲੇਖਕ ਅਨੁਸਾਰ ਰਸਮ ਰਿਵਾਜਾਂ ਵਿੱਚ ਲੋਹਾ ਕਿਸ ਚੀਜ਼ ਦਾ ਚਿੰਨ੍ਹ ਹੈ?
7. ਲੇਖਕ ਅਨੁਸਾਰ ਰਸਮ ਰਿਵਾਜਾਂ ਵਿੱਚ ਦੁੱਬ ਕਿਸ ਚੀਜ਼ ਦਾ ਸੂਚਕ ਹੈ?
8. ਪੁਰਾਣੇ ਸਮੇਂ ਵਿੱਚ ਮੁੰਡਾ ਜੰਮਣ ਤੇ ਕਿਸਨੂੰ ਵਧਾਈਆਂ ਦੇ ਕੇ ਭੇਜਿਆ ਜਾਂਦਾ ਸੀ?
9. ਲੇਖਕ ਅਨੁਸਾਰ ਬੱਚੇ ਦੇ ਜਨਮ ਤੋਂ ਪਿੱਛੋਂ ਕਿਹੜੀ ਰਸਮ ਮਹੱਤਵਪੂਰਨ ਮੰਨੀ ਜਾਂਦੀ ਹੈ?
10. ਵਿਆਹ ਦੀਆਂ ਰਸਮਾਂ ਵਿੱਚ ਸਭ ਤੋਂ ਪਹਿਲਾਂ ਕਿਹੜੀ ਰਸਮ ਹੁੰਦੀ ਹੈ?
11. ਰਿਸ਼ਤਾ ਤੈਅ ਹੋ ਜਾਣ ਪਿੱਛੋਂ ਕਿਹੜੀ ਖਾਸ ਰਸਮ ਕੀਤੀ ਜਾਂਦੀ ਹੈ?
12. ਵਿਆਹ ਤੋਂ ਕੁਝ ਦਿਨ ਪਹਿਲਾਂ ਕੁੜੀ ਵਾਲੇ ਮੁੰਡੇ ਵਾਲਿਆਂ ਨੂੰ ਲਿਖਤੀ ਰੂਪ ਵਿੱਚ ਕੀ ਭੇਜਦੇ ਹਨ?
13. ਵਿਆਹ ਸਮੇਂ ਮੁੰਡੇ ਦੀ ਭਰਜਾਈ ਕਿਹੜੀ ਰਸਮ ਕਰਦੀ ਹੈ?
14. ਵਿਆਹ ਕੇ ਲਿਆਉਣ ਪਿੱਛੋਂ ਮੁੰਡੇ ਦੇ ਘਰ ਸਭ ਤੋਂ ਪਹਿਲੀ ਰਸਮ ਕਿਹੜੀ ਹੁੰਦੀ ਹੈ?

15. ਜਨਮ ਅਤੇ ਵਿਆਹ ਤੋਂ ਬਿਨ੍ਹਾਂ ਮਨੁੱਖੀ ਜੀਵਨ ਵਿੱਚ ਹੋਰ ਕਿਸ ਮੌਕੇ ਰਸਮ ਰਿਵਾਜਾਂ ਦਾ ਖਾਸ ਮਹੱਤਵ ਹੁੰਦਾ ਹੈ?

**II ਕਿਹੜੇ ਕਥਨ ਠੀਕ ਹਨ ਜਾਂ ਗਲਤ ਹਨ:-**

1. ਰਸਮ ਰਿਵਾਜਾਂ ਦਾ ਆਰੰਭ ਦੈਵੀ ਤਾਕਤਾਂ ਨੂੰ ਡਰਾਉਣ ਲਈ ਹੋਇਆ ਹੈ।
2. ਰਸਮ ਰਿਵਾਜਾਂ ਵਿੱਚ ਅਗਨੀ ਸ਼ੁੱਧਤਾ ਦਾ ਚਿੰਨ੍ਹ ਹੈ।
3. ਪ੍ਰੇਤ-ਰੂਹਾਂ ਤੋਂ ਬਚਣ ਲਈ ਮਾਂ ਦੇ ਗਰਭ ਦੌਰਾਨ ਕੋਈ ਰਸਮ ਨਹੀਂ ਕੀਤੀ ਜਾਂਦੀ।
4. ਰਿਵਾਜ ਅਨੁਸਾਰ ਗੁੜ੍ਹਤੀ ਦਾ ਬੱਚੇ ਦੇ ਸੁਭਾਉ ਉੱਤੇ ਚੋਖਾ ਅਸਰ ਹੁੰਦਾ ਹੈ।
5. ਜਨਮ ਤੋਂ ਬਾਅਦ 'ਬਾਹਰ ਵਧਾਉਣ' ਦੀ ਰਸਮ ਤੇਰ੍ਹਵੇਂ ਦਿਨ ਕੀਤੀ ਜਾਂਦੀ ਹੈ।
6. ਲੜਕੀ ਦੇ ਜੰਮਣ ਤੇ ਮਹਿਰਾ ਸ਼ਰੀਂਹ ਦੇ ਪੱਤਿਆਂ ਦਾ ਸਿਹਰਾ, ਤਰਖਾਣ ਗੁੱਲੀ ਡੰਡਾ, ਮੋਚੀ ਮੌਜੇ ਅਤੇ ਦਾਈ ਵੱਲੋਂ ਤੜਾਗੀ ਪੇਸ਼ ਕਰਨ ਦਾ ਰਿਵਾਜ ਹੈ।
7. ਮੁੰਡੇ ਦੇ ਜੰਮਣ ਤੇ ਨਾਨਕਿਆਂ ਵੱਲੋਂ ਛੂਛਕ ਭੇਜਣ ਦਾ ਰਿਵਾਜ ਆਮ ਹੈ।
8. 'ਲਗਨ' ਭੇਜਣ ਤੋਂ ਬਾਅਦ ਕੁੜੀ ਤੇ ਮੁੰਡੇ ਦਾ ਬਾਹਰ ਨਿਕਲਣਾ, ਕਿਸੇ ਨਾਲ ਹੱਸਣਾ, ਬੋਲਣਾ ਤੇ ਕੰਮ ਕਰਨਾ ਮਨ੍ਹਾ ਹੋ ਜਾਂਦਾ ਹੈ।
9. ਵਿਆਹ ਤੋਂ ਪਹਿਲਾਂ ਵੱਡੀ ਰਸਮ ਕੇਵਲ ਵਟਣੇ ਜਾਂ ਮਾਈਏ ਦੀ ਹੁੰਦੀ ਹੈ।
10. ਆਖ਼ਰੀ ਵਟਣਾ ਮਲਕੇ ਨੁਹਾਉਣ ਪਿੱਛੋਂ ਮੁੰਡੇ ਦੇ ਤਾਏ ਦੀ ਲਿਆਂਦੀ ਪੁਸ਼ਾਕ ਪਹਿਨਾਈ ਜਾਂਦੀ ਹੈ।
11. ਜਾਂਞੀਆਂ ਦੁਆਰਾ ਲਿਆਂਦੀ ਵਰੀ ਕੁੜੀ ਦੇ ਭਾਈਚਾਰੇ ਨੂੰ ਨਹੀਂ ਦਿਖਾਈ ਜਾਂਦੀ।
12. ਬਹੂ ਦੀ ਜਠਾਣੀ ਨੂੰ 'ਪੇਟੀ ਖੁਲਾਈ' ਦਾ ਮਨਭਾਉਂਦਾ ਸੂਟ ਮਿਲਦਾ ਹੈ।

**III ਖਾਲੀ ਥਾਵਾਂ ਭਰੋ:-**

1. ਰਸਮ ਰਿਵਾਜ ਅਨੁਸਾਰ ਪਾਣੀ ਨੂੰ ………… ਦਾ ਸੂਚਕ ਮੰਨਿਆ ਜਾਂਦਾ ਹੈ।
2. ਜਣੇਪੇ ਤੋਂ ਪੰਜ ਦਿਨ ਪਿੱਛੋਂ……… ਨਹਾਉਣ ਦੀ ਰੀਤ ਹੁੰਦੀ ਹੈ।
3. ਮੁੰਡੇ ਦੇ ਜਨਮ ਤੇ ਉਸੇ ਦਿਨ ਨਾਨਕਿਆਂ ਵੱਲੋਂ ਨਾਈ ਦੇ ਹੱਥ ਦੁੱਬ, ਖੰਮਣੀ ਅਤੇ ………… ਭੇਜਿਆ ਜਾਂਦਾ ਹੈ।
4. ਹਿੰਦੂ ਪਰਿਵਾਰਾਂ ਵਿੱਚ…………. ਸੰਸਕਾਰ ਜਨਮ ਦੇ ਤੀਜੇ ਤੋਂ ਪੰਜਵੇਂ ਸਾਲ ਵਿੱਚ ਕੀਤਾ ਜਾਂਦਾ ਹੈ।
5. ਵਿਆਹ ਦਾ ਦਿਨ ਦੱਸਣ ਤੋਂ ਬਾਅਦ ਨਾਨਕਿਆਂ ਵੱਲੋਂ …………. ਦੀ ਤਿਆਰੀ ਸ਼ੁਰੂ ਹੋ ਜਾਂਦੀ ਹੈ।
6. ਜੰਞ ਦੇ ਕੁੜੀ ਵਾਲਿਆਂ ਦੇ ਪਿੰਡ ਪਹੁੰਚਣ ਤੇ ਸਭ ਤੋਂ ਪਹਿਲਾਂ………… ਹੁੰਦੀ ਹੈ।
7. ਫੇਰਿਆਂ ਦੀ ਰਸਮ ਤੋਂ ਬਾਅਦ ਜਾਂਞੀ ਆਪਣੀ ਲਿਆਂਦੀ ਹੋਈ………….. ਕੁੜੀ ਦੇ ਭਾਈਚਾਰੇ ਨੂੰ ਦਿਖਾਉਂਦੇ ਹਨ।
8. ਮੁੰਡੇ ਤੇ ਵਹੁਟੀ ਦੇ ਘਰ ਪਹੁੰਚਣ ਤੇ ਮੁੰਡੇ ਦੀ ਮਾਂ……….. ਲੈ ਕੇ ਨੂੰਹ ਪੁੱਤ ਨੂੰ ਲੈਣ ਜਾਂਦੀ ਹੈ।
9. ਵਿਅਕਤੀ ਦੇ ਪ੍ਰਾਣ ਤਿਆਗਣ ਤੇ ਔਰਤਾਂ ਘਰ ਵਿੱਚ …….. ਲੱਗ ਜਾਂਦੀਆਂ ਹਨ।

10. ਮੌਤ ਪਿੱਛੋਂ ਵਿਅਕਤੀ ਨੂੰ ਆਖਰੀ............. ਕਰਵਾਇਆ ਜਾਂਦਾ ਹੈ।

11. ਜਦੋਂ ਚਿਖ਼ਾ ਜਲ ਕੇ ਮੁਰਦੇ ਦੀ ਖੋਪਰੀ ਦਿਖਣ ਲੱਗ ਜਾਵੇ ਤਾਂ.............. ਕ੍ਰਿਆ ਕੀਤੀ ਜਾਂਦੀ ਹੈ।

## IV ਸਹੀ ਉੱਤਰ ਦੀ ਚੋਣ ਕਰੋ:–

1. ਪ੍ਰੇਤ ਰੂਹਾਂ ਤੋਂ ਬਚਣ ਲਈ ਗਰਭਵਤੀ ਔਰਤ ਦੇ ਪੱਲੇ ਕੀ ਬੰਨ੍ਹਿਆ ਜਾਂਦਾ ਹੈ?
   - A. ਗੁੜ
   - B. ਦੁੱਬ
   - C. ਅਨਾਜ
   - D. ਕੇਸਰ
2. ਜਨਮ ਤੋਂ ਬਾਅਦ ਸਭ ਤੋਂ ਪਹਿਲੀ ਰਸਮ ਕਿਹੜੀ ਕੀਤੀ ਜਾਂਦੀ ਹੈ?
   - A. ਬਾਹਰ ਵਧਾਉਣ ਦੀ
   - B. ਪੰਜਵੀਂ ਨਹਾਉਣ ਦੀ
   - C. ਛਟੀ ਦੀ
   - D. ਗੁੜ੍ਹਤੀ ਦੀ।
3. ਵਿਆਹ ਤੋਂ ਪਹਿਲਾਂ ਵੱਡੀ ਰੀਤ ਕਿਹੜੀ ਹੁੰਦੀ ਹੈ?
   - A. ਥੜ੍ਹੇ ਪਾਉਣ ਦੀ
   - B. ਕੜ੍ਹਾਈ ਚੜਾਉਣ ਦੀ
   - C. ਵਟਣੇ ਦੀ
   - D. ਨਾਨਕੀ ਛੱਕ ਦੀ।
4. ਮੌਤ ਤੋਂ ਬਾਅਦ ਕਿੰਨਵੇਂ ਦਿਨ ਮੁਰਦੇ ਦੇ ਫੁੱਲ ਚੁਗੇ ਜਾਂਦੇ ਹਨ?
   - A. ਦੂਜੇ ਤਿਨ
   - B. ਅੱਠਵੇਂ ਦਿਨ
   - C. ਤੀਜੇ ਦਿਨ
   - D. ਪੰਜਵੇਂ ਦਿਨ।
5. ਕੜਾਹੀ ਚੜ੍ਹਾਉਣ ਦੀ ਰਸਮ ਸਮੇਂ ਵਿਆਂਹਦੜ ਦੀ ਮਾਂ ਕੜਾਹੀ ਵਿੱਚ ਕੀ ਬਣਾ ਕੇ ਪੇਕਿਆਂ ਨੂੰ ਲਿਜਾਂਦੀ ਹੈ?
   - A. ਲੱਡੂ
   - B. ਪੰਜੀਰੀ

C. ਗੁਲਗੁਲੇ

D. ਪੇੜੇ

## ਪਾਠ-6

## ਲੇਖ: ਪੰਜਾਬ ਦੇ ਮੇਲੇ ਤੇ ਤਿਉਹਾਰ

## ਲੇਖਕ : ਡਾ. ਐਸ.ਐਸ. ਵਣਜਾਰਾ ਬੇਦੀ

**I ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਉ:-**

1. ਡਾ. ਐਸ.ਐਸ.ਵਣਜਾਰਾ ਬੇਦੀ ਦਾ ਲਿਖਿਆ ਲੇਖ ਕਿਹੜਾ ਹੈ?
2. 'ਪੰਜਾਬ ਦੇ ਮੇਲੇ ਤੇ ਤਿਓਹਾਰ' ਲੇਖ ਦਾ ਲੇਖਕ ਕੌਣ ਹੈ?
3. ਮੇਲਿਆਂ ਦਾ ਕਿਸੇ ਜਾਤੀ ਲਈ ਕੀ ਮਹੱਤਵ ਹੁੰਦਾ ਹੈ?
4. ਫੱਗਣ ਦੇ ਮਹੀਨੇ ਕਿਹੜਾ ਤਿਓਹਾਰ ਮਨਾਇਆ ਜਾਂਦਾ ਹੈ?
5. ਕਿਹੜੀਆਂ ਥਾਵਾਂ ਤੇ ਬਸੰਤ ਪੰਚਮੀ ਦੇ ਮੇਲੇ ਭਰਦੇ ਹਨ?
6. ਹੋਲੇ ਮੁਹੱਲੇ ਦਾ ਭਾਰੀ ਮੇਲਾ ਕਿੱਥੇ ਲੱਗਦਾ ਹੈ?
7. ਤੀਆਂ ਦੇ ਮੇਲੇ ਕਿਹੜੀ ਰੁੱਤੇ ਲੱਗਦੇ ਹਨ?
8. ਪਹਿਲੇ ਸਮਿਆਂ ਵਿੱਚ ਕਿਸਾਨ ਪੈਲੀ ਨੂੰ ਵਾਹੁਣ, ਬੀਜਣ ਤੇ ਵੱਢਣ ਤੋਂ ਪਹਿਲਾਂ ਕਿਸਦੀ ਪੂਜਾ ਕਰਦੇ ਸਨ?
9. ਗੁੱਗੇ ਦੀ ਸਿਮਰਤੀ ਵਿੱਚ ਵੱਡਾ ਮੇਲਾ ਕਿੱਥੇ ਲੱਗਦਾ ਹੈ?
10. ਛਪਾਰ ਦਾ ਮੇਲਾ ਕਿਹੜੇ ਜ਼ਿਲ੍ਹੇ ਵਿੱਚ ਲੱਗਦਾ ਹੈ?
11. ਦੇਵੀ ਦਾ ਮੁੱਖ ਸਥਾਨ ਕਿੱਥੇ ਹੈ?
12. ਜਰਗ ਦਾ ਮੇਲਾ ਕਿਹੜੀ ਦੇਵੀ ਨੂੰ ਪਤਿਆਉਣ ਲਈ ਲੱਗਦਾ ਹੈ?
13. ਜਰਗ ਦੇ ਮੇਲੇ ਦਾ ਦੂਸਰਾ ਨਾਂ ਕਿਹੜਾ ਹੈ?
14. ਜਰਗ ਦੇ ਮੇਲੇ ਵਿੱਚ ਆਮ ਮੇਲਿਆਂ ਨਾਲੋਂ ਕੀ ਵੱਖਰੇਵਾਂ ਹੈ?
15. 'ਬਹਿੜੀਏ ਦਾ ਮੇਲਾ' ਕਿਸ ਮੇਲੇ ਨੂੰ ਕਿਹਾ ਜਾਂਦਾ ਹੈ?
16. 'ਜਗਰਾਵਾਂ ਦੀ ਰੋਸ਼ਨੀ' ਕਿਹੜੀ ਵੰਨਗੀ ਦਾ ਮੇਲਾ ਹੈ?
17. 'ਨਿਗਾਹਾ ਮੇਲਾ' ਕਿੱਥੇ ਲੱਗਦਾ ਹੈ?
18. ਮਾਘੀ ਵਾਲੇ ਦਿਨ ਮੇਲਾ ਕਿੱਥੇ ਲੱਗਦਾ ਹੈ?

## II ਕਿਹੜੇ ਕਥਨ ਠੀਕ ਹਨ ਜਾਂ ਗਲਤ ਹਨ:-

1. ਗੁਰੂ ਜੀ ਨੇ ਸ਼ਹੀਦ ਸਿੰਘਾਂ ਨੂੰ ਮੁਕਤੇ ਕਹਿ ਕੇ ਸਨਮਾਨਿਆ ਅਤੇ ਇਸ ਥਾਂ ਦਾ ਨਾਉਂ ਮੁਕਤਸਰ ਰੱਖਿਆ।
2. ਕੇਸਗੜ੍ਹ ਦੇ ਸਥਾਨ ਉੱਤੇ ਇੱਕ ਮੇਲਾ ਭਰਦਾ ਹੈ ਜਿਸਨੂੰ ਹੋਲਾ ਮਹੱਲਾ ਕਹਿੰਦੇ ਹਨ।
3. ਫਰੀਦਕੋਟ ਵਿੱਚ ਪ੍ਰੋ: ਮੋਹਨ ਸਿੰਘ ਮੇਲਾ ਲੱਗਦਾ ਹੈ।
4. ਪੰਜਾਬ ਵਿੱਚ ਤਿਉਹਾਰਾਂ ਦਾ ਲੰਮਾ ਕਾਫ਼ਲਾ ਤੁਰਿਆ ਰਹਿੰਦਾ ਹੈ।
5. ਪੰਜਾਬ ਵਿੱਚ ਨਵਾਂ ਵਰ੍ਹਾ ਚੇਤਰ ਦੀ ਏਕਮ ਤੋਂ ਸ਼ੁਰੂ ਨਹੀਂ ਹੁੰਦਾ।
6. ਚੇਤਰ ਸੁਦੀ ਅੱਠਵੀਂ ਨੂੰ ਦੇਵੀ ਦੇ ਉਪਾਸਕ ਕੰਜਕਾਂ ਕਰਦੇ ਹਨ।
7. ਇਹ ਵਿਸ਼ਵਾਸ ਹੈ ਕਿ ਕੰਜਕਾਂ ਕਰਨ ਨਾਲ ਮਾਤਾ ਰਾਣੀ ਪ੍ਰਸੰਨ ਰਹਿੰਦੀ ਹੈ ਤੇ ਬੱਚੇ ਨਰੋਏ।
8. ਰਾਮ ਨੌਮੀ ਨੂੰ ਮੰਦਰਾਂ ਵਿੱਚ ਸ੍ਰੀ ਕ੍ਰਿਸ਼ਨ ਜੀ ਦੀ ਮਹਿਮਾ ਵਿੱਚ ਭਜਨ ਗਾਏ ਜਾਂਦੇ ਹਨ।
9. ਹਰ ਸਾਵਣ ਦੀ ਪੂਰਨਮਾਸ਼ੀ ਨੂੰ ਰੱਖੜੀ ਦਾ ਤਿਓਹਾਰ ਮਨਾਇਆ ਜਾਂਦਾ ਹੈ।
10. ਰੱਖੜੀ ਦਾ ਤਿਓਹਾਰ ਭੈਣ ਭਰਾ ਦੇ ਨਿਰਮਲ ਪਿਆਰ ਤੇ ਇੱਕ ਦੂਜੇ ਪ੍ਰਤੀ ਮਿੱਠੀਆਂ ਨਿਰਛਲ ਭਾਵਨਾਵਾਂ ਦਾ ਬੌਧਿਕ ਨਹੀਂ ਹੈ।
11. ਗੁੱਗੇ ਦੇ ਭਗਤ ਗੁੱਗੇ ਦੀ ਪ੍ਰਸੰਨਤਾ ਲਈ ਸੱਪਾਂ ਦੀਆਂ ਖੁੱਡਾਂ ਵਿੱਚ ਕੱਚੀ ਲੱਸੀ ਪਾਉਂਦੇ ਹਨ।
12. ਭਾਦਰੋਂ ਦੀ ਕ੍ਰਿਸ਼ਨਾ ਪੱਖ ਦੀ ਅੱਠਵੀਂ ਨੂੰ 'ਜਨਮ ਅਸ਼ਟਮੀ' ਦਾ ਤਿਓਹਾਰ ਮਨਾਇਆ ਜਾਂਦਾ ਹੈ।

## III ਖ਼ਾਲੀ ਥਾਵਾਂ ਭਰੋ:-

1. ਅੱਸੂ ਦੇ ਮਹੀਨੇ ਆਕਾਸ਼ ਦੀ............ ਭਾਹ ਵੇਖਣ ਵਾਲੀ ਹੁੰਦੀ ਹੈ।
2. ਸਰਾਧ ਇੱਕ......... ਰੀਤ ਹੈ ਜਿਸਦਾ ਮਨੋਰਥ, ਪਿਤਰਾਂ ਨੂੰ ਅਗਲੇ ਲੋਕ ਵਿੱਚ ਭੋਜਨ ਪਹੁੰਚਾਉਣਾ ਹੈ।
3. ਨੌਰਾਤਿਆਂ ਵਿੱਚ ਮਾਤਾ ਗੌਰਜਾਂ ਤੇ........... ਮਾਈ ਦੀ ਪੂਜਾ ਕੀਤੀ ਜਾਂਦੀ ਹੈ।
4. ਪਹਿਲੇ ਨਰਾਤੇ ਵਾਲੇ ਦਿਨ ਕੁੜੀਆਂ ਕੋਰੇ ਕੁੱਜੇ ਵਿੱਚ ਜੌ ਬੀਜਦੀਆਂ ਹਨ ਜਿਸਨੂੰ ਉਹ.............. ਦੀ ਖੇਤੀ ਆਖਦੀਆਂ ਹਨ।
5. ਸਾਂਝੀ ਮਾਈ ਦੀ ਪੂਜਾ ਹਰ ਰੋਜ਼............... ਵੇਲੇ ਕੀਤੀ ਜਾਂਦੀ ਹੈ।
6. ਦੁਸਹਿਰੇ ਵਾਲੇ ਦਿਨ, ਸਰਘੀ ਵੇਲੇ ਸਾਂਝੀ ਦੀ ਮੂਰਤੀ ਨੂੰ ............ ਕੀਤਾ ਜਾਂਦਾ ਹੈ।
7. ਪੰਜਾਬ ਦਾ ਸਭ ਤੋਂ ਵੱਡਾ ਲੋਕ-ਨਾਟ............. ਹੈ।
8. ਦਸਵੇਂ ਨੌਰਾਤੇ ਨੂੰ ............. ਮਨਾਇਆ ਜਾਂਦਾ ਹੈ।
9. ਕੱਤਕ ਦੀ ਪੂਰਨਮਾਸ਼ੀ ਨੂੰ ਸਾਰੇ ਪੰਜਾਬ ਵਿੱਚ................. ਦਾ ਜਨਮ ਉਤਸਵ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ।
10. .............. ਨੂੰ ਸੁਹਾਗਣ ਇਸਤਰੀਆਂ ਨਿਰਜਲ ਵਰਤ ਰੱਖ ਕੇ ਪਤੀ ਦੀ ਲੰਮੀ ਆਯੂ ਲਈ ਕਾਮਨਾ ਕਰਦੀਆਂ ਹਨ।
11. ਕੱਤਕ ਦਾ ਸਭ ਤੋਂ ਵੱਡਾ ਲੋਕ-ਪੁਰਬ........... ਦਾ ਹੈ।

12. ਦੀਵਾਲੀ ਦੀ ਰਾਤ ਲੋਕ............. ਦੀ ਪੂਜਾ ਕਰਦੇ ਹਨ।

13. ਅੰਮ੍ਰਿਤਸਰ ਵਿੱਚ ਦਿਵਾਲੀ ਦਾ ਮੁੱਢ ਗੁਰੂ............... ਦੇ ਵੇਲੇ ਬੱਝਿਆ।

## IV ਸਹੀ ਉੱਤਰ ਦੀ ਚੋਣ ਕਰੋ:-

1. ਸ੍ਰੀ ਗੁਰੂ ਹਰਗੋਬਿੰਦ ਜੀ ਨੇ ਗਵਾਲੀਅਰ ਦੇ ਕਿਲ੍ਹੇ ਤੋਂ ਕਿੰਨੇ ਬੰਦੀ ਰਾਜਿਆਂ ਨੂੰ ਛੁਡਵਾਇਆ?

   A 54 B 52

   C 5● D 49

2. ਸ੍ਰੀ ਰਾਮ ਚੰਦਰ ਰਾਵਣ ਉੱਤੇ ਵਿਜੈ ਪ੍ਰਾਪਤ ਕਰਨ ਪਿੱਛੋਂ ਸੀਤਾ ਨੂੰ ਨਾਲ ਲੈ ਕੇ ਕਿੱਥੇ ਪਹੁੰਚੇ?

   A ਆਗਰਾ B ਲੰਕਾ

   C ਅਯੁੱਧਿਆ D ਮਥਰਾ।

3. ਲੋਹੜੀ ਦੇ ਗੀਤਾਂ ਵਿੱਚ ਕਿਸ ਲੋਕ-ਨਾਇਕ ਦਾ ਜ਼ਿਕਰ ਆਉਂਦਾ ਹੈ?

   A ਦੁਲਾ ਭੱਟੀ B ਰਾਜਾ ਰਸਾਲੂ

   C ਪੂਰਨ ਭਗਤ D ਜਿਉਣਾ ਮੌੜ।

4. ਲੋਹੜੀ ਤੋਂ ਅਗਲੇ ਦਿਨ ਕਿਹੜਾ ਤਿਓਹਾਰ ਆਉਂਦਾ ਹੈ?

   A ਦੀਵਾਲੀ B ਦੁਸਹਿਰਾ

   C ਮਾਘੀ D ਰੱਖੜੀ।

5. ਸਰਪ-ਪੂਜਾ ਨਾਲ ਸਬੰਧਿਤ ਮੇਲਾ ਕਿਹੜਾ ਹੈ?

   A ਛਪਾਰ B ਜਰਗ

   C ਜਗਰਾਵਾਂ ਦੀ ਰੋਸ਼ਨੀ D ਨਿਗਾਹਾ ਮੇਲਾ।

6. ਕੁਆਰੀਆਂ ਕੁੜੀਆਂ ਦੀ ਪੂਜਾ ਕਿਹੜੇ ਤਿਓਹਾਰ ਵਿੱਚ ਹੁੰਦੀ ਹੈ?

   A ਕੰਜਕਾਂ B ਰੱਖੜੀ

   C ਤੀਆਂ D ਨਰਾਤੇ।

## ਪਾਠ-7

## ਲੇਖ : ਪੰਜਾਬ ਦੇ ਲੋਕ-ਵਿਸ਼ਵਾਸ

## ਲੇਖਕ : (ਡਾ. ਗੁਰਮੀਤ ਸਿੰਘ)

### I ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-

1. ਡਾ. ਗੁਰਮੀਤ ਸਿੰਘ ਦੁਆਰਾ ਲਿਖਿਆ ਪਾਠ ਕਿਹੜਾ ਹੈ?
2. 'ਪੰਜਾਬ ਦੇ ਲੋਕ-ਵਿਸ਼ਵਾਸ' ਪਾਠ ਦਾ ਲੇਖਕ ਕੌਣ ਹੈ?
3. ਵਿਸ਼ਵਾਸ ਕੀ ਹੁੰਦਾ ਹੈ?
4. ਕੀ ਅੱਜ ਵੀ ਵਿਸ਼ਵਾਸ ਸਾਡੇ ਜੀਵਨ ਦਾ ਅੰਗ ਹਨ?
5. ਵਿਅਕਤੀਗਤ ਵਿਸ਼ਵਾਸ ਕਿਹੜੇ ਹੁੰਦੇ ਹਨ?
6. ਮਨਾਹੀਆਂ ਵਾਲੇ ਕੋਈ ਦੋ ਵਿਸ਼ਵਾਸ ਲਿਖੋ?

### II ਕਿਹੜਾ ਕਥਨ ਠੀਕ ਜਾਂ ਗਲਤ ਹੈ:-

1. ਵਿਸ਼ਵਾਸ ਕਰਨਾ ਮਨੁੱਖ ਦੀ ਸੁਭਾਵਿਕ ਰੁਚੀ ਹੈ।
2. ਗਿਆਨ ਅਤੇ ਵਿਸ਼ਵਾਸ ਵਿੱਚ ਨਿਕਟਵਰਤੀ ਸਬੰਧ ਹੈ।
3. ਪੰਜਾਬੀ ਲੋਕ-ਜੀਵਨ ਵਿੱਚ ਔਰਤਾਂ ਚੰਨ ਨੂੰ ਪਤੀ, ਪੁੱਤਰ, ਭਰਾ ਦੇ ਰੂਪ ਵਿੱਚ ਨਹੀਂ ਚਿਤਵਦੀਆਂ ਹਨ।
4. ਲੋਹਾ ਬੁਰੀ ਨਜ਼ਰ ਦੇ ਪ੍ਰਭਾਵ ਤੋਂ ਨਹੀਂ ਬਚਾਉਂਦਾ।
5. ਨਜ਼ਰ ਲੱਗਣ ਦੇ ਡਰ ਕਰਕੇ ਹੀ ਚੰਗੀਆਂ ਵਸਤਾਂ ਦਾ ਉਪਭੋਗ ਵੀ ਲੁਕਾ ਕੇ ਕੀਤਾ ਜਾਂਦਾ ਹੈ।
6. ਲੋਕ-ਵਿਸ਼ਵਾਸ ਬਣਦੇ ਅਤੇ ਬਿਨਸਦੇ ਰਹਿੰਦੇ ਹਨ।

### III ਖ਼ਾਲੀ ਥਾਵਾਂ ਭਰੋ:-

1. ਸੋਨਾ ਅਤੇ ............ ਵੀ ਅਜਿਹੀਆਂ ਧਾਤਾਂ ਮੰਨੀਆਂ ਜਾਂਦੀਆਂ ਹਨ ਜਿਨ੍ਹਾਂ ਤੋਂ ਬਦਰੂਹਾਂ ਦੂਰ ਰਹਿੰਦੀਆਂ ਹਨ।
2. ਲੋਕ-ਵਿਸ਼ਵਾਸ਼.............. ਦੀ ਉਪਜ ਹਨ।
3. ਪੰਜਾਬੀ ਲੋਕ ਜੀਵਨ ਵਿੱਚ ਨਜ਼ਰ ਲੱਗਣ ਤੋਂ ਦੁੱਧ ਤੇ....... ਦੋਹਾਂ ਨੂੰ ਹੀ ਬਚਾ ਕੇ ਰੱਖਿਆ ਜਾਂਦਾ ਹੈ।
4. ਗਿਆਨ ਵਿੱਚ ਜਾਨਣ ਦੀ ਭਾਵਨਾ ਹੈ ਅਤੇ ਵਿਸ਼ਵਾਸ ਵਿੱਚ.......... ਦੀ।

5. ਇੱਕ ਵਿਅਕਤੀ ਦੀ ਵਿਸ਼ਵਾਸ ਕਰਨ ਦੀ ਰੁਚੀ ਅਤੇ ਵਿਸ਼ਵਾਸ-ਭੰਡਾਰ ਦੂਸਰੇ। ਵਿਅਕਤੀ ਤੋਂ............ ਹੁੰਦਾ ਹੈ।

**IV ਸਹੀ ਉੱਤਰ ਦੀ ਚੋਣ ਕਰੋ:-**

1. ਪੰਜਾਬੀ ਲੋਕ-ਜੀਵਨ ਵਿੱਚ ਅਜੇ ਵੀ ਕਿਸਦਾ ਸਹਿਮ ਬਣਿਆ ਹੋਇਆ ਹੈ?

   A ਬੁਰੀ ਨਜ਼ਰ B ਵਹਿਮ-ਭਰਮ

   C ਜਾਦੂ-ਟੂਣੇ D ਬਦਰੂਹਾਂ।

2. ਮਨੁੱਖੀ ਜੀਵਨ ਨਾਲ ਸਬੰਧਿਤ ਬਹੁਤ ਲੋਕ-ਵਿਸ਼ਵਾਸ ਕਿਸ ਦੀ ਉਪਜ ਹਨ?

   A ਭਵਿੱਖਵਾਚੀ ਜਾਦੂ B ਅਨੁਰੂਪ ਤੋਂ ਅਨੁਰੂਪ

   C ਜਾਦੂ-ਚਿੰਤਨ D ਮੰਤਰ-ਸਿਧਾਂਤ।

## ਪਾਠ-8

## ਲੇਖ : ਪੰਜਾਬ ਲੋਕ-ਖੇਡਾਂ

## ਲੇਖਕ: (ਡਾ. ਇਕਬਾਲ ਕੌਰ)

**I ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-**

1. ਖੇਡਾਂ ਦਾ ਮਨੁੱਖੀ ਜੀਵਨ ਨਾਲ ਕੀ ਸਬੰਧ ਹੈ?
2. ਕੀ ਲੋਕ-ਖੇਡਾਂ ਵਿੱਚ ਕਿਸੇ ਨਿਸਚਿਤ ਸਮੇਂ ਜਾਂ ਸਥਾਨ ਦੀ ਮੁਥਾਜੀ ਹੁੰਦੀ ਹੈ?
3. ਲੋਕ-ਖੇਡਾਂ ਕਿਵੇਂ ਸਿੱਖੀਆਂ ਜਾਂਦੀਆਂ ਹਨ?
4. ਲੋਕ-ਖੇਡਾਂ ਵਿੱਚ ਖਿਡਾਰੀਆਂ ਨੂੰ ਇਕੱਤਰ ਕਰਨ ਦਾ ਢੰਗ ਕਿਹੋ ਜਿਹਾ ਹੁੰਦਾ ਹੈ?
5. ਖੇਡਾਂ ਨੂੰ ਕਿਹੜੇ-2 ਦੋ ਵਰਗਾਂ ਵਿੱਚ ਵੰਡਿਆ ਜਾਂਦਾ ਹੈ?
6. ਪੰਜਾਬੀਆਂ ਦੀ ਕਿਹੜੀਆਂ ਖੇਡਾਂ ਵੱਲ ਰੁਚੀ ਵਧੇਰੇ ਹੈ?

**II ਕਿਹੜਾ ਕਥਨ ਠੀਕ ਜਾਂ ਗਲਤ ਹੈ:-**

1. ਜਾਤੀ ਦੀਆਂ ਮੂਲ ਪਰਿਸਥਿਤੀਆਂ ਦੀ ਉਸ ਜਾਤੀ ਵਿੱਚ ਪ੍ਰਚਲਿਤ ਖੇਡਾਂ ਨੂੰ ਮੁੱਖ ਦੇਣ ਹੁੰਦੀ ਹੈ।
2. ਪੰਜਾਬ ਦੀਆਂ ਖੇਡਾਂ ਦਾ ਵਰਗੀਕਰਨ ਖੇਡ ਵਿਚਲੇ ਕਾਰਜ ਨੂੰ ਆਧਾਰ ਮੰਨ ਕੇ ਕਰਨਾ ਉੱਚਿਤ ਹੈ।

3. 'ਕਿੱਕਲੀ' ਲੋਕ-ਨਾਚ, ਲੋਕ-ਖੇਡ ਵੀ ਹੈ।
4. ਸਰੀਰਕ ਵਿਕਾਸ ਦੇ ਨਾਲ ਮਨੁੱਖ ਦਾ ਮਾਨਸਿਕ ਵਿਕਾਸ ਲਾਜ਼ਮੀ ਨਹੀਂ ਹੈ।
5. ਬੱਚਿਆਂ ਦੀਆਂ ਵਧੇਰੇ ਖੇਡਾਂ ਘੇਰਾ ਪ੍ਰਬੰਧ ਦੀਆਂ ਹਨ ਜਿਸ ਨਾਲ ਪਰਸਪਰ ਸੰਪਰਕ ਵਧੇਰੇ ਹੁੰਦਾ ਹੈ।

**III ਖ਼ਾਲੀ ਥਾਵਾਂ ਭਰੋ:-**

1. ਸਰੀਰਕ ਪੱਧਰ ਦੀਆਂ ਖੇਡਾਂ ਵਿੱਚ ਪਕੜ ਦਾ............ ਹੁੰਦਾ ਹੈ।
2. ਪੰਜਾਬੀਆਂ ਦੀਆਂ ਖੇਡਾਂ ਉਹਨਾਂ ਦੀ ਬਹਾਦਰੀ, ਯੋਗਤਾ, ਸਾਹਸੀ ਅਤੇ ਖੁੱਲ੍ਹਾ ਮਾਣਨ ਵਾਲੇ ਸੁਭਾਅ, ਭਾਈਚਾਰਿਕ ਸਾਂਝ ਅਤੇ .......... ਵਿਧਾਨ ਦੀਆਂ ਬੌਧਿਕ ਹਨ।
3. ਖੇਡ ਅਤੇ ਖੇਡ-ਕਾਰਜ ਵਿੱਚ............. ਹੈ।
4. ਸਰੀਰਕ ਖੇਡ 'ਆਤੇ ਹੈਂ ਹਮ ਆਤੇ ਹੈਂ ਠੰਢੇ ਮੌਸਮ ਮੇਂ' ਦਾ ਮੁੱਖ ਲੱਛਣ ਜ਼ੋਰ........... ਹੈ।
5. ਕੁਸ਼ਤੀ ਹਰੇਕ ਮੇਲੇ ਦਾ ................ ਅੰਗ ਹੁੰਦੀ ਹੈ।

**IV ਸਹੀ ਉੱਤਰ ਦੀ ਚੋਣ ਕਰੋ:-**

1. ਪੰਜਾਬ ਦੀਆਂ ਲੋਕ-ਖੇਡਾਂ ਪਾਠ ਕਿਸਦਾ ਲਿਖਿਆ ਹੈ?

   A ਡਾ. ਇਕਬਾਲ ਕੌਰ B ਡਾ. ਗੁਰਮੀਤ ਸਿੰਘ

   C ਡਾ. ਜਸਵਿੰਦਰ ਸਿੰਘ D ਡਾ. ਬਲਦੇਵ ਸਿੰਘ।

2. ਡਾ. ਇਕਬਾਲ ਕੌਰ ਦੁਆਰਾ ਲਿਖਿਆ ਲੇਖ ਕਿਹੜਾ ਹੈ?

   A ਪੰਜਾਬੀ ਸੱਭਿਆਚਾਰ B ਪੰਜਾਬ ਦੇ ਲੋਕ-ਕਿੱਤੇ

   C ਪੰਜਾਬ ਦੀਆਂ ਲੋਕ-ਖੇਡਾਂ D ਪੰਜਾਬ ਦਾ ਰਹਿਣ-ਸਹਿਣ

3. 'ਬਿੱਲੀ ਮਾਸੀ' ਖੇਡ ਦੀ ਕੀ ਮਹੱਤਤਾ ਹੈ?

   A ਮਾਨਸਿਕ ਚੇਤੰਨਤਾ B ਸਰੀਰਕ ਦਾਅ-ਪੇਚ

   C ਉੱਛਲਣਾ D ਭੱਜਣਾ।

# ਪਾਠ-9

# ਲੇਖ : ਪੰਜਾਬ ਦੇ ਲੋਕ-ਗੀਤ

# ਲੇਖਕ : (ਡਾ. ਬਲਦੇਵ ਸਿੰਘ ਗਿੱਲ)

## I ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-

1. ਲੋਕ-ਗੀਤਾਂ ਦਾ ਮਨੁੱਖੀ ਸੱਭਿਆਚਾਰ ਨਾਲ ਕੀ ਰਿਸ਼ਤਾ ਹੈ?
2. ਲੋਕ-ਸੱਭਿਆਚਾਰ ਦਾ ਜ਼ਖੀਰਾ ਕਿਸਨੂੰ ਮੰਨਿਆ ਜਾਂਦਾ ਹੈ?
3. ਲੋਕ-ਗੀਤਾਂ ਦੀ ਸਿਰਜਣਾ ਕਦੋਂ ਤੋਂ ਆਰੰਭ ਹੋਈ?
4. ਕੋਈ ਰਚਨਾ ਲੋਕ-ਗੀਤ ਕਦੋਂ ਅਖਵਾ ਸਕਦੀ ਹੈ?
5. ਲੋਕ-ਗੀਤਾਂ ਦਾ ਮਹੱਤਵ ਵਸ਼ਿਸ਼ਟ ਸਾਹਿਤ ਤੋਂ ਵਧੇਰੇ ਕਿਉਂ ਹੁੰਦਾ ਹੈ?

## II ਕਿਹੜਾ ਕਥਨ ਠੀਕ ਜਾਂ ਗਲਤ ਹੈ:-

1. ਪੰਜਾਬੀ ਲੋਕ-ਗੀਤ ਇੰਨੀ ਵੱਡੀ ਗਿਣਤੀ ਵਿੱਚ ਮਿਲੇ ਹਨ ਕਿ ਇਹਨਾਂ ਦੇ ਕਈ ਸੰਗ੍ਰਹਿ ਸੰਕਲਿਤ ਕੀਤੇ ਜਾ ਸਕਦੇ ਹਨ।
2. ਮਾਝੇ ਦੀ ਕਵੀਸ਼ਰੀ ਪ੍ਰਸਿੱਧ ਹੈ।
3. ਪੰਜਾਬੀ ਲੋਕ-ਗੀਤ ਪੰਜਾਬੀਆਂ ਦਾ ਅਣਵੰਡਿਆ ਮੁੱਲਵਾਨ ਵਿਰਸਾ ਹੈ।
4. ਸੁਆਣੀਆਂ ਦੁਆਰਾ ਰਚੇ ਲੋਕ-ਗੀਤ ਪਰੰਪਰਾ ਪਾਲਕ ਨਹੀਂ ਹਨ।
5. ਮਰਦਾਂ ਦੁਆਰਾ ਰਚੇ ਲੋਕ-ਗੀਤ ਵਿਅਕਤੀਗਤ ਸੁਤੰਤਰਤਾ ਦੀ ਲੋਚਾ ਰੱਖਦੇ ਹਨ।
6. ਪੰਜਾਬੀ ਲੋਕ-ਗੀਤਾਂ ਦਾ ਘੇਰਾ ਬਹੁਤ ਵਿਸ਼ਾਲ ਹੈ।
7. ਪੰਜਾਬੀ ਸੱਭਿਆਚਾਰ ਵਿੱਚ ਸਾਂਝੀ ਰਹਿਣੀ ਅਤੇ ਸੰਯੁਕਤ ਪਰਿਵਾਰ ਦੀ ਲੋੜ ਮਹਿਸੂਸ ਨਹੀਂ ਕੀਤੀ ਜਾਂਦੀ ਸੀ।

## III ਖ਼ਾਲੀ ਥਾਂਵਾਂ ਭਰੋ:-

1. ਪੰਜਾਬੀ ਲੋਕ-ਗੀਤਾਂ ਵਿੱਚ ਸਮੂਹਿਕ ਭਾਈਚਾਰਿਕ.................. ਦੀ ਝਾਕੀ ਪ੍ਰਸਤੁਤ ਹੁੰਦੀ ਹੈ।
2. ਸਾਡੇ ਲੋਕ-ਗੀਤਾਂ ਵਿੱਚ ਕਿਰਸਾਣੀ ਸਮਾਜ ਵਿੱਚ ਮਰਦ ਦੀ ਸਰਦਾਰੀ ਅਤੇ ਔਰਤ ਦੀ.......... ਦੇ ਅਨੇਕਾਂ ਉਦਾਹਰਨ ਮਿਲਦੇ ਹਨ।
3. ਸਾਡੇ ਲਾਗੀ-ਜਜਮਾਨੀ ਰਿਸ਼ਤਿਆਂ ਵਿੱਚ ਇੱਕ ਸੱਭਿਆਚਾਰਕ ਨਿੱਘ, ........... ਅਤੇ ਸਾਂਝ ਦਾ ਅਹਿਸਾਸ ਹੁੰਦਾ ਹੈ।
4. ਲੋਕ-ਗੀਤ ਪੰਜਾਬੀਆਂ ਦੇ ਜਨਮ ਤੋਂ ਲੈ ਕੇ ਮਰਨ ਤੱਕ ਥਾਂ-ਪਰ-ਥਾਂ.......... ਦਾ ਸੰਗ ਪਾਲਦੇ ਹਨ।

5. ਪੰਜਾਬੀ ਲੋਕ-ਗੀਤਾਂ ਨੇ ਇੱਥੋਂ ਦੇ ਧਰਮ ਅਤੇ............ ਨਾਲ ਵੀ ਆਪਣੀ ਅਟੁੱਟ ਸਾਂਝ ਦਾ ਸਬੂਤ ਦਿੱਤਾ ਹੈ।

**IV ਸਹੀ ਉੱਤਰ ਦੀ ਚੋਣ ਕਰੋ:-**

1. ਰਾਂਗਲੀ ਝਾਕੀ ਪੇਸ਼ ਕਰਨ ਨਾਲ ਲੋਕ-ਗੀਤਾਂ ਦੇ ਸਰੋਤਾਂ ਨੂੰ ਕੀ ਹੋ ਰਿਹਾ ਹੈ?

   A ਖੁਰਦੇ ਜਾ ਰਹੇ ਹਨ B ਜੁੜਦੇ ਜਾ ਰਹੇ ਹਨ

   C ਵੱਧਦੇ ਜਾ ਰਹੇ ਹਨ D ਫੈਲਦੇ ਜਾ ਰਹੇ ਹਨ।

2. 'ਪੰਜਾਬ ਦੇ ਲੋਕ-ਗੀਤ' ਪਾਠ ਕਿਸਦਾ ਲਿਖਿਆ ਹੈ?

   A ਡਾ. ਮਨਜੀਤ ਸਿੰਘ B ਡਾ. ਇਕਬਾਲ ਕੌਰ

   C ਡਾ. ਬਲਦੇਵ ਸਿੰਘ ਗਿੱਲ D ਡਾ. ਗੁਰਮੀਤ ਸਿੰਘ।

## ਪਾਠ-10

## ਲੇਖ : ਪੰਜਾਬ ਲੋਕ-ਨਾਚ

## ਲੇਖਕ : (ਡਾ. ਜਗੀਰ ਸਿੰਘ ਨੂਰ)

**I ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-**

1. ਪੰਜਾਬੀ ਲੋਕ-ਨਾਚ ਕਿੰਨੇ ਪ੍ਰਾਚੀਨ ਹਨ?
2. ਲੋਕ-ਨਾਚਾਂ ਲਈ ਸੰਬੰਧਿਤ ਸਾਜ਼-ਸੰਗੀਤ ਅਤੇ ਵੇਸ਼-ਭੂਸ਼ਾ ਕਿਹੋ ਜਿਹੀ ਹੁੰਦੀ ਹੈ?
3. ਪੰਜਾਬ ਦੀਆਂ ਇਸਤਰੀਆਂ ਦਾ ਪ੍ਰਸਿੱਧ ਲੋਕ-ਨਾਚ ਕਿਹੜਾ ਹੈ?
4. ਇਸਤਰੀ ਲੋਕ-ਨਾਚਾਂ ਦਾ ਸਬੰਧ ਕਿਸ ਨਾਲ ਜਾ ਜੁੜਦਾ ਹੈ?
5. ਕਿਸਦੀ ਪੇਸ਼ਕਾਰੀ ਤੋਂ ਬਿਨਾਂ ਮਾਂਗਲਿਕ ਕਾਰਜ ਸੰਪੂਰਨ ਨਹੀਂ ਹੁੰਦੇ?
6. 'ਗਿੱਧਾ' ਕਿਸ ਪ੍ਰਕਾਰ ਦਾ ਲੋਕ-ਨਾਚ ਹੈ?
7. ਕੀ ਗਿੱਧੇ ਦੀਆਂ ਮੁਦਰਾਵਾਂ ਨੂੰ ਸੀਮਤ ਕੀਤਾ ਜਾ ਸਕਦਾ ਹੈ?

**II ਕਿਹੜਾ ਕਥਨ ਠੀਕ ਜਾਂ ਗਲਤ ਹੈ:-**

1. ਇਸਤਰੀਆਂ ਦੇ ਪ੍ਰਸਿੱਧ ਲੋਕ-ਨਾਚਾਂ ਵਿੱਚੋਂ ਸੰਮੀ ਇੱਕ ਹੈ।
2. ਸੰਮੀ ਲੋਕ-ਨਾਚ ਦੀਆਂ ਮੁਦਰਾਵਾਂ ਗਿੱਧੇ ਵਾਂਗ ਹੀ ਹੁੰਦੀਆਂ ਹਨ।

3. ਵਰਤਮਾਨ ਸਮੇਂ ਵਿੱਚ 'ਅਸਲ ਭੰਗੜੇ' ਦਾ ਸਰੂਪ ਬਦਲ ਚੁੱਕਾ ਹੈ।
4. ਭੰਗੜੇ ਵਿੱਚ ਨਚਾਰਾਂ ਦੀ ਗਿਣਤੀ ਨਿਰਧਾਰਿਤ ਹੁੰਦੀ ਹੈ।
5. ਝੂਮ-ਝੂਮ ਕੇ ਨੱਚਣ ਸਦਕਾ ਇਸ ਲੋਕ-ਨਾਚ ਦਾ ਨਾਂ ਝੂੰਮਰ ਪੈ ਗਿਆ।

**III ਖ਼ਾਲੀ ਸਥਾਨ ਭਰੋ:-**

1. ਲੁੱਡੀ ਮੂਲ ਰੂਪ ਵਿੱਚ ਜਿੱਤ ਜਾਂ........... ਦਾ ਨਾਚ ਹੈ।
2. ਪੂਰਬੀ ਪੰਜਾਬ ਦੇ ਮਾਲਵਾ ਭੂ-ਖੰਡ ਵਿੱਚ 'ਮਰਦਾਂ ਦਾ............ ਪ੍ਰਚਲਿਤ ਹੈ।
3. ਲੋਕ-ਨਾਚ 'ਧਮਾਲ' ਪ੍ਰਾਚੀਨ ਕਾਲ ਤੋਂ ਸੂਫੀਆਂ-ਸੰਤਾਂ ਦੇ.......... 'ਤੇ ਨੱਚਿਆ ਜਾਂਦਾ ਰਿਹਾ ਹੈ।
4. ਲੋਕ-ਨਾਚਾਂ ਵਿੱਚ ਬਦੇਸ਼ੀ ਪ੍ਰਭਾਵ ਪ੍ਰਤੀ.............. ਹੋਣਾ ਲਾਜ਼ਮੀ ਹੈ।
5. ਭੰਗੜਾ ਪੰਜਾਬੀਆਂ ਦੇ ਹੌਂਸਲੇ, ਗੈਰਤ, ਬੀਰਤਾ ਅਤੇ ਇੱਥੋਂ ਦੇ ਖੇਤੀ ਪ੍ਰਧਾਨ .............. ਦੀ ਮੂੰਹ ਬੋਲਦੀ ਤਸਵੀਰ ਹੈ।

**IV ਸਹੀ ਉੱਤਰ ਦੀ ਚੋਣ ਕਰੋ:-**

1. ਕਿਹੜਾ ਲੋਕ-ਨਾਚ ਅਜਿਹਾ ਹੈ ਜੋ ਲੋਕ-ਖੇਡ ਵੀ ਹੈ?

   A ਕਿੱਕਲੀ B ਧਮਾਲ

   C ਲੁੱਡੀ D ਝੂੰਮਰ।

2. 'ਪੰਜਾਬ ਦੇ ਲੋਕ-ਨਾਚ' ਪਾਠ ਦਾ ਲੇਖਕ ਕੌਣ ਹੈ?

   A ਡਾ. ਬਲਦੇਵ ਸਿੰਘ ਗਿੱਲ B ਡਾ. ਜਗੀਰ ਸਿੰਘ ਨੂਰ

   C ਡਾ. ਮਨਜੀਤ ਸਿੰਘ D ਡਾ. ਇਕਬਾਲ ਕੌਰ

## ਪਾਠ-11

## ਲੇਖ : ਪੰਜਾਬ ਦੀਆਂ ਨਕਲਾਂ

## ਲੇਖਕ : (ਪਿਆਰਾ ਸਿੰਘ ਖੁੰਡਾ)

**I ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-**

1. ਨਕਲਾਂ ਦਾ ਦੂਸਰਾ ਨਾਂ ਕੀ ਹੈ?
2. ਨਕਲਾਂ ਮੌਖਿਕ ਰੂਪ ਵਿੱਚ ਹੀ ਪੀੜ੍ਹੀ-ਦਰ-ਪੀੜ੍ਹੀ ਅੱਗੇ ਕਿਵੇਂ ਚਲਦੀਆਂ ਹਨ?

3. ਲਿਖਤੀ ਰੂਪ ਵਿੱਚ ਨਕਲਾਂ ਕਿਹੋ ਜਿਹੀਆਂ ਹੋ ਜਾਂਦੀਆਂ ਹਨ?
4. ਨਕਲਾਂ ਕਰਨ ਵਾਲੇ ਕਲਾਕਾਰਾਂ ਨੂੰ ਕੀ ਕਿਹਾ ਜਾਂਦਾ ਹੈ?
5. ਨਕਲਾਂ ਦੀ ਸਾਰਥਕਤਾ ਘੱਟ-ਵੱਧ ਹੁੰਦੀ ਰਹਿੰਦੀ ਹੈ?
6. ਨਵੀਆਂ ਨਕਲਾਂ ਕਿਵੇਂ ਸਿਰਜੀਆਂ ਜਾਂਦੀਆਂ ਹਨ?
7. ਭੰਡ ਕਿਸਨੂੰ ਕਿਹਾ ਜਾਂਦਾ ਹੈ?
8. ਉੱਚੀਆਂ ਜਾਤੀਆਂ ਨੇ ਨਕਲੀਆਂ ਨੂੰ ਕੀ ਕਹਿ ਕੇ ਭੰਡਿਆ?

**II ਕਿਹੜਾ ਕਥਨ ਠੀਕ ਜਾਂ ਗਲਤ ਹੈ:-**

1. ਰੂਪ ਪੱਖੋਂ ਨਕਲਾਂ ਦੋ ਕਿਸਮ ਦੀਆਂ ਹੁੰਦੀਆਂ ਹਨ।
2. ਨਿੱਕੀਆਂ ਨਕਲਾਂ ਨੂੰ ਖੇਡਣ ਲਈ ਪੂਰੀ ਟੋਲੀ ਦੀ ਲੋੜ ਹੁੰਦੀ ਹੈ।
3. ਲੰਮੀਆਂ ਨਕਲਾਂ ਨੂੰ ਖੇਡਣ ਲਈ ਦੋ ਹੀ ਕਲਾਕਾਰਾਂ ਦੀ ਲੋੜ ਹੁੰਦੀ ਹੈ।
4. ਬਹੁਤਾ ਸਿਆਣਾ ਨਕਲੀਆ ਰੰਗੇ ਦਾ ਪਾਰਟ ਕਰਦਾ ਹੈ।
5. ਬਿਗਲਾ ਨਕਲਾਂ ਦਾ ਮਖੌਲੀਆ ਅਦਾਕਾਰ ਹੁੰਦਾ ਹੈ।

**III ਖ਼ਾਲੀ ਸਥਾਨ ਭਰੋ:-**

1. ਨਕਲਾਂ ਵਿੱਚ............ ਦੀ ਅਹਿਮ ਭੂਮਿਕਾ ਹੁੰਦੀ ਹੈ।
2. ਨਕਲੀਏ ਦੀ ਸੰਬੋਧਨੀ ਸ਼ੈਲੀ............ ਹੁੰਦੀ ਹੈ।
3. ਨਕਲਾਂ ਵਿੱਚ ਦਰਸ਼ਕਾਂ ਦੀ ਮਾਨਸਿਕ ਹੀ ਨਹੀਂ........... ਸ਼ਮੂਲੀਅਤ ਵੀ ਹੁੰਦੀ ਹੈ।
4. ਨਕਲਾਂ ਵਿੱਚ ਜਦ ਜੀਅ ਚਾਹਵੇ ਦਰਸ਼ਕ ਅਦਾਕਾਰਾਂ ਨੂੰ ਪੈਸੇ ਦੇ ਸਕਦੇ ਹਨ, ਜਿਸਨੂੰ......... ਕਿਹਾ ਜਾਂਦਾ ਹੈ।
5. ਮੰਚ ਦੇ ਪੱਖ ਤੋਂ ਨਕਲਾਂ ਸਮੂਹਿਕ ਤੇ............ ਚਰਿੱਤਰ ਦੀਆਂ ਧਾਰਨੀ ਹਨ।
6. ਅਦਾਕਾਰ ਆਪਣੀ ਕਲਾ ਦੇ ਜੌਹਰ ਵਿਖੇ ਕੇ ਦਰਸ਼ਕਾਂ ਨੂੰ ਕੀਲਦਾ ਹੈ, ਨਾ ਕਿ ਰੌਸ਼ਨੀਆਂ, ਵਸਤਾਂ ਤੇ ਹੋਰ...........ਤਕਨੀਕਾਂ ਰਾਹੀਂ।

**IV ਸਹੀ ਉੱਤਰ ਦੀ ਚੋਣ ਕਰੋ:-**

1. ਨਕਲਾਂ ਖੇਡਣ ਲਈ ਕਿੰਨੇ ਪ੍ਰਕਾਰ ਦਾ ਪਿੜ ਵਰਤਿਆ ਜਾਂਦਾ ਹੈ?

   A ਦੋ B ਤਿੰਨ

C ਚਾਰ D ਪੰਜ।

2. ਪੰਜਾਬੀ ਸੱਭਿਆਚਾਰ ਅਨੁਸਾਰ ਨਕਲਾਂ ਕਿੰਨੇ ਮੌਕਿਆਂ ਤੇ ਖੇਡੀਆਂ ਜਾਂਦੀਆਂ ਹਨ?

A ਤਿੰਨ B ਚਾਰ

C ਦੋ D ਪੰਜ।

## ਕਵਿਤਾ ਭਾਗ

## (1) ਕਵੀ- ਡਾ. ਦੀਵਾਨ ਸਿੰਘ ਕਾਲੇਪਾਣੀ

## ਕਵਿਤਾਵਾਂ- ਵਗਦੇ ਪਾਣੀ, ਕਲੰਦਰ ਦਾ ਬਾਂਦਰ, ਆਨੰਦ

**I ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-**

1. ਵਗਦੇ ਪਾਣੀ ਕਵਿਤਾ ਦਾ ਰਚਣਹਾਰ ਕੌਣ ਹੈ?
2. 'ਵਗਦੇ ਪਾਣੀ' ਕਵਿਤਾ ਵਿੱਚ ਪਾਣੀ ਕਿਸ ਦਾ ਪ੍ਰਤੀਕ ਹੈ?
3. ਕਵੀ ਅਨੁਸਾਰ ਪਾਣੀ ਕਿਵੇਂ ਸੋਂਹਦੇ ਹਨ?
4. ਕਵੀ ਅਨੁਸਾਰ ਜਿੰਦਾਂ ਕਿਸ ਤਰ੍ਹਾਂ ਜਿਉਂਦੀਆਂ ਹਨ?
5. ਕਵੀ ਅਨੁਸਾਰ ਉਹ ਜ਼ਿੰਦਗੀ ਵਿੱਚ ਕਿਵੇਂ ਵੱਧਦਾ ਹੈ?
6. 'ਕਲੰਦਰ ਦਾ ਬਾਂਦਰ' ਕਵਿਤਾ ਵਿੱਚ ਕਿਸ ਮਹੀਨੇ ਦਾ ਜ਼ਿਕਰ ਹੈ?
7. ਕਵੀ ਅਨੁਸਾਰ ਪਿੰਡ ਕਿਹੋ ਜਿਹਾ ਸੀ?
8. ਪਿੰਡ ਦੇ ਵਿਚਕਾਰ ਕੀ ਸੀ?
9. ਪਿੱਪਲ ਦੇ ਹੇਠਾਂ ਕੀ ਹੋ ਰਿਹਾ ਸੀ?
10. ਤਮਾਸ਼ਾ ਵੇਖਣ ਕੌਣ-ਕੌਣ ਆਇਆ ਸੀ?
11. ਕਲੰਦਰ ਦੇ ਨਾਲ ਕੌਣ-ਕੌਣ ਆਇਆ ਸੀ?
12. ਕਵਿਤਾ ਵਿੱਚ ਬਾਂਦਰੀ ਦਾ ਨਾਂ ਕੀ ਦੱਸਿਆ ਗਿਆ ਹੈ?
13. ਬਾਂਦਰ ਅਤੇ ਬਾਂਦਰੀ ਕਿਸ ਚੀਜ਼ ਤੋਂ ਡਰਦੇ ਨੱਚਦੇ ਸਨ?
14. ਕਵੀ ਅਨੁਸਾਰ ਦੁਨੀਆਂ ਪੈਸੇ ਖਰਚ ਕੇ ਕਿਹੜਾ ਤਮਾਸ਼ਾ ਵੇਖਦੀ ਹੈ?
15. ਆਨੰਦ ਕਵਿਤਾ ਅਨੁਸਾਰ ਸਾਰੇ ਕਿਸ ਚੀਜ਼ ਦੀ ਭਾਲ ਕਰਦੇ ਹਨ?
16. ਆਨੰਦ ਕਿੱਥੇ ਹੈ?

## II ਕਿਹੜਾ ਕਥਨ ਠੀਕ ਜਾਂ ਗਲਤ ਹੈ:-

1. ਵਗਦੇ ਪਾਣੀ ਅਨੁਸਾਰ ਜਿੰਦਾਂ ਮਿਲਣ ਨਾਲ ਮਰ ਜਾਂਦੀਆਂ ਹਨ।
2. ਕਵੀ ਅਨਸਾਰ ਰੂਹਾਂ ਉਡਣੀਆਂ ਨਹੀਂ ਚਾਹੀਦੀਆਂ।
3. ਕਵੀ ਅਨੁਸਾਰ ਵਗਦਾ ਪਾਣੀ ਬੁੱਸ ਜਾਂਦਾ ਹੈ।
4. ਕਵੀ ਆਪਣੇ ਆਪ ਨੂੰ ਨਿਰੰਤਰ ਤੁਰਦਾ ਹੋਇਆ ਵਧਦਾ ਅਨੁਭਵ ਕਰਦਾ ਹੈ।
5. 'ਕਲੰਦਰ ਦਾ ਬਾਂਦਰ' ਕਵਿਤਾ ਵਿੱਚ ਸਰਦੀ ਦੇ ਮੌਸਮ ਦਾ ਜ਼ਿਕਰ ਕੀਤਾ ਗਿਆ ਹੈ।
6. ਕਵੀ ਅਨੁਸਾਰ ਬੱਚੇ ਮੰਜੀਆਂ ਉੱਤੇ ਅਤੇ ਬੁੱਢੇ ਭੁੰਜੇ ਬੈਠੇ ਸਨ।
7. ਕਵੀ ਅਨੁਸਾਰ ਬਾਂਦਰ ਦੇ ਮੋਢੇ ਤੇ ਡਾਂਗ ਸੀ।
8. ਕਲੰਦਰ ਨੇ ਪੈਸੇ ਮੰਗਣ ਲਈ ਦਰੀ ਵਿਛਾਈ।
9. ਬਾਂਦਰ ਅਤੇ ਬਾਂਦਰੀ ਬੋਹੜ ਦੇ ਰੁੱਖ ਉੱਤੇ ਚੜ੍ਹ ਗਏ।
10. ਬਾਂਦਰ ਅਤੇ ਬਾਂਦਰੀ ਕੈਦੀ ਹੋਣ ਕਾਰਨ ਨੱਚ ਰਹੇ ਸਨ।
11. ਕਵੀ ਅਨੁਸਾਰ ਆਨੰਦ ਵਰਤੋਂ ਨਾਲ ਘੱਟਦਾ ਹੈ।
12. ਕਵੀ ਅਨੁਸਾਰ ਤੰਗ ਦਿਲੀਆਂ ਤਿਆਗ ਕੇ ਆਨੰਦ ਮਿਲਦਾ ਹੈ।
13. ਕਵੀ ਅਨੁਸਾਰ ਆਨੰਦ ਨਿਰਮਲ ਤਲਾਬ ਵਿੱਚ ਸੂਰਜ ਦੇ ਨਜ਼ਾਰੇ ਵਾਂਗ ਚਮਕਦਾ ਹੈ।

## III ਖ਼ਾਲੀ ਸਥਾਨ ਭਰੋ:-

1. ਆਨੰਦ ਕਵਿਤਾ........... ਦੀ ਲਿਖੀ ਹੋਈ ਹੈ।
2. ਕਵੀ ਅਨੁਸਾਰ ਪਾਣੀ ਹਮੇਸ਼ਾਂ ............ ਹੀ ਰਹਿਣ।
3. ਕਵੀ ਅਨੁਸਾਰ............ ਵਿਛੜ ਕੇ ਮਰ ਜਾਂਦੀਆਂ ਹਨ।
4. ਕਵੀ ਅਨੁਸਾਰ ਜ਼ਿੰਦਗੀ ਵਿੱਚ ਰੁਕਣ ਨਾਲ ਉਹ........ ਹੋ ਜਾਂਦਾ ਹੈ।
5. ਕਵੀ ਅਨੁਸਾਰ ਕਲੰਦਰ.......... ਜਿਹਾ ਬੰਦਾ ਸੀ।
6. ਕਵੀ ਅਨੁਸਾਰ ਬਾਂਦਰੀ ਦੀ ਘੱਗਰੀ.......... ਸੀ।
7. ਕਲੰਦਰ ਤੋਂ............. ਹੋਣ ਵਾਲੀ ਬਾਂਦਰ-ਬਾਂਦਰੀ.......... ਤੇ ਚੜ੍ਹ ਗਏ।
8. ........... ਕਾਰਨ ਬਾਂਦਰ ਤੇ ਬਾਂਦਰੀ ਪਿੱਪਲ ਤੋਂ ਹੇਠਾਂ ਆ ਗਏ।
9. ਕਲੰਦਰ ਦੇ ਹੱਥ ਡੰਡਾ ਦੇਖ ਕੇ ਬਾਂਦਰ ਬਾਂਦਰੀ........ ਹੋ ਗਏ।
10. ਬਾਂਦਰ-ਬਾਂਦਰੀ ਨੂੰ ਧਰੂ ਕਲੰਦਰ ਆਪਣੇ ............... ਤੇ ਲੈ ਗਿਆ ਅਤੇ ......... ਨਾਲ ਬੰਨ ਦਿੱਤਾ।
11. ਕਾਲੇਪਾਣੀ ਅਨੁਸਾਰ ਸਭ .............. ਨੂੰ ਲੱਭਦੇ ਹਨ।
12. ਕਵੀ ਅਨੁਸਾਰ ਆਨੰਦ ਦਾ ਕੋਈ ........... ਜਾਂ ਅਖੀਰ ਨਹੀਂ ਹੁੰਦਾ।
13. ਕਵੀ ਅਨੁਸਾਰ........... ਵਾਂਗ ਠੰਢਾ ਅਤੇ ........... ਵਾਂਗ ਗਰਮ ਹੁੰਦਾ ਹੈ।
14. ਕਵੀ ਅਨੁਸਾਰ............. ਨੂੰ ਤਿਆਗ ਕੇ ਆਨੰਦ ਮਿਲਦਾ ਹੈ।

**IV ਸਹੀ ਉੱਤਰ ਦੀ ਚੋਣ ਕਰੋ:–**

1. ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਲਿਖੀ ਕਵਿਤਾ ਕਿਹੜੀ ਹੈ?
   A. ਆਨੰਦ
   B. ਸਵੇਰ
   C. ਤਾਜ ਮਹੱਲ
   D. ਜੀਵਨ।
2. 'ਕਾਲੇਪਾਣੀ' ਅਨੁਸਾਰ ਰੂਹਾਂ ਕਿਵੇਂ ਡਿੱਗ ਜਾਂਦੀਆਂ ਹਨ?
   A. ਭਟਕ ਕੇ
   B. ਅਟਕ ਕੇ
   C. ਲਟਕ ਕੇ
   D. ਤ੍ਰਬਕ ਕੇ।
3. ਕਲੰਦਰ ਦਾ ਬਾਂਦਰ ਵਿੱਚ ਜ਼ਾਲਮ ਕਿਸਨੂੰ ਕਿਹਾ ਗਿਆ ਹੈ?
   A. ਕਲੰਦਰ ਨੂੰ
   B. ਬੁੱਢਿਆਂ ਨੂੰ
   C. ਦੁਨੀਆਂ ਨੂੰ
   D. ਤਮਾਸ਼ੇ ਨੂੰ।
4. ਕਵੀ ਅਨੁਸਾਰ ਅਸਲ ਵਿੱਚ ਆਨੰਦ ਕਿੱਥੇ ਹੈ?
   A. ਧਾਰਮਿਕ ਸਥਾਨਾਂ ਤੇ
   B. ਪਰਮਾਤਮਾ ਦੇ ਅੰਦਰ
   C. ਮਨੁੱਖ ਦੇ ਅੰਦਰ
   D. ਸੁੰਦਰਤਾ ਦੇ ਵਿੱਚ।
5. ਆਨੰਦ ਕਿਸ ਵਰਗਾ ਚਿੱਟਾ ਹੁੰਦਾ ਹੈ?
   A. ਸੂਰਜ ਵਰਗਾ
   B. ਚੰਨ ਵਰਗਾ
   C. ਰੰਗ ਵਰਗਾ
   D. ਬਰਫ਼ ਵਰਗਾ।

## (2) ਕਵੀ- ਡਾ. ਦੀਵਾਨ ਸਿੰਘ ਕਾਲੇਪਾਣੀ

## ਕਵਿਤਾਵਾਂ- ਤਾਜ ਮਹੱਲ, ਅੱਜ ਕੋਈ ਆਇਆ ਸਾਡੇ ਵਿਹੜੇ, ਸਵੇਰ

### I ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-

1. ਤਾਜ ਮਹੱਲ ਕਵਿਤਾ ਦਾ ਰਚਨਹਾਰ ਕੌਣ ਹੈ?
2. ਰੰਗਦਾਰ ਸੰਗਮਰਮਰ ਦੇ ਗਲ ਬਾਹਾਂ ਘੱਤ ਕੇ ਕੌਣ ਸੁੱਤਾ ਪਿਆ ਹੈ?
3. ਕਵੀ ਅਨੁਸਾਰ ਵੇਲਾਂ ਕਿਸ ਦੇ ਗਲ ਲੱਗ ਕੇ ਸੁੱਤੀਆਂ ਹੋਈਆਂ ਹਨ?
4. ਤਾਜ ਮਹੱਲ ਕਵਿਤਾ ਵਿੱਚ ਕਿਸ ਨਦੀ ਦਾ ਜ਼ਿਕਰ ਆਇਆ ਹੈ?
5. ਕਵੀ ਅਨੁਸਾਰ ਸੁੱਤੇ ਪਾਣੀਆਂ ਵਿੱਚ ਕੌਣ ਸੁੱਤਾ ਪਿਆ ਹੈ?
6. ਕਵੀ ਦੇ ਦੇਖਦੇ-ਦੇਖਦੇ ਗੁੰਬਦ ਦੇ ਆਂਡੇ ਨੂੰ ਕੀ ਹੋ ਗਿਆ?
7. ਕਵੀ ਨੂੰ ਅਚਾਨਕ ਕਿਸਦੀਆਂ ਕੂਕਾਂ ਤੇ ਚੀਕਾਂ ਸੁਣਾਈ ਦਿੱਤੀਆਂ?
8. ਕਵੀ ਅਨੁਸਾਰ ਮਜ਼ਦੂਰਾਂ ਨੇ ਹੱਥਾਂ ਵਿੱਚ ਕੀ ਚੁੱਕਿਆ ਹੋਇਆ ਸੀ?
9. ਕਵੀ ਅਨੁਸਾਰ ਮਜ਼ਦੂਰਾਂ ਦੇ ਹੰਝੂਆਂ ਤੇ ਕਿਸ ਦਾ ਹੁਸਨ ਪਲਦਾ ਹੈ?
10. ਕਵੀ ਅਨੁਸਾਰ ਅੱਜ ਵਿਹੜੇ ਵਿੱਚ ਕੌਣ ਆਇਆ ਹੈ?
11. ਵਿਹੜੇ ਆਏ ਪ੍ਰੇਮੀ ਨੂੰ ਨੇੜੇ-ਨੇੜੇ ਹੋ ਕੇ ਕੌਣ ਦੇਖ ਰਿਹਾ ਹੈ?
12. ਪ੍ਰੇਮੀ ਦੇ ਹੱਥਾਂ ਦੀ ਤੁਲਨਾ ਕਿਸ ਨਾਲ ਕੀਤੀ ਗਈ ਹੈ?
13. 'ਅੱਜ ਕੋਈ ਸਾਡੇ ਵਿਹੜੇ' ਕਵਿਤਾ ਦੀ ਬਿਰਤੀ ਕਿਹੋ ਜਿਹੀ ਹੈ?
14. ਸਵੇਰ ਕਵਿਤਾ ਅਨੁਸਾਰ ਨੇਰ੍ਹੇ ਦੀ ਵਾਢੀ ਕਿਸਨੇ ਕਰ ਦਿੱਤੀ ਹੈ?
15. ਕਵੀ ਅਨੁਸਾਰ ਪੂਰਬ ਦੀ ਦਿਸ਼ਾ ਵਿੱਚ ਕਿਸਦਾ ਨਾਚ ਹੋ ਰਿਹਾ ਹੈ?
16. ਸਵੇਰ ਦੇ ਅਲੌਕਿਕ ਨਜ਼ਾਰੇ ਨੂੰ ਦੇਖ ਕੇ ਕਵੀ ਨੂੰ ਕਿਸਦੀ ਯਾਦ ਆ ਰਹੀ ਸੀ?
17. 'ਸਵੇਰ' ਅਤੇ 'ਅੱਜ ਕੋਈ ਸਾਡੇ ਵਿਹੜੇ' ਕਵਿਤਾਵਾਂ ਦੀ ਬਿਰਤੀ ਕਿਹੋ ਜਿਹੀ ਹੈ?

### II ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਠੀਕ ਜਾਂ ਗਲਤ ਹੈ:-

1. ਪ੍ਰੋ. ਮੋਹਨ ਸਿੰਘ ਨੇ ਆਪਣੀ ਕਵਿਤਾ ਵਿੱਚ 'ਹਵਾ ਮਹੱਲ' ਦੀ ਸੁੰਦਰਤਾ ਦਾ ਬਿਆਨ ਕੀਤਾ ਹੈ।
2. ਕਵੀ ਅਨੁਸਾਰ ਜਮੁਨਾ ਨਦੀ ਦੇ ਹਰੇ ਭਰੇ ਅਤੇ ਸਾਵੇ ਕੰਢੇ ਸ਼ਾਂਤ ਨਹੀਂ ਸਨ।
3. ਕਵੀ ਅਨੁਸਾਰ ਨੀਂਦ ਵਿੱਚ ਮਸਤ ਚੌਗਿਰਦੇ ਅੰਦਰ ਇਕੱਲਾ ਕਵੀ ਆਪ ਜਾਗ ਰਿਹਾ ਸੀ।
4. ਕਵੀ ਅਨੁਸਾਰ ਮਜ਼ਦੂਰਾਂ ਦੀਆਂ ਅੱਖਾਂ ਵਿੱਚ ਅੱਥਰੂ ਅਤੇ ਹਿੱਕਾਂ ਵਿੱਚ ਆਹਾਂ ਸਨ।

5. ਕਵੀ ਅਨੁਸਾਰ ਤਾਜ ਮਹੱਲ ਦਾ ਹੁਸਨ ਸੱਚ-ਮੁੱਚ ਦਾ ਹੁਸਨ ਹੈ।
6. 'ਅੱਜ ਕੋਈ ਆਇਆ ਸਾਡੇ ਵਿਹੜੇ' ਕਵਿਤਾ ਅਨੁਸਾਰ ਪ੍ਰੇਮੀ ਦਾ ਮੱਥਾ ਸੂਰਜ ਵਾਂਗ ਚਮਕ ਰਿਹਾ ਸੀ।
7. ਪ੍ਰੇਮੀ ਦੇ ਆਉਣ ਤੇ ਪ੍ਰੇਮਿਕਾ ਦੇ ਅੰਗ-ਅੰਗ ਵਿੱਚ ਖੁਸ਼ੀਆਂ ਭਰ ਜਾਂਦੀਆਂ ਹਨ।
8. ਕਵੀ ਅਨੁਸਾਰ ਪ੍ਰੇਮਿਕਾ ਮਿਲਾਪ ਦੀ ਘੜੀ ਨੂੰ ਜਲਦੀ ਹੀ ਮੁਕਾਉਣਾ ਚਾਹੁੰਦੀ ਹੈ।
9. 'ਸਵੇਰ' ਕਵਿਤਾ ਅਨੁਸਾਰ ਪੱਛਮ ਦੀ ਨਿਰਮਲ ਨਦੀ ਉੱਤੇ ਕੇਸਰ ਤੁਰੀਆਂ ਤਰ ਰਹੀਆਂ ਸਨ।
10. 'ਸਵੇਰ' ਕਵਿਤਾ ਅਨੁਸਾਰ ਸੁੰਦਰ ਪ੍ਰੇਮਿਕਾ ਦੇ ਵਿਛੋੜੇ ਵਿੱਚ ਵੀ ਪ੍ਰੇਮੀ ਨੂੰ ਸਵੇਰ ਦਾ ਦ੍ਰਿਸ਼ ਮਨਮੋਹਕ ਲੱਗਦਾ ਹੈ।
11. ਸਵੇਰ ਕਵਿਤਾ ਦੀ ਬਿਰਤੀ ਅਧਿਆਤਮਕ ਹੈ।

## III ਖ਼ਾਲੀ ਸਥਾਨ ਭਰੋ:-

1. 'ਤਾਜ ਮਹੱਲ' ਕਵਿਤਾ ਵਿੱਚ......... ਸਮੇਂ ਦੀ ਕੁਦਰਤ ਦਾ ਵਰਣਨ ਹੈ।
2. ਤਾਜ ਮਹੱਲ ਦੇ ਆਸ ਪਾਸ ਦੇ ਬਿਰਛ-ਬੂਟੇ........... ਨਾਲ ਗੜੂੰਦੇ ਹੋਏ ਸਨ।
3. ਕਵੀ ਨੂੰ ਤਾਜ ਮਹੱਲ ਬਣਾਉਣ ਵਾਲੇ ਲੱਖਾਂ............ ਤੇ.......... ਦਾ ਹੜ੍ਹ ਦਿਖਾਈ ਦਿੰਦਾ ਹੈ।
4. ਜਮੁਨਾ ਦੇ ਹਰੇ ਭਰੇ ਅਤੇ ਸਾਵੇਂ ਕੰਢੇ.......... ਵਿੱਚ ਸੁੱਤੇ ਪਏ ਸਨ।
5. 'ਤਾਜ ਮਹੱਲ' ਕਵਿਤਾ ਅਨੁਸਾਰ ਮਜ਼ਦੂਰਾਂ ਨੇ ਕਹੀਆਂ ਦੁਰਮਟ ਅਤੇ .......... ਚੁੱਕੇ ਹੋਏ ਸਨ।
6. 'ਅੱਜ ਕੋਈ ਆਇਆ ਸਾਡੇ ਵਿਹੜੇ' ਅਨੁਸਾਰ ਪ੍ਰੀਤ-ਨਾਇਕ ਦਾ ਮੱਥਾ.......... ਵਾਂਗ ਚਮਕ ਰਿਹਾ ਸੀ।
7. ਕਵੀ ਨੇ ਪ੍ਰੇਮੀ ਦੇ ਹੱਥਾਂ ਦੀ ਤੁਲਨਾ............. ਨਾਲ ਕੀਤੀ ਹੈ।
8. ਪ੍ਰੇਮਿਕਾ ਰੂਪੀ ਕਵੀ ਸਮੇਂ ਦੇ ਪੈਰੀਂ.......... ਬੰਨਣ ਦੀ ਗੱਲ ਕਰਦਾ ਹੈ।
9. ਪ੍ਰੇਮਿਕਾ ਮਿਲਾਪ ਦੀ ਘੜੀ ਨਾ ਮੁਕਾਉਣ ਲਈ........ ਦੇ ਗੇੜਿਆਂ ਨੂੰ ਰੋਕਣਾ ਚਾਹੁੰਦੀ ਹੈ।
10. 'ਸਵੇਰ' ਕਵਿਤਾ ਅਨੁਸਾਰ ਪੂਰਬ ਦੀ ਨਿਰਮਲ ਨਦੀ ਉੱਪਰ ................ਦੀਆਂ ਤੁਰੀਆਂ ਤਰ ਰਹੀਆਂ ਹਨ।
11. ਸੂਰਜ ਦੇ ਚੜ੍ਹਨ ਨਾਲ ਪੂਰਬ ਦੇ ਪਰਦੇ ਉੱਪਰ ਅਲੌਕਿਕ .......... ਦਾ ਨਾਚ ਹੋ ਰਿਹਾ ਹੈ।

## IV ਸਹੀ ਉੱਤਰ ਦੀ ਚੋਣ ਕਰੋ:-

1. ਸਵੇਰ ਕਵਿਤਾ ਦਾ ਲੇਖਕ ਕੌਣ ਹੈ?
   - A. ਅੰਮ੍ਰਿਤਾ ਪ੍ਰੀਤਮ
   - B. ਪ੍ਰੋ: ਮੋਹਨ ਸਿੰਘ
   - C. ਬਾਵਾ ਬਲਵੰਤ
   - D. ਡਾ. ਦੀਵਾਨ ਸਿੰਘ ਕਾਲੇਪਾਣੀ।
2. 'ਤਾਜ ਮਹੱਲ' ਕਵਿਤਾ ਅਨੁਸਾਰ ਮਜ਼ਦੂਰਾਂ ਦੇ ਹੱਥਾਂ ਉੱਤੇ ਕੀ ਸੀ?

A. ਮਹਿੰਦੀ

B. ਰੰਗ

C. ਛਾਲੇ

D. ਫੁੱਲ।

3. 'ਅੱਜ ਕੋਈ ਆਇਆ ਸਾਡੇ ਵਿਹੜੇ' ਕਵਿਤਾ ਵਿੱਚ ਕਵੀ ਭੁਲਾਉਣ ਲਈ ਕਹਿੰਦਾ ਹੈ?

A. ਸੁਪਨੇ

B. ਪੇੜੇ

C. ਝੇੜੇ

D. ਗੇੜੇ।

4. 'ਅੱਜ ਕੋਈ ਆਇਆ ਸਾਡੇ ਵਿਹੜੇ' ਅਨੁਸਾਰ ਪ੍ਰੇਮੀ ਦੇ ਪੈਰ ਕਿਹੋ ਜਿਹੇ ਲੱਗਦੇ ਹਨ?

A. ਆਟੇ ਦੇ ਪੇੜੇ

B. ਮੱਖਣ ਦੇ ਪੇੜੇ

C. ਖੋਏ ਦੇ ਪੇੜੇ

D. ਬਰਫ਼ੀ ਦੇ ਪੇੜੇ।

5. 'ਸਵੇਰ' ਕਵਿਤਾ ਅਨੁਸਾਰ ਪੰਛੀਆਂ ਦੇ ਖੰਭ ਕਿਸ ਤਰ੍ਹਾਂ ਚਮਕ ਰਹੇ ਸਨ?

A. ਜ਼ਰੀ ਵਾਂਗ

B. ਚਾਂਦੀ ਵਾਂਗ

C. ਸੂਰਜ ਵਾਂਗ

D. ਤਾਰਿਆਂ ਵਾਂਗ

## (3) ਕਵੀ- ਬਾਵਾ ਬਲਵੰਤ

## ਕਵਿਤਾਵਾਂ- ਮੱਝੀਆਂ, ਬਰਸਾਤ ਦੀ ਇੱਕ ਸ਼ਾਮ, ਜੀਵਨ

**I ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-**

1. 'ਮੱਝੀਆਂ' ਕਵਿਤਾ ਦਾ ਕਵੀ ਕੌਣ ਹੈ?
2. 'ਬਰਸਾਤ ਦੀ ਇੱਕ ਸ਼ਾਮ' ਕਵਿਤਾ ਦਾ ਕਵੀ ਕੌਣ ਹੈ?

3. 'ਜੀਵਨ' ਕਵਿਤਾ ਦਾ ਕਵੀ ਕੌਣ ਹੈ?
4. 'ਜੀਵਨ' ਕਵਿਤਾ ਦਾ ਵਿਸ਼ਾ ਕੀ ਹੈ?
5. 'ਮੱਝੀਆਂ' ਕਵਿਤਾ ਦਾ ਵਿਸ਼ਾ ਕੀ ਹੈ?
6. 'ਬਰਸਾਤ ਦੀ ਇੱਕ ਸ਼ਾਮ' ਕਵਿਤਾ ਦਾ ਵਿਸ਼ਾ ਕੀ ਹੈ?
7. 'ਮੱਝੀਆਂ' ਕਵਿਤਾ ਵਿੱਚ ਕਵੀ ਨੇ 'ਪਾਣੀ ਦੀਆਂ ਪਰੀਆਂ' ਕਿਨ੍ਹਾਂ ਨੂੰ ਕਿਹਾ ਹੈ?
8. 'ਨਾਲ ਪਰ ਸੱਜਣਾ ਦੇ ਜਾਤ ਤੇ ਸਮਾਜ ਆਏ' ਤੁਕ ਰਾਹੀਂ ਕਵੀ ਨੇ ਕਿਹੜੇ ਭਾਵ ਪ੍ਰਗਟ ਕੀਤੇ ਹਨ?
9. 'ਮੱਝੀਆਂ' ਕਵਿਤਾ ਵਿੱਚ ਕਵੀ ਨੇ ਕਿਸ ਨੂੰ ਅਕ੍ਰਿਤਘਣ ਦਰਸਾਇਆ ਹੈ?
10. 'ਬਰਸਾਤ ਦੀ ਇੱਕ ਸ਼ਾਮ' ਕਵਿਤਾ ਵਿੱਚ ਕੋਝ ਤੇ ਕਰੂਪ ਕੀ ਹੈ?
11. 'ਬਰਸਾਤ ਦੀ ਇੱਕ ਸ਼ਾਮ' ਕਵਿਤਾ ਵਿੱਚ ਕਵੀ ਕਿਸ ਤੋਂ ਆਸਵੰਦ ਹੈ?
12. 'ਜੀਵਨ' ਕਵਿਤਾ ਦੀਆਂ ਕਿਹੜੀਆਂ ਤੁਕਾਂ ਵਿੱਚ ਕਦੇ ਵੀ ਹਾਰ ਨਾ ਮੰਨਣ ਦਾ ਭਾਵ ਪ੍ਰਗਟ ਹੋਇਆ ਹੈ?

## II ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਠੀਕ ਜਾਂ ਗਲਤ ਹੈ:-

1. 'ਮੱਝੀਆਂ' ਕਵਿਤਾ ਦਾ ਕਵੀ ਬਾਵਾ ਬਲਵੰਤ ਹੈ।
2. 'ਬਰਸਾਤ ਦੀ ਇੱਕ ਸ਼ਾਮ' ਪ੍ਰੋ: ਮੋਹਨ ਸਿੰਘ ਦੀ ਰਚਨਾ ਹੈ।
3. 'ਜੀਵਨ' ਕਵਿਤਾ ਵਿੱਚ ਹਮੇਸ਼ਾ ਸੰਘਰਸ਼ਸ਼ੀਲ ਰਹਿਣ ਦੀ ਪ੍ਰੇਰਨਾ ਹੈ।
4. ਆਦਮ ਦੀ ਯਮ-ਲੋੜ ਨੇ ਪਾਣੀ ਦੀਆਂ ਪਰੀਆਂ ਫਾਹੀਆਂ ਹੋਈਆਂ ਹਨ।
5. ਕਵੀ ਮੱਝੀਆਂ ਦੇ ਦੁੱਖਾਂ ਵੱਲ ਧਿਆਨ ਨਹੀਂ ਦਿਵਾਉਣਾ ਚਾਹੁੰਦਾ ਹੈ।

## III ਖ਼ਾਲੀ ਸਥਾਨ ਭਰੋ:-

1. ਜੀਵਨ ਕਵਿਤਾ.......... ਦੀ ਰਚਨਾ ਹੈ।
2. ਬਾਵਾ ਬਲਵੰਤ ਪੰਜਾਬੀ ਦੇ ਪ੍ਰਸਿੱਧ .......... ਹਨ।
3. 'ਜੀਵਨ' ਕਵਿਤਾ ਵਿੱਚ ਕਵੀ ਨੇ ਜੀਵਨ ਨੂੰ ਇਸ ਬਹੁਰੂਪਤਾ ਵਿੱਚ ਜਾਣਨ ਅਤੇ ਇੱਕ ........ ਦੇ ਉਤਸ਼ਾਹ ਨਾਲ ਜਿਊਣ ਦੇ ਭਾਵ ਪ੍ਰਗਟਾਏ ਹਨ।
4. 'ਮੱਝੀਆਂ' ਕਵਿਤਾ ਵਿੱਚ ਕਵੀ ਪੰਜਾਬ ਦੇ ਇਸ ਪਸ਼ੂ-ਧਨ ਨੂੰ ਨਵੀਂ........... ਤੋਂ ਵੇਖਦਾ ਅਤੇ ਸੁਹਜ ਭਾਵ ਜਗਾਉਂਦਾ ਹੈ।
5. ਨਾਲ ਪਰ ਸੱਜਣਾਂ ਦੇ ਜਾਤ ਤੇ.......... ਆਏ।
6. ਰਹਿਮ ਬਿਨਾਂ ਕੀ ਪਿਆਰ ਕਿਸੇ ਦਾ, ਰਹਿਮ ਬਿਨਾਂ ਕੀ...............।

**IV ਸਹੀ ਉੱਤਰ ਦੀ ਚੋਣ ਕਰੋ:-**

1. 'ਜੀਵਨ' ਕਵਿਤਾ ਵਿੱਚ ਕਵੀ ਕਿਹੜੀ ਮਸਤੀ ਵਿੱਚ ਰਹਿਣ ਦਾ ਸੁਝਾਅ ਦਿੰਦਾ ਹੈ?

   A ਸਤਰੰਗੀ B ਸਭਰੰਗੀ

   C ਬਹੁਰੰਗੀ D ਸੌ ਰੰਗੀ।

2. 'ਬਰਸਾਤ ਦੀ ਇੱਕ ਸ਼ਾਮ' ਕਵਿਤਾ ਵਿੱਚ ਪ੍ਰੇਮ-ਭਾਵ ਵਿੱਚ ਅੜਿੱਕੇ ਕਿਉਂ ਪੈਂਦੇ ਹਨ?

   A ਆਰਥਿਕ ਪ੍ਰਬੰਧ ਕਾਰਨ B ਸਮਾਜਿਕ ਪ੍ਰਬੰਧ ਕਾਰਨ

   C ਧਾਰਮਿਕ ਰਵਾਇਤਾਂ ਕਾਰਨ D ਭੂਗੋਲਿਕ ਕਾਰਨਾਂ ਕਰਕੇ।

## (4) ਕਵੀ- ਅੰਮ੍ਰਿਤਾ ਪ੍ਰੀਤਮ

## ਕਵਿਤਾਵਾਂ- ਅੰਮੜੀ ਦਾ ਵਿਹੜਾ, ਵਾਰਸ ਸ਼ਾਹ, ਇੱਕ ਸ਼ਹਿਰ

**I ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-**

1. 'ਅੰਮੜੀ ਦਾ ਵਿਹੜਾ' ਕਵਿਤਾ ਕਿਸਦੀ ਰਚਨਾ ਹੈ?
2. ਅੰਮ੍ਰਿਤਾ ਪ੍ਰੀਤਮ ਦਾ ਨਾਂ ਹਰ ਜ਼ਬਾਨ ਤੇ ਲਿਆਉਣ ਵਾਲੀ ਕਵਿਤਾ ਕਿਹੜੀ ਹੈ?
3. 'ਇੱਕ ਸ਼ਹਿਰ' ਕਵਿਤਾ ਦਾ ਵਿਸ਼ਾ ਕੀ ਹੈ?
4. ਕਵਿਤਰੀ ਨੂੰ 'ਅੰਮੜੀ ਦਾ ਵਿਹੜਾ' ਕਿਸ ਪ੍ਰਕਾਰ ਦੀਆਂ ਯਾਦਾਂ ਦਿਵਾਉਂਦਾ ਹੈ?
5. 'ਵਾਰਸ ਸ਼ਾਹ' ਕਵਿਤਾ ਵਿੱਚ ਵਾਰਸ ਸ਼ਾਹ ਨੂੰ ਕਿਉਂ ਸੰਬੋਧਨ ਕੀਤਾ ਗਿਆ ਹੈ?
6. 'ਇੱਕ ਬਾਦਸ਼ਾਹੀ ਅਸਾਂ ਮਾਣੀ ਸੀ' ਇਸ ਤੁਕ ਵਿੱਚ ਆਏ ਬਾਦਸ਼ਾਹੀ ਸ਼ਬਦ ਦਾ ਕਵਿਤਾ ਦੇ ਪ੍ਰਸੰਗ ਵਿੱਚ ਕੀ ਭਾਵ ਹੈ?
7. ਵਾਰਸ ਸ਼ਾਹ ਕਵਿਤਾ ਵਿੱਚ ਕਿਹੜੀ ਵੰਡ ਦੇ ਵੇਲੇ ਦਾ ਦੁਖਾਂਤ ਦਰਸਾਇਆ ਗਿਆ ਹੈ?
8. 'ਇੱਕ ਸ਼ਹਿਰ' ਕਵਿਤਾ ਵਿੱਚ ਕਿਹੜੀਆਂ ਕਦਰਾਂ-ਕੀਮਤਾਂ ਦੀ ਹਾਨੀ ਹੋ ਰਹੀ ਹੈ?
9. 'ਅੰਮੜੀ ਦਾ ਵਿਹੜਾ' ਕਵਿਤਾ ਵਿੱਚ 'ਸਵਰਗ' ਕਿਹੜੇ ਅਰਥ ਵਿੱਚ ਵਰਤਿਆ ਗਿਆ ਹੈ?

**II ਕਿਹੜਾ ਕਥਨ ਠੀਕ ਜਾਂ ਗਲਤ ਹੈ:-**

1. 'ਇੱਕ ਸ਼ਹਿਰ' ਕਵਿਤਾ ਬਾਵਾ ਬਲਵੰਤ ਦੀ ਰਚਨਾ ਹੈ।
2. 'ਇੱਕ ਸ਼ਹਿਰ' ਕਵਿਤਾ ਵਿੱਚ ਮਹਾਂਨਗਰ ਦੀ ਜ਼ਿੰਦਗੀ ਦੇ ਪ੍ਰਸੰਗ ਵਿੱਚ ਤਣਾਓ ਤੇ ਪ੍ਰੇਸ਼ਾਨੀਆਂ ਵਾਲੇ ਜੀਵਨ ਬਾਰੇ ਟਿੱਪਣੀਆਂ ਹਨ।

3. ਜਿੰਦਗੀ ਦੇ ਕੌੜੇ ਯਥਾਰਥ ਦੇ ਪ੍ਰਸੰਗ ਵਿੱਚ ਅੰਮੜੀ ਦੇ ਵਿਹੜੇ ਦੀਆਂ ਸੁਖਮਈ ਯਾਦਾਂ ਦਾ ਵਿਸ਼ੇਸ਼ ਮਹੱਤਵ ਹੈ।
4. 'ਵਾਰਸ ਸ਼ਾਹ' ਕਵਿਤਾ ਵਿੱਚ ਦੇਸ਼-ਵੰਡ ਦੇ ਦੁਖਾਂਤ ਦੀ ਝਲਕ ਨਹੀਂ ਹੈ।
5. 'ਵਾਰਸ ਸ਼ਾਹ' ਕਵਿਤਾ ਵਿੱਚ ਵਾਰਸ ਸ਼ਾਹ ਨੂੰ ਸੰਬੋਧਨ ਕੀਤਾ ਗਿਆ ਹੈ।

**III ਖ਼ਾਲੀ ਸਥਾਨ ਭਰੋ:-**

1. 'ਇੱਕ ਸ਼ਹਿਰ' ਕਵਿਤਾ ਵਿੱਚ ਵਰਤਮਾਨ ਨੂੰ............... ਕਿਹਾ ਗਿਆ ਹੈ।
2. 'ਅੰਮੜੀ ਦਾ ਵਿਹੜਾ' ਕਵਿਤਾ............... ਦੀ ਲਿਖੀ ਹੋਈ ਹੈ।
3. ਦਿੱਲੀ ਯੂਨੀਵਰਸਿਟੀ ਨੇ ਅੰਮ੍ਰਿਤਾ ਪ੍ਰੀਤਮ ਨੂੰ.............. ਦੀ ਡਿਗਰੀ ਦੇ ਕੇ ਸਨਮਾਨਿਆ।
4. 'ਵਾਰਸ ਸ਼ਾਹ' ਕਵਿਤਾ ਵਿੱਚ ਕਿਤਾਬ............. ਦਾ ਵਰਕਾ ਫੋਲਣ ਲਈ ਕਿਹਾ ਗਿਆ ਹੈ।
5. 'ਅੰਮੜੀ ਦਾ ਵਿਹੜਾ' ਕਵਿਤਾ ਵਿੱਚ ਬਚਪਨ ਦੇ ਬੇਫਿਕਰੀ, ਖੁੱਲ੍ਹਾਂ ਤੇ.......... ਦੇ ਦਿਨਾਂ ਨੂੰ ਚਿਤਵਿਆ ਗਿਆ ਹੈ।

**IV ਸਹੀ ਉੱਤਰ ਦੀ ਚੋਣ ਕਰੋ:-**

1. ਅੰਮ੍ਰਿਤਾ ਪ੍ਰੀਤਮ ਦੀ ਰਚਨਾ ਕਿਹੜੀ ਹੈ?

   A ਵਾਰਸ ਸ਼ਾਹ  B ਵਗਦੇ ਪਾਣੀ

   C ਸਵੇਰ  D ਲੋਰੀ।

2. 'ਬਰਸਾਤ ਦੀ ਇੱਕ ਸ਼ਾਮ' ਕਵਿਤਾ ਕਿਸਦੀ ਰਚਨਾ ਹੈ?

   A ਬਾਵਾ ਬਲਵੰਤ  B ਅੰਮ੍ਰਿਤਾ ਪ੍ਰੀਤਮ

   C ਪ੍ਰੋ: ਮੋਹਨ ਸਿੰਘ  D ਤਾਰਾ ਸਿੰਘ।

# (5) ਕਵੀ- ਤਾਰਾ ਸਿੰਘ

## ਕਵਿਤਾਵਾਂ:- ਲੋਰੀ, '......... ਤੇ ਹੁਣ', ਭਾਰੀਆਂ ਪੰਡਾਂ

**I ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-**

1. ਕਵੀ ਤਾਰਾ ਸਿੰਘ ਨੂੰ ਕਿਹੜੇ ਕਾਵਿ-ਸੰਗ੍ਰਹਿ ਲਈ ਸਾਹਿਤ ਅਕਾਡਮੀ ਦਾ ਪੁਰਸਕਾਰ ਮਿਲਿਆ?
2. 'ਲੋਰੀ' ਕਵਿਤਾ ਵਿੱਚ ਕਿਹੜੇ ਭਾਵ ਪ੍ਰਗਟਾਏ ਗਏ ਹਨ?
3. 'ਭਾਰੀਆਂ ਪੰਡਾਂ' ਕਵਿਤਾ ਕਿਸ ਦੀ ਰਚਨਾ ਹੈ?
4. ਕਵੀ ਤਾਰਾ ਸਿੰਘ ਦੀ ਕਿਸੇ ਕਵਿਤਾ ਦਾ ਨਾਂ ਲਿਖੋ?
5. 'ਤੇ ਹੁਣ' ਕਵਿਤਾ ਦਾ ਵਿਸ਼ਾ ਕੀ ਹੈ?
6. 'ਤੇ ਹੁਣ' ਕਵਿਤਾ ਵਿੱਚ ਪਛਤਾਵੇ ਦਾ ਭਾਵ ਕਿਸ ਕਾਰਨ ਹੈ?
7. 'ਭਾਰੀਆਂ ਪੰਡਾਂ' ਕਵਿਤਾ ਵਿੱਚ ਭਾਰੀਆਂ ਪੰਡਾਂ ਕਿਸਨੂੰ ਕਿਹਾ ਗਿਆ ਹੈ?
8. 'ਲੋਰੀ' ਕਵਿਤਾ ਵਿੱਚ ਧੀ ਲਈ ਉਸ ਦੀ ਮਾਂ ਤੋਂ ਕਿਹੋ ਜਿਹੀ ਭੂਮਿਕਾ ਦੀ ਕਲਪਨਾ ਕੀਤੀ ਗਈ ਹੈ?
9. 'ਭਾਰੀਆਂ ਪੰਡਾਂ' ਕਵਿਤਾ ਵਿੱਚ ਕਵੀ ਨੇ ਕਿਹੋ ਜਿਹੇ ਜੀਵਨ ਦੀ ਕਲਪਨਾ ਕੀਤੀ ਹੈ?

**II ਕਿਹੜਾ ਕਥਨ ਠੀਕ ਜਾਂ ਗਲਤ ਹੈ:-**

1. 'ਭਾਰੀਆਂ ਪੰਡਾਂ' ਕਵਿਤਾ ਅਨੁਸਾਰ ਲੰਮੀ ਉਮਰ ਦੁੱਖਾਂ ਦਾ ਕਾਰਨ ਹੈ।
2. 'ਲੋਰੀ' ਕਵਿਤਾ ਵਿੱਚ ਧੀ ਦੇ ਆਉਣ ਵਾਲੇ ਜੀਵਨ ਦੀ ਕਲਪਨਾ ਨਹੀਂ ਹੈ।
3. 'ਲੋਰੀ' ਕਵਿਤਾ ਤਾਰਾ ਸਿੰਘ ਦੀ ਰਚਨਾ ਹੈ।
4. 'ਤੇ ਹੁਣ' ਕਵਿਤਾ ਵਿੱਚ ਪਰਿਵਾਰਿਕ ਜੀਵਨ ਦੀਆਂ ਉਮੀਦਾਂ ਦੇ ਅਧੂਰੇ ਰਹਿ ਜਾਣ ਦੀ ਪੀੜਾ ਹੈ।
5. ਤਾਰਾ ਸਿੰਘ ਨੂੰ 'ਕਹਿਕਸ਼ਾਂ' ਕਾਵਿ-ਸੰਗ੍ਰਹਿ ਲਈ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ ਸੀ।
6. 'ਸਮਿਆਂ ਨੂੰ ਸੁਫ਼ਨੇ ਆਉਣ' ਤੋਂ ਭਾਵ ਹੈ ਆਉਣ ਵਾਲਾ ਸਮਾਂ ਮਨੁੱਖ ਦੇ ਸੁਫ਼ਨੇ ਲੈਣ ਤੇ ਉਹਨਾਂ ਦੇ ਸਾਕਾਰ ਹੋਣ ਵਾਲਾ ਹੋਵੇ।
7. ਲੋਰੀ ਕਵਿਤਾ ਵਿੱਚ ਕਲਪੇ ਗਏ ਸੁਫ਼ਨਿਆਂ ਵਿੱਚ ਪਿਤਾ ਜਗਤ ਦੇ ਪਦਾਰਥਕ ਸੁੱਖ ਲਿਆਉਂਦਾ ਹੈ ਤੇ ਮਾਂ ਉਸ ਨੂੰ ਭਾਵਾਤਮਿਕ ਸੁਰੱਖਿਆ ਦਿੰਦੀ ਹੈ।

**III ਖ਼ਾਲੀ ਸਥਾਨ ਭਰੋ:-**

1. ਭਾਰੀਆਂ ਪੰਡਾਂ............. ਦੀ ਰਚਨਾ ਹੈ।

2. 'ਲੋਰੀ' ਕਵੀ............. ਦੁਆਰਾ ਲਿਖੀ ਗਈ ਹੈ।
3. ਵੱਡੀ ਉਮਰ ਨੂੰ........... ਪੰਡਾਂ ਕਿਹਾ ਗਿਆ ਹੈ।
4. 'ਭਾਰੀਆਂ ਪੰਡਾਂ' ਕਵਿਤਾ ਵਿੱਚ ਛੋਟੀ ਪਰ ਚਿੰਤਾਵਾਂ ਮੁਕਤ ਸੁਖਮਈ.............. ਦੀ ਇੱਛਾ ਪ੍ਰਗਟ ਹੈ।
5. 'ਤੇ ਹੁਣ' ਕਵਿਤਾ ਵਿੱਚ ......... ਦੇ ਕਹੇ ਅਤੇ ਅਣਕਹੇ ਬੋਲਾਂ ਦਾ ਖਿਆਲ ਕਵਿਤਾ ਦੇ 'ਮੈਂ' ਪਾਤਰ ਦਾ ਖਹਿੜਾ ਕਦੇ ਨਹੀਂ ਛੱਡਦਾ।

**IV ਸਹੀ ਉੱਤਰ ਦੀ ਚੋਣ ਕਰੋ:-**

1. 'ਭਾਰੀਆਂ ਪੰਡਾਂ' ਕਵਿਤਾ ਵਿੱਚ ਕਵੀ ਨੇ ਕਿਸਦੀ ਸਲਾਹੁਤਾ ਕੀਤੀ ਹੈ?

   A ਵੱਡੀ ਉਮਰ B ਨਿੱਕੀ ਉਮਰ

   C ਧਰਤੀ D ਸੂਰਜ।

1. ਤਾਰਾ ਸਿੰਘ ਦੀ ਕਵਿਤਾ ਕਿਹੜੀ ਹੈ?

   A ਲੋਰੀ B ਵਗਦੇ ਪਾਣੀ

   C ਵਾਰਸ ਸ਼ਾਹ D ਆਨੰਦ।

## ਕਹਾਣੀਆਂ

(1) **ਕਹਾਣੀ:- ਸਾਂਝ**

**ਕਹਾਣੀਕਾਰ:- ਸੁਜਾਨ ਸਿੰਘ**

**I ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-**

1. ਸਾਂਝ ਕਹਾਣੀ ਦਾ ਲੇਖਕ ਕੌਣ ਹੈ?
2. ਸਾਂਝ ਕਹਾਣੀ ਦਾ ਮੁੱਖ ਪਾਤਰ ਕੌਣ ਹੈ?
3. ਪ੍ਰੋ: ਐਮ.ਐਲ. ਮਲ੍ਹੋਤਰਾ ਦੇ ਸੁਭਾਅ ਦੇ ਕੋਈ ਦੋ ਗੁਣ ਦੱਸੋ।
4. ਪ੍ਰੋਫੈਸਰ ਕਦੋਂ ਸਾਈਕਲ ਤੇ ਜਾ ਰਿਹਾ ਸੀ ਤਾਂ ਖੜ-ਖੜ ਕਰਦੇ ਸਾਈਕਲ ਉੱਤੇ ਉਸ ਦੇ ਕੋਲੋਂ ਕੌਣ ਲੰਘਿਆ?
5. ਲਾਲ ਚੀਰੇ ਵਾਲਾ ਨੌਜਵਾਨ ਕਿਸ ਉੱਤੇ ਸਵਾਰ ਸੀ?
6. ਪ੍ਰੋਫੈਸਰ ਨੇ ਆਪਣੇ ਸਾਈਕਲ ਉੱਤੇ ਕਿਸਨੂੰ ਬਿਠਾਇਆ?
7. ਬੁੱਢੀ ਨੂੰ ਆਪਣੇ ਸਾਈਕਲ ਤੇ ਨਾ ਬਿਠਾਉਣ ਵਾਲਾ ਨੌਜਵਾਨ ਲੇਖਕ ਨੂੰ ਕਿਹੋ ਜਿਹਾ ਜਾਪਿਆ?
8. ਬੁੱਢੀ ਮਾਈ ਨੇ ਕਿੱਥੇ ਜਾਣਾ ਸੀ?

9. ਪ੍ਰੋਫੈਸਰ ਨੇ ਮਾਈ ਨੂੰ ਕਿੱਥੇ ਆ ਕੇ ਉਤਾਰਿਆ?
10. ਲਾਲ ਚੀਰੇ ਵਾਲੇ ਨੌਜਵਾਨ ਨੇ ਕਿੱਥੇ ਜਾਣਾ ਸੀ?
11. 'ਭਾਰਤ ਸਾਈਕਲ ਦੇ ਜੁਗ ਵਿੱਚ ਨਹੀਂ ਪਹੁੰਚਿਆ ਤੇ ਸਾਈਕਲ ਗਰੀਬਾਂ ਦੀ ਸਵਾਰੀ ਹੈ।' ਇਹ ਵਿਚਾਰ ਕਿਸਦੇ ਮਨ ਵਿੱਚ ਆਉਂਦੇ ਹਨ?
12. 'ਸਾਂਝ' ਕਹਾਣੀ ਵਿੱਚ ਕਿਸ-ਕਿਸ ਵਿਚਕਾਰ ਸਾਂਝ ਦਰਸਾਈ ਗਈ ਹੈ?
13. ਸਾਂਝ ਕਹਾਣੀ ਦੇ ਸਾਰੇ ਪਾਤਰਾਂ ਦੇ ਨਾਮ ਦੱਸੋ?
14. ਸਾਂਝ ਕਹਾਣੀ ਵਿੱਚ ਕਿਹੜੀ ਸਾਂਝ ਦਾ ਜ਼ਿਕਰ ਆਇਆ ਹੈ?

**II ਹੇਠ ਲਿਖਿਆਂ ਵਿੱਚੋਂ ਕਿਹੜੇ ਕਥਨ ਠੀਕ ਜਾਂ ਗਲਤ ਹਨ:-**

1. ਪ੍ਰੋਫੈਸਰ ਐਮ.ਐਲ ਮਲ੍ਹੋਤਰਾ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਸੀ।
2. ਪ੍ਰੋਫ਼ੈਸਰ ਸਾਈਕਲ ਚਲਾਉਣ ਦੀ ਆਪਣੇ ਜੀਵਨ ਦੀਆਂ ਮੁਸ਼ਕਲਾਂ ਨਾਲ ਸਮਾਨਤਾ ਮਹਿਸੂਸ ਕਰਦਾ ਹੈ।
3. ਪ੍ਰੋਫੈਸਰ ਦੇ ਕੋਲੋਂ ਲੰਘੇ ਲਾਲ ਚੀਰੇ ਵਾਲੇ ਨੌਜਵਾਨ ਨੂੰ ਪ੍ਰੋ: ਕੋਮਲ ਦਿਲ ਇਨਸਾਨ ਸਮਝਦਾ ਹੈ।
4. ਪ੍ਰੋਫੈਸਰ ਨੇ ਜਵਾਨ ਔਰਤ ਨੂੰ ਆਪਣੇ ਸਾਈਕਲ ਤੇ ਬਿਠਾ ਲਿਆ।
5. ਲਾਲ ਚੀਰੇ ਵਾਲੇ ਨੂੰ ਯਾਦ ਆਉਂਦਾ ਹੈ, 'ਹਰ ਪਹਾੜੀ ਦਾ, ਭਾਵੇਂ ਉਹ ਕਿੱਡੀ ਉੱਚੀ ਹੋਵੇ ਅੰਤ ਜ਼ਰੂਰ ਹੁੰਦਾ ਹੈ।'
6. ਕਹਾਣੀ ਵਿਚਲੀ ਮਾਈ ਬਹੁਤ ਬੁੱਢੀ ਅਤੇ ਕਮਜ਼ੋਰ ਸੀ।
7. ਬੁੱਢੀ ਮਾਈ ਦੇ ਥੈਲੇ ਵਿੱਚ ਫੁੱਲਾਂ ਵਾਲੀ ਚਾਦਰ ਸੀ।
8. ਕਮੇਟੀ ਦੀ ਚੌਕੀ ਦਾ ਬਾਬੂ ਪਿਆਰ ਨਾਲ ਪ੍ਰੋਫ਼ੈਸਰ ਵੱਲ ਦੇਖ ਰਿਹਾ ਸੀ।
9. ਪ੍ਰੋਫੈਸਰ ਅਤੇ ਚੀਰੇ ਵਾਲੇ ਨੌਜਵਾਨ ਵਿੱਚ ਸਾਂਝ ਪੈਦਾ ਹੋ ਗਈ।
10. ਕਮੇਟੀ ਦੀ ਚੌਕੀ ਵਾਲੇ ਬਾਬੂ ਨੇ ਬੁੱਢੀ ਮਾਈ ਨੂੰ ਚੁੱਕ ਕੇ ਚੀਰੇ ਵਾਲੇ ਦੇ ਕੈਰੀਅਰ ਤੇ ਬਿਠਾ ਦਿੱਤਾ।
11. ਚੀਰੇ ਵਾਲੇ ਨੌਜਵਾਨ ਨੇ ਵੀ ਸਹੇੜੇ ਹੀ ਜਾਣਾ ਸੀ।

**III ਖਾਲੀ ਸਥਾਨ ਭਰੋ:-**

1. ਪ੍ਰੋਫੈਸਰ ਸੋਚਦਾ-ਸੋਚਦਾ ਕਾਲਜ ਤੋਂ ਬਾਹਰ ਨਿਕਲਿਆ ਤੇ ਸੋਚਦਿਆਂ ਸੋਚਦਿਆਂ ਉਸਨੇ ਆਦਤਨ ............ ਤੇ ਜ਼ੋਰ ਨਾਲ ਪੈਰ ਰੱਖ ਦਿੱਤਾ।
2. ਕੱਚੀ ਤੇ ਉਖੜੀ-ਪੁੱਖੜੀ ਸੜਕ ਤੇ ਜ਼ੋਰ ਲਾਉਣ ਨਾਲ ਪ੍ਰੋਫੈਸਰ ਨੂੰ ............. ਆ ਗਿਆ।
3. ਅਚਾਨਕ ਪ੍ਰੋਫੈਸਰ ਨੂੰ ............. ਦੀ ਆਵਾਜ਼ ਸੁਣਾਈ ਦਿੱਤੀ।
4. ਲੇਖਕ ਅਨੁਸਾਰ ਸਾਡੀ ਖੁਸ਼ਫਹਿਮੀ ਹੈ ਕਿ ਸਾਈਕਲ ............... ਦੀ ਸਵਾਰੀ ਹੈ।
5. ਕਹਾਣੀ ਅਨੁਸਾਰ ਇੱਕ............. ਦਾ ਬੁੱਤ ਉਸਨੂੰ ਸੜਕ ਤੇ ਚੜ੍ਹਦਾ ਦਿੱਸਦਾ ਹੈ।
6. .............. ਦੇ ਕੰਨ ਖੜ ਹੋ ਗਏ ਤੇ ਉਸਨੇ ਕਿਹਾ 'ਬੇ ਬੀਰਾ,.......... ਬਾਲ਼ਿਆ ਮੈਨੂੰ ਬੀ ਨਾਲ ਲੈ ਚੱਲ।

7. ਮਾਈ ਬਹੁਤ ਹੀ ਬੁੱਢੀ ਸੀ.......... ਹੋਈ ਭੁਗੜੀ।
8. ਮਾਈ ਦੇ ਗੰਦੇ ਥੈਲੇ ਵਿੱਚ ਇੱਕ............. ਸੀ।
9. ਪ੍ਰੋਫੈਸਰ ਨੇ ਮਾਈ ਨੂੰ ਬਾਂਹ ਦਾ ਸਹਾਰਾ ਦੇ ਕੇ.............. ਤੇ ਬਿਠਾ ਲਿਆ।
10. ਪ੍ਰੋਫੈਸਰ ਪੈਸੇ ਲੈ ਕੇ ਤਸੱਲੀ ਨਾਲ ਨਾ ਪੜ੍ਹਾਉਣਾ............. ਸਮਝਦਾ ਸੀ।
11. ਪ੍ਰੋਫੈਸਰ ਨੇ ਕਿਹਾ, ਮਾਈ ਸ਼ਹਿਰ ਆ ਗਿਆ। ਮੈਂ ........... ਨੂੰ ਮੁੜ ਜਾਣੈਂ।

**IV ਸਹੀ ਉੱਤਰ ਦੀ ਚੋਣ ਕਰੋ:–**

1. ਸੁਜਾਨ ਸਿੰਘ ਦੀ ਲਿਖੀ ਹੋਈ ਕਹਾਣੀ ਕਿਹੜੀ ਹੈ?
   - A. ਨੀਲੀ
   - B. ਆਪਣਾ ਦੇਸ
   - C. ਸਾਂਝ
   - D. ਕਾਰ ਖਿਡੌਣਾ।
2. ਸਾਂਝ ਕਹਾਣੀ ਦਾ ਪਾਤਰ ਕਿਹੜਾ ਹੈ?
   - A. ਮੀਤ
   - B. ਨੀਲੀ
   - C. ਮਾਈ
   - D. ਤ੍ਰੀਮਤ।
3. ਪ੍ਰੋ: ਐਮ.ਐਲ. ਮਲ੍ਹੋਤਰਾ ਦਾ ਸੁਭਾਅ ਕਿਹੋ ਜਿਹਾ ਸੀ?
   - A. ਖ਼ੁਦਗਰਜ਼
   - B. ਲਾਲਚੀ
   - C. ਲੋੜਵੰਦਾਂ ਦਾ ਸਹਾਇਕ
   - D. ਗੁੱਸੇ-ਖ਼ੋਰ।
4. ਲੇਖਕ ਅਨੁਸਾਰ ਮਾਈ ਦਾ ਸੁਭਾਅ ਕਿਹੋ ਜਿਹਾ ਸੀ?
   - A. ਖੁਸ਼-ਮਿਜ਼ਾਜ
   - B. ਸੁਕੀ ਤੇ ਭੁਗੜੀ
   - C. ਈਰਖਾ ਵਾਲੀ
   - D. ਹਮਦਰਦੀ ਵਾਲੀ।

5. ਲੇਖਕ ਸਾਈਕਲ ਨੂੰ ਕਿਸਦੀ ਸਵਾਰੀ ਕਹਿੰਦਾ ਹੈ?

   A. ਅਮੀਰਾਂ ਦੀ

   B. ਲੋੜਵੰਦਾਂ ਦੀ

   C. ਮਜ਼ਦੂਰਾਂ ਦੀ

   D. ਗਰੀਬਾਂ ਦੀ

(2) **ਕਹਾਣੀ- ਨੀਲੀ**

**ਕਹਾਣੀਕਾਰ:- ਕਰਤਾਰ ਸਿੰਘ ਦੁੱਗਲ**

**I ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-**

1. ਨੀਲੀ ਕਹਾਣੀ ਦਾ ਲੇਖਕ ਕੌਣ ਹੈ?
2. 'ਨੀਲੀ' ਕਹਾਣੀ ਦਾ ਮੁੱਖ ਪਾਤਰ ਕੌਣ ਹੈ?
3. ਨੀਲੀ ਦੇਖਣ ਵਿੱਚ ਕਿਹੋ ਜਿਹੀ ਸੀ?
4. ਕਹਾਣੀਕਾਰ ਦੇ ਘਰ ਨੀਲੀ ਕਿਸਦੇ ਨਾਲ ਆਉਂਦੀ ਸੀ?
5. 'ਨੀਲੀ' ਕਹਾਣੀ ਵਿੱਚ 'ਮੈਂ ਪਾਤਰ' ਕੌਣ ਹੈ?
6. 'ਨੀਲੀ' ਕਹਾਣੀ ਵਿੱਚ ਲਾਲਚੀ ਪਾਤਰ ਕਿਹੜਾ ਹੈ?
7. 'ਨੀਲੀ' ਕਦੋਂ ਦੁੱਧ ਦੇਣਾ ਬੰਦ ਕਰ ਦਿੰਦੀ ਹੈ?
8. ਕਿਸ ਦੇ ਮਰਨ ਤੇ ਨੀਲੀ ਉਦਾਸ ਹੋ ਗਈ?
9. 'ਨੀਲੀ' ਦੀ ਵੱਛੀ ਕਿਹੋ ਜਿਹੀ ਸੀ?
10. ਗਵਾਲਾ ਕਿਸ ਕਹਾਣੀ ਦਾ ਪਾਤਰ ਹੈ?

**II ਕਿਹੜਾ ਕਥਨ ਠੀਕ ਜਾਂ ਗਲਤ ਹੈ:-**

1. ਸੋਹਣੀ ਸਿਹਤਮੰਦ ਗਾਂ ਦਾ ਦੁੱਧ ਵਧੀਆ ਨਹੀਂ ਹੁੰਦਾ।
2. ਨੀਲੀ ਦੇ ਨਾਲ ਇੱਕ ਦਿਨ ਉਸਦਾ ਵੱਛਾ ਵੀ ਆ ਗਿਆ।
3. ਵੱਛੀ ਦੇ ਮੂੰਹ ਮਾਰਨ ਤੇ ਨੀਲੀ ਦੁੱਧ ਲਾਹ ਲੈਂਦੀ ਸੀ।
4. ਵੱਛੀ ਦੇ ਮਰਨ ਤੇ ਨੀਲੀ ਨੇ ਰੱਜ ਕੇ ਚਾਰਾ ਖਾਧਾ।
5. ਗਵਾਲਾ ਵੱਛੀ ਨੂੰ ਜਾਣ ਕੇ ਮਾਰ ਰਿਹਾ ਸੀ।
6. ਵੱਛੀ ਦੇ ਮਰਨ ਤੇ ਨੀਲੀ ਉਸਨੂੰ ਇੱਕਦਮ ਭੁੱਲ ਗਈ।
7. ਨੀਲੀ ਉਂਵ ਹੀ ਉਂਵ ਮਹਿੰਦੀ ਹੇਠ ਖਲੋਤੀ, ਬੂਥੀ ਚੁੱਕੀ ਗੇਟ ਵੱਲ ਵੇਖਦੀ ਰਹੀ।

8. ਗਵਾਲਾ ਮੁੜ-ਮੁੜ ਉਹਨੂੰ ਨੀਲ, ਨੀਲ ਕਰਕੇ ਬੁਲਾਂਦਾ।

## III ਖ਼ਾਲੀ ਸਥਾਨ ਭਰੋ:-

1. ਨੀਲੀ ਰੰਗ ਦੀ ਗੋਰੀ ਸੀ, ਜਿਵੇਂ ਕੋਈ......... ਨੂੰ ਦੁੱਧ ਨਾਲ ਧੋ ਕੇ ਰੱਖੇ।
2. ............, ਸਿਹਤਮੰਦ ਗਾਂ ਦਾ ਦੁੱਧ ਵੀ ਵਧੀਆ ਹੁੰਦਾ ਹੈ।
3. ਗੁਆਲਾ ਨੀਲੀ ਨੂੰ ਨਾਲ ਲੈ ਕੇ ਆਉਂਦਾ ਤੇ ਸਾਹਮਣੇ........... ਦੇ ਬੂਟੇ ਹੇਠ ਖਲੋਤੀ ਉਹ........... ਭਰ ਕੇ ਤੁਰ ਜਾਂਦੀ।
4. ਜਿਤਨਾ ਚਿਰ ਗੁਆਲਾ ਦੁੱਧ ਚੋਂਦਾ ਰਹਿੰਦਾ, ਨੀਲੀ ਟੋਕਰੀ ਵਿੱਚੋਂ ਦਾਣਾ, .............., ਖਲ਼ੀ ਆਦਿ ਚਾਰਾ ਖਾਂਦੀ।
5. ਨੀਲੀ ਦੀ ਵੱਛੀ ਦਾ ਗੋਰਾ ਗੋਰਾ ਰੰਗ, ਮਲੂਕੜੀ ਜਿਹੀ.......... ਲੰਮੀ............. ਪੂਛ ਸੀ।
6. ਨੀਲੀ ਵੱਛੀ ਲਈ ............ ਛੁਪਾ ਕੇ ਰੱਖ ਲੈਂਦੀ ਏ ਤੇ ਪਿੱਛੋਂ ਉਸਨੂੰ ............... ਹੈ।
7. ਮਹਿੰਦੀ ਦੇ ਬੂਟੇ ਹੇਠ ਗਵਾਲੇ ਨੇ............. ਦੀ ਟੋਕਰੀ ਲਿਆ ਰੱਖੀ ਤੇ ਉਹ ਹੱਥ ਮਾਰ ਕੇ ਖਲ਼ੀ ਦੀ ਖੱਟੀ-ਖੱਟੀ ਖੁਸ਼ਬੂ ਨੂੰ ਖਿਲਾਰਨ ਲੱਗ ਪਿਆ।
8. ਗਵਾਲਾ ਕ੍ਰੋਧ ਵਿੱਚ ਉੱਠਿਆ ਅਤੇ ਇੱਕ ਨਜ਼ਰ ਉਸ.............. ਵੱਲ ਵੇਖਿਆ।
9. ਗਵਾਲੇ ਨੇ ਅੱਗੇ ਵੱਧ ਕੇ......... ਨੂੰ ਖੋਹ ਲਿਆ ਅਤੇ ਉਸਨੂੰ ਸਿਰ ਤੇ ਰੱਖ ਕੇ ਤੇਜ਼ ਤੇਜ਼ ਕਦਮ ਮੁੜ ਤੁਰਿਆ।

## IV ਸਹੀ ਉੱਤਰ ਦੀ ਚੋਣ ਕਰੋ:-

1. ਕਰਤਾਰ ਸਿੰਘ ਦੁੱਗਲ ਦੀ ਕਹਾਣੀ ਕਿਹੜੀ ਹੈ?

   A. ਸਾਂਝ

   B. ਨੀਲੀ

   C. ਮੈਨੂੰ ਜਾਣਨੈ

   D. ਆਪਣਾ ਦੇਸ।

2. ਨੀਲੀ ਕਹਾਣੀ ਦਾ ਪਾਤਰ ਕਿਹੜਾ ਹੈ?

   A. ਬੁੱਢੀ ਮਾਈ

   B. ਗਵਾਲਾ

   C. ਚੀਰੇ ਵਾਲਾ

   D. ਮੀਤ।

3. ਨੀਲੀ ਦੇ ਚਰਿੱਤਰ ਦਾ ਖ਼ਾਸ ਗੁਣ ਕਿਹੜਾ ਹੈ?

   A. ਨੀਲੇ ਰੰਗ ਦੀ

   B. ਗੋਰੇ ਰੰਗ ਦੀ

   C. ਭੂਰੇ ਰੰਗ ਦੀ

   D. ਕਾਲ਼ੇ ਰੰਗ ਦੀ।

4. ਗਵਾਲੇ ਦੇ ਚਰਿੱਤਰ ਦਾ ਗੁਣ ਕੀ ਹੈ?

   A. ਹਮਦਰਦੀ ਵਾਲਾ

   B. ਵੱਡੇ ਦਿਲ ਵਾਲਾ

   C. ਲਾਲਚੀ

   D. ਇਨਸਾਨੀਅਤ ਵਾਲਾ।

5. ਨੀਲੀ ਦੀ ਵੱਛੀ ਕਿਹੋ ਜਿਹੀ ਸੀ?

   A. ਮਾਂ ਵਰਗੀ ਨੀਲੀ

   B. ਮਾਂ ਵਰਗੀ ਗੋਰੀ ਚਿੱਟੀ

   C. ਮਾਂ ਵਰਗੀ ਭੂਰੀ

   D. ਮਾਂ ਵਰਗੀ ਕਾਲ਼ੀ।

**(3) ਕਹਾਣੀ-ਆਪਣਾ ਦੇਸ**

**ਕਹਾਣੀਕਾਰ:- ਸੰਤੋਖ ਸਿੰਘ ਧੀਰ**

**1. ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-**

1. ਪੰਜਾਬੀ ਪਾਠ ਪੁਸਤਕ ਵਿੱਚ ਸੰਤੋਖ ਸਿੰਘ ਧੀਰ ਦੀ ਕਿਹੜੀ ਕਹਾਣੀ ਸ਼ਾਮਿਲ ਕੀਤੀ ਗਈ ਹੈ?
2. ਨਿਰੰਜਣ ਸਿੰਘ ਕਿੰਨੇ ਵਰ੍ਹਿਆਂ ਬਾਅਦ ਭਾਰਤ ਆਇਆ ਸੀ?
3. ਨਿਰੰਜਣ ਸਿੰਘ ਨਾਲ ਕਨੇਡਾ ਤੋਂ ਕੌਣ ਆਇਆ ਸੀ?
4. ਨਿਰੰਜਣ ਸਿੰਘ ਦਾ ਲਗਾਓ ਕਿਸ ਦੇਸ ਨਾਲ ਸੀ?
5. ਨਿਰੰਜਣ ਸਿੰਘ ਦੇ ਪੁੱਤਰਾਂ ਦਾ ਲਗਾਓ ਕਿਸ ਦੇਸ ਨਾਲ ਸੀ?
6. ਕਨੇਡਾ ਵਿੱਚ ਨਿਰੰਜਣ ਸਿੰਘ ਦੇ ਘਰ ਕਿਹੜੀ ਬੋਲੀ ਬੋਲੀ ਜਾਂਦੀ ਸੀ?
7. ਆਪਣਾ ਦੇਸ ਕਹਾਣੀ ਦਾ ਵਿਸ਼ਾ ਕੀ ਹੈ?

8. ਆਪਣਾ ਦੇਸ ਕਹਾਣੀ ਦੇ ਤਿੰਨ ਪ੍ਰਮੁੱਖ ਪਾਤਰਾਂ ਦੇ ਨਾਮ ਦੱਸੋ?
9. ਕਹਾਣੀ ਦੇ ਅੰਤ ਵਿੱਚ ਕਿਸ ਦੀਆਂ ਅੱਖਾਂ ਵਿੱਚ ਹੰਝੂ ਸਨ?
10. ਨਿਰੰਜਣ ਸਿੰਘ ਆਪਣੇ ਪੁੱਤਰਾਂ ਨੂੰ ਕਿਸ ਭਾਵਨਾ ਨਾਲ ਭਾਰਤ ਲੈ ਕੇ ਆਇਆ ਸੀ?
11. ਨਿਰੰਜਣ ਸਿੰਘ ਦੇ ਮੁੰਡਿਆਂ ਦੀ ਪੰਜਾਬੀ ਕਿਹੋ ਜਿਹੀ ਸੀ?
12. ਵਿਦੇਸ਼ਾਂ ਵਿੱਚ ਰਹਿਣ ਵਾਲੇ ਭਾਰਤੀ ਔਲਾਦ ਪ੍ਰਤੀ ਫਿਕਰਮੰਦ ਕਿਉਂ ਹਨ?

## II ਕਿਹੜਾ ਕਥਨ ਠੀਕ ਜਾਂ ਗਲਤ ਹੈਃ-

1. ਨਿਰੰਜਣ ਸਿੰਘ ਦਾ ਕਨੇਡਾ ਨਾਲ ਵਧੇਰੇ ਲਗਾਓ ਸੀ।
2. ਨਿਰੰਜਣ ਸਿੰਘ ਦੇ ਪੁੱਤਰ ਪੰਜਾਬੀ ਇਉਂ ਬੋਲਦੇ ਸਨ ਜਿਵੇਂ ਕੋਈ ਸਿੱਖ-ਸੁੱਖ ਕੇ ਬੋਲਦਾ ਹੈ।
3. ਕਨੇਡਾ ਤੋਂ ਆਏ ਮੁੰਡੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਚਾਈਲਡ ਗੁਰੂ ਕਹਿੰਦੇ ਹਨ।
4. ਮੇਜ਼ਬਾਨ ਨੂੰ ਜਾਣ ਕੇ ਹੈਰਾਨੀ ਹੋਈ ਕਿ ਮੁੰਡੇ ਕਿਸੇ ਚੀਜ਼ ਨੂੰ ਮੂੰਹ ਨਹੀਂ ਲਾ ਰਹੇ ਸਨ।
5. ਫਿਲਟਰਡ ਪਾਣੀ ਆਖਣ ਨਾਲ ਉਹਨਾਂ ਨੇ ਪਾਣੀ ਨਹੀਂ ਪੀਤਾ।
6. ਨਿਰੰਜਣ ਸਿੰਘ ਨੇ ਆਖਿਆ ਇਹ ਇਸ ਦੇਸ ਨਾਲ ਫੈਮੀਲੀਅਰ ਨਹੀਂ ਹਨ।

## III ਖ਼ਾਲੀ ਸਥਾਨ ਭਰੋਃ-

1. ਹਿੰਦੁਸਤਾਨ ਦੇ ਸੂਰਜ ਵਰਗਾ............. ਕਿਤੇ ਵੀ ਨਹੀਂ।
2. ਇੰਡੀਆ ਦੀ ਧੁੱਪ ਵੀ ਬੜੀ........... ਹੁੰਦੀ ਹੈ।
3. ਸੀਟਾਂ ਬੁੱਕ ਹੋਣ ਨਾਲ ਹੀ ਜਿਵੇਂ ਉਹਨਾਂ ਦੀਆਂ ਅੱਖਾਂ ਵਿੱਚ ਕੁਝ.......... ਆ ਗਈ ਸੀ।
4. ਜਹਾਜ਼ ਵਿੱਚੋਂ ਲੱਥੇ ਤਾਂ ਨਿਰੰਜਣ ਸਿੰਘ ਨੇ............. ਨੂੰ ਹੱਥ ਲਾ ਕੇ............ ਨਾਲ ਛੁਹਾਇਆ ਅਤੇ ਨਮਸਕਾਰ ਆਖਿਆ।
5. ਨਿਰੰਜਣ ਸਿੰਘ ਨੇ ਸੋਚਿਆ ਜੇ ਬੱਚੇ ਹੋਰ ਵੱਡੇ ਹੋ ਜਾਣਗੇ ਤੇ ਫਿਰ ਤਾਂ ਇਹ ਉੱਕਾ ਹੀ........... ਨੂੰ ਜਾ ਨਹੀਂ ਸਕਣਗੇ।

## IV ਸਹੀ ਉੱਤਰ ਦੀ ਚੋਣ ਕਰੋਃ-

1. ਆਪਣਾ ਦੇਸ ਕਹਾਣੀ ਕਿਹੜੇ ਕਹਾਣੀਕਾਰ ਦੀ ਰਚਨਾ ਹੈ?
   - A. ਸੁਜਾਨ ਸਿੰਘ
   - B. ਸੰਤੋਖ ਸਿੰਘ ਧੀਰ
   - C. ਕੁਲਵੰਤ ਸਿੰਘ ਵਿਰਕ

D. ਕਰਤਾਰ ਸਿੰਘ ਦੁੱਗਲ।

2. ਸੰਤੋਖ ਸਿੰਘ ਧੀਰ ਦੀ ਲਿਖੀ ਕਹਾਣੀ ਕਿਹੜੀ ਹੈ?

   A. ਨੀਲੀ

   B. ਆਪਣਾ ਦੇਸ

   C. ਕਾਰ ਖਿਡੌਣਾ

   D. ਮੈਨੂੰ ਜਾਣਨੈ।

3. ਆਪਣਾ ਦੇਸ ਕਹਾਣੀ ਦਾ ਮੁੱਖ ਪਾਤਰ ਕਿਹੜੇ ਦੇਸ ਰਹਿੰਦਾ ਹੈ?

   A. ਜਰਮਨ

   B. ਕਨੇਡਾ

   C. ਇਟਲੀ

   D. ਭਾਰਤ।

4. ਆਪਣਾ ਦੇਸ ਕਹਾਣੀ ਦਾ ਮੁੱਖ ਪਾਤਰ ਕਿਹੜਾ ਹੈ?

   A. ਕੁਲਵਿੰਦਰ ਸਿੰਘ

   B. ਹਰਵਿੰਦਰ ਸਿੰਘ

   C. ਨਿਰੰਜਣ ਸਿੰਘ

   D. ਸੁਰਜਨ ਸਿੰਘ

5. ਨਿਰੰਜਣ ਸਿੰਘ ਦੇ ਕਿੰਨੇ ਪੁੱਤਰ ਸਨ?

   A. ਚਾਰ

   B. ਇੱਕ

   C. ਦੋ

   D. ਤਿੰਨ

**(4) ਕਹਾਣੀ- ਮੈਨੂੰ ਜਾਣਨੈ?**

**ਕਹਾਣੀਕਾਰ:- ਕੁਲਵੰਤ ਸਿੰਘ ਵਿਰਕ**

**1. ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-**

1. 'ਮੈਨੂੰ ਜਾਣਨੈ' ਕਹਾਣੀ ਦਾ ਕਹਾਣੀਕਾਰ ਕੌਣ ਹੈ?
2. 'ਮੈਨੂੰ ਜਾਣਨੈ' ਕਹਾਣੀ ਦਾ ਵਿਸ਼ਾ ਕੀ ਹੈ?

3. 'ਮੈਨੂੰ ਜਾਣਨੈ' ਕਹਾਣੀ ਦੇ ਪ੍ਰਮੁੱਖ ਪਾਤਰ ਕਿੰਨੇ ਹਨ?
4. 'ਮੈਨੂੰ ਜਾਣਨੈ' ਕਹਾਣੀ ਦੇ ਪ੍ਰਮੁੱਖ ਪਾਤਰ ਕਿਹੜੇ ਹਨ?
5. ਕਹਾਣੀ ਦਾ 'ਮੈਂ ਪਾਤਰ' ਕਿਸ ਚੀਜ ਦੇ ਜ਼ਿਕਰ ਨਾਲ ਉਤਸ਼ਾਹਿਤ ਹੋ ਉੱਠਿਆ?
6. 'ਮੈਂ' ਪਾਤਰ ਨੇ ਕਹਾਣੀਕਾਰ ਤੋਂ ਕੀ ਮੰਗਿਆ?

**II ਕਿਹੜਾ ਕਥਨ ਠੀਕ ਜਾਂ ਗਲਤ ਹੈ:-**

1. ਉਹ ਮੈਨੂੰ ਆਪਣੇ ਰਿਕਸ਼ੇ ਤੇ ਬਿਠਾ ਕੇ ਇੱਧਰ-ਉਧਰ ਘੁਮਾਉਣਾ ਚਾਹੁੰਦਾ ਸੀ।
2. ਇਸ ਰਿਕਸ਼ੇ ਵਿੱਚੋਂ ਮੈਨੂੰ ਦੋ ਤਿੰਨ ਰੁਪਏ ਰੋਜ਼ ਬਚ ਜਾਂਦੇ ਨੇ।
3. ਮੈਂ ਉਸਨੂੰ ਫਲਾਂ ਦੀ ਟੋਕਰੀ ਚੁਕਾਉਣਾ ਚਾਹੁੰਦਾ ਸੀ।
4. ਉਸ ਨੇ ਕੋਠਾ ਕਿਰਾਏ ਤੇ ਲਿਆ।
5. ਇੱਕ ਪੁਰਾਣੀ ਕਮੀਜ਼ ਤੇ ਪਜ਼ਾਮਾ ਅੰਦਰੋਂ ਲਿਆ ਕੇ ਮੈਂ ਉਸਨੂੰ ਦੇ ਦਿੱਤਾ।

**III ਖ਼ਾਲੀ ਸਥਾਨ ਭਰੋ:-**

1. ਉਸਨੇ ਮੇਰਾ ਦਿੱਤਾ ਹੋਇਆ ਕਮੀਜ਼............ ਪਾਇਆ ਹੋਇਆ ਸੀ।
2. ਇੱਕ ਕੰਧ 'ਤੇ ਇੱਕ ਲਾਲਟੈਨ ਟੰਗੀ ਹੋਈ ਸੀ ਤੇ ਪੁਰਾਣੇ ਰਸਾਲਿਆਂ ਤੇ ਅਖਬਾਰਾਂ ਵਿੱਚੋਂ ਪਾੜੀਆਂ ਹੋਈਆਂ........... ਦੀਆਂ ਕੁਝ ਤਸਵੀਰਾਂ ਲੱਗੀਆਂ ਹੋਈਆਂ ਸਨ।
3. ਅਗਲੇ ਦਿਨ ਉਹ ਪੇਕਿਆਂ ਦੇ ............... ਟੁਰ ਗਈ।
4. ਪਹਾੜੀ ਨਾਲ ਜੋੜਿਆ ਜਿਵੇਂ ਉਸਨੂੰ................ ਦਾ ਟੀਕਾ ਲੱਗ ਗਿਆ ਹੋਵੇ।
5. ਨਵੀਂ ਗੰਢੀ ਵਾਕਫ਼ੀ ਕਰ ਕੇ ਮੈਂ ਉਸਨੂੰ.............. ਨਹੀਂ ਕਰ ਸਕਦਾ ਸਾਂ।

**IV ਸਹੀ ਉੱਤਰ ਦੀ ਚੋਣ ਕਰੋ:-**

1. ਕੁਲਵੰਤ ਸਿੰਘ ਵਿਰਕ ਦੁਆਰਾ ਲਿਖੀ ਕਹਾਣੀ ਕਿਹੜੀ ਹੈ?

   A ਕਾਰ ਖਿਡੌਣਾ B ਮੈਨੂੰ ਜਾਣਨੈ?

   C ਸਾਂਝ D ਨੀਲੀ।

2. 'ਮੈਨੂੰ ਜਾਣਨੈ?' ਕਹਾਣੀ ਦਾ ਕਹਾਣੀਕਾਰ ਕੌਣ ਹੈ?

   A ਕੁਲਵੰਤ ਸਿੰਘ ਵਿਰਕ B ਸੁਜਾਨ ਸਿੰਘ

   C ਕਾਰਤਾਰ ਸਿੰਘ ਦੁੱਗਲ D ਗੁਰਬਚਨ ਸਿੰਘ।

(5) **ਕਹਾਣੀ:- ਕਾਰ ਖਿਡੌਣਾ**

**ਕਹਾਣੀਕਾਰ:-ਗੁਰਬਚਨ ਸਿੰਘ ਭੁੱਲਰ**

**1. ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:-**

1. 'ਕਾਰ ਖਿਡੌਣਾ' ਕਹਾਣੀ ਕਿਸਦੀ ਲਿਖੀ ਹੋਈ ਹੈ?
2. 'ਕਾਰ ਖਿਡੌਣਾ' ਕਹਾਣੀ ਦਾ ਵਿਸ਼ਾ ਕੀ ਹੈ?
3. 'ਕਾਰ ਖਿਡੌਣਾ' ਕਹਾਣੀ ਦੇ ਮੁੱਖ ਪਾਤਰ ਕਿੰਨੇ ਹਨ?
4. 'ਕਾਰ ਖਿਡੌਣਾ' ਕਹਾਣੀ ਦੇ ਮੁੱਖ ਪਾਤਰ ਕਿਹੜੇ ਹਨ?
5. 'ਕਾਰ ਖਿਡੌਣਾ' ਬੱਚਿਆਂ ਨੂੰ ਕਿਉਂ ਨਾ ਦਿੱਤਾ ਗਿਆ?
6. ਕਹਾਣੀਕਾਰ ਮੀਤ ਨੂੰ ਕਾਰ ਖਿਡੌਣਾ ਸ਼ੋ-ਕੇਸ ਵਿੱਚ ਰੱਖਣ ਲਈ ਕਿਵੇਂ ਮਨਾਉਂਦਾ ਹੈ?
7. ਅੰਤ ਵਿੱਚ ਲੇਖਕ ਮੀਤ ਨੂੰ ਕਾਰ ਖਿਡੌਣਾ ਕਿਉਂ ਦੇ ਦਿੰਦਾ ਹੈ?

**II ਕਿਹੜਾ ਕਥਨ ਠੀਕ ਜਾਂ ਗਲਤ ਹੈ:-**

1. ਪਤਨੀ ਦੇ ਮੀਤ ਦੀ ਥਾਂ 'ਛੋਟੀਏ' ਕਹਿਣ ਉੱਤੇ ਹੀ ਮੈਂ ਸਮਝ ਗਿਆ ਹਾਂ ਕਿ ਉਹਨੇ ਕੋਈ ਸ਼ਰਾਰਤ ਕੀਤੀ ਹੈ।
2. ਮੀਤ ਮੇਰੀ ਬੁੱਕਲ ਵਿੱਚ ਪਹਿਲਾਂ ਨਾਲੋਂ ਵੀ ਵੱਧ ਸੁੰਗੜ ਕੇ ਸਧਰਾਈਆਂ ਹੋਈਆਂ ਨਜ਼ਰਾਂ ਨਾਲ ਮੇਰੇ ਵੱਲ ਵੇਖਦੀ ਹੈ।
3. ਮੀਤ ਖੁਸ਼ੀ-2 ਕਾਰ ਖਿਡੌਣਾ ਆਪਣੀ ਅੰਮੀ ਨੂੰ ਦੇ ਦਿੰਦੀ ਹੈ।
4. ਇਹ ਕਾਰ-ਖਿਡੌਣਾ ਕਈ ਸਾਲ ਪਹਿਲਾਂ ਇੰਗਲੈਂਡ ਤੋਂ ਆਇਆ ਸੀ।

**III ਖ਼ਾਲੀ ਸਥਾਨ ਭਰੋ:-**

1. ਇਹ ਇੱਕ ਛੋਟੀ ਜਿਹੀ ਬਿਨਾਂ-ਛੱਤੀ.............. ਸੀ।
2. ਇਹਦੇ ਦੋਵੇਂ ਦਰਵਾਜ਼ੇ ................. ਜਾਂਦੇ ਸਨ।
3. ਇੱਕ ਹੋਰ ਸਵਿੱਚ ਦਬਾਇਆਂ ਕਾਰ ਦੀਆਂ ਅਗਲੀਆਂ ਦੋਵੇਂ ............ ਜਗ ਪੈਂਦੀਆਂ ਸਨ।
4. ਮੀਤ ਇਹਨੂੰ ਸ਼ੋ-ਕੇਸ ਵਿੱਚ ਰੱਖਣ ਦੀ ਥਾਂ ਆਪਣੇ............. ਵਾਲੇ ਪੁਰਾਣੇ ਅਟੈਚੀ-ਕੇਸ ਵਿੱਚ ਰੱਖਣਾ ਚਾਹੁੰਦੀ ਸੀ।
5. ਇੱਕ ਵਾਰ ਤਾਂ ਵੱਡੇ ਬੱਚੇ ਵੀ ਹੈਰਾਨ ਰਹਿ ਗਏ ਕਿ ਇਹ ਕਦੋਂ ਤੋਂ ਅਤੇ.......... ਲੁਕਾ ਕੇ ਰੱਖਿਆ ਗਿਆ ਸੀ।
6. ਖਿਡੌਣੇ ਵੀ ਕੋਈ ਸ਼ੀਸ਼ਿਆਂ ਪਿੱਛੇ.................. ਕੇ ਰੱਖਣ ਲਈ ਹੁੰਦੇ ਹਨ।

**IV ਸਹੀ ਉੱਤਰ ਦੀ ਚੋਣ ਕਰੋ:-**

1. ਕਹਾਣੀਕਾਰ ਦੀ ਪਤਨੀ ਮੀਤ ਨੂੰ ਕਿਸਦੀ ਧਮਕੀ ਦਿੰਦੀ ਸੀ?

   A ਕੋਕੋ B ਜਿੰਨ

   C ਭੂਤ D ਬਾਬਾ।

2. ਕਿਸਦਾ ਪੋਤਾ ਕਾਰ ਨੂੰ ਬਰੇਤੇ ਉੱਤੇ ਚੜ੍ਹਾ ਕੇ ਖ਼ੁਸ਼ ਹੁੰਦਾ ਹੈ?

   A ਹਰੀ ਸੇਠ B ਗੁਜਰ ਸੇਠ

   C ਨਾਜਰ ਸੇਠ D ਰਵੀ ਸੇਠ।

3. ਗੁੱਜਰ ਸੇਠ ਦੀ ਦੁਕਾਨ ਕਾਹਦੀ ਹੈ?

   A ਹਲਵਾਈ B ਨਾਈ

   C ਕਸਾਈ D ਲੁਹਾਰ।

**ਨੋਟ:-**

## ਪ੍ਰਸ਼ਨ ਨੰਬਰ- 2

ਲਾਜ਼ਮੀ ਪੰਜਾਬੀ-12 ਦੇ ਸੱਭਿਆਚਾਰ ਭਾਗ ਦੇ ਪਾਠਾਂ ਦੇ ਅਭਿਆਸਾਂ ਵਿੱਚੋਂ ਅੱਠ ਪ੍ਰਸ਼ਨ ਪੁੱਛੇ ਜਾਣਗੇ। ਇਸ ਸੰਬੰਧੀ ਪਾਠ-ਪੁਸਤਕ ਦੇ ਅਭਿਆਸਾਂ ਵਿੱਚ ਦਿੱਤੇ ਪ੍ਰਸ਼ਨਾਂ ਦੀ ਵਿਦਿਆਰਥੀ ਦੁਹਰਾਈ ਕਰਨਗੇ।

## ਪ੍ਰਸ਼ਨ ਨੰਬਰ- 3

ਕਾਰ-ਵਿਹਾਰ ਦੇ ਪੱਤਰ ਲਈ ਦੋ ਵਿਸ਼ੇ ਦੇ ਕੇ ਪ੍ਰਸ਼ਨ ਪੁੱਛਿਆ ਜਾਵੇਗਾ। ਇਸ ਪ੍ਰਸ਼ਨ ਨਾਲ ਸੰਬੰਧਤ ਲਾਜ਼ਮੀ ਪੰਜਾਬੀ-12 ਪਾਠ ਪੁਸਤਕ ਵਿੱਚ ਅਲੱਗ-ਅਲੱਗ ਵਿਸ਼ਿਆਂ ਦੇ ਕਾਰ-ਵਿਹਾਰ ਦੇ ਪੱਤਰ ਦਿੱਤੇ ਗਏ ਹਨ ਜਿਨ੍ਹਾਂ ਦੀ ਵਿਦਿਆਰਥੀ ਦੁਹਰਾਈ ਕਰਨਗੇ।

## ਪ੍ਰਸ਼ਨ ਨੰਬਰ- 4

ਸੰਖੇਪ ਰਚਨਾ ਕਰਨ ਲਈ ਪਾਠ-ਪੁਸਤਕ ਵਿੱਚੋਂ ਹੀ ਇੱਕ ਪੈਰ੍ਹਾ ਦਿੱਤਾ ਜਾਵੇਗਾ। ਜਿਸਦੀ ਲੱਗਭੱਗ ਇੱਕ-ਤਿਹਾਈ ਸ਼ਬਦਾਂ ਵਿੱਚ ਸੰਖੇਪ ਰਚਨਾ ਕਰਨੀ ਹੋਵੇਗੀ ਅਤੇ ਸਿਰਲੇਖ ਵੀ ਲਿਖਣਾ ਹੋਵੇਗਾ। ਵਿਦਿਆਰਥੀ ਪਾਠ-ਪੁਸਤਕ ਵਿੱਚ ਦਿੱਤੇ ਪੈਰ੍ਹਿਆਂ ਦੀ ਦੁਹਰਾਈ ਕਰਨਗੇ।

## ਪ੍ਰਸ਼ਨ ਨੰਬਰ- 5

ਪਾਠ ਪੁਸਤਕ ਵਿੱਚੋਂ ਕੋਈ ਅੱਠ ਅਖਾਉਤਾਂ ਦੇ ਕੇ ਪ੍ਰਸ਼ਨ ਪੁੱਛਿਆ ਜਾਵੇਗਾ। ਅਖੌਤਾਂ ਨੂੰ ਵਾਕਾਂ ਵਿੱਚ ਵਰਤਣ ਜਾਂ ਉਹਨਾਂ ਦੀਆਂ ਵਰਤੋਂ ਸਥਿਤੀਆਂ ਦੱਸਣ ਲਈ ਕਿਹਾ ਜਾਵੇਗਾ। ਇਸ ਲਈ ਵਿਦਿਆਰਥੀ ਪਾਠ ਪੁਸਤਕ ਵਿੱਚ ਦਿੱਤੀਆਂ ਅਖਾਉਤਾਂ ਦੀ ਦੁਹਰਾਈ ਕਰਨਗੇ।

## ਪ੍ਰਸ਼ਨ ਨੰਬਰ- 6

ਪਾਠ ਪੁਸਤਕ ਵਿੱਚੋਂ ਤਿੰਨ ਕਵਿਤਾਵਾਂ ਦੇ ਕੇ ਕੇਂਦਰੀ ਭਾਵ ਲਿਖਣ ਲਈ ਕਿਹਾ ਜਾਵੇਗਾ। ਇਸ ਲਈ ਕਵਿਤਾਵਾਂ ਦੀ ਦੁਹਰਾਈ ਕਰਕੇ ਵਿਦਿਆਰਥੀ ਕੇਂਦਰੀ ਭਾਵ ਦੀ ਤਿਆਰੀ ਕਰਨਗੇ।

## ਪ੍ਰਸ਼ਨ ਨੰਬਰ- 7

ਪਾਠ-ਪੁਸਤਕ ਵਿੱਚੋਂ ਦੋ ਕਹਾਣੀਆਂ ਦੇ ਕੇ ਸਾਰ ਲਿਖਣ ਲਈ ਕਿਹਾ ਜਾਵੇਗਾ। ਇਸ ਲਈ ਵਿਦਿਆਰਥੀ ਪਾਠ-ਪੁਸਤਕ ਵਿੱਚ ਦਿੱਤੀਆਂ ਕਹਾਣੀਆਂ ਦੀ ਦੁਹਰਾਈ ਕਰਕੇ ਸਾਰ ਦੀ ਤਿਆਰੀ ਕਰਨਗੇ।